# ਪਚਾਸੀ ਵਰ੍ਹਿਆਂ ਦਾ ਜਸ਼ਨ

(ਜੀਵਨੀ)

## ਲੇਖਕ ਦੀਆਂ ਹੋਰ ਪੁਸਤਕਾਂ

**ਕਵਿਤਾ :**

ਸਰਦ ਪੈਰਾਂ ਦੀ ਉਡੀਕ

**ਕਹਾਣੀਆਂ :**

1. ਸੁੱਕਾ ਪੱਤਾ ਤੇ ਹਵਾ
2. ਕਾਲਾ ਲਹੂ
3. ਸੱਪਾਂ ਦਾ ਘਰ ਬਰਤਾਨੀਆਂ
4. ਖੂਹ ਵਾਲਾ ਘਰ
5. ਇਕ ਸੱਚ ਮੇਰਾ ਵੀ
6. ਨਵੇਂ ਗੀਤ ਦਾ ਮੁੱਖੜਾ

**ਨਾਵਲ :**

ਵਨ ਵੇਅ

ਰੇਤ

ਸਵਾਰੀ

ਸਾਊਥਾਲ

**ਸਫ਼ਰਨਾਮਾ :**

ਫੋਕਸ

# ਪਚਾਸੀ ਵਰ੍ਹਿਆਂ ਦਾ ਜਸ਼ਨ

(ਜੀਵਨੀ)

**ਹਰਜੀਤ ਅਟਵਾਲ**

**Pachasi Varian Da Jashan**

*by*

**Harjeet Atwal**
67, HILLSIDE ROAD, SOUTHALL
MIDDLESEX , ENGLAND. UB1 2PE
Ph. : 0040 208 578 0393
MOBILE : 0044 7782 265 726
E mail: harjeetatwal@yahoo.co.uk
harjeetatwal@hotmail.co.uk

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2010*

*Produced and Bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਆਪਣੇ ਪਿੰਡ ਫਰਾਲਾ
ਦੇ ਨਾਂ

# ਕੁਝ ਗੱਲਾਂ

ਮੈਂ ਇਸ ਕਿਤਾਬ ਵਿਚ ਆਪਣੇ ਪਿਤਾ ਦੀ ਜ਼ਿੰਦਗੀ ਨੂੰ ਵੱਖ ਵੱਖ ਰਿਸ਼ਤਿਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਇਸ ਲਈ ਜੀਵਨੀ ਲਿਖਣ ਦਾ ਇਹ ਤਰੀਕਾ ਅਪਣਾਇਆ ਹੈ। ਮੇਰੇ ਪਿਤਾ ਦੇ ਵੱਖ ਵੱਖ ਰਿਸ਼ਤੇ ਆਪਣੇ ਢੰਗ ਨਾਲ ਕਹਾਣੀ ਬਿਆਨ ਕਰ ਰਹੇ ਹਨ। ਇਸ ਕਿਤਾਬ ਵਿਚ ਇਕ ਲੇਖ ਐਚ. ਐਸ. ਸੇਠੀ ਨਾਂ ਦੇ ਕਿਸੇ ਪਤਰਕਾਰ ਦਾ ਲਿਖਿਆ ਹੋਇਆ ਹੈ ਜੋ ਕਿ ਉਸ ਸਮੇਂ ਸੀ. ਆਰ. ਪੀ. ਐਫ. ਦੀ ਕਿਸੇ ਪਤ੍ਰਿਕਾ ਵਿਚ ਛਪਿਆ ਸੀ। ਇਸ ਲੇਖ ਨਾਲ ਛਪੀ ਤਸਵੀਰ ਵੀ ਮੈਂ ਉਸੇ ਮੈਗਜ਼ੀਨ ਵਿਚੋਂ ਲਈ ਹੈ ਪਰ ਇਸ ਤਸਵੀਰ ਦੀ ਇਕ ਕਾਪੀ ਸਾਡੇ ਕੋਲ ਪਈ ਵੀ ਹੈ। ਬਾਕੀ ਦੇ ਆਪਣੀ ਗੱਲ ਕਰਨ ਵਾਲਿਆਂ ਨਾਲ ਮੇਰਾ ਲੰਮਾ ਰਾਬਤਾ ਰਿਹਾ ਹੈ ਜਿਸ ਵਿਚੋਂ ਮੈਂ ਇਹ ਸਭ ਗ੍ਰਹਿਣ ਕੀਤਾ ਹੈ। ਹੋ ਸਕਦਾ ਹੈ ਕਿ ਮੋਹ ਵਸ ਹੁੰਦਿਆਂ ਮੈਂ ਰਿਸ਼ਤਿਆਂ ਤੋਂ ਬਹੁਤੀ ਦੂਰੀ 'ਤੇ ਨਾ ਖੜ ਸਕਿਆ ਹੋਵਾਂ ਇਸ ਲਈ ਮੁਆਫੀ ਚਾਹੁੰਦਾ ਹਾਂ।

**ਹਰਜੀਤ ਅਟਵਾਲ**



# ਤਤਕਰਾ

## ਪਹਿਲਾ ਭਾਗ


* ਸਾਊਆਂ ਦਾ ਪਿੰਡ : ਫਰਾਲਾ 9
* ਬਾਬਾ ਰਲ਼ਾ 17
* ਬਾਬਾ ਬੂਟਾ ਸਿੰਘ 28


## ਦੂਜਾ ਭਾਗ


* ਮੇਰਾ ਪੋਤਾ 39
* ਮੇਰਾ ਪੁੱਤ 45
* ਮੇਰਾ ਵੀਰਾ 70
* ਮੇਰਾ ਪਤੀ 78
* ਮੇਰਾ ਸਵਾ ਛੇ ਫੁਟੀਆ ਮਿੱਤਰ 88
* ਮੇਰਾ ਸਾਬ 96
* ਬਾਗੀ ਨਾਗਿਆਂ ਲਈ ਅਤੰਕ : ਸਾਡਾ ਨਾਇਕ 104
* ਮੇਰਾ ਪਿਤਾ 108
* ਮੇਰਾ ਬਾਬਾ ਜੀ 148

## ਪਹਿਲਾ ਭਾਗ

# ਸਾਊਆਂ ਦਾ ਪਿੰਡ: ਫਰਾਲਾ

ਫਰਾਲਾ ਸਾਊਆਂ ਦੇ ਪਿੰਡ ਦੇ ਤੌਰ ਤੇ ਜਾਨਿਆ ਜਾਂਦਾ ਰਿਹਾ ਹੈ। ਇਹ ਅਟਵਾਲਾਂ ਦਾ ਪਿੰਡ ਹੈ ਤੇ ਅਟਵਾਲਾਂ ਦਾ ਸਾਊਪੁਣਾ ਪੂਰੇ ਇਲਾਕੇ ਵਿਚ ਮਸ਼ਹੂਰ ਹੈ। ਇਸ ਦੇ ਨਾਲ ਹੀ ਫਰਾਲਾ ਦੁਆਬੇ ਦਾ ਇਕ ਅਹਿਮ ਪਿੰਡ ਹੈ। ਗੂਗਲ ਵਿਚ ਪਾ ਕੇ ਦੇਖੀਏ ਤਾਂ ਇਹ ਫਗਵਾੜੇ ਤੋਂ ਮਾਹਿਲਪੁਰ ਜਾਣ ਵਾਲੀ ਸੜਕ ਤੇ ਸਥਿੱਤ ਹੈ। ਪਰ ਇਹ ਉਹ ਸੜਕ ਨਹੀਂ ਜੋ ਅਸਲ ਵਿਚ ਹੈ ਜਾਂ ਆਮ ਤੌਰ ਤੇ ਵਰਤੀ ਜਾਂਦੀ ਹੈ। ਅਸਲ ਸੜਕ ਬਹਿਰਾਮ ਵਿਚ ਦੀ ਘੁੰਮ ਜਾਂਦੀ ਹੈ ਪਰ ਨਕਸ਼ੇ ਵਾਲੀ ਸੜਕ ਫਗਵਾੜੇ ਤੋਂ ਸਿੱਧੀ ਫਰਾਲੇ ਹੁੰਦੀ ਹੋਈ ਮਾਹਿਲਪੁਰ ਚਲੇ ਜਾਂਦੀ ਹੈ। ਇਹ ਸਫਰ ਬਹਿਰਾਮ ਵਿਚ ਦੀ ਸੜਕ ਨਾਲੋਂ ਤਿੰਨ-ਚਾਰ ਕਿਲੋਮੀਟਰ ਘੱਟ ਹੈ। ਇਹ ਸੜਕ ਵੀ ਵਰਤੋਂ ਵਿਚ ਹੈ ਪਰ ਇਸ ਦੀ ਹਾਲਤ ਬਹੁਤੀ ਵਧੀਆ ਨਾ ਹੋਣ ਕਰਕੇ ਇਹ ਆਮ ਨਹੀਂ ਹੈ। ਫਰਾਲੇ ਦੇ ਆਲੇ ਦੁਆਲੇ ਕਈ ਛੋਟੇ ਵੱਡੇ ਪਿੰਡ ਲਗਦੇ ਹਨ। ਇਹਨਾਂ ਵਿਚ ਇਕ ਸੰਧਵਾਂ ਹੈ। ਕਈ ਲੋਕ ਇਹਨਾਂ ਦੋਨਾਂ ਪਿੰਡਾਂ ਦਾ ਇਕੱਠ ਨਾਂ ਲੈਂਦੇ ਹਨ; 'ਸੰਧਵਾਂ-ਫਰਾਲਾ' ਇਹ ਦੋਵੇਂ ਪਿੰਡ ਆਪਣੇ ਆਪ ਵਿਚ ਅਜ਼ਾਦ ਹਨ। ਫਰਾਲਾ ਕਾਫੀ ਵੱਡਾ ਪਿੰਡ ਹੈ। ਦੋ ਹਜ਼ਾਰ ਤੋਂ ਵਧ ਵੋਟ ਵਾਲਾ। ਇਕ ਹਜ਼ਾਰ ਤੋਂ ਵੱਧ ਘਰ। ਇਹ ਇਡਾ ਕੁ ਹੈ ਕਿ ਇਸ ਵਿਚੋਂ ਹੁਣ ਦੋ ਪਿੰਡ ਬਣਾ ਦਿੱਤੇ ਗਏ ਹਨ। ਬਾਹਰਲੀ ਅਬਾਦੀ ਹੁਣ ਅਲੱਗ ਨਾਂ ਰੱਖ ਕੇ ਆਪਣੇ ਆਪ ਵਿਚ ਵੱਖਰਾ ਪਿੰਡ ਬਣ ਗਈ ਹੈ। ਫਰਾਲਾ ਸਮੇਂ ਸਮੇਂ ਆਪਣਾ ਸਰੂਪ ਬਦਲਦਾ ਰਿਹਾ ਹੈ। ਹੋਰਨਾਂ ਪਿੰਡਾਂ ਵਾਂਗ ਇਹ ਫੈਲਰਿਆ ਤਾਂ ਹੈ ਪਰ ਇੰਨਾ ਨਹੀਂ ਜਿੰਨਾ ਇਸ ਦਾ ਗਵਾਂਢੀ ਪਿੰਡ ਬਹਿਰਾਮ ਤਰੱਕੀ ਕਰ ਗਿਆ ਹੈ। ਬਹਿਰਾਮ ਮੇਨ ਰੋਡ ਤੇ ਹੈ ਤੇ ਫਰਾਲਾ ਕੁਝ ਹਟਵਾਂ ਹੈ। ਸੰਨ ਸੰਤਾਲੀ ਤੋਂ ਬਾਅਦ ਜਿਹਨਾਂ ਜਗਾਵਾਂ ਵਿਚ ਲੋਕਾਂ ਦੀਆਂ ਪਸ਼ੂ ਬੰਨਣ ਵਾਲੀਆਂ ਹਵੇਲੀਆਂ ਸਨ ਉਹਨਾਂ ਵਿਚ ਲੋਕ ਆਪਣੇ ਘਰ ਲੈ ਆਉਣ ਲਗੇ ਤੇ ਹਵੇਲੀਆਂ ਅਗੇ ਖੇਤਾਂ ਵਿਚ ਲੈ ਗਏ। ਫਿਰ ਹੋਰ ਤਰੱਕੀ ਨਾਲ ਖੇਤਾਂ ਵਿਚ ਬਣੀਆਂ ਹਵੇਲੀਆਂ ਵਿਚ ਘਰ ਚਲੇ ਗਏ ਤੇ ਹਵੇਲੀਆਂ ਹੋਰ ਅਗੇ ਹੋ ਗਈਆਂ। ਦੁਆਬੇ ਦੇ ਹੋਰ ਪਿੰਡਾਂ ਵਾਂਗ ਫਰਾਲੇ ਵਿਚ ਵੀ ਬੇਹਿਸਾਬਾਂ ਕੋਠੀਆਂ ਬਣ ਗਈਆਂ ਹਨ। ਇਸ ਪਿੰਡ ਦੀ ਸਭ ਤੋਂ ਵੱਡੀ ਘਟਨਾ ਇਹ ਹੈ ਕਿ ਸਿੱਖਾਂ ਦੇ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਨੇ ਇਸ ਪਿੰਡ ਵਿਚ ਆਪਣੇ ਚਰਨ ਪਾਏ ਹਨ। ਉਹ ਦੁਆਬੇ ਵਿਚ ਸਿੱਖੀ ਦਾ ਪਰਚਾਰ ਕਰਦੇ ਸਮੇਂ ਕੁਝ

ਦਿਨ ਇਸ ਪਿੰਡ ਵਿਚ ਠਹਿਰਦੇ ਹਨ। ਇਸ ਲਈ ਸੱਤਵੀਂ ਪਾਤਸ਼ਾਹੀ ਦਾ ਫਰਾਲੇ ਵਿਚ ਗੁਰਦਵਾਰਾ ਵੀ ਹੈ। ਪਹਿਲੀਆਂ ਵਿਚ ਇਹ ਗੁਰਦਵਾਰਾ ਛੋਟਾ ਹੀ ਸੀ ਪਰ ਸਮੇਂ ਨਾਲ ਬਹੁਤ ਕੁਝ ਤਬਦੀਲ ਹੁੰਦਾ ਰਿਹਾ ਹੈ। ਸੰਨ 1915-20 ਵਿਚ ਇਸ ਗੁਰਦਵਾਰੇ ਨੂੰ ਵੱਡਾ ਬਣਾਇਆ ਗਿਆ ਸੀ। ਗੁਰਦਵਾਰੇ ਦੇ ਨਾਲ ਹੀ ਇਕ ਖੂਬਸੂਰਤ ਬਾਗ ਹੋਇਆ ਕਰਦਾ ਸੀ ਜਿਸ ਵਿਚ ਕਿਸੇ ਵੇਲੇ ਨਾਂਗਾ ਸਾਧ ਰਿਹਾ ਕਰਦਾ ਸੀ। ਨਾਂਗੇ ਸਾਧ ਬਾਰੇ ਮਸ਼ਹੂਰ ਸੀ ਕਿ ਉਹ ਆਉਣ ਵਾਲੇ ਭਵਿੱਖ ਦੀਆਂ ਗੱਲਾਂ ਕਰਿਆ ਕਰਦਾ ਸੀ। ਉਸ ਦੀ ਸਮਾਧ ਤਾਂ ਹਾਲੇ ਇਸ ਬਾਗ ਵਿਚ ਹੈ। ਇਸ ਜਗਾਹ ਦੇ ਨਵੇਂ ਮਾਲਕ ਬਲਜਿੰਦਰ ਸਿੰਘ ਨੇ ਇਸ ਜਗਾਹ ਨੂੰ ਮੰਨਣ ਵਾਲਿਆਂ ਲਈ ਇਹ ਜਗਾਹ ਅਲੱਗ ਜਿਹੀ ਰੱਖ ਛੱਡੀ ਹੈ ਪਰ ਇਸ ਬਾਗ ਦੇ ਅਸਲ ਮਾਲਕ ਬਾਵੇ ਇਸ ਜਗਾਹ ਨੂੰ ਹੁਣ ਵੇਚ ਗਏ ਹਨ। ਅੱਧੀ ਕੁ ਬਲਜਿੰਦਰ ਨੇ ਤੇ ਬਾਕੀ ਦੀ ਕਿਸੇ ਹੋਰ ਟੱਬਰ ਨੇ ਖਰੀਦ ਲਈ ਹੈ। ਗੁਰਦਵਾਰੇ ਦੇ ਆਲੇ ਦੁਆਲੇ ਬਾਵਿਆਂ ਦੀ ਕਾਫੀ ਜਗਾਹ ਸੀ। ਇਹ ਬਾਵੇ ਬੇਦੀ-ਖਤਰੀ ਸਨ। ਹੁਣ ਇਹਨਾਂ ਦਾ ਸਿਰਫ ਇਕ ਹੀ ਘਰ ਪਿੰਡ ਵਿਚ ਹੈ। ਪਹਿਲਾਂ ਇਹਨਾਂ ਦਾ ਕਾਫੀ ਬੋਲਬਾਲ ਰਿਹਾ ਹੈ। ਗੁਰਦਵਾਰੇ ਦੇ ਨਾਲ ਹੀ ਇਕ ਖੂਬਸੂਰਤ ਤਲਾ ਹੋਇਆ ਕਰਦਾ ਸੀ ਜਿਸ ਵਿਚ ਸਤ ਪੌੜੀਆਂ ਉਤਰਦੀਆਂ ਸਨ। ਲੋਕ ਇਥੇ ਨਹਾਇਆ ਕਰਦੇ ਸਨ ਤੇ ਕਪੜੇ ਵੀ ਧੋਇਆ ਕਰਦੇ ਸਨ। ਪਾਣੀ ਬਹੁਤ ਸਾਫ ਹੁੰਦਾ ਸੀ। ਇਸ ਤਲਾ ਦੇ ਕੰਢੇ ਵੱਡੀਆਂ ਭਾਰੀਆਂ ਬੋਹੜਾਂ ਹੁੰਦੀਆਂ ਸਨ ਜੋ ਤਲਾ ਦੇ ਪਾਣੀ ਨੂੰ ਠੰਡਾ ਰੱਖਦੀਆਂ। ਪਰ ਸਮਾਂ ਪਾ ਕੇ ਤਲਾ ਦਾ ਪਾਣੀ ਗੰਦਾ ਹੁੰਦਾ ਗਿਆ ਬਲਕਿ ਇਹ ਛੱਪੜ ਹੀ ਬਣ ਗਿਆ। ਬੋਹੜਾਂ ਕੱਟ ਦਿੱਤੀਆਂ ਗਈਆਂ। ਫਿਰ ਤਲਾ ਪੂਰ ਦਿੱਤਾ ਗਿਆ ਤੇ ਇਹ ਜਗਾਹ ਗੁਰਦਵਾਰੇ ਵਿਚ ਮਿਲਾ ਲਈ ਗਈ ਤੇ ਅੱਜਕਲ੍ਹ ਇਸ ਜਗਾਹ ਹੁਣ ਵੱਡਾ ਤੇ ਸੁੰਦਰ ਗੁਰਦਵਾਰਾ ਦੇਖਣ ਨੂੰ ਮਿਲਦਾ ਹੈ। ਕੋਈ ਸਮਾਂ ਸੀ ਕਿ ਗੁਰਦਵਾਰੇ ਦਾ ਨਿਸ਼ਾਨ ਸਾਹਿਬ ਤੇ ਬਾਗ ਦੀਆਂ ਖਜੂਰਾਂ ਕਈ ਮੀਲ ਬਾਹਰ ਤੋਂ ਦਿਸ ਪੈਂਦੀਆਂ ਸਨ।

ਪਿੰਡ ਦੇ ਵਿਚ ਵਿਚਕਾਰ ਮਿੱਠੇ ਪਾਣੀ ਦਾ ਇਕ ਖੂਹ ਹੋਇਆ ਕਰਦਾ ਸੀ ਜੋ ਬਾਬੇ ਹਦਾਲ ਦੇ ਸਮੇਂ ਵਿਚ ਲਗਾਇਆ ਗਿਆ ਸੀ। ਇਸ ਨੂੰ ਗਭਲਾ ਖੂਹ ਕਿਹਾ ਜਾਂਦਾ ਸੀ। ਇਸ ਖੂਹ ਵਿਚੋਂ ਮਹਿਰੇ ਸਵੇਰੇ ਸਵੇਰੇ ਪਾਣੀ ਭਰਦੇ ਤੇ ਲੋਕਾਂ ਦੇ ਘਰਾਂ ਵਿਚ ਪੁੱਜਦਾ ਕਰਦੇ। ਫਿਰ ਘਰ ਘਰ ਨਲਕੇ ਲਗ ਗਏ ਜਿਹਨਾਂ ਕਾਰਨ ਖੂਹ ਦੀ ਵਰਤੋਂ ਘਟ ਗਈ। ਫਿਰ ਪਿੰਡ ਵਿਚ ਪਾਣੀ ਵਾਲੀ ਟੈਂਕੀ ਬਣ ਗਈ ਤਾਂ ਨਲਕੇ ਵੀ ਫਜ਼ੂਲ ਹੋ ਗਏ। ਅਜਿਹੇ ਸਮੇਂ ਖੂਹ ਦੀ ਕੋਈ ਜ਼ਰੂਰਤ ਨਾ ਹੋਣ ਕਰਕੇ ਪਿੰਡ ਦਾ ਗਭਲਾ ਖੂਹ ਪੂਰ ਦਿੱਤਾ ਗਿਆ। ਇਸ ਨੂੰ ਪੂਰ ਕੇ ਇਸ ਥਾਂ ਉਪਰ ਗੋਲ ਥੜਾ ਬਣਾ ਦਿੱਤਾ ਗਿਆ ਹੈ। ਇਸ ਜਗਾਹ ਨੂੰ ਹਾਲੇ ਵੀ ਗਭਲਾ ਖੂਹ ਹੀ ਕਿਹਾ ਜਾਂਦਾ ਹੈ।

ਫਰਾਲਾ ਅਹਿਮ ਪਿੰਡ ਇਸ ਤਰ੍ਹਾਂ ਹੈ ਕਿ ਜਦ ਰਾਜਾ ਰਣਜੀਤ ਸਿੰਘ ਨੇ ਕਿਸੇ



ਅੰਗਰੇਜ਼ ਨੂੰ ਦੁਆਬੇ ਦੇ ਖਾਸ ਖਾਸ ਪਿੰਡਾਂ ਬਾਰੇ ਜਾਣਕਾਰੀ ਦਿੱਤੀ ਤਾਂ ਫਰਾਲਾ ਉਹਨਾਂ ਵਿਚੋਂ ਇਕ ਸੀ। ਇਥੇ ਦਸਵੀਂ ਤਕ ਸਕੂਲ ਉਨੀਵੀਂ ਸਦੀ ਤੋਂ ਚਲ ਰਿਹਾ ਹੈ ਭਾਵ ਕਿ ਸੰਨ 1870 ਦੇ ਕਰੀਬ ਤੋਂ। ਕਿਸੇ ਸਮੇਂ ਇਹ ਬੋਰਡਿੰਗ ਸਕੂਲ ਰਿਹਾ ਹੈ। ਦੂਰੋਂ ਦੂਰੋਂ ਵਿਦਿਆਰਥੀ ਇਥੇ ਪੜ੍ਹਨ ਆਉਂਦੇ ਰਹੇ ਹਨ। ਪਿਛਲੇ ਪੱਚੀ ਤੀਹ ਸਾਲ ਵਿਚ ਹੀ ਪੰਜਾਬ ਸਰਕਾਰ ਨੇ ਨਵੇਂ ਸਕੂਲ ਬਣਾਏ ਹਨ ਨਹੀਂ ਤਾਂ ਬਹੁਤ ਦੇਰ ਤਕ ਆਲੇ ਦੁਆਲੇ ਦੇ ਪਿੰਡਾਂ ਦੇ ਵਿਦਿਆਰਥੀ ਫਰਾਲੇ ਪੜ੍ਹਦੇ ਰਹੇ ਹਨ। ਕੋਈ ਵੇਲਾ ਅਜਿਹਾ ਵੀ ਸੀ ਕਿ ਇਥੇ ਮੈਟਰਿਕ ਤਕ ਦੇ ਦੋ ਸਕੂਲ ਹੋਇਆ ਕਰਦੇ ਸਨ। ਇਕ ਸਰਕਾਰੀ ਤੇ ਇਕ ਪਰਾਈਵੇਟ। ਇਥੇ ਡਾਕਖਾਨਾ ਉਹਨਾਂ ਦਿਨਾਂ ਵਿਚ ਹੀ ਬਣ ਗਿਆ ਸੀ ਜਿਹਨਾਂ ਦਿਨਾਂ ਵਿਚ ਅੰਗਰੇਜ਼ਾਂ ਨੇ ਡਾਕਖਾਨੇ ਬਣਾਉਣੇ ਸ਼ੁਰੂ ਕੀਤੇ ਸਨ। ਇਹ ਵੀਹਵੀਂ ਸਦੀ ਦੇ ਅਰੰਭ ਦੀ ਗੱਲ ਹੈ। ਸ਼ਾਇਦ ਸੰਨ 1905 ਦੇ ਕਰੀਬ ਦੀ। ਜਦੋਂ ਅੰਗਰੇਜ਼ਾਂ ਨੇ ਪੰਜਾਬ ਦੇ ਖਾਸ ਪਿੰਡਾਂ ਵਿਚ ਖਾਸ ਸਹੂਲਤਾਂ ਮੁਹੱਈਆ ਕਰਨੀਆਂ ਸ਼ੁਰੂ ਕੀਤੀਆਂ ਤਾਂ ਫਰਾਲੇ ਦਾ ਨਾਂ ਉਹਨਾਂ ਦੀ ਲਿਸਟ ਵਿਚ ਸ਼ਾਮਲ ਸੀ। ਫਰਾਲੇ ਦੇ ਡਾਕਖਾਨੇ ਵਿਚ ਤਾਰਘਰ ਵੀ ਉਦੋਂ ਹੀ ਬਣ ਗਿਆ ਜਦੋਂ ਅੰਗਰੇਜ਼ਾਂ ਨੇ ਪੰਜਾਬ ਵਿਚ ਤਾਰਘਰ ਬਣਾਉਣੇ ਸ਼ੁਰੂ ਕੀਤੇ ਸਨ। ਇਵੇਂ ਹੀ ਸਰਕਾਰੀ ਹਸਪਤਾਲ ਵੀ ਬਹੁਤ ਪੁਰਾਣਾ ਹੈ। ਜਦੋਂ ਅੰਗਰੇਜ਼ਾਂ ਨੇ ਪਿੰਡਾਂ ਵਿਚ ਹਸਪਤਾਲ ਖੋਹਲੇ ਤਾਂ ਇਕ ਹਸਪਤਾਲ ਫਰਾਲੇ ਵਿਚ ਵੀ ਖੋਹਲਿਆ ਗਿਆ। ਹੁਣ ਇਹ ਹਸਪਤਾਲ ਨਵਾਂ ਤੇ ਵੱਡਾ ਬਣ ਗਿਆ ਹੈ। ਇਥੇ ਦੇਸੀ ਖੰਡ ਬਣਾਉਣ ਦੀਆਂ ਖੰਚੀਆਂ ਸੰਨ 1970 ਤਕ ਲਗਦੀਆਂ ਰਹੀਆਂ ਹਨ। ਜਦੋਂ ਪਿੰਡਾਂ ਵਿਚ ਪਾਣੀ ਵਾਲੀਆਂ ਟੈਂਕੀਆਂ ਬਣਨ ਲਗੀਆਂ ਤਾਂ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਸਭ ਤੋਂ ਪਹਿਲੀ ਟੈਂਕੀ ਫਰਾਲੇ ਵਿਚ ਹੀ ਬਣੀ।

ਫਰਾਲੇ ਵਿਚ ਸਿਰਫ ਸਿੱਖ ਹੀ ਨਹੀਂ ਹਨ ਹਿੰਦੂ ਤੇ ਮੁਸਲਮਾਨ ਵੀ ਵਸਦੇ ਹਨ। ਇਥੇ ਕਈ ਮੰਦਿਰ ਹਨ, ਡੇਰੇ ਵੀ ਹਨ ਤੇ ਗੁਰਦਵਾਰੇ ਵੀ ਕਈ ਹਨ ਤੇ ਇਕ ਮਜਜਿਦ ਵੀ ਹੈ। ਪਾਕਿਸਤਾਨ ਬਣਨ ਤੋਂ ਬਾਅਦ ਇਥੇ ਮੁਸਲਮਾਨਾਂ ਦਾ ਸਿਰਫ ਮਰਾਸੀਆਂ ਦਾ ਘਰ ਰਹਿ ਗਿਆ ਸੀ ਪਰ ਹੁਣ ਮੁੜ ਕਈ ਘਰ ਹੋ ਗਏ ਹਨ ਤੇ ਮਸਜਿਦ ਵਿਚ ਮੁੜ ਬਾਂਗ ਦਿੱਤੀ ਜਾਣ ਲਗੀ ਹੈ।

ਇਕ ਫਰਾਲੇ ਦੀ ਅਹਿਮ ਗੱਲ ਇਹ ਹੈ ਕਿ ਇਥੋਂ ਦੇ ਵਾਸੀ ਨਵੀਂ ਟੈਕਨੌਲਜੀ ਦੇ ਹਾਣ ਦੇ ਹਨ। ਇਹਨਾਂ ਨੇ ਆਪਣੇ ਪਿੰਡ ਦੀ ਇਕ ਵੈੱਬ ਬਣਾਈ ਹੋਈ ਹੈ। ਹੋਰਨਾਂ ਪਿੰਡਾਂ ਦੀ ਅਜਿਹੀ ਵੈੱਬ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਵਿਦੇਸ਼ਾਂ ਵਿਚ ਵਸਦੇ ਫਰਾਲੀਆਂ ਨੇ ਗੌਰਮਿੰਟ ਸਕੂਲ ਵਿਚ ਕੰਪਿਊਟਰਾਂ ਦਾ ਇੰਤਜ਼ਾਮ ਕਰ ਦਿੱਤਾ ਹੈ। ਕਦੇ ਇਥੋਂ ਦੀ ਕਬੱਡੀ ਦੀ ਟੀਮ ਪੰਜਾਬ ਪੱਧਰ ਦੀ ਰਹੀ ਹੈ। ਇਵੇਂ ਹੀ ਵਾਲੀਬਾਲ ਦੀ ਟੀਮ ਵੀ। ਪਹਿਲੇ ਮਹਾਂ-ਯੁੱਧ ਤੇ ਦੂਜੇ ਮਹਾਂ-ਯੁੱਧ ਵਿਚ ਤੇ ਫਿਰ ਚੀਨ ਦੀ ਲੜਾਈ

ਤੇ ਫਿਰ ਦੋ ਲੜਾਈਆਂ ਪਾਕਿਸਤਾਨ ਨਾਲ ਇਸ ਪਿੰਡ ਦੇ ਕਈ ਜਵਾਨ ਕੰਮ ਆਏ ਹਨ। ਸ਼ਹੀਦ ਹੋਏ ਹਨ। ਫਰਾਲੇ ਦੀ ਇਕ ਹੋਰ ਅਹਿਮੀਅਤ ਇਹ ਹੈ ਕਿ ਇਹ ਸਾਊਆਂ ਦਾ ਪਿੰਡ ਹੈ, ਇਸ ਦੇ ਬਸ਼ਿੰਦੇ ਕਦੇ ਕਿਸੇ ਦੇ ਸਿਰ ਨਹੀਂ ਆਉਂਦੇ। ਇਹੋ ਕਾਰਨ ਹੈ ਕਿ ਜਿਹੜਾ ਕਰਮਚਾਰੀ ਇਕ ਵਾਰ ਫਰਾਲੇ ਆ ਜਾਂਦਾ ਹੈ ਉਹ ਇਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਬਹੁਤ ਸਾਰੇ ਲੋਕ ਜੋ ਸਕੂਲ, ਡਾਕਖਾਨੇ, ਬਿਜਲੀ-ਦਫਤਰ, ਹਸਪਤਾਲ ਜਾਂ ਕਿਸੇ ਹੋਰ ਸਰਕਾਰੀ ਅਦਾਰਿਆਂ ਵਿਚ ਨੌਕਰੀ ਕਰਨ ਫਰਾਲੇ ਆਉਂਦੇ ਹਨ ਤਾਂ ਸਮਾਂ ਪਾ ਕੇ ਫਰਾਲੇ ਦੇ ਪੱਕੇ ਬਸ਼ਿੰਦੇ ਬਣ ਕੇ ਰਹਿ ਜਾਂਦੇ ਹਨ। ਪਿੰਡ ਦੇ ਲੋਕ ਬਹੁਤ ਸਾਊ ਹਨ ਇਸ ਲਈ ਨਵੇਂ ਬੰਦੇ ਲਈ ਇਥੇ ਵਸ ਸਕਣਾ ਸੌਖਾ ਹੈ ਨਹੀਂ ਤਾਂ ਨਵੀਂ ਜਗਾਹ ਵਸਣਾ ਬਹੁਤ ਮੁਸ਼ਕਲ ਹੁੰਦਾ ਹੈ।

ਪੰਜਾਬ ਦੇ ਬਹੁਤੇ ਪਿੰਡਾਂ ਦੀਆਂ ਮੋਹੜੀਆਂ ਪੰਜ-ਛੇ ਸੌ ਸਾਲ ਪਹਿਲਾਂ ਹੀ ਗੱਡੀਆਂ ਗਈਆਂ ਹਨ। ਪਿੰਡ ਵਸਾਉਣ ਨੂੰ ਮੋਹੜੀ ਗੱਡਣੀ ਕਿਹਾ ਜਾਂਦਾ ਹੈ। ਇਸ ਹਿਸਾਬ ਨਾਲ ਫਰਾਲਾ ਵੀ ਪੰਜ ਕੁ ਸੌ ਸਾਲ ਪਹਿਲਾਂ ਹੀ ਵਸਿਆ ਹੈ। ਬਹੁਤੇ ਪਿੰਡਾਂ ਦਾ ਸਹੀ ਇਤਿਹਾਸ ਸਾਡੇ ਤਕ ਨਹੀਂ ਪੁੱਜਦਾ। ਆਮ ਤੌਰ ਤੇ ਇਤਿਹਾਸ ਬਾਰੇ ਥਿਊਰੀਆਂ ਹੀ ਕੰਮ ਕਰਦੀਆਂ ਹਨ। ਪਿੰਡਾਂ ਦਾ ਇਤਿਹਾਸ ਸਾਂਭ ਰੱਖਣ ਦਾ ਕੰਮ ਕਿਸੇ ਹੱਦ ਤਕ ਅੰਗਰੇਜ਼ਾਂ ਦੇ ਆਉਣ ਤੇ ਹੀ ਸ਼ੁਰੂ ਹੁੰਦਾ ਹੈ। ਉਦੋਂ ਵੀ ਪੇਪਰ ਬਹੁਤੀ ਵਧੀਆ ਕਿਸਮ ਦਾ ਨਾ ਹੋਣ ਕਰਕੇ ਜਾਂ ਸੰਭਾਲਣ ਦੇ ਵਧੀਆ ਤਰੀਕੇ ਨਾ ਹੋਣ ਕਰਕੇ ਇਤਿਹਾਸ ਸਹੀ ਤਰ੍ਹਾਂ ਨਹੀਂ ਮਿਲਦਾ। ਪਿੰਡ ਫਰਾਲੇ ਦਾ ਬਹੁਤਾ ਇਤਿਹਾਸ ਵੀ ਮੂੰਹੋਂ ਮੂੰਹ ਅਗੇ ਪੁਜਿਆ ਹੋਇਆ ਹੈ। ਇਸ ਵਿਚ ਸਮੇਂ ਅਨੁਸਾਰ ਬਹੁਤ ਸਾਰਾ ਗਲਤ ਵੀ ਆ ਸਕਦਾ ਹੈ। ਇਕ ਮੂੰਹ ਤੋਂ ਦੂਜੇ ਮੂੰਹ ਤਕ ਪੁੱਜਦੀ ਗੱਲ ਬਦਲ ਜਾਇਆ ਕਰਦੀ ਹੈ। ਹਜ਼ਾਰਾਂ ਕਹਾਣੀਆਂ, ਸਾਖੀਆਂ, ਬਾਤਾਂ, ਲਤੀਫੇ ਚਲਦੇ ਭਾਵੇਂ ਪੀੜ੍ਹੀ ਦਰ ਪੀੜ੍ਹੀ ਹਨ ਪਰ ਇਹਨਾਂ ਦੇ ਰੂਪ ਬਦਲ ਜਾਇਆ ਕਰਦੇ ਹਨ। ਹੁਣ ਇੰਟਰਨੈੱਟ ਉਪਰ ਫਰਾਲੇ ਦੀ ਵੈੱਬ ਵਿਚ ਇਸ ਦਾ ਇਤਿਹਾਸ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਸ਼ਾਇਦ ਇਕ ਦਿਨ ਅਸਲੀਅਤ ਦੇ ਨੇੜੇ ਦਾ ਇਤਿਹਾਸ ਲਿਖਿਆ ਜਾ ਸਕੇ।

ਜਿਸ ਥੀਊਰੀ ਨੂੰ ਸੱਚ ਦੇ ਨੇੜੇ ਰੱਖਿਆ ਜਾ ਸਕਦਾ ਹੈ ਉਸ ਮੁਤਾਬਕ ਇਹ ਪਿੰਡ ਬਾਬੇ ਹਦਾਲ ਨੇ ਵਸਾਇਆ ਹੈ। ਬਾਬਾ ਹਦਾਲ ਰਾਜਸਥਾਨ ਤੋਂ ਆਇਆ ਜੱਟ ਸੀ। ਬਾਬੇ ਹਦਾਲ ਦਾ ਕਬੀਲਾ ਊਠ ਪਾਲਿਆ ਕਰਦਾ ਸੀ। ਇਸ ਨੂੰ ਊਟਵਾਲ ਕਿਹਾ ਜਾਂਦਾ ਸੀ। ਊਟਵਾਲ ਸ਼ਬਦ ਛੇਤੀ ਹੀ ਵਿਗੜ ਕੇ ਅਟਵਾਲ ਬਣ ਗਿਆ। ਜਿਹੜੇ ਇਲਾਕਿਆਂ ਵਿਚ ਊਟ ਨੂੰ ਊਠ ਕਿਹਾ ਜਾਂਦਾ ਹੈ ਉਥੇ ਅਟਵਾਲ ਵੀ ਅਠਵਾਲ ਹਨ ਭਾਵ ਕਿ ਜਿਵੇਂ ਊਟ ਤੋਂ ਊਟਵਾਲ ਤੇ ਫਿਰ ਅਟਵਾਲ ਇਵੇਂ ਹੀ ਊਠ ਤੋਂ ਊਠਵਾਲ ਤੇ ਫਿਰ ਅਠਵਾਲ।



ਹਾਲੇ ਵੀ ਬਾਬੇ ਹਦਾਲ ਦੀ ਗੱਦੀ ਪਿੰਡ ਵਿਚ ਹੈ ਜਿਸ ਦੀ ਲੋਕ ਮਾਨਤਾ ਕਰਦੇ ਹਨ। ਬਾਬੇ ਹਦਾਲ ਦੀ ਇਹ ਉਹ ਗੱਦੀ ਹੈ ਜਿਸ ਉਪਰ ਬੈਠ ਕੇ ਉਹ ਪਿੰਡ ਦੇ ਲੋਕਾਂ ਦੀਆਂ ਗੱਲਾਂ ਸੁਣਿਆ ਕਰਦਾ ਸੀ। ਉਹਨਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਦੀ ਕੋਸ਼ਿਸ਼ ਕਰਦਾ ਸੀ। ਇਸ ਗੱਦੀ ਪ੍ਰਤੀ ਪਿੰਡ ਦੇ ਲੋਕਾਂ ਦੀ ਅਥਾਹ ਸ਼ਰਧਾ ਹੈ। ਹੁਣ ਇਹ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਪਿੰਡ ਫਰਾਲੇ ਦੀ ਮੋਹੜੀ ਬਾਬੇ ਹਦਾਲ ਨੇ ਗੱਡੀ ਸੀ ਜਾਂ ਉਸ ਦੇ ਪਿਓ ਨੇ ਪਰ ਪਿੰਡ ਦਾ ਸਭ ਤੋਂ ਪਹਿਲਾ ਬਜ਼ੁਰਗ ਬਾਬਾ ਹਦਾਲ ਹੀ ਹੈ। ਬਾਬੇ ਹਦਾਲ ਦੇ ਤਿੰਨ ਭਰਾ ਸਨ। ਉਹਨਾਂ ਤਿੰਨਾਂ ਵਿਚੋਂ ਇਕ ਨੇ ਖੁਰਦਪੁਰ ਜਾ ਕੇ ਮੋਹੜੀ ਗੱਡ ਲਈ ਤੇ ਦੂਜੇ ਨੇ ਜਲੰਧਰ ਕੋਲ ਚਿੱਟੀ ਪਿੰਡ ਵਸਾ ਲਿਆ ਤੇ ਤੀਜਾ ਗੁਰਦਾਸਪੁਰ ਜ਼ਿਲ੍ਹੇ ਵਿਚ ਜਾ ਵਸਿਆ। ਉਸ ਨੇ ਉਥੇ ਜਾ ਕੇ ਅਟਵਾਲ ਨਾਂ ਦਾ ਪਿੰਡ ਵਸਾਇਆ ਜੋ ਸਥਾਨਕ ਬੋਲੀ ਵਿਚ ਊਟ ਨੂੰ ਊਠ ਕਹਿਣ ਕਾਰਨ ਅਠਵਾਲ ਬਣ ਗਿਆ। ਚਾਰ ਭਰਾਵਾਂ ਦੇ ਚਾਰ ਪਿੰਡ ਹੋ ਗਏ। ਅਟਵਾਲਾਂ ਦੇ ਚਾਰ ਪਿੰਡ ਪਰ ਅਟਵਾਲਾਂ ਦੇ ਜਠੇਰੇ ਫਰਾਲੇ ਵਿਚ ਹੀ ਹਨ।

ਫਰਾਲਾ, ਚਿੱਟੀ, ਖੁਰਦਪੁਰ ਤੇ ਅਠਵਾਲ। ਚਾਰ ਪਿੰਡਾਂ ਤੋਂ ਬਿਨਾਂ ਅਟਵਾਲਾਂ ਦਾ ਕੋਈ ਹੋਰ ਪਿੰਡ ਨਹੀਂ ਹੈ। ਜਿਹੜਾ ਵੀ ਕੋਈ ਅਟਵਾਲ ਮਿਲਦਾ ਹੈ ਉਹ ਇਹਨਾਂ ਚਾਰ ਪਿੰਡਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਬਾਵਸਤਾ ਹੈ। ਕੁਝ ਅਟਵਾਲ ਹਰਿਆਣੇ ਵਿਚ ਮਿਲਦੇ ਹਨ ਪਰ ਉਹ ਵੀ ਕਿਸੇ ਵੇਲੇ ਫਰਾਲੇ ਤੋਂ ਹੀ ਗਏ ਹੋਏ ਹਨ। ਸਾਰੇ ਅਟਵਾਲ ਜੱਟ ਹਨ। ਇਕ ਦੋ ਵੱਡੇ ਨਾਂ ਹੋਰਨਾਂ ਜਾਤਾਂ ਵਿਚੋਂ ਵੋਟਾਂ ਲੈਣ ਲਈ ਜਾਂ ਕਿਸੇ ਹੋਰ ਕਾਰਨ ਆਪਣੇ ਆਪ ਨੂੰ ਅਟਵਾਲ ਕਹਾਉਣ ਲਗ ਪਏ ਹਨ ਪਰ ਉਹ ਅਟਵਾਲ ਨਹੀਂ ਹਨ। ਜਦੋਂ ਅੰਗਰੇਜ਼ਾਂ ਨੇ ਬਾਰਾਂ ਵਸਾਈਆਂ ਤਾਂ ਬਹੁਤ ਸਾਰੇ ਅਟਵਾਲ ਉਧਰ ਚਲੇ ਗਏ। ਉਥੇ ਜਾ ਕੇ ਫਰਾਲਾ ਨਾਂ ਦਾ ਇਕ ਪਿੰਡ ਵੀ ਵਸਾ ਲਿਆ ਜੋ ਕਿ ਲਾਇਲਪੁਰ ਤੇ ਅੱਜ ਦੇ ਫੈਸਲਾਬਾਦ ਵਿਚ ਹਾਲੇ ਵੀ ਘੁੱਗ ਵਸਦਾ ਹੈ। ਬਾਰਾਂ ਵਸਾਉਣ ਵਾਸਤੇ ਬਹੁਤੇ ਅਟਵਾਲ ਫਰਾਲੇ ਵਿਚੋਂ ਹੀ ਗਏ ਸਨ। ਪਾਕਿਸਤਾਨ ਬਣਨ ਤੋਂ ਬਾਅਦ ਫਰਾਲਾ ਇੰਨੇ ਫਰਾਲੀਆਂ ਨੂੰ ਸਾਂਭਣਯੋਗ ਨਾ ਰਿਹਾ। ਫਰਾਲੇ ਦੀ ਜ਼ਮੀਨ ਸੀਮਤ ਸੀ ਤੇ ਇਹ ਫਰਾਲੀਏ ਬਾਰ ਵਿਚ ਕਈ ਕਈ ਮੁਰੱਬਿਆਂ ਦੇ ਮਾਲਕ ਸਨ ਸੋ ਇਹ ਆਲੇ ਦੁਆਲੇ ਦੇ ਪਿੰਡਾਂ ਵਿਚ ਜਿਥੇ ਵੀ ਜ਼ਮੀਨ ਮਿਲ ਸਕੀ ਸੈੱਟਲ ਹੋ ਗਏ। ਹੁਣ ਦੁਆਬੇ ਦੇ ਕਈ ਪਿੰਡਾਂ ਵਿਚ ਅਟਵਾਲ ਬੈਠੇ ਹਨ।

ਇਕ ਥਿਊਰੀ ਅਨੁਸਾਰ ਬਾਬਾ ਹਦਾਲ ਨਾਲ ਦੇ ਪਿੰਡ ਸੰਧਵੀਂ ਵਿਆਹਿਆ ਹੋਇਆ ਸੀ। ਇਸ ਥਿਊਰੀ ਅਨੁਸਾਰ ਇਸੇ ਕਾਰਨ ਹੀ ਦੋਨਾਂ ਪਿੰਡਾਂ ਦਾ ਨਾਂ ਇਕੱਠਾ ਲਿਆ ਜਾਂਦਾ ਹੈ। ਪਰ ਬਾਬੇ ਦੇ ਸੰਧਵੀਂ ਵਿਆਹੇ ਹੋਣ ਬਾਰੇ ਕੋਈ ਖਾਸ ਦੰਦ ਕਥਾ ਸੁਣਨ ਵਿਚ ਨਹੀਂ ਆਈ। ਹਾਂ, ਇਹ ਗੱਲ ਪੱਕ ਹੈ ਕਿ ਬਾਬੇ ਹਦਾਲ ਦੇ ਸੱਤ ਪੁੱਤ ਸਨ। ਰਾਮ ਚੰਦ, ਸਾਹਿਬ ਚੰਦ, ਦੀਪਾ ਮੱਲ, ਨਾਗਰ ਮੱਲ, ਸੌਂਧਾ ਮੱਲ, ਕੇਸਰ

ਮੱਲ ਤੇ ਭਾਗ ਮੱਲ। ਬਾਬੇ ਹਦਾਲ ਦੀਆਂ ਧੀਆਂ ਬਾਰੇ ਦੋ ਮੱਤ ਹਨ। ਇਕ ਮੱਤ ਅਨੁਸਾਰ ਦੋ ਧੀਆਂ ਸਨ; ਵੱਡੀ ਮਾਗਾਂ ਤੇ ਛੋਟੀ ਰਾਜਾਂ। ਦੂਜੇ ਮੱਤ ਦੇ ਹਿਸਾਬ ਨਾਲ ਚਾਰ ਧੀਆਂ ਸਨ; ਮਾਗਾਂ, ਰਾਜਾਂ, ਸਾਂਗਾ ਤੇ ਚਰਾਗਾਂ। ਇਹਨਾਂ ਚਾਰ ਧੀਆਂ ਦੇ ਨਾਂ 'ਤੇ ਪਿੰਡ ਵਿਚ ਖੂਹ ਵੀ ਲਾਏ ਗਏ 'ਮਾਗਾਂ ਵਾਲਾ ਖੂਹ', 'ਰਾਜਾਂ ਵਾਲਾ ਖੂਹ', 'ਸਾਂਗਾਂ ਵਾਲਾ ਖੂਹ' ਤੇ 'ਚਰਾਗਾਂ ਵਾਲਾ ਖੂਹ'। ਇਹ ਚਾਰਾਂ ਦੇ ਚਾਰ ਖੂਹ ਹਾਲੇ ਵੀ ਕਾਇਮ ਹਨ ਇਸ ਲਈ ਚਾਰ ਧੀਆਂ ਵਾਲੀ ਥੀਊਰੀ ਸਹੀ ਜਾਪਦੀ ਹੈ। ਬਾਬੇ ਦੇ ਸੱਤਾਂ ਪੁੱਤਾਂ ਦੇ ਨਾਵਾਂ 'ਤੇ ਸੱਤ ਪੱਟੀਆਂ ਬਣੀਆਂ। ਵੈਸੇ ਫਰਾਲੇ ਵਿਚ ਜੱਟਾਂ ਦੀਆਂ ਪੱਟੀਆਂ ਤਾਂ ਦਸ ਹਨ। ਤਿੰਨ ਹੋਰ ਪੱਟੀਆਂ ਹਨ ਦੱਗੋ ਪੱਟੀ, ਲੱਧਾ ਪੱਟੀ ਤੇ ਮੀਰ ਮੱਠਾ ਪੱਟੀ। ਇਹਨਾਂ ਤਿੰਨਾਂ ਪੱਟੀਆਂ ਨਾਲ ਬਾਬੇ ਹਦਾਲ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ। ਸਗੋਂ ਕਈ ਵਿਰੋਧਤਾਈਆਂ ਦੇਖਣ ਨੂੰ ਮਿਲਦੀਆਂ ਹਨ ਜਿਹਨਾਂ ਦਾ ਜ਼ਿਕਰ ਆਪਾਂ ਅਗੇ ਜਾ ਕੇ ਕਰਾਂਗੇ। ਕੁਝ ਅੰਗਰੇਜ਼ ਇਤਹਾਸਕਾਰਾਂ ਨੇ ਜੱਟਾਂ ਦੇ ਗੋਤਾਂ ਬਾਰੇ ਸੰਖੇਪ ਜਿਹੀਆਂ ਟਿਪਣੀਆਂ ਕੀਤੀਆਂ। ਉਹਨਾਂ ਗੱਲਾਂ ਨੂੰ ਹੀ ਅਗੇ ਵਧਾ ਕੇ ਪੰਜਾਬੀ ਵਿਚ ਵੀ ਕੁਝ ਕਿਤਾਬਾਂ ਦੇਖਣ ਨੂੰ ਮਿਲਦੀਆਂ ਹਨ ਜਿਹਨਾਂ ਵਿਚ ਅਟਵਾਲ ਗੋਤ ਬਾਰੇ ਲਿਖਿਆ ਗਿਆ ਹੈ ਪਰ ਇਹ ਸਭ ਯਕੀਨਯੋਗ ਨਹੀਂ ਹੈ। ਯਕੀਨਯੋਗ ਉਹੋ ਹੈ ਜੋ ਸਾਡੇ ਤਕ ਸਾਡੇ ਬਜ਼ੁਰਗਾਂ ਰਾਹੀਂ ਪੁੱਜਿਆ ਹੈ। ਸੰਨ ਸੱਠ ਤਕ ਫਰਾਲੇ ਵਿਚ ਸਾਰੇ ਦੇ ਸਾਰੇ ਅਟਵਾਲ ਹੀ ਵਸਦੇ ਸਨ। ਕੁਝ ਇਕ ਘਰ ਬੱਲਾਂ ਤੇ ਸਹੋਤਿਆਂ ਦੇ ਵੀ ਸਨ। ਇਹ ਉਹ ਵੇਲਾ ਸੀ ਕਿ ਕਿਸੇ ਨੂੰ ਪਤਾ ਚਲਦਾ ਸੀ ਕਿ ਇਹ ਫਰਾਲੇ ਤੋਂ ਹੈ ਤਾਂ ਇਸ ਦਾ ਅਰਥ ਇਹ ਹੁੰਦਾ ਸੀ ਕਿ ਇਹ ਅਟਵਾਲ ਹੀ ਹੋਵੇਗਾ। ਪਰ ਹੁਣ ਫਰਾਲੇ ਵਿਚ ਹੋਰ ਵੀ ਬਹੁਤ ਸਾਰੇ ਗੋਤ ਦੇਖਣ ਨੂੰ ਮਿਲਦੇ ਹਨ। ਇਹ ਸਾਰੇ ਅਟਵਾਲਾਂ ਦੇ ਰਿਸ਼ਤੇਦਾਰ ਹੀ ਹਨ ਜੋ ਹਾਲਾਤ ਕਾਰਨ ਫਰਾਲੇ ਵਿਚ ਆ ਵਸੇ ਹਨ। ਇਹ ਸਭ ਗੋਤ ਕਿਸੇ ਨਾ ਕਿਸੇ ਤਰ੍ਹਾਂ ਅਟਵਾਲਾਂ ਨਾਲ ਜੁੜੇ ਹੋਏ ਹਨ। ਪਹਿਲਾਂ ਇਕ ਗੁਲਦਸਤੇ ਵਿਚ ਅਟਵਾਲ ਨਾਂ ਦੇ ਹੀ ਫੁੱਲ ਸਨ ਹੁਣ ਰੰਗਬਰੰਗੇ ਫੁੱਲ ਦੇਖਣ ਨੂੰ ਮਿਲ ਰਹੇ ਹਨ।

ਜਦ ਪਿੰਡ ਵਸਾਇਆ ਜਾਂਦਾ ਹੈ ਤਾਂ ਹੋਰਨਾਂ ਜ਼ਾਤਾਂ ਨੂੰ ਵੀ ਆਪਣੇ ਨਾਲ ਲਿਆ ਜਾਂਦਾ ਹੈ। ਉਹਨਾਂ ਦਿਨਾਂ ਵਿਚ ਬੰਦੇ ਦੀ ਜ਼ਾਤ ਉਸ ਦੇ ਕੰਮ ਨਾਲ ਬੱਝੀ ਹੁੰਦੀ ਸੀ। ਬਾਬੇ ਹਦਾਲ ਨੇ ਪਿੰਡ ਵਿਚ ਲਗਭਗ ਸਾਰੀਆਂ ਜ਼ਾਤਾਂ ਨੂੰ ਵਸਾਇਆ। ਉਹਨਾਂ ਨੂੰ ਰਹਿਣ ਲਈ ਥਾਂ ਦਿੱਤਾ ਤੇ ਕੰਮ ਦਿੱਤਾ। ਸੋ ਪਿੰਡ ਵਿਚ ਤਕਰੀਬਨ ਸਾਰੀਆਂ ਹੀ ਜ਼ਾਤਾਂ ਦੇ ਲੋਕ ਵਸਦੇ ਹਨ। ਇਹਨਾਂ ਵਿਚੋਂ ਬਹੁਤਿਆਂ ਦੇ ਬਜ਼ੁਰਗ ਬਾਬੇ ਹਦਾਲ ਦੇ ਸੱਦੇ 'ਤੇ ਆਏ ਹੋਏ ਹਨ। ਫਿਰ ਸਮਾਂ ਪਾ ਕੇ ਉਹਨਾਂ ਦੇ ਕੁਝ ਹੋਰ ਰਿਸ਼ਤੇਦਾਰ ਵੀ ਇਥੇ ਆਣ ਵਸਣ ਲਗੇ। ਸੋ ਪਿੰਡ ਵਿਚ ਵਸਦੇ ਗੈਰ-ਜੱਟ ਵੀ ਇਕ ਕਿਸਮ ਨਾਲ ਅਟਵਾਲਾਂ ਦਾ ਹੀ ਹਿੱਸਾ ਹਨ।



ਪਿੰਡ ਵਸਾਉਣੇ ਇੰਨੇ ਸੌਖੇ ਨਹੀਂ ਹੁੰਦੇ। ਨਵੀਂ ਜਗਾਹ ਤੇ ਜਾ ਕੇ ਬੈਠੋਂ ਤਾਂ ਸਥਾਨਕ ਲੋਕਾਂ ਵੱਲੋਂ ਵਿਰੋਧ ਵੀ ਹੁੰਦਾ ਹੈ। ਬਾਬੇ ਹਦਾਲ ਨਾਲ ਵੀ ਹੋਇਆ ਹੋਵੇਗਾ। ਇਕ ਥਿਊਰੀ ਮੁਤਾਬਕ ਫਰਾਲੇ ਦੇ ਨਾਲ ਹੀ ਘੁੰਮਣਾਂ ਵੱਲ ਦੇ ਪਾਸੇ ਨੂੰ ਇਕ ਛੋਟਾ ਜਿਹਾ ਪਿੰਡ ਪੈਂਦਾ ਸੀ ਜਿਸ ਦਾ ਨਾਂ ਸੀ 'ਲਾਦੀਆਂ'। ਬਾਬੇ ਦੇ ਸੱਤ ਮੁੰਡੇ ਜਵਾਨ ਹੋਏ ਤਾਂ ਸਭ ਤੋਂ ਪਹਿਲਾਂ ਉਹਨਾਂ ਨੇ ਇਸ ਪਿੰਡ ਨਾਲ ਟੱਕਰ ਲਈ। ਕਿਹਾ ਜਾਂਦਾ ਹੈ ਕਿ ਇਥੋਂ ਦੇ ਲੋਕ ਇਥੋਂ ਉਠ ਕੇ ਕਿਤੇ ਹੋਰ ਚਲੇ ਗਏ ਤੇ ਉਹਨਾਂ ਨੇ ਉਥੇ ਜਾ ਕੇ ਇਸੇ ਨਾਂ ਦਾ ਹੋਰ ਪਿੰਡ ਵਸਾ ਲਿਆ। ਅੱਜ ਕਲ੍ਹ ਨਵੇਂ ਸ਼ਹਿਰ ਜ਼ਿਲ੍ਹੇ ਵਿਚ ਲਾਦੀਆਂ ਨਾਂ ਦਾ ਇਕ ਪਿੰਡ ਹੈ। ਸ਼ਾਇਦ ਇਹ ਹੀ ਉਹ ਪਿੰਡ ਹੋਵੇ ਜੋ ਫਰਾਲੇ ਦੇ ਨੇੜਿਓਂ ਉਠ ਕੇ ਗਿਆ ਸੀ। ਜਿਥੋਂ ਉਹ ਪਿੰਡ ਉਠ ਕੇ ਗਿਆ ਸੀ ਉਸ ਜਗਾਹ ਨੂੰ ਹਾਲੇ ਵੀ ਲਾਦੀਆਂ ਕਿਹਾ ਜਾਂਦਾ ਹੈ। ਇਕ ਖੂਹ ਹੈ ਜਿਸ ਨੂੰ ਲਾਦੀਆਂ ਵਾਲਾ ਖੂਹ ਕਿਹਾ ਜਾਂਦਾ ਹੈ ਤੇ ਉਸ ਦੀ ਆਲੇ ਦੁਆਲੇ ਦੀ ਸਾਰੀ ਜ਼ਮੀਨ ਨੂੰ ਹੀ ਲਾਦੀਆਂ ਆਖਿਆ ਜਾਂਦਾ ਹੈ। ਪਿੰਡ ਦੇ ਇਸੇ ਪਾਸੇ ਹੀ ਖੇੜੇ ਦਾ ਖੂਹ ਵੀ ਹੈ। ਇਸ ਖੂਹ ਦੇ ਦੁਆਲੇ ਦੇ ਖੇਤਾਂ ਵਿਚੋਂ ਚਾਲੀ ਕੁ ਸਾਲ ਪਹਿਲਾਂ ਤਕ ਖੇਤ ਵਾਹੁੰਦਿਆਂ ਹੱਡੀਆਂ ਤੇ ਮਿੱਟੀ ਦੇ ਭਾਂਡੇ ਆਮ ਮਿਲਦੇ ਰਹੇ ਹਨ। ਇਹ ਜਗਾਹ ਵੀ ਕੋਈ ਇਤਿਹਾਸ ਸਾਂਭੀ ਬੈਠੀ ਹੈ ਜੋ ਸਾਡੇ ਤਕ ਨਹੀਂ ਪੁੱਜਿਆ।

ਪਿੰਡ ਦਾ ਸਭਿਆਚਾਰ ਅਜਿਹਾ ਰਿਹਾ ਹੈ ਕਿ ਫਰਾਲੇ ਨੂੰ ਵੱਡਿਆਂ ਪਿੰਡਾਂ ਵਿਚ ਗਿਣਿਆ ਜਾਂਦਾ ਰਿਹਾ ਹੈ, ਇਸ ਨੂੰ ਸਰਦਾਰਾਂ ਦਾ ਪਿੰਡ ਕਿਹਾ ਜਾਂਦਾ ਰਿਹਾ ਹੈ। ਹੁਣ ਤਾਂ ਸਾਰੇ ਪਿੰਡ ਇਕ ਬਰਾਬਰ ਹੋ ਗਏ, ਵੱਡੇ-ਛੋਟੇ ਦੀ ਕੋਈ ਵੰਡ ਨਹੀਂ ਰਹੀ। ਵੱਡੇ ਪਿੰਡ ਉਹ ਸਨ ਜਿਥੇ ਔਰਤਾਂ ਪਰਦੇ ਵਿਚ ਰਹਿੰਦੀਆਂ ਸਨ। ਘਰੋਂ ਬਾਹਰ ਨਹੀਂ ਸਨ ਨਿਕਲਦੀਆਂ। ਖੇਤਾਂ ਵਿਚ ਕੰਮ ਨਹੀਂ ਸਨ ਕਰਦੀਆਂ। ਕੁਝ ਕੁ ਘਰਾਂ ਦੀਆਂ ਔਰਤਾਂ ਸਿਰਫ ਭੱਤਾ ਲੈ ਕੇ ਜਾਂਦੀਆਂ ਸਨ। ਪਿੰਡ ਵਿਚ ਨਸ਼ਿਆਂ ਦਾ ਸੇਵਨ ਨਹੀਂ ਸੀ ਹੁੰਦਾ। ਜੱਟਾਂ ਸਰਦਾਰਾਂ ਵਿਚ ਹੁੱਕਾ ਪੀਣ ਦੀ ਮਨਾਹੀ ਸੀ। ਛੋਟੇ ਪਿੰਡਾਂ ਵਿਚ ਇਹ ਗੱਲਾਂ ਲਾਗੂ ਨਹੀਂ ਸਨ ਹੁੰਦੀਆਂ। ਛੋਟੇ ਪਿੰਡਾਂ ਵਿਚ ਔਰਤਾਂ ਖੇਤਾਂ ਵਿਚ ਮਰਦ ਦੇ ਬਰਾਬਰ ਕੰਮ ਕਰਦੀਆਂ ਸਨ। ਹੁੱਕੇ ਨੂੰ ਇੰਨਾ ਬੁਰਾ ਨਹੀਂ ਸੀ ਮੰਨਿਆਂ ਜਾਂਦਾ। ਵੱਡੇ ਪਿੰਡਾਂ ਦੇ ਲੋਕ ਵੱਡੇ ਪਿੰਡਾਂ ਵਿਚ ਹੀ ਰਿਸ਼ਤੇ ਕਰਿਆ ਕਰਦੇ ਸਨ। ਇਥੋਂ ਦੀਆਂ ਕੁੜੀਆਂ ਮਾਹਿਲਪੁਰ, ਚੱਬੇਵਾਲ, ਬੁੱਢੀ ਪਿੰਡ, ਬੜੇ ਪਿੰਡ ਵਰਗੇ ਵੱਡੇ ਵੱਡੇ ਪਿੰਡਾਂ ਵਿਚ ਵਿਆਹੀਆਂ ਜਾਂਦੀਆਂ ਸਨ ਤੇ ਮੁੰਡੇ ਸ਼ੰਕਰ, ਜੰਡਿਆਲਾ, ਬਿਲਗਾ, ਸਮਰਾਮਾਂ, ਬਡਾਲਾ ਵਰਗੇ ਪਿੰਡਾਂ ਵਿਚ ਵਿਆਹੇ ਜਾਂਦੇ ਸਨ। ਇਹ ਸਾਰੇ ਪਿੰਡ ਵੱਡੇ ਪਿੰਡਾਂ ਵਿਚ ਆਉਂਦੇ ਸਨ। ਆਪਾਂ ਪਹਿਲਾਂ ਪੱਟੀਆਂ ਦੀ ਗੱਲ ਕਰਦਿਆਂ ਕਿਹਾ ਸੀ ਕਿ ਦੱਗੋ ਪੱਟੀ ਦਾ ਤਾਂ ਪ੍ਰਮੁੱਖ ਸੱਤ ਪੱਟੀਆਂ ਨਾਲ ਕੁਝ ਵਿਰੋਧ ਵੀ ਰਿਹਾ ਹੈ। ਇਹਨਾਂ ਤਿੰਨਾਂ ਪੱਟੀਆਂ ਦੇ ਲੋਕ ਕਿਸੇ ਨਾ ਕਿਸੇ ਤਰ੍ਹਾਂ ਵਲ਼ ਪਾ ਕੇ ਹਨ ਤਾਂ

ਅਟਵਾਲ ਹੀ ਪਰ ਇਕ ਫਰਕ ਰਿਹਾ ਹੈ ਜਿਸ ਨੂੰ ਆਪਾਂ ਵਿਰੋਧ ਵੀ ਕਹਿ ਸਕਦੇ ਹਾਂ। ਇਹ ਵਿਰੋਧ ਇਹ ਸੀ ਕਿ ਜਿਥੇ ਇਹ ਸੱਤ ਪੱਟੀਆਂ ਆਪਣੇ ਮੁੰਡੇ ਵਿਆਹੁੰਦੇ ਸਨ ਦੱਗੋ ਪੱਟੀ ਦੇ ਉਥੇ ਕੁੜੀ ਵਿਆਹ ਦਿੰਦੇ ਸਨ। ਮਿਸਾਲ ਦੇ ਤੌਰ ਤੇ ਜੰਡਿਆਲੇ ਵਿਚ ਸੱਤ ਪੱਟੀਆਂ ਆਪਣੇ ਮੁੰਡੇ ਵਿਆਹੁੰਦੀਆਂ ਤੇ ਦੱਗੀ ਪੱਟੀ ਆਪਣੀ ਕੁੜੀ ਵਿਆਹ ਦਿੰਦੀ। ਉਸ ਵੇਲੇ ਇਹ ਕਾਫੀ ਵੱਡਾ ਸਮਾਜਕ ਵਿਰੋਧ ਸੀ। ਹੋਰ ਵੀ ਕਈ ਗੱਲਾਂ ਸਨ। ਸ਼ਾਇਦ ਅਜਿਹੇ ਹੀ ਹੋਰ ਵਿਰੋਧ ਵੀ ਹੋਣਗੇ ਜਿਹਨਾਂ ਕਾਰਨ ਦੱਗੋ ਪੱਟੀ ਦੇ ਸਿਵੇ ਵੀ ਬਾਕੀ ਪਿੰਡ ਤੋਂ ਅਲੱਗ ਹਨ। ਅੱਜ ਵੀ ਦੱਗੋ ਪੱਟੀ ਦਾ ਮੁਰਦਾ ਬਾਕੀ ਪਿੰਡ ਦੇ ਸਿਵਿਆਂ ਵਿਚ ਫੂਕਣ ਦੀ ਇਜ਼ਾਜਤ ਨਹੀਂ ਹੈ ਤੇ ਇਵੇਂ ਹੀ ਦੱਗੋ ਪੱਟੀ ਦੇ ਸਿਵਿਆਂ ਵਿਚ ਬਾਕੀ ਪਿੰਡ ਦਾ ਮੁਰਦਾ ਨਹੀਂ ਫੂਕਿਆ ਜਾ ਸਕਦਾ। ਹੋ ਸਕਦਾ ਹੈ ਕਿ ਸਮਾਂ ਪਾ ਕੇ ਇਹ ਟੱਕਰ ਮੱਠੀ ਪੈ ਗਈ ਹੋਵੇ। ਜੋ ਵੀ ਹੋਵੇ ਇਹ ਗੱਲ ਪਿੰਡ ਦੇ ਇਤਿਹਾਸ ਨੂੰ ਹੋਰ ਫਰੋਲਣ ਦੀ ਮੰਗ ਕਰਦੀ ਹੈ।

ਹੁਣ ਸਭ ਕੁਝ ਬਦਲ ਚੁੱਕਾ ਹੈ। ਦੁਨੀਆਂ ਬਦਲ ਰਹੀ ਹੈ। ਫਰਾਲਾ ਵੀ ਬਦਲ ਰਿਹਾ ਹੈ। ਦੁਆਬੇ ਦੇ ਹੋਰਨਾਂ ਪਿੰਡਾਂ ਵਾਂਗ ਬਹੁਤ ਸਾਰੇ ਫਰਾਲੀਏ ਬਦੇਸ਼ਾਂ ਵਿਚ ਜਾ ਵਸੇ ਹਨ। ਪਿੰਡ ਦੇ ਅੱਧੇ ਘਰ ਖਾਲੀ ਪਏ ਹਨ। ਬਿਦੇਸ਼ਾਂ ਵਿਚ ਵਸੇ ਫਰਾਲੀਆਂ ਨੂੰ ਆਪਣੇ ਪਿੰਡ ਨਾਲ ਮੋਹ ਹੈ। ਪਿੰਡ ਦੀ ਤਰੱਕੀ ਲਈ ਪੈਸੇ ਇਕੱਠੇ ਕਰਦੇ ਹਨ ਤੇ ਭੇਜਦੇ ਹਨ। ਆਪ ਜਾਂਦੇ ਵੀ ਹਨ ਪਰ ਪੱਕੇ ਤੌਰ ਤੇ ਫਰਾਲੇ ਵਿਚ ਜਾਣ ਵਾਲੇ ਫਰਾਲੀਆਂ ਦੀ ਗਿਣਤੀ ਬਹੁਤ ਘੱਟ ਹੈ। ਫਰਾਲੀਆਂ ਦੀ ਅਗਲੀ ਪੀੜ੍ਹੀ ਤਾਂ ਸ਼ਾਇਦ ਹੀ ਫਰਾਲੇ ਜਾਵੇ ਕਿਉਂਕਿ ਉਹ ਜਾਂ ਤਾਂ ਇੰਗਲੈਂਡੀਏ ਹਨ, ਜਾਂ ਕੈਨੈਡੀਅਨ, ਅਮੈਰੇਕਨ ਜਾਂ ਕੋਈ ਹੋਰ। ਉਹ ਹੁਣ ਫਰਾਲੀਏ ਸਿਰਫ ਨਾਂ ਦੇ ਹੀ ਹਨ ਪਰ ਇਕ ਗੱਲ ਯਕੀਨੀ ਹੈ ਕਿ ਇਕ ਦਿਨ ਇਹਨਾਂ ਵਿਦੇਸ਼ਾਂ ਵਿਚ ਜੰਮੇ ਫਰਾਲੀਆਂ ਵਿਚੋਂ ਬਹੁਤ ਸਾਰੇ ਫਰਾਲੇ ਦਾ ਗੇੜਾ ਜ਼ਰੂਰ ਮਾਰਿਆ ਕਰਨਗੇ ਜਿਵੇਂ ਅਸਟਰੇਲੀਅਨ ਜਾਂ ਨੀਊਜ਼ੀਲੈਂਡਰ ਇੰਗਲੈਂਡ ਦਾ ਗੇੜਾ ਮਾਰਦੇ ਹਨ ਜਾਂ ਅਮਰੀਕਨ ਆਇਰਲੈਂਡ ਦਾ। ਆਪਣੀਆਂ ਜੜ੍ਹਾਂ ਦੀ ਖੋਜ ਵਿਚ ਨਿਕਲੀ ਸਾਡੀ ਅਗਲੀ ਪੀੜ੍ਹੀ ਪੰਜਾਬ ਦੇ ਪਿੰਡਾਂ ਦਾ ਗੇੜਾ ਮਾਰਦੀ ਰਹੇਗੀ।



## ਬਾਬਾ ਰਲ੍ਹਾ

ਅਟਵਾਲਾਂ ਦੇ ਪਿੰਡ ਫਰਾਲੇ ਦੀਆਂ ਪ੍ਰਮੁੱਖ ਸੱਤਾਂ ਪੱਟੀਆਂ ਵਿਚੋਂ ਇਕ ਪੱਟੀ ਹੈ ਸੌਂਧਾ ਪੱਟੀ। ਬਾਬੇ ਹਦਾਲ ਦੇ ਸੱਤਾਂ ਪੁੱਤਾਂ ਵਿਚੋਂ ਇਕ ਪੁੱਤ ਸੌਂਧਾ ਮੱਲ ਦੀ ਅਗੇ ਵਧੀ ਵੇਲ। ਇਸੇ ਵੇਲ ਵਿਚ ਸੰਨ 1810 ਦੇ ਕਰੀਬ ਜੈਮਲ ਜੰਮਦਾ ਹੈ। ਇਸ ਸਮੇਂ ਪੰਜਾਬ ਉਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ। ਮਹਾਰਾਜਾ ਆਪਣਾ ਰਾਜ ਕਾਬਲ ਵੱਲ ਨੂੰ ਵਧਾ ਰਿਹਾ ਹੈ ਪਰ ਦੂਜੇ ਪਾਸੇ ਅੰਗਰੇਜ਼ਾਂ ਦੇ ਰਾਜ ਵਾਲੇ ਪਾਸੇ ਸਤਲੁਜ ਨੂੰ ਆਪਣੇ ਹੱਦ ਮੰਨੀ ਬੈਠਾ ਹੈ। ਉਹ ਅੰਗਰੇਜ਼ਾਂ ਤੋਂ ਡਰ ਵੀ ਰਿਹਾ ਹੈ ਤੇ ਡਰਾ ਵੀ ਰਿਹਾ ਹੈ। ਪਰ ਜੈਮਲ ਨੂੰ ਇਸ ਬਾਰੇ ਬਹੁਤਾ ਨਹੀਂ ਪਤਾ। ਉਸ ਨੂੰ ਤਾਂ ਬੱਸ ਇੰਨਾ ਪਤਾ ਹੈ ਕਿ ਪੰਜਾਬੀਆਂ ਦਾ ਆਪਣਾ ਰਾਜ ਹੈ। ਪਰ ਮਾਮਲਾ ਤਾਂ ਫਿਰ ਵੀ ਦੇਣਾ ਪੈਂਦਾ ਹੈ। ਪਿੰਡਾਂ ਦੇ ਕਈ ਲੋਕ ਕਹਿੰਦੇ ਹਨ ਕਿ ਮਾਮਲਾ ਤਾਂ ਔਰੰਗੇ ਵੇਲੇ ਵੀ ਦੇਣਾ ਪੈਂਦਾ ਸੀ ਤੇ ਹੁਣ ਵੀ। ਔਰੰਗਜ਼ੇਬ ਨੂੰ ਪੇਂਡੂ ਲੋਕ ਔਰੰਗਾ ਕਹਿ ਹੀ ਗੱਲ ਕਰਦੇ ਹਨ। ਜੈਮਲ ਤੇ ਉਸ ਵਰਗੇ ਹੋਰ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਬਾਰੇ ਜੋ ਦਿਲਚਸਪ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ ਇਸ ਤੋਂ ਜ਼ਰੂਰ ਲਗਦਾ ਹੈ ਕਿ ਆਪਣਾ ਰਾਜ ਹੈ। ਮਹਾਰਾਜੇ ਦੀ ਦਿਆਨਤਦਾਰੀ ਦੀਆਂ ਕਹਾਣੀਆਂ। ਮਹਾਰਾਜੇ ਦੀ ਬਹਾਦਰੀ ਦੀਆਂ ਕਹਾਣੀਆਂ। ਉਸ ਦੀਆਂ ਰਖੈਲਾਂ ਦੀਆਂ ਕਹਾਣੀਆਂ। ਮੋਰਾਂ ਤੇ ਉਸ ਵਰਗੀਆਂ ਹੋਰ ਰਖੈਲਾਂ ਦੇ ਕਿੱਸੇ ਲੋਕਾਂ ਨੂੰ ਜ਼ੁਬਾਨੀ ਯਾਦ ਹਨ। ਫਿਰ ਉਸ ਦੇ ਵਿਆਹ ਕਰਾ ਕੇ ਲਹੌਰ ਸ਼ਹਿਰ ਵਿਚ ਹਾਥੀ 'ਤੇ ਬੈਠ ਕੇ ਜਲੂਸ ਕੱਢਣ ਦੀਆਂ ਦੰਦਕਥਾਵਾਂ। ਅਜਿਹਾ ਬਹੁਤ ਕੁਝ ਲੋਕਾਂ ਨੂੰ ਮਹਾਰਾਜੇ ਦੇ ਰਾਜ ਵਿਚੋਂ ਮਿਲਦਾ ਹੈ ਜੋ ਔਰੰਗੇ ਦੇ ਰਾਜ ਵਿਚ ਨਹੀਂ ਸੀ ਸੁਣਿਆ ਜਾਂਦਾ। ਔਰੰਗੇ ਵੇਲੇ ਤੇ ਉਸ ਤੋਂ ਬਾਅਦ ਵੀ ਸਥਾਨਕ ਸੂਬੇਦਾਰ ਹੀ ਹਨ ਤੇ ਆਪੋ ਆਪਣੇ ਹਿੱਸੇ ਦੇ ਜ਼ੁਲਮਾਂ ਦੀ ਹਨੇਰੀ ਵਗਾ ਕੇ ਤੁਰਦੇ ਰਹੇ ਹਨ। ਹੁਣ ਸ਼ਾਂਤੀ ਹੈ ਇਸ ਕਰਕੇ ਵੀ ਜਾਪਦਾ ਹੈ ਕਿ ਆਪਣਾ ਰਾਜ ਹੈ।

ਜੈਮਲ ਕੋਲ ਦੋ ਮੁਰੱਬੇ ਤੋਂ ਵੱਧ ਜ਼ਮੀਨ ਹੈ। ਅੱਧੀ ਜ਼ਮੀਨ ਅਵੱਲ ਹੈ ਤੇ ਅੱਧੀ ਦੋਇਮ। ਢੱਕੀ ਵਾਲੀ ਜ਼ਮੀਨ ਅੱਵਲ ਤੇ ਡੱਬਰੀ ਵਾਲੀ ਦੋਇਮ। ਉਹ ਖੇਤੀ ਕਰਦਾ ਹੈ। ਆਪਣੀ ਦੁਨੀਆਂ ਵਿਚ ਮਸਤ ਹੈ। ਅਗੇ ਉਸ ਦੇ ਦੋ ਪੁੱਤਰ ਜੰਮਦੇ ਹਨ। ਸੰਨ 1930 ਦੇ ਕਰੀਬ ਦੀ ਇਕ ਸੰਗਰਾਂਦ ਵਾਲੇ ਦਿਨ ਜੈਮਲ ਦੇ ਘਰ ਵੱਡਾ ਪੁੱਤਰ ਜਨਮ ਲੈਂਦਾ ਹੈ। ਇਹ ਓਹ ਸਮਾਂ ਹੈ ਜਦੋਂ ਮੁੰਡਿਆਂ ਦਾ ਨਾਮਕਰਨ ਬਹੁਤ ਸਿੱਧਾ

ਜਿਹਾ ਹੈ। ਮੰਗਲਵਾਰ ਵਾਲੇ ਦਿਨ ਜੰਮਿਆਂ ਮੰਗਲੂ, ਇਵੇਂ ਹੀ ਬੁੱਧੂ, ਵੀਰਵਾਰ ਜੰਮੇ ਦਾ ਵੀਰੂ, ਚੇਤ ਮਹੀਨੇ ਜੰਮਿਆਂ ਚੇਤੂ, ਫੱਗਣ ਵਿਚ ਫੱਗੂ, ਸਾਵਣ ਮਹੀਨੇ ਵਿਚ ਜੰਮੇ ਦਾ ਸੌਣ ਬਗੈਰਾ ਨਾਂ ਹੀ ਜ਼ਿਆਦਾ ਰੱਖੇ ਜਾਂਦੇ ਹਨ। ਸੰਗਰਾਂਦ ਵਾਲੇ ਦਿਨ ਜੰਮੇ ਬੱਚੇ ਨੂੰ ਰਲ਼ਾ ਕਿਹਾ ਜਾਂਦਾ ਹੈ ਕਿ ਇਹ ਦੋ ਮਹੀਨਿਆਂ ਦੇ ਵਿਚਕਾਰ ਪੈਦਾ ਹੋਇਆ ਹੈ। ਜੈਮਲ ਦੇ ਪਹਿਲਾ ਮੁੰਡਾ ਸੰਗਰਾਂਦ ਵਾਲੇ ਦਿਨ ਪੈਦਾ ਹੋਣ ਕਰਕੇ ਇਸ ਦਾ ਨਾਂ ਰੱਖ ਦਿੱਤਾ ਜਾਂਦਾ ਹੈ; ਰਲ਼ਾ। ਸਾਲ ਕੁ ਬਾਅਦ ਦੂਜਾ ਪੁੱਤ ਜੰਮਦਾ ਹੈ, ਨਾਂ ਰੱਖਿਆ ਜਾਂਦਾ ਹੈ; ਪੰਜਾਬਾ। ਸਿੱਖਾਂ ਦਾ ਰਾਜ ਹੋਣ ਦੇ ਬਾਵਜੂਦ ਵੀ ਇਸ ਕਾਲ ਦੇ ਬਹੁਤੇ ਜੱਟ ਬੇ-ਧਰਮੇ ਜਿਹੇ ਹੀ ਹਨ। ਦੇਵੀਆਂ ਬਗੈਰਾ ਦੀ ਪੂਜਾ ਕਰਦੇ ਹਨ। ਕੋਈ ਜੱਟ ਮੁਸਲਮਾਨ ਧਰਮ ਵੱਲ ਨੂੰ ਝੁਕ ਜਾਵੇ ਮੁਸਲਮਾਨ ਬਣ ਜਾਂਦਾ ਹੈ। ਬਹੁਤੇ ਜੱਟ ਸਿੱਖੀ ਨੂੰ ਅਪਣਾ ਰਹੇ ਹਨ। ਦੁਆਬੇ ਦਾ ਆਮ ਜੱਟ ਸਿੱਖ ਬਣ ਰਿਹਾ ਹੈ। ਫਰਾਲੇ ਵਿਚ ਸੱਤਵੇਂ ਗੁਰੂ, ਗੁਰੂ ਹਰਿ ਰਾਏ ਸਾਹਿਬ ਦੇ ਪਰਚਾਰ ਕਰਨ ਕਾਰਨ ਸਿੱਖੀ ਦਾ ਵਾਹਵਾ ਬੋਲਬਾਲ ਹੈ। ਪਰ ਫਿਰ ਵੀ ਕੁਝ ਅਜਿਹੇ ਘਰ ਹਨ ਜਿਹਨਾਂ ਨੇ ਹਾਲੇ ਸਿੱਖੀ ਨੂੰ ਨਹੀਂ ਅਪਣਾਇਆ। ਜੈਮਲ ਦਾ ਸਿੱਖੀ ਨੂੰ ਨਾ-ਅਪਣਾਉਣ ਦਾ ਕਾਰਨ ਹੈ ਕਿ ਉਸ ਦਾ ਰੱਬ ਵੱਲ ਬਹੁਤਾ ਧਿਆਨ ਨਹੀਂ ਹੈ। ਉਸ ਨੂੰ ਇਸ ਗੱਲ ਦੀ ਚਿੰਤਾ ਨਹੀਂ ਕਿ ਉਸ ਦਾ ਫਾਇਦਾ ਕਿਸੇ ਦੇਵੀ ਨੇ ਕਰਨਾ ਹੈ ਜਾਂ ਫਿਰ ਕਿਸੇ ਗੁਰੂ ਨੇ। ਪੰਜਾਬਾ ਸਿੱਖੀ ਲੜ ਲਗ ਕੇ ਪੰਜਾਬ ਸਿੰਘ ਬਣ ਜਾਂਦਾ ਹੈ ਪਰ ਰਲ਼ਾ ਰਲ਼ਾ ਹੀ ਰਹਿੰਦਾ ਹੈ। ਰਲ਼ੇ ਲਈ ਵੀ ਜੈਮਲ ਵਾਂਗ ਹੀ ਰੱਬ ਦਾ ਬਹੁਤਾ ਮਹੱਤਵ ਨਹੀਂ ਹੈ, ਦੇਵੀ ਤੇ ਗੁਰੂ ਉਸ ਲਈ ਇਕੋ ਜਿਹੇ ਮਇਨੇ ਰੱਖਦੇ ਹਨ, ਇਸ ਲਈ ਉਸ ਨੂੰ ਪਰਵਾਹ ਨਹੀਂ ਹੈ ਕਿ ਉਹ ਕੀ ਹੈ। ਜਦੋਂ ਪੰਜਾਬ ਸਿੰਘ ਸਿੱਖੀ ਅਪਣਾਉਂਦਾ ਹੈ ਤਾਂ ਪਿੰਡ ਦੇ ਬਾਵਿਆਂ ਦਾ ਇਕ ਬਜ਼ੁਰਗ, ਜੋ ਸੱਤਵੇਂ ਗੁਰੂ ਦੀ ਯਾਦ ਵਿਚ ਬਣੀ ਜਗਾਹ ਦੀ ਦੇਖ ਭਾਲ ਕਰਦਾ ਹੈ, ਰਲ਼ੇ ਨੂੰ ਆਖਦਾ ਹੈ,

"ਰਲ਼ਿਆ, ਇੰਨੀ ਜ਼ਮੀਨ ਦਾ ਮਾਲਕ ਐਂ, ਸਿੱਖ ਸਜ ਜਾਹ, ਸਰਦਾਰ ਰਲ਼ਾ ਸਿੰਘ ਬਣ ਜਾਹ।"

"ਬਣ ਜਾਨੇ ਆਂ, ਆਪਾਂ ਨੂੰ ਕੀ ਆ। ਲੈ ਬਾਵਾ, ਬਣਾ ਲੈ ਸਿੱਖ।"

"ਪਰ ਆਹ ਹੁੱਕਾ ਛੱਡਣਾ ਪੈਣਾਂ।"

"ਬਾਵਾ, ਹੁੱਕਾ ਕੀ ਕਹਿੰਦਾ?"

"ਸਿੱਖੀ ਵਿਚ ਤੰਬਾਕੂਨੋਸ਼ੀ ਦੀ ਬਿਲਕੁਲ ਮਨਾਹੀ ਆ। ਸਿੱਖ ਬਣਨਾ ਤਾਂ ਆਹ ਹੁੱਕਾ ਛੱਡਣਾ ਪੈਣਾਂ।"

"ਇਹ ਗੱਲ ਝੂਠੀ, ਹੁੱਕਾ ਨਹੀਂ ਛੱਡਣਾ ਮੈਂ, ਤੂੰ ਆਪਣੀ ਸਿੱਖੀ ਆਪਣੇ ਕੋਲ ਈ ਰੱਖ, ਮੈਨੂੰ ਆਹ ਦੇਵੀਆਂ ਈ ਠੀਕ ਆ, ਹੁੱਕੇ ਦਾ ਕੋਈ ਰੌਲ਼ਾ ਤਾਂ ਨਹੀਂ ਪਾਉਂਦੀਆਂ।"



ਰਲ਼ਾ ਸਿੱਖ ਬਣਦਾ ਬਣਦਾ ਰਹਿ ਜਾਂਦਾ ਹੈ। ਉਸ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਕਿਹੜੀ ਦੇਵੀ ਉਸ ਦੀ ਹੈ। ਉਸ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਇਹ ਦੇਵੀਆਂ-ਦੇਵਤੇ ਪਹਾੜਾਂ 'ਤੇ ਹੀ ਕਿਉਂ ਰਹਿੰਦੇ ਹਨ। ਇਕ ਵਾਰ ਉਹ ਨੈਣਾ ਦੇਵੀ ਦੇ ਮੰਦਿਰ ਮੱਥਾ ਟੇਕਣ ਜਾਂਦਾ ਵੀ ਹੈ, ਵਾਪਸ ਆਉਂਦਾ ਹੈ ਤਾਂ ਕੋਈ ਕਹਿ ਦਿੰਦਾ ਹੈ ਕਿ ਜਵਾਲਾ ਜੀ ਵਿਚ ਜ਼ਿਆਦਾ ਸ਼ਕਤੀ ਹੈ ਤਾਂ ਉਹ ਸੋਚਣ ਲਗਦਾ ਕਿ ਕਿਤੇ ਜਵਾਲਾ ਜੀ ਜਾ ਕੇ ਦੇਖੇਗਾ। ਇਕ ਵਾਰ ਆਪਣੇ ਦੋਸਤ ਤਾਬੇ ਨੂੰ ਆਖਦਾ ਹੈ,

"ਲੈ ਬਈ ਤਾਬਿਆ, ਜਵਾਲਾ ਜੀ ਚੱਲੀਏ ਕਿਤੇ।"

"ਨਾ ਬਈ ਰਲ਼ਿਆ, ਉਦੋਂ ਤੇਰੇ ਨਾਲ਼ ਨੈਣਾ ਦੇਵੀ ਚਲੇ ਗਿਆ ਸੀ, ਪਹਾੜੀਆਂ ਚੜ੍ਹ ਚੜ੍ਹ ਕੇ ਬੁਰਾ ਹਾਲ ਹੋ ਗਿਆ, ਕਹਿੰਦੇ ਜਵਾਲਾ ਜੀ ਤਾਂ ਹੋਰ ਵੀ ਦੂਰ ਆ।"

"ਅੱਛਾ! ਛੱਡ ਪਰ੍ਹੇ ਫੇ ਐਡੀ ਦੂਰ ਲੱਤਾਂ ਤੁੜਾਉਣ ਜਾਣਾਂ!"

ਉਹ ਜਵਾਲਾ ਜੀ ਜਾਣ ਦਾ ਵਿਚਾਰ ਵੀ ਛੱਡ ਦਿੰਦਾ ਹੈ। ਦੇਵੀਆਂ ਨੂੰ ਮੰਨਣ ਵਾਲੇ ਬਾਕੀ ਦੀਆਂ ਪੰਜ ਦੇਵੀਆਂ ਦੀ ਗੱਲ ਵੀ ਕਰਦੇ ਹਨ ਪਰ ਉਹ ਕਦੇ ਕਿਸੇ ਦੇਵੀ ਦੇ ਵੀ ਨਹੀਂ ਜਾ ਸਕਦਾ। ਕੁਝ ਮੁਸਲਮਾਨ ਵੀ ਉਸ ਦੇ ਦੋਸਤ ਹਨ, ਉਹ ਹੋਰ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਰਲ਼ੇ ਨੂੰ ਉਹਨਾਂ ਦੀਆਂ ਗੱਲਾਂ ਵੀ ਚੰਗੀਆਂ ਨਹੀਂ ਲਗਦੀਆਂ। ਹਾਂ, ਉਹਨਾਂ ਨਾਲ ਹੁੱਕੇ ਦੀ ਸਾਂਝ ਉਸ ਨੂੰ ਬਹੁਤ ਪਸੰਦ ਹੈ। ਮੁਸਲਮਾਨ ਦੋਸਤ ਕਿਹਾ ਕਰਦੇ ਹਨ ਕਿ ਹੁੱਕਾ ਤਾਂ ਅਕਬਰ ਦੇ ਦਰਬਾਰ ਦਾ ਇਕ ਰਤਨ ਸੀ। ਹੁੱਕਾ ਤਾਂ ਅਯਾਸ਼ ਲੋਕ ਪੀਆ ਕਰਦੇ ਹਨ। ਰਲ਼ੇ ਨੂੰ ਇਹ ਗੱਲ ਬਹੁਤ ਭਾਉਂਦੀ ਹੈ ਜੋ ਕਿ ਸਿੱਖੀ ਅਪਣਾਉਣ ਨਾਲੋਂ ਉਸ ਨੂੰ ਬਹੁਤ ਵੱਡੀ ਜਾਪਦੀ ਹੈ।

ਰਲ਼ੇ ਨੂੰ ਹੁੱਕਾ ਪੀਣ ਦੀ ਲੱਤ ਵਿਆਹ ਤੋਂ ਬਾਅਦ ਹੀ ਲਗਦੀ ਹੈ ਨਹੀਂ ਤਾਂ ਉਸ ਦਾ ਵਿਆਹ ਨਹੀਂ ਸੀ ਹੋਣਾ। ਇਹਨਾਂ ਦਿਨਾਂ ਵਿਚ ਵੀ ਸਰਦਾਰ ਲੋਕ ਰਿਸ਼ਤਾ ਇੰਨੀ ਅਸਾਨੀ ਨਾਲ ਨਹੀਂ ਕਰ ਦਿੰਦੇ। ਜੈਮਲ ਵਰਗੇ ਸਾਰੇ ਜੱਟ ਭਾਵੇਂ ਸਿੱਖ ਨਹੀਂ ਸਜੇ ਪਰ ਸਰਦਾਰ ਕਹਾਉਂਦੇ ਹਨ। ਫਰਾਲੇ ਦੇ ਸਾਰੇ ਅਟਵਾਲ ਆਪਣੇ ਆਪ ਨੂੰ ਸਰਦਾਰ ਅਖਵਾਉਂਦੇ ਹਨ। ਮਾੜੇ-ਧੀੜੇ ਜੱਟ ਨਾਲ ਵਾਹ ਪਾਉਣ ਤੋਂ ਉਹ ਕੰਨੀ ਕਤਰਾਉਂਦੇ ਹਨ। ਫਰਾਲੇ ਦੇ ਲੋਕਾਂ ਨੂੰ ਸਾਊ ਲੋਕ ਕਿਹਾ ਜਾਂਦਾ ਹੈ ਤੇ ਸਾਊ ਲੋਕ ਹੁੱਕਾ ਨਹੀਂ ਪੀਆ ਕਰਦੇ ਪਰ ਰਲ਼ਾ ਪੀਂਦਾ ਹੈ। ਰਲ਼ੇ ਦੀ ਹੁੱਕਾ ਪੀਣ ਦੀ ਆਦਤ ਕਿਵੇਂ ਪੈਂਦੀ ਹੈ ਇਸ ਬਾਰੇ ਵੀ ਦੋ ਕਹਾਣੀਆਂ ਹਨ। ਇਕ ਕਹਾਣੀ ਤਾਂ ਇਹ ਹੈ ਕਿ ਰਲੇ ਦੀ ਦੋਸਤੀ ਇਕ ਔਰਤ ਨਾਲ ਹੈ ਤੇ ਉਸ ਦੇ ਘਰ ਵਾਲਾ ਹੁੱਕਾ ਪੀਂਦਾ ਹੈ। ਰਲ਼ਾ ਆਪਣੀ ਸਹੇਲੀ ਨੂੰ ਮਿਲਣ ਖਾਤਰ ਹੀ ਹੁੱਕੇ ਦੀ ਆਦਤ ਪੁਆ ਬੈਠਦਾ ਹੈ। ਦੂਜੀ ਕਹਾਣੀ ਇਹ ਹੈ ਕਿ ਉਸ ਦੀ ਦੋਸਤੀ ਛੋਟੇ ਪਿੰਡਾਂ ਦੇ ਮੁੰਡਿਆਂ ਨਾਲ ਬਹੁਤੀ ਹੈ ਤੇ ਛੋਟੇ ਪਿੰਡਾਂ ਵਿਚ ਹੁੱਕਾ ਪੀਣ ਦਾ ਆਮ ਰਿਵਾਜ਼ ਹੈ, ਕਿੰਨੀ ਵੀ ਜ਼ਮੀਨ ਦਾ ਮਾਲਕ ਸਰਦਾਰ ਹੋਵੇ ਹੁਕਾ ਪੀਣਾ ਉਸ ਲਈ ਆਮ ਗੱਲ ਹੋਵੇਗੀ ਸੋ ਰਲ਼ੇ ਨੂੰ ਇਹ ਆਦਤ

ਛੋਟੇ ਪਿੰਡਾਂ ਦੇ ਜੱਟਾਂ ਦੇ ਮੁੰਡਿਆਂ ਤੋਂ ਲਗੀ ਹੈ। ਆਦਤ ਕਿਵੇਂ ਵੀ ਪਈ ਹੋਵੇ ਪਰ ਹੁਣ ਉਹ ਘਰ ਵਿਚ ਹੁੱਕਾ ਤੇ ਬਾਹਰ ਜਾਂਦਿਆਂ ਹੱਥ ਵਿਚ ਹੁੱਕੀ ਰੱਖਦਾ ਹੈ।

ਪਤਲਾ ਜਿਹਾ ਸਰੀਰ, ਲੰਮਾ ਕੱਦ, ਚਾਲ ਵਿਚ ਕਾਹਲਾਪਨ, ਤੇਜ਼ ਨਿੱਕੀਆਂ ਅੱਖਾਂ, ਕੰਨਾਂ ਵਿਚ ਨੰਤੀਆਂ, ਕਤਰੀ ਹੋਈ ਦਾਹੜੀ, ਸਿਰ ਤੇ ਵਲ਼ਾਂ ਵਾਲੀ ਪੱਗ, ਤੇੜ ਉੱਚੀ ਜਿਹੀ ਤਹਿਮਤ, ਖੱਦਰ ਦਾ ਨੀਵਾਂ ਜਿਹਾ ਝੱਗਾ, ਮੋਢੇ ਤੇ ਪਰਨਾ ਤੇ ਹੱਥ ਵਿਚ ਹੁੱਕੀ ਇਹ ਹੈ ਰਲ਼ੇ ਦੀ ਆਮ ਜਿਹੀ ਪੱਛਾਣ ਪਰ ਜਦ ਕਦੇ ਕਿਤੇ ਜਾਣਾ ਹੋਵੇ ਤਾਂ ਵੱਡਾ ਸਾਰਾ ਪੱਗੜ ਬੰਨ ਕੇ ਪੈਰਾਂ ਤੇ ਡਿਗਵਾਂ ਤੰਬਾ ਲਾ ਲੈਂਦਾ ਹੈ। ਰਲ਼ਾ ਅਲਫਾਤੂ ਕਿਸਮ ਦਾ ਬੰਦਾ ਹੈ। ਸ਼ਿਦਰੀ ਜਿਹਾ। ਕਿਸੇ ਨਾਲ ਐਵੇਂ ਹੀ ਪੰਗੇ ਲੈਣ ਵਾਲਾ। ਕਿਸੇ ਨੂੰ ਧੱਕਾ ਮਾਰ ਕੇ ਦੌੜ ਆਉਣ ਵਾਲਾ। ਉਹੋ ਜਿਹੇ ਹਨ ਉਸ ਦੇ ਯਾਰ ਬੇਲੀ। ਉਸ ਦੇ ਹਾਲੇ ਔਲਾਦ ਕੋਈ ਹੈ ਨਹੀਂ, ਇਸ ਲਈ ਕਿਸੇ ਕਿਸਮ ਦੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਹੁੰਦਾ ਤੇ ਅਲਗਰਜ਼ੀ ਹਾਲੇ ਵੀ ਕਾਇਮ ਹੈ। ਉਸ ਦੀਆਂ ਦੋਸਤੀਆਂ ਫਰਾਲੇ ਤੋਂ ਬਾਹਰ ਦੇ ਪਿੰਡਾਂ ਵਿਚ ਵੀ ਹਨ। ਜ਼ਮੀਨ ਖੁੱਲ੍ਹੀ ਹੈ, ਭਾਵੇਂ ਅੱਧੀ ਬੰਜਰ ਹੀ ਹੈ, ਇਸ ਕਰਕੇ ਉਹ ਬਹੁਤੀ ਪਰਵਾਹ ਨਹੀਂ ਕਰਦਾ। ਉਸ ਦੇ ਮੁਕਾਬਲੇ ਪੰਜਾਬ ਸਿੰਘ ਮਿਹਨਤੀ ਹੈ। ਖੇਤੀ ਕਰਦਾ ਹੈ। ਖੇਤੀ ਤਾਂ ਰਲ਼ਾ ਵੀ ਕਰਦਾ ਹੈ ਪਰ ਦੋਸਤੀਆਂ ਬਹੁਤੀਆਂ ਪਾਲ਼ ਰਿਹਾ ਹੈ। ਕੰਮ ਛੱਡ ਦੋਸਤਾਂ ਵੱਲ ਭੱਜ ਤੁਰਦਾ ਹੈ। ਹਰ ਵੇਲੇ ਟਿਚਰਬਾਜ਼ੀ। ਹਰ ਵੇਲੇ ਮਸ਼ਕਰੀ। ਰਲ਼ੇ ਦਾ ਟਿਚਰਬਾਜ਼ੀ ਦਾ ਸੁਭਾਅ ਅਗੇ ਕਈ ਪੀੜ੍ਹੀਆਂ ਤਕ ਦੇਖਣ ਨੂੰ ਮਿਲੇਗਾ। ਉਸ ਦੀ ਹੁੱਕਾ ਪੀਣ ਦੀ ਆਦਤ ਨੂੰ ਇਕ ਕਿਸਮ ਦੀ ਬਗਾਵਤ ਵਾਂਗ ਵੀ ਲਿਆ ਜਾ ਰਿਹਾ ਹੈ। ਪੂਰੇ ਫਰਾਲੇ ਵਿਚ ਇਕ ਵੀ ਜੱਟ ਹੁੱਕਾ ਨਹੀਂ ਪੀਂਦਾ ਸਿਵਾਏ ਰਲ਼ੇ ਦੇ। ਫਰਾਲਾ ਅਟਵਾਲ ਸਰਦਾਰਾਂ ਦਾ ਪਿੰਡ ਹੋਵੇ ਤੇ ਇਕ ਅਟਵਾਲ ਹੁੱਕਾ ਪੀਂਦਾ ਹੋਵੇ ਇਹ ਤਾਂ ਕਈਆਂ ਲਈ ਸ਼ਰਮ ਦੀ ਗੱਲ ਹੋਵੇਗੀ ਪਰ ਰਲ਼ਾ ਹੁੱਕੇ ਦਾ ਸਾਥ ਨਹੀਂ ਛੱਡਦਾ। ਉਸ ਨੇ ਖੇਤੀ ਲਈ ਇਕ ਆਦਿ-ਧਰਮੀ ਸਾਂਝੀ ਰਲਾਇਆ ਹੋਇਆ ਹੈ। ਸਾਂਝੀ ਹੀ ਪਸ਼ੂ-ਪਾ ਵੀ ਸੰਭਾਲਦਾ ਹੈ। ਰਲ਼ਾ ਇੰਨਾ ਬੇਪਰਵਾਹ ਹੈ ਕਿ ਕਈ ਵਾਰ ਆਪਣਾ ਹੁੱਕਾ ਲੈ ਕੇ ਦੋਸਤਾਂ ਨੂੰ ਮਿਲਣ ਦੂਰ ਦੁਰੇਡੇ ਦੇ ਪਿੰਡਾਂ ਤਕ ਚਲੇ ਜਾਂਦਾ ਹੈ ਤੇ ਕਈ ਕਈ ਦਿਨ ਨਹੀਂ ਮੁੜਦਾ। ਇਵੇਂ ਹੀ ਰਲ਼ੇ ਦੇ ਦੋਸਤ ਵੀ ਉਸ ਨੂੰ ਮਿਲਣ ਆਏ ਰਹਿੰਦੇ ਹਨ। ਘਰਦੀ ਕੱਢੀ ਸ਼ਰਾਬ ਪੀ ਕੇ ਬੱਕਰੇ ਬੁਲਾਉਂਦੇ ਰਹਿੰਦੇ ਹਨ। ਜ਼ਿੰਦਗੀ ਮਸਤ ਹਾਥੀ ਦੀ ਚਾਲੇ ਚਲ ਰਹੀ ਹੈ। ਉਸ ਨੂੰ ਸਿਰਫ ਇਕ ਗੱਲ ਦਾ ਫਿਕਰ ਹੁੰਦਾ ਹੈ ਉਹ ਹੈ ਦਿਵਾਲੀ ਵਾਲੇ ਦਿਨ ਸਿਵਿਆਂ ਵਿਚ ਤੇ ਆਪਣੀ ਜ਼ਮੀਨ 'ਤੇ ਦੀਵਾ ਬਾਲਣਾ। ਇਹ ਫਰਜ਼ ਉਸ ਦਾ ਪਿਓ ਜੈਮਲ ਉਸ ਦੇ ਜ਼ਿੰਮੇ ਲਾ ਗਿਆ ਹੈ ਤੇ ਉਹ ਨਿਭਾ ਰਿਹਾ ਹੈ।

ਰਲ਼ੇ ਦੀ ਜ਼ਿੰਦਗੀ ਉਦੋਂ ਬੇਰੰਗ ਹੋਣੀ ਸ਼ੁਰੂ ਹੁੰਦੀ ਹੈ ਜਦ ਰਲ਼ੇ ਨੂੰ ਪਤਾ ਲਗਦਾ ਹੈ ਕਿ ਉਸ ਦੇ ਔਲਾਦ ਨਹੀਂ ਹੋਣੀ। ਕਈ ਸਾਲ ਨਿਕਲ ਜਾਂਦੇ ਹਨ। ਬੱਚਾ ਨਹੀਂ



ਹੁੰਦਾ ਤੇ ਫਿਰ ਘਰਵਾਲੀ ਦੀ ਬੱਚਾ ਹੋਣ ਦੀ ਉਮਰ ਵੀ ਨਿਕਲ ਜਾਂਦੀ ਹੈ। ਰਲ਼ਾ ਤੜਫਦਾ ਹੈ ਪਰ ਉਸ ਦਾ ਸੁਭਾਅ ਉਸ ਦੀ ਤੜਫ ਨੂੰ ਜੀਰ ਲੈਂਦਾ ਹੈ ਤੇ ਉਹ ਸੋਚ ਲੈਂਦਾ ਹੈ ਕਿ ਸ਼ਾਇਦ ਰੱਬ ਨੂੰ ਜਾਂ ਕਿਸੇ ਦੇਵੀ ਨੂੰ ਇਹੋ ਮਨਜ਼ੂਰ ਹੋਵੇਗਾ, ਜੇ ਇਵੇਂ ਹੈ ਤਾਂ ਇਹੋ ਸਹੀ। ਬੱਚਾ ਨਾ ਹੁੰਦਾ ਦੇਖ ਰਲ਼ੇ ਨੂੰ ਰਿਸ਼ਤੇ ਆਉਣ ਲਗਦੇ ਹਨ। ਉਸ ਦੀਆਂ ਦੋਸਤੀਆਂ ਵਿਚੋਂ ਹੀ ਕਈ ਰਿਸ਼ਤੇ ਉਠ ਖੜਦੇ ਹਨ। ਇਥੇ ਇਕ ਖਾਸ ਗੱਲ ਇਹ ਹੈ ਕਿ ਰਲ਼ੇ ਨੂੰ ਆਪਣੀ ਪਤਨੀ ਨਾਲ ਬਹੁਤ ਪਿਆਰ ਹੈ, ਇੰਨਾ ਪਿਆਰ ਕਿ ਉਹ ਹੋਰ ਵਿਆਹ ਨਹੀਂ ਕਰਾਉਂਦਾ। ਆਉਂਦੇ ਰਿਸ਼ਤਿਆਂ ਸਾਹਮਣੇ ਉਹ ਅਡੋਲ ਰਹਿੰਦਾ ਹੈ। ਜ਼ਿੰਦਗੀ ਨਿਕਲਦੀ ਜਾਂਦੀ ਹੈ। ਸੰਨ 1850 ਦਾ ਵਿਆਹਿਆ ਰਲ਼ਾ ਹੁਣ ਬੱਚੇ ਦੀ ਆਸ ਬਿਲਕੁਲ ਛੱਡ ਚੁੱਕਾ ਹੈ। ਉਹ ਜ਼ਮੀਨ ਵੇਚਣੀ ਸ਼ੁਰੂ ਕਰ ਦਿੰਦਾ ਹੈ ਭਾਵੇਂ ਬਹੁਤੀ ਨਹੀਂ ਵੇਚਦਾ, ਲੋੜ ਪਵੇ ਤਾਂ ਝਿਜਕਦਾ ਨਹੀਂ। ਪਿੰਡ ਦੀ ਨਿਆਈਂ ਦੀ ਜ਼ਮੀਨ ਉਹ ਦੋਸਤੀ ਵਿਚ ਕਿਸੇ ਨੂੰ ਐਵੇਂ ਹੀ ਭੰਗ ਦੇ ਭਾੜੇ ਹੀ ਦੇ ਦਿੰਦਾ ਹੈ। ਰਲ਼ਾ ਜ਼ਮੀਨ ਵੇਚੇ, ਇਹ ਗੱਲ ਉਸ ਦੇ ਸ਼ਰੀਕ ਪੰਜਾਬ ਸਿੰਘ ਤੇ ਅਗੇ ਉਸ ਦਾ ਪੁੱਤਰ ਈਸ਼ਰ ਸਿੰਘ ਨੂੰ ਚੰਗੀ ਨਹੀਂ ਲਗ ਰਹੀ ਕਿਉਂਕਿ ਆਖਰ ਜ਼ਮੀਨ ਤਾਂ ਉਹਨਾਂ ਨੂੰ ਆਉਣੀ ਹੈ ਪਰ ਉਹ ਬਹੁਤਾ ਕੁਝ ਕਰ ਵੀ ਨਹੀਂ ਸਕਦੇ। ਰਲ਼ਾ ਕਿਸੇ ਦੀ ਮੰਨਣ ਵਾਲਾ ਵੀ ਨਹੀਂ ਹੈ। ਰਲ਼ੇ ਦਾ ਸੁਭਾਅ ਪ੍ਰਵਾਹ ਤੇ ਅਲਫਾਤੂ ਹੋਣ ਦੇ ਨਾਲ ਨਾਲ ਝਗੜਾਲੂ ਹੋਣ ਦਾ ਵੀ ਹੈ। ਵੈਸੇ ਇਸ ਗੱਲ ਦਾ ਤਾਂ ਉਸ ਨੂੰ ਪਤਾ ਹੀ ਹੈ ਕਿ ਉਸ ਦੀ ਜ਼ਮੀਨ ਤਾਂ ਹੁਣ ਸ਼ਰੀਕਾਂ ਨੂੰ ਹੀ ਜਾਣੀ ਹੈ ਇਕ ਦਿਨ। ਵੈਸੇ ਵੀ ਹੁਣ ਰਲ਼ੇ ਦੀ ਖੇਤੀ ਵਿਚ ਦਿਲਚਸਪੀ ਹੋਰ ਵੀ ਘੱਟ ਚੁੱਕੀ ਹੈ। ਇਕ ਤਾਂ ਅਗੇ ਔਲਾਦ ਨਹੀਂ ਹੈ ਤੇ ਦੂਜਾ ਕਾਰਨ ਇਹ ਹੈ ਕਿ ਜ਼ਮੀਨ ਇਕ ਥਾਂ ਤੇ ਨਾ ਹੋ ਕੇ ਦੋ ਥਾਵੀਂ ਹੈ। ਇਹ ਦੋਨਾਂ ਥਾਵਾਂ ਦੀ ਜ਼ਮੀਨ ਪਿੰਡ ਤੋਂ ਬਹੁਤ ਦੂਰ ਹੈ। ਦੋ ਪਾਸਿਆਂ ਦੇ ਪਿੰਡਾਂ ਦੇ ਵਸੀਮਿਆਂ ਤੇ। ਇਕ ਪਾਸੇ ਤਾਂ ਘੁੰਮਣਾਂ ਤੇ ਬਰਾਲੋਂ ਨਾਲ ਵਸੀਮਾ ਜਾ ਲਗਦਾ ਹੈ ਜਿਸ ਨੂੰ ਡੱਬਰੀ ਕਿਹਾ ਜਾਂਦਾ ਹੈ ਤੇ ਦੂਜੇ ਪਾਸੇ ਢੱਕੀ ਦੀ ਜ਼ਮੀਨ ਬਹਿਰਾਮ ਨੇੜੇ ਪੈ ਜਾਂਦੀ ਹੈ। ਢੱਕੀ ਦੀ ਜ਼ਮੀਨ ਡੱਬਰੀ ਦੀ ਜ਼ਮੀਨ ਨਾਲੋਂ ਜ਼ਰਖੇਜ਼ ਹੈ। ਇਥੇ ਜੈਮਲ ਦੇ ਵੇਲੇ ਦਾ ਹੀ ਖੂਹ ਵੀ ਲਗਿਆ ਹੋਇਆ ਹੈ। ਡੱਬਰੀ ਵਾਲੀ ਜ਼ਮੀਨ ਖੇਤੀ ਲਈ ਬਹੁਤੀ ਢੁਕਵੀਂ ਨਹੀਂ ਹੈ ਪਰ ਰਲ਼ਾ ਖੇਤੀ ਕਰ ਰਿਹਾ ਹੈ। ਦਿਨ ਨਿਕਲ ਰਹੇ ਹਨ। ਸੰਨ 1890 ਤੋਂ ਦੋ ਜਾਂ ਤਿੰਨ ਸਾਲ ਪਹਿਲਾਂ ਇਕ ਘਟਨਾ ਵਾਪਰਦੀ ਹੈ ਜੋ ਪੂਰੇ ਦੇ ਪੂਰੇ ਇਤਿਹਾਸ ਨੂੰ ਬਦਲ ਦਿੰਦੀ ਹੈ।

ਘਟਨਾ ਇਵੇਂ ਵਾਪਰਦੀ ਹੈ ਕਿ ਰਲ਼ੇ ਦੇ ਘਰੋਂ ਬੁੜੀ ਅੱਤੀ ਆਪਣੇ ਖੇਤਾਂ ਨੂੰ ਸਾਗ ਲੈਣ ਜਾਂਦੀ ਹੈ। ਸ਼ਰੀਕ ਉਸ ਵੱਲ ਕਹਿਰੀ ਅੱਖ ਨਾਲ ਦੇਖਦੇ ਹਨ ਤੇ ਇਕ ਜਣਾ ਆ ਕੇ ਉਸ ਨੂੰ ਆਕੇ ਆਖਣ ਲਗਦਾ ਹੈ,

"ਬੁੜੀਏ, ਇਕ ਮੁੱਠ ਸਾਗ ਖਾਤਰ ਐਵੇਂ ਚਟਾਲਾ ਨਾ ਮਿੱਧਦੀ ਫਿਰ।"

ਬੁੜੀ ਨੂੰ ਬਹੁਤ ਗੁੱਸਾ ਆਉਂਦਾ ਹੈ। ਉਹ ਕਹਿੰਦੀ ਹੈ,

"ਵੇ, ਖੇਤ ਮੇਰੇ, ਚਟਾਲਾ ਮੇਰਾ, ਤੂੰ ਕੌਣ ਹੁੰਨਾ ਰੋਕਣ ਵਾਲਾ।"

"ਤੁਸੀਂ ਹੋਰ ਸਾਲ, ਦੋ ਸਾਲ ਐਂ, ਬਾਅਦ ਵਿਚ ਤਾਂ ਇਹ ਖੇਤ ਸਾਡੇ ਈ ਆ ਤੇ ਸਾਨੂੰ ਆਪਣੇ ਖੇਤਾਂ ਦਾ ਧਿਆਨ ਰੱਖਣਾ ਪੈਣਾਂ।"

ਬੁੜੀ ਅੱਤੀ ਫੱਟੜ ਸੇ ਵਾਂਗ ਤੇਜ਼ ਤੇਜ਼ ਸਾਹ ਲੈਣ ਲਗਦੀ ਹੈ। ਹਿਰਖ ਦੀ ਭਰੀ ਉਹ ਘਰ ਨੂੰ ਆ ਜਾਂਦੀ ਹੈ। ਰਲ਼ਾ ਬੈਠਾ ਹੁੱਕਾ ਪੀ ਰਿਹਾ ਹੈ। ਬੁੜੀ ਉਸ ਤੋਂ ਹੁੱਕੇ ਦੀ ਨੜੀ ਫੜਦੀ ਉਸ ਨੂੰ ਸਾਰੀ ਗੱਲ ਦੱਸਦੀ ਹੈ। ਰਲ਼ਾ ਹੱਸਣ ਲਗਦਾ ਹੈ ਤੇ ਹੁੱਕੇ ਦੀ ਨੜੀ ਉਸ ਤੋਂ ਵਾਪਸ ਲੈਂਦਾ ਫਿਰ ਹੁੱਕਾ ਪੀਣ ਲਗ ਪੈਂਦਾ ਹੈ। ਬੁੜੀ ਕਹਿੰਦੀ ਹੈ,

"ਤੂੰ ਹੱਸ ਕੇ ਗੱਲ ਨਾ ਗਵਾ, ਮੈਂ ਸਾਰੀ ਗੱਲ ਸੋਚ ਲਈ ਆ, ਮੈਂ ਤੇਰਾ ਵਿਆਹ ਆਪ ਕਰੂੰਗੀ, ਤੂੰ ਸਿਹਰੇ ਬੰਨਣ ਲਈ ਤਿਆਰ ਹੋ ਜਾਹ। ਇਹਨਾਂ ਸ਼ਰੀਕਾਂ ਦੇ ਸੀਨੇ 'ਚ ਕਿੱਲ ਗੱਡਣਾ ਇਕ ਵਾਰ।"

"ਸੱਠ ਸਾਲ ਦੀ ਉਮਰ ਵਿਚ ਸਿਹਰੇ!"

"ਹਾਂ, ਮੈਂ ਆਪ ਲਭਦੀ ਆਂ ਤੇਰੇ ਲਈ ਕੁੜੀ, ਐਨੀ ਜ਼ਮੀਨ ਨੂੰ ਕੁੜੀਆਂ ਦਾ ਕੋਈ ਘਾਟਾ ਨਹੀਂ, ਇਹਨਾਂ ਸ਼ਰੀਕਾਂ ਦਾ ਮੈਂ ਮੂੰਹ ਭੰਨਣਾਂ। ਸਾਡੀ ਇਹ ਜ਼ਮੀਨ ਇਹਨਾਂ ਨੂੰ ਹਰਗਿਜ਼ ਨਹੀਂ ਜਾਣੀ ਚਾਹੀਦੀ, ਇਹ ਸਮਝਦੇ ਕੀ ਆ ਆਪਣੇ ਆਪ ਨੂੰ।"

ਬੁੜੀ ਆਪਣੇ ਪੇਕੀਂ ਜਾਂਦੀ ਹੈ। ਸਾਰਾ ਦੁੱਖ ਆਪਣੇ ਪੇਕਿਆਂ ਨਾਲ ਸਾਂਝਾ ਕਰਦੀ ਹੈ। ਬਹੁਤ ਘੁੰਮਣ ਫਿਰਨ ਤੋਂ ਬਾਅਦ ਅਗੇ ਤੋਂ ਅਗੇ ਕਿਸੇ ਗਰੀਬ ਤੇ ਲੋੜਕਾਰ ਰਿਸ਼ਤੇਦਾਰ ਦੀ ਕੁੜੀ ਮਿਲ ਜਾਂਦੀ ਹੈ। ਪਿੰਡ ਚੱਕ ਮਾਈਦਾਸ ਫਰਾਲੇ ਤੋਂ ਨਜ਼ਦੀਕ ਹੀ ਹੈ। ਉਸੇ ਪਿੰਡ ਤੋਂ ਹੈ ਰਲ਼ੇ ਦੀ ਨਵੀਂ ਦੁਲਹਨ। ਅੱਤੀ ਰਲ਼ੇ ਦਾ ਆਪਣੇ ਹੱਥੀਂ ਵਿਆਹ ਕਰਦੀ ਹੈ। ਆਪਣੇ ਹੱਥੀਂ ਸੇਜ ਸਜਾਉਂਦੀ ਹੈ। ਉਸ ਕੁੜੀ ਦੀ ਮਾਂ ਬਣ ਕੇ ਉਸ ਦੀ ਦੇਖ ਭਾਲ ਕਰਦੀ ਹੈ। ਰੱਬ ਮੂਹਰੇ ਤਰ੍ਹਾਂ ਤਰ੍ਹਾਂ ਦੀਆਂ ਅਰਦਾਸਾਂ ਕਰਦੀ ਹੈ। ਲੱਖ ਮੰਨਤਾਂ ਮੰਨਦੀ ਹੈ। ਸੰਨ 1890 ਵਿਚ ਰਲ਼ੇ ਦੇ ਘਰ ਮੁੰਡਾ ਪੈਦਾ ਹੁੰਦਾ ਹੈ। ਬੁੜੀ ਅੱਤੀ ਹਵਾ ਵਿਚ ਉੱਡੀ ਫਿਰਦੀ ਹੈ। ਇਹ ਉਸ ਦੀ ਇਹ ਬਹੁਤ ਵੱਡੀ ਜਿੱਤ ਹੈ। ਸ਼ਰੀਕਾਂ ਦਾ ਮਿਹਣਾ ਉਹਨਾਂ ਦੇ ਮੂੰਹ 'ਤੇ ਦੇ ਮਾਰਿਆ ਹੈ। ਉਹਨਾਂ ਦੇ ਸੀਨੇ ਵਿਚ ਕਿੱਲ ਗੱਡ ਦਿੱਤਾ ਗਿਆ ਹੈ। ਉਹ ਹੁਣ ਔਂਤ ਨਹੀਂ ਮਰੇਗੀ। ਸ਼ਰੀਕ ਪਹਿਲਾਂ ਤਾਂ ਕੁਝ ਤੜਫਦੇ ਹਨ ਪਰ ਉਹ ਕਰ ਕੁਝ ਨਹੀਂ ਸਕਦੇ ਤੇ ਫਿਰ ਇਸੇ ਨੂੰ ਸੱਚ ਮੰਨ ਕੇ ਵਧਾਈਆਂ ਦੇਣ ਆਉਂਦੇ ਹਨ। ਰਲ਼ੇ ਨੂੰ ਇਹ ਸਭ ਸੁਫਨੇ ਵਾਂਗ ਲਗ ਰਿਹਾ ਹੈ। ਉਹ ਹੈਰਾਨ ਹੋਇਆ ਕਦੇ ਆਪਣੇ ਮੁੰਡੇ ਵੱਲ ਦੇਖਦਾ ਹੈ ਤੇ ਕਦੇ ਵਧਾਈਆਂ ਦੇਣ ਆਉਣ ਵਾਲੇ ਲੋਕਾਂ ਵੱਲ। ਜਿਹੜੇ ਲਾਗੀ ਉਸ ਨੂੰ ਰਾਹ-ਖੇੜੇ ਬੁਲਾ ਕੇ ਖੁਸ਼ ਨਹੀਂ ਸਨ ਉਹ ਹੁਣ ਨੇੜੇ ਢੁਕ ਢੁਕ ਕੇ ਬੈਠ ਰਹੇ ਹਨ ਤੇ ਲੱਖ ਲੱਖ ਅਸੀਸਾਂ ਦੇ ਰਹੇ ਹਨ।



ਉਸ ਨੇ ਤਾਂ ਕਦੇ ਸੋਚਿਆ ਹੀ ਨਹੀਂ ਕਿ ਉਸ ਦੀ ਵੀ ਕੋਈ ਜੜ੍ਹ ਲਗ ਜਾਵੇਗੀ। ਉਸ ਨੇ ਤਾਂ ਔਂਤ ਮਰਨ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ ਪਰ ਅੱਤੀ ਨੇ ਆਹ ਕੀ ਕਰਿਸ਼ਮਾ ਕਰ ਦਿੱਤਾ ਕਿ ਉਸ ਦੇ ਘਰ ਵੀ ਬੂਟਾ ਲਗ ਗਿਆ। ਉਹ ਉਸ ਦਾ ਨਾਂ ਬੂਟਾ ਰੱਖਦਾ ਹੈ। ਉਸ ਦੀ ਪਹਿਲੀ ਪਤਨੀ ਬੱਚੇ ਨੂੰ ਗੁਰਦਵਾਰੇ ਲੈ ਜਾ ਕੇ ਬੂਟੇ ਤੋਂ ਬੂਟਾ ਸਿੰਘ ਬਣਾ ਦਿੰਦੀ ਹੈ। ਬੂਟੇ ਦੇ ਨਾਲ ਹੀ ਸਿੱਖੀ ਦਾ ਬੂਟਾ ਵੀ ਲਗ ਜਾਂਦਾ ਹੈ। ਸਾਲ ਬਾਅਦ ਫਿਰ ਮੁੰਡਾ ਜੰਮਦਾ ਹੈ। ਨਾਂ ਰੱਖਿਆ ਜਾਂਦਾ ਹੈ ਚੰਨਣ ਸਿੰਘ। ਫਿਰ ਤਿੰਨ ਕੁੜੀਆਂ। ਫਿਰ ਇਕ ਹੋਰ ਮੁੰਡਾ ਗੁਰਬਚਨ ਸਿੰਘ। ਬੇਅਬਾਦ ਪਿਆ ਘਰ ਬੱਚਿਆਂ ਦੀਆਂ ਕਿਲਕਾਰੀਆਂ ਨਾਲ ਗੂੰਜਣ ਲਗਦਾ ਹੈ। ਰਲ਼ੇ ਦੀ ਪਹਿਲੀ ਪਤਨੀ ਇਕ ਗੀਤ ਬਣਾ ਲੈਂਦੀ ਹੈ,

ਪਹਿਲਾਂ ਗੁਰਾਂ ਨੇ ਬੂਟਾ ਲਾਇਆ,
ਫੇਰ ਗੁਰਾਂ ਨੇ ਚਾਨਣ ਕੀਤਾ
ਫੇਰ ਗੁਰਾਂ ਨੇ ਬਚਨ ਪੁਗਾਇਆ,
ਅਸੀਂ ਗੀਤ ਸ਼ਗਨਾਂ ਦਾ ਗਾਇਆ।

ਬੈਠਦੀ-ਉਠਦੀ, ਬੱਚੇ ਖਿਡਾਉਂਦੀ ਅੱਤੀ ਇਹ ਗੀਤ ਗੁਣਗੁਣਾਉਂਦੀ ਰਹਿੰਦੀ ਹੈ। ਪਰ ਗੀਤ ਗਾਉਣ ਵਾਲੀ ਇਹ ਧਰਮ ਦੀ ਮਾਂ ਹੋਰ ਸਾਲ ਕੁ ਬਾਅਦ ਪੂਰੀ ਹੋ ਜਾਂਦੀ ਹੈ। ਕੁਝ ਮਹੀਨੇ ਮਗਰੋਂ ਹੀ ਬੱਚੇ ਨੂੰ ਜਨਮ ਦੇਣ ਵੇਲੇ ਰਲ਼ੇ ਦੀ ਦੂਜੀ ਪਤਨੀ ਵੀ ਮਰ ਜਾਂਦੀ ਹੈ। ਦੂਜੀ ਪਤਨੀ ਦੀ ਅਚਾਨਕ ਮੌਤ ਕਾਰਨ ਰਲ਼ਾ ਠਗਿਆ ਹੋਇਆ ਖੜ੍ਹਾ ਹੈ। ਲੋਕ ਵੀ ਹੈਰਾਨ ਹਨ ਕਿ ਪਹਿਲੇ ਬੱਚੇ ਦੇ ਜਨਮ ਸਮੇਂ ਤਾਂ ਔਰਤ ਦੇ ਮਰਨ ਦੀ ਸੰਭਾਵਨਾ ਹੋ ਸਕਦੀ ਹੈ ਪਰ ਸਤਵੇਂ ਬੱਚੇ ਸਮੇਂ ਕਿਸੇ ਔਰਤ ਦੀ ਮੌਤ ਬਹੁਤ ਘੱਟ ਦੇਖਣ ਵਿਚ ਆਈ ਹੈ। ਰਲ਼ੇ ਦੀ ਜ਼ਿੰਦਗੀ ਹੇਠ-ਉਤੇ ਹੋ ਜਾਂਦੀ ਹੈ। ਰਲ਼ਾ ਸੋਚ ਰਿਹਾ ਹੈ ਕਿ ਇੰਨੀ ਖੁਸ਼ੀ ਤੋਂ ਬਾਅਦ ਇੰਨਾ ਗਮ! ਸ਼ਾਇਦ ਕੋਈ ਸ਼ਕਤੀ ਉਸ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ। ਕਦੇ ਕਦੇ ਉਸ ਨੂੰ ਮਹਿਸੂਸ ਹੋਣ ਲਗਦਾ ਹੈ ਕਿ ਕੋਈ ਆਇਆ ਤੇ ਇੰਨੇ ਸਾਰੇ ਬੱਚੇ ਉਸ ਦੇ ਘਰ ਛੱਡ ਕੇ ਆਪ ਕਿਧਰੇ ਚਲੇ ਗਿਆ। ਬੇਪਰਵਾਹ ਰਲ਼ੇ ਉਪਰ ਸੱਤਰ ਸਾਲ ਦੀ ਉਮਰ ਵਿਚ ਛੇ ਬੱਚੇ ਪਾਲਣ ਦੀ ਜ਼ਿੰਮੇਵਾਰੀ ਆ ਪੈਂਦੀ ਹੈ। ਹੁਣ ਸੋਚ ਕੇ ਦੇਖੋ ਕਿ ਜਿਸ ਬੰਦੇ ਨੇ ਸਾਰੀ ਉਮਰ ਅਫਲਾਤੂਨੀ ਕੀਤੀ ਹੋਵੇ ਹੁਣ ਇਸ ਉਮਰ ਵਿਚ ਛੇ ਬੱਚੇ ਕਿਵੇਂ ਸੰਭਾਲੇਗਾ। ਉਹ ਬੂਟੇ ਤੇ ਚੰਨਣ ਨੂੰ ਪੜ੍ਹਨ ਲਾ ਦਿੰਦਾ ਹੈ ਕਿਉਂਕਿ ਪਿੰਡ ਵਿਚ ਸਕੂਲ ਖੁੱਲ੍ਹ ਚੁੱਕਾ ਹੈ। ਆਪ ਨਿੱਕੀਆਂ ਨਿੱਕੀਆਂ ਕੁੜੀਆਂ ਦੀ ਮਦਦ ਨਾਲ ਘਰ ਚਲਾਉਣ ਲਗਦਾ ਹੈ। ਉਹ ਬੱਚਿਆਂ ਦੇ ਪੋਤੜੇ ਧੋ ਰਿਹਾ ਹੈ। ਲੋਰੀਆਂ ਦੇ ਰਿਹਾ ਹੈ। ਉਹਨਾਂ ਨੂੰ ਜਗਾ-ਸੁਲਾ

ਰਿਹਾ ਹੈ। ਉਹਨਾਂ ਲਈ ਦੁੱਧ ਗਰਮ ਕਰ ਰਿਹਾ ਹੈ। ਰੋਟੀ ਬਣਾ ਰਿਹਾ ਹੈ। ਉਹਨਾਂ ਦੀਆਂ ਸ਼ਿਕਾਇਤਾਂ ਸੁਣ ਰਿਹਾ ਹੈ। ਉਹ ਆਪਣੇ ਬੱਚਿਆਂ ਦੇ ਪਾਲਣਪੋਸਣ ਕੋਈ ਕਸਰ ਨਹੀਂ ਛੱਡਣੀ ਚਾਹੁੰਦਾ। ਲੋੜ ਪਵੇ ਤਾਂ ਆਂਢ-ਗਵਾਂਢ ਦੀ ਮੱਦਦ ਵੀ ਲੈ ਲੈਂਦਾ ਹੈ ਕਿਉਂਕਿ ਸਮੇਂ ਭਲੇ ਹਨ। ਉਸ ਦੀ ਦੂਜੀ ਪਤਨੀ ਦੇ ਪੇਕੇ ਚੱਕ ਮਾਈਦਾਸ ਵਾਲੇ ਸਾਈਂ ਲੋਕ ਹਨ। ਉਸ ਨੂੰ ਉਹਨਾਂ ਤੋਂ ਵੀ ਥੋੜ੍ਹੀ ਬਹੁਤ ਸਹਾਇਤਾ ਮਿਲ ਜਾਂਦੀ ਹੈ। ਕਈ ਵਾਰ ਉਹ ਬੱਚਿਆਂ ਨੂੰ ਰੋਟੀ-ਪਾਣੀ ਖਵਾ-ਪਿਲਾ ਕੇ ਆਪਣੇ ਨਾਲ ਹੀ ਖੇਤਾਂ ਨੂੰ ਲੈ ਜਾਂਦਾ ਹੈ। ਖੇਤ ਨੇੜੇ ਹੁੰਦੇ ਤਾਂ ਇਹ ਕੁਝ ਸੌਖਾ ਹੁੰਦਾ ਪਰ ਖੇਤ ਵੀ ਪਿੰਡੋਂ ਡੇੜ-ਦੋ ਕੋਹ 'ਤੇ ਹਨ।

ਢੱਕੀ ਦੀ ਜ਼ਮੀਨ ਠੇਕੇ 'ਤੇ ਦੇ ਕੇ ਡੱਬਰੀ ਦੀ ਜ਼ਮੀਨ ਵਿਚ ਆਪ ਖੇਤੀ ਕਰਦਾ ਰਹਿੰਦਾ ਹੈ। ਇਸ ਉਮਰ ਵਿਚ ਉਹ ਖੇਤੀ ਵੀ ਕਿਹੋ ਜਿਹੀ ਕਰੇਗਾ। ਖੇਤੀ ਨਾਲ ਤਾਂ ਪਹਿਲਾਂ ਤੋਂ ਹੀ ਉਸ ਨੂੰ ਬਹੁਤਾ ਲਗਾਵ ਨਹੀਂ ਹੈ ਜਿਵੇਂ ਕਿ ਜੱਟ ਦੇ ਪੁੱਤ ਨੂੰ ਹੁੰਦਾ ਹੈ। ਡੱਬਰੀ ਦੇ ਖੇਤਾਂ ਵਿਚ ਉਹਨੇ ਇਕ ਕੁੱਲੀ ਪਾਈ ਹੋਈ ਹੈ ਤੇ ਇਕ ਚੁੱਲਾ ਵੀ ਬਣਾਇਆ ਹੋਇਆ ਹੈ। ਬੱਚਿਆਂ ਨੂੰ ਕੁੱਲੀ ਵਿਚ ਬੈਠਾ ਕੇ ਆਪ ਕੰਮ ਨੂੰ ਲਗ ਜਾਂਦਾ ਹੈ, ਲੋੜ ਪੈਣ 'ਤੇ ਉਹਨਾਂ ਨੂੰ ਦੁੱਧ ਗਰਮ ਕਰ ਕੇ ਪਿਲਾ ਦਿੰਦਾ ਹੈ। ਫਰਾਲੇ ਦੀ ਜ਼ਮੀਨ ਦੇ ਇਸ ਹਿੱਸੇ ਨੂੰ ਡੱਬਰੀ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਏਥੇ ਬਹੁਤ ਜ਼ਿਆਦਾ ਡੱਬਰ ਹੈ। ਪਲਾਹ ਹਨ, ਜਿਹਨਾਂ ਨੂੰ ਰੰਗਦਾਰ ਕੇਸੂ ਲਗਦੇ ਹਨ। ਬੇਰਾਂ ਦੇ ਮਲ੍ਹੇ ਵੀ ਹਨ। ਹਿਰਨਾਂ ਦੀਆਂ ਡਾਰਾਂ ਛਾਲਾਂ ਮਾਰਦੀਆਂ ਭੱਜੀਆਂ ਫਿਰਦੀਆਂ ਹਨ। ਨਿੱਕੇ ਨਿੱਕੇ ਖਰਗੋਸ਼ ਹਨ। ਫਨੀਅਰ ਨਾਗ ਥਾਂ ਥਾਂ ਫੱਨ ਖਿਲਾਰੀ ਖੜੇ ਹਨ ਪਰ ਰਲ਼ਾ ਖੇਤੀ ਕਰ ਰਿਹਾ ਹੈ। ਇਥੇ ਆਮ ਤੌਰ ਤੇ ਚਰੀ ਬੀਜੀ ਜਾਂਦੀ ਹੈ ਜਾਂ ਫਿਰ ਛੋਲੇ। ਮੀਂਹ ਪਏ ਤੇ ਡੂੰਘਾ ਹਲ ਵਾਹ ਕੇ ਦੋ ਤਿੰਨ ਵਾਰ ਦੱਬਵਾਂ ਸੁਹਾਗ ਦੇ ਕੇ ਗਿੱਲ ਸਾਂਭ ਲਈ ਜਾਂਦੀ ਹੈ ਤੇ ਫਿਰ ਜ਼ਰਾ ਕੁ ਡੂੰਘੀ ਰੱਖ ਕੇ ਚਰੀ ਬੀਜ ਦਿੱਤੀ ਜਾਂਦੀ ਜੋ ਆਪੇ ਹੁੰਦੀ ਰਹਿੰਦੀ ਹੈ। ਜੇ ਹੋਰ ਮੀਂਹ ਪੈ ਜਾਵੇ ਤਾਂ ਬਲਾਈ ਵਧੀਆ ਨਹੀਂ ਤਾਂ ਪਸ਼ੂਆਂ ਜੋਗੇ ਪੱਠੇ ਤਾਂ ਸਹਿਜੇ ਹੀ ਹੋ ਜਾਂਦੇ ਹਨ। ਸਾਰੀ ਉਮਰ ਦੀ ਕੀਤੀ ਐਸ਼ ਹੁਣ ਸੱਤਰ ਸਾਲ ਦੀ ਉਮਰ ਵਿਚ ਭੁਗਤਣੀ ਪੈ ਰਹੀ ਹੈ। ਦਿਨ ਲੰਘਣ ਲਗਦੇ ਹਨ। ਕੁੜੀਆਂ ਥੋੜ੍ਹੀਆਂ ਹੋਰ ਵੱਡੀਆਂ ਹੁੰਦੀਆਂ ਤਾਂ ਰੋਟੀ ਬਣਾਉਣ ਲਗਦੀਆਂ ਹਨ। ਕੁਝ ਹੋਰ ਸਾਲ ਲੰਘਦੇ ਹਨ ਤਾਂ ਉਹ ਦੂਜੇ ਨੰਬਰ ਦੇ ਮੁੰਡੇ ਚੰਨਣ ਨੂੰ ਵਿਆਹ ਲੈਂਦਾ ਹੈ ਤਾਂ ਜੋ ਰੋਟੀ ਪਕਦੀ ਹੋ ਜਾਵੇ। ਬੂਟਾ ਪੜ੍ਹਨ ਵਿਚ ਹੁਸ਼ਿਆਰ ਹੈ, ਰਲ਼ਾ ਚਾਹੁੰਦਾ ਹੈ ਕਿ ਉਹ ਪੜ੍ਹ ਜਾਵੇ। ਫਿਰ ਇਕ ਇਕ ਕਰਕੇ ਰਲ਼ਾ ਕੁੜੀਆਂ ਦੇ ਵੀ ਵਿਆਹ ਕਰ ਦਿੰਦਾ ਹੈ।

ਚੰਨਣ ਸਿੰਘ ਦੇ ਵਿਆਹ ਦੀ ਗੱਲ ਵੀ ਬਹੁਤ ਦਿਲਚਸਪ ਹੈ। ਰਲ਼ਾ ਹੁੱਕਾ ਪੀਂਦਾ ਹੈ। ਹੁੱਕਾ ਪੀਣ ਵਾਲੇ ਬਾਪ ਦੇ ਮੁੰਡੇ ਨੂੰ ਕਿਸੇ ਨਗਰ ਦਾ ਸਰਦਾਰ ਤਾਂ ਕੁੜੀ ਦੇਣੋਂ ਰਿਹਾ। ਰਲ਼ਾ ਬਹੁਤ ਕੋਸ਼ਿਸ਼ ਕਰਦਾ ਹੈ। ਉਸ ਨੂੰ ਹੈ ਕਿ ਕਿਸੇ ਤਰ੍ਹਾਂ ਰੋਟੀ ਪਕਦੀ



ਹੋ ਜਾਵੇ। ਕਿਸੇ ਵੱਡੇ ਪਿੰਡ ਰਿਸ਼ਤਾ ਨਹੀਂ ਹੁੰਦਾ ਤਾਂ ਉਹ ਛੋਟੇ ਪਿੰਡ ਵੱਲ ਮੂੰਹ ਕਰ ਲੈਂਦਾ ਹੈ। ਰਿਸ਼ਤਾ ਕਰਨ ਵੇਲੇ ਲੋਕ ਛੋਟੇ ਵੱਡੇ ਪਿੰਡਾਂ ਦਾ ਵਿਚਾਰ ਕਰਦੇ ਹਨ। ਫਰਾਲਾ ਵੱਡਾ ਪਿੰਡ ਹੈ ਸੋ ਰਿਸ਼ਤਾ ਵੀ ਵੱਡੇ ਪਿੰਡ ਵਿਚ ਹੀ ਕੀਤਾ ਜਾਵੇਗਾ। ਰਲ਼ਾ ਕਿਸੇ ਦੀ ਪਰਵਾਹ ਕੀਤੇ ਬਿਨਾਂ ਆਪਣੇ ਮੁੰਡੇ ਨੂੰ ਆਪਣੇ ਵਰਗੇ ਹੁੱਕਾ ਪੀਣ ਵਾਲੇ ਘਰ ਮੁੰਡਾ ਮੰਗ ਲੈਣਾ ਚਾਹੁੰਦਾ ਹੈ। ਫਰਾਲੇ ਦੇ ਨਜ਼ਦੀਕ ਹੀ ਇਕ ਪਿੰਡ ਹੈ, ਬਾਹੜ ਮਜਾਰਾ। ਉਹ ਚੰਨਣ ਸਿੰਘ ਨੂੰ ਉਥੇ ਵਿਆਹ ਲੈਂਦਾ ਹੈ। ਭਾਵੇਂ ਚੰਨਣ ਸਿੰਘ ਦੇ ਘਰਵਾਲੀ ਜਵਾਲੀ ਨੂੰ ਛੋਟੇ ਪਿੰਡ ਦੀ ਹੋਣ ਦੇ ਮਿਹਣੇ ਸਾਰੀ ਉਮਰ ਝੱਲਣੇ ਪੈਂਦੇ ਹਨ। ਰਲ਼ੇ ਨੂੰ ਵੀ ਲੋਕ ਮਸ਼ਕਰੀਆਂ ਕਰਨ ਲਗਦੇ ਹਨ ਪਰ ਉਹ ਕਿਸੇ ਦੀ ਪਰਵਾਹ ਨਹੀਂ ਕਰਦਾ।

ਰਲ਼ੇ ਨੇ ਆਪ ਖੇਤੀ ਇੰਨੀ ਖੁੱਭ ਕੇ ਨਹੀਂ ਕੀਤੀ ਸੋ ਉਸ ਦੇ ਤਿੰਨੋਂ ਮੁੰਡਿਆਂ ਨੂੰ ਵੀ ਖੇਤੀ ਨਾਲ ਉਹ ਮੋਹ ਨਹੀਂ ਹੈ ਪਰ ਉਹਨਾਂ ਨੂੰ ਆਪਣੀ ਜ਼ਮੀਨ ਨਾਲ ਰਲ਼ੇ ਜਿੰਨਾ ਹੀ ਮੋਹ ਹੈ। ਰਲ਼ੇ ਵਾਂਗ ਉਹ ਹਰ ਰੋਜ਼ ਡੱਬਰੀ ਦਾ ਗੇੜਾ ਮਾਰਦੇ ਹਨ। ਇਸ ਸਮੇਂ ਮਸ਼ੀਨਰੀ ਤਰੱਕੀ ਕਰ ਰਹੀ ਹੈ। ਬਸਾਂ ਟਰੱਕ ਬਣਨੇ ਸ਼ੁਰੂ ਹੋ ਗਏ ਹਨ। ਚੰਨਣ ਸਿੰਘ ਦਾ ਝੁਕਾਅ ਮਸ਼ੀਨਰੀ ਵੱਲ ਨੂੰ ਹੋ ਜਾਂਦਾ ਹੈ ਤੇ ਉਹ ਡਰਾਈਵਰ ਬਣ ਜਾਂਦਾ ਹੈ। ਬੂਟਾ ਸਿੰਘ ਪੜ੍ਹਾਈ ਛੱਡ ਕੇ ਵਿਹਲਾ ਜਿਹਾ ਹੀ ਹੈ। ਉਹ ਰਲ਼ੇ ਨਾਲ ਖੇਤੀ ਵਿਚ ਥੋੜ੍ਹਾ ਬਹੁਤ ਹੱਥ ਵੰਡਾ ਦਿੰਦਾ ਹੈ। 'ਅੰਨਿਆਂ ਵਾਲੇ ਖੂਹ' ਉਪਰਲੀ ਜ਼ਮੀਨ ਵਿਚ ਵੀ ਆਪ ਖੇਤੀ ਕਰਨ ਲਗਦੇ ਹਨ। 'ਅੰਨਿਆਂ ਵਾਲਾ ਖੂਹ' ਭਾਵ ਜੈਮਲ ਦਾ ਖੂਹ। ਰਲ਼ੇ ਦੇ ਪਿਓ ਦਾ ਖੂਹ। ਇਹਨਾਂ ਦੇ ਟੱਬਰ ਦੀ ਅੱਲ 'ਜੈਮਲ ਕੇ' ਸੀ। ਜਿਵੇਂ ਕਿ ਪਿੰਡਾਂ ਵਿਚ ਹਰ ਟੱਬਰ ਦੀ ਕੋਈ ਨਾ ਕੋਈ ਅੱਲ ਹੁੰਦੀ ਹੈ ਤੇ ਇਹ ਅੱਲ ਕਿਸੇ ਨਾ ਕਿਸੇ ਤਰੀਕੇ ਨਾਲ ਪੈ ਜਾਇਆ ਕਰਦੀ ਹੈ। ਇਹਨਾਂ ਦੀ ਚੰਗੀ ਭਲੀ ਅੱਲ ਹੈ 'ਜੈਮਲ ਕੇ' ਪਰ ਰਲ਼ਾ ਜਵਾਨੀ ਵੇਲੇ ਨਵੀਂ ਅੱਲ 'ਅੰਨਿਆਂ ਕੇ' ਪਵਾ ਲੈਂਦਾ ਹੈ। ਇਸ ਅੱਲ ਪੈਣ ਦੀ ਵੀ ਖੂਬ ਘਟਨਾ ਹੈ। ਰਲੇ ਨੂੰ ਨਵੇਂ ਨਵੇਂ ਦੋਸਤ ਬਣਾਉਣ ਦਾ ਬਹੁਤ ਸ਼ੌਂਕ ਹੈ। ਦੋਸਤਾਂ ਦੇ ਘਰੀਂ ਜਾਣਾ ਤੇ ਫਿਰ ਉਹਨਾਂ ਨੂੰ ਆਪਣੇ ਘਰੀਂ ਸੱਦਣਾ ਰਲ਼ੇ ਲਈ ਆਮ ਜਿਹੀ ਗੱਲ ਹੈ। ਇਕ ਦਿਨ ਰਲ਼ਾ ਤੇ ਪੰਜਾਬ ਸਿੰਘ ਕਪਾਹ ਗੁੱਡ ਰਹੇ ਹਨ। ਨਾਲ ਹੀ ਭਾਈਚਾਰੇ ਦੇ ਹੋਰ ਲੋਕ ਵੀ ਹਨ। ਇਹ ਉਹ ਦਿਨ ਹਨ ਜਦੋਂ ਲੋਕ ਰਲ਼ ਕੇ ਖੇਤੀ ਦਾ ਕੰਮ ਕਰਿਆ ਕਰਦੇ ਹਨ। ਅੱਜ ਇਸ ਦਾ ਕੰਮ ਮੁਕਾ ਲਿਆ ਤੇ ਕੱਲ੍ਹ ਨੂੰ ਉਸ ਦਾ। ਕਪਾਹ ਗੁੱਡੀ ਜਾ ਰਹੀ ਹੈ ਕਿ ਅਚਾਨਕ ਕੁਝ ਲੋਕ ਸਾਹਮਣੇ ਸਿੱਧੇ ਖੇਤਾਂ ਵਿਚ ਦੀ ਉਹਨਾਂ ਵੱਲ ਨੂੰ ਤੁਰੇ ਆ ਰਹੇ ਹਨ। ਇਹ ਰਲ਼ੇ ਦੇ ਦੋਸਤ ਹਨ ਜੋ ਪਿੰਡ ਦੁਸਾਂਝਾਂ ਤੋਂ ਉਸ ਨੂੰ ਮਿਲਣ ਆਏ ਹਨ। ਰਲ਼ਾ ਪੱਛਾਣ ਨਹੀਂ ਸਕਦਾ। ਉਹ ਉਹਨਾਂ ਨੂੰ ਗਾਲ਼ਾਂ ਦਿੰਦਾ ਪੁੱਛਦਾ ਹੈ,

"ਸਾਲ਼ਿਓ, ਖੇਤੋ ਖੇਤੀ ਤੁਰੇ ਆਉਨੇ ਆਂ, ਤੁਸੀਂ ਅੰਨੇ ਆਂ ?"

ਉਹ ਬੰਦੇ ਅਗਿਓਂ ਜਵਾਬ ਦਿੰਦੇ ਹਨ,

"ਅੰਨੇ ਅਸੀਂ ਨਹੀਂ ਰਲ਼ਿਆ, ਅੰਨਾ ਤੂੰ ਆਂ, ਜਿਹੜਾ ਆਪਣੇ ਬੰਦਿਆਂ ਨੂੰ ਨਹੀਂ ਪੱਛਾਣਦਾ।"

ਫਿਰ ਕੀ ਹੈ। ਰਲ਼ੇ ਦੀਆਂ ਪਰਾਹੁਣਿਆਂ ਨਾਲ ਜੱਫੀਆਂ ਪੈ ਜਾਂਦੀਆਂ ਹਨ। ਇਸ ਗੱਲ 'ਤੇ ਸਾਰੇ ਪਾਸੇ ਇੰਨਾ ਹਾਸਾ ਮੱਚਦਾ ਹੈ ਕਿ ਇਸ ਟੱਬਰ ਦੀ ਅੱਲ ਹੀ 'ਅੰਨਿਆਂ ਕੇ' ਪੈ ਜਾਂਦੀ ਹੈ। ਰਲ਼ੇ ਦੇ ਜ਼ਿਦਰੀ ਜਿਹੇ ਸੁਭਾਅ ਕਾਰਨ ਇਹ ਅੱਲ ਇੰਨੀ ਗੂੜ੍ਹੀ ਹੁੰਦੀ ਹੈ ਕਿ ਡੇੜ ਸੌ ਸਾਲ ਬਾਅਦ ਅੱਜ ਵੀ ਚਲ ਰਹੀ ਹੈ।

ਅਗੇ ਜਾ ਕੇ ਬਾਬੇ ਰਲ਼ੇ ਦਾ ਇਹ ਜ਼ਿਦਰੀ ਸੁਭਾਅ ਉਸ ਦੇ ਸਭ ਤੋਂ ਛੋਟੇ ਪੁੱਤ ਗੁਰਬਚਨ ਨੂੰ ਵਿਰਾਸਤ ਵਿਚ ਮਿਲੇਗਾ। ਆਪਣੀ ਉਮਰ ਵਿਚ ਪੁੱਜ ਕੇ ਉਹ ਵੀ ਬੇਪਰਵਾਹ ਜਿਹਾ ਨਿਕਲੇਗਾ। ਡਰਾਈਵਰ ਬਣੇਗਾ। ਜਲੰਧਰ ਕੂੜੇ ਵਾਲਾ ਟਰੱਕ ਚਲਾਉਣ ਲਗੇਗਾ। ਗੁਰਬਚਨ ਸਿੰਘ ਨੂੰ ਸ਼ਾਮ ਨੂੰ ਅਧੀਆ ਪੀਣ ਦੀ ਆਦਤ ਹੋਵੇਗੀ। ਇਕ ਦਿਨ ਗੁਰਬਚਨ ਸਿੰਘ ਇਕ ਢਾਬੇ ਅੰਦਰ ਜਾ ਕੇ ਰੋਟੀ ਦਾ ਆਰਡਰ ਦੇ ਕੇ ਸਟੀਲ ਦੇ ਗਲਾਸ ਵਿਚ ਅਧੀਆ ਉਲੱਦਣ ਲਗੇਗਾ। ਢਾਬੇ ਦਾ ਮਾਲਕ ਸਖਤੀ ਨਾਲ ਆਖੇਗਾ ਕਿ ਇਥੇ ਸ਼ਰਾਬ ਪੀਣੀ ਮਨ੍ਹਾਂ ਹੈ। ਗੁਰਬਚਨ ਸਿੰਘ ਅਗਲੇ ਦਿਨ ਕੂੜੇ ਵਾਲਾ ਟਰੱਕ ਉਸ ਢਾਬੇ ਮੁਹਰੇ ਲਿਆ ਖੜਾ ਕਰੇਗਾ। ਸਾਰੀਆਂ ਮੱਖੀਆਂ ਢਾਬੇ ਅੰਦਰ ਜਾ ਵੜਨਗੀਆਂ। ਢਾਬੇ ਦਾ ਮਾਲਕ ਉਸ ਦੀਆਂ ਮਿਨਤਾਂ ਕਰਨ ਲਗੇਗਾ ਕਿ ਟਰੱਕ ਇਥੋਂ ਲੈ ਜਾ ਤੇ ਸ਼ਾਮ ਨੂੰ ਆ ਕੇ ਅਧੀਆ ਮੇਰੇ ਤੋਂ ਪੀ ਜਾਵੀਂ। ਅਗੇ ਜਾ ਕੇ ਇਹੋ ਸੁਭਾਅ ਗੁਰਬਚਨ ਸਿੰਘ ਦੇ ਮੁੰਡੇ ਮਿੰਦਰ ਵਿਚ ਦੇਖਣ ਲਈ ਮਿਲੇਗਾ। ਮਿੰਦਰ ਤਾਂ ਸਿਗਰਟਾਂ ਵੀ ਪੀਣ ਲਗੇਗਾ ਤੇ ਬੜੇ ਮਾਣ ਨਾਲ ਆਖੇਗਾ ਕਿ ਉਹ ਬਾਬੇ ਰਲ਼ੇ ਦਾ ਅਸਲੀ ਵਾਲੀ ਵਾਰਸ ਹੈ।

ਰਲ਼ੇ ਦੇ ਭਰਾ ਪੰਜਾਬ ਸਿੰਘ ਦਾ ਮੁੰਡਾ ਈਸ਼ਰ ਸਿੰਘ ਹੁਣ ਉਮਰ ਦਾ ਕਾਫੀ ਹੋ ਚੁੱਕਾ ਹੈ। ਈਸ਼ਰ ਸਿੰਘ ਦਾ ਮੁੰਡਾ ਬਾਬੂ ਸਿੰਘ ਬੂਟਾ ਸਿੰਘ ਦਾ ਹਾਣੀ ਹੈ। ਇਕ ਪੀੜ੍ਹੀ ਦਾ ਫਰਕ ਜਿਉਂ ਪੈ ਜਾਂਦਾ ਹੈ। ਹਮਉਮਰ ਬੂਟਾ ਸਿੰਘ ਬਾਬੂ ਸਿੰਘ ਦਾ ਚਾਚਾ ਲਗਦਾ ਹੈ। ਇਸ ਤੋਂ ਬਾਅਦ ਬੂਟਾ ਸਿੰਘ ਦਾ ਮੁੰਡਾ ਤੇ ਬਾਬੂ ਸਿੰਘ ਦਾ ਮੁੰਡਾ ਹਾਣੀ ਹੋਣਗੇ ਪਰ ਰਿਸ਼ਤੇ ਵਿਚ ਇਕ ਪੀੜ੍ਹੀ ਦਾ ਫਰਕ ਹੋਵੇਗਾ। ਇਹ ਫਰਕ ਹੁਣ ਹਰ ਪੀੜ੍ਹੀ ਵਿਚ ਰਹੇਗਾ।

ਰਲ਼ੇ ਦਾ ਹੁੱਕਾ ਬੂਟਾ ਸਿੰਘ ਨੂੰ ਵਿਆਹੁਣ ਵੇਲੇ ਵੀ ਬਹੁਤ ਅੜਿੱਕਾ ਬਣਦਾ ਹੈ। ਚੰਨਣ ਸਿੰਘ ਨੂੰ ਛੋਟੇ ਪਿੰਡ ਬਾਹੜ ਮਜਾਰੇ ਵਿਆਹ ਲੈਣ ਕਾਰਨ ਰਲ਼ੇ ਨੂੰ ਪਿੰਡ ਦੇ ਲੋਕਾਂ ਦੇ ਮਿਹਣੇ ਸੁਣਨੇ ਪੈਂਦੇ ਹਨ ਇਸ ਲਈ ਉਹ ਚਾਹੁੰਦਾ ਹੈ ਕਿ ਬੂਟਾ ਸਿੰਘ ਨੂੰ ਕਿਸੇ ਵੱਡੇ ਪਿੰਡ ਵਿਚ ਵਿਆਹੇ ਪਰ ਵੱਡੇ ਪਿੰਡਾਂ ਦੇ ਲੋਕ ਹੁੱਕੇ ਦਾ ਬੁਰਾ ਮਨਾ ਰਹੇ ਹਨ। ਬੂਟਾ ਸਿੰਘ ਵਿਆਹੁਣੋਂ ਰਹਿੰਦਾ ਜਾਂਦਾ ਹੈ। ਉਮਰ ਚੜ੍ਹਦੀ ਜਾ ਰਹੀ ਹੈ। ਚੰਨਣ ਸਿੰਘ ਦੇ ਵਿਆਹ ਨੂੰ ਕਈ ਸਾਲ ਹੋ ਚੁੱਕੇ ਹਨ ਇਹ ਗੱਲ ਵੀ ਬੂਟਾ ਸਿੰਘ ਦੇ ਹੱਕ ਵਿਚ ਨਹੀਂ ਜਾਂਦੀ। ਛੋਟਾ ਭਰਾ ਵਿਆਹ ਹੋ ਜਾਵੇ ਤੇ ਵੱਡਾ ਹਾਲੇ ਉਵੇਂ ਹੀ ਬੈਠਾ ਹੋਵੇ ਤਾਂ ਲੋਕ ਸ਼ੱਕ ਦੀ ਨਜ਼ਰ ਨਾਲ ਦੇਖਣ ਲਗਦੇ ਹਨ ਤੇ ਵਿਆਹ ਹੋਣ ਦੇ ਮੌਕੇ ਘੱਟ ਜਾਂਦੇ ਹਨ। ਬੂਟੇ ਦਾ ਕਿਸੇ ਨਾ ਕਿਸੇ ਤਰ੍ਹਾਂ ਪਿੰਡ ਰੁੜਕੇ ਰਿਸ਼ਤਾ ਹੋ ਜਾਂਦਾ ਹੈ। ਅਠਾਰਾਂ ਸਾਲ ਵਿਚ ਵਿਆਹ ਹੋ ਸਕਣ ਵਾਲਾ ਬੂਟਾ ਸਿੰਘ ਹੁਣ ਤੀਹ ਨੂੰ ਢੁੱਕ ਰਿਹਾ ਹੈ। ਰਿਸ਼ਤੇ ਤੋਂ ਰਲ਼ਾ ਖੁਸ਼ ਹੈ। ਰੁੜਕਾ ਸੰਧੂਆਂ ਦਾ ਪਿੰਡ ਹੈ। ਸੰਧੂ ਆਪਣੇ ਆਪ ਨੂੰ ਅਟਵਾਲਾਂ ਤੋਂ ਕਿਸੇ ਕਿਸਮ ਨਾਲ ਘੱਟ ਨਹੀਂ ਸਮਝਦੇ ਇਸ ਲਈ ਰਿਸ਼ਤੇ ਠੋਕ ਵਜਾ ਕੇ ਦੇਖਦੇ ਹਨ। ਵਿਚੋਲਾ ਰਲ਼ੇ ਨੂੰ ਉਸ ਦਾ ਹੁੱਕਾ ਪਿੰਡ ਛੱਡ ਜਾਣ ਦੀ ਸ਼ਰਤ ਤੇ ਰਿਸ਼ਤਾ ਕਰਵਾਉਂਦਾ ਹੈ। ਇਹਨਾਂ ਦਿਨਾਂ ਵਿਚ ਕਈ ਕਈ ਦਿਨ ਬਰਾਤ ਠਹਿਰਿਆ ਕਰਦੀ ਹੈ, ਇੰਨੇ ਦਿਨ ਹੁੱਕੇ ਤੋਂ ਬਿਨਾਂ ਰਲ਼ਾ ਕਿਵੇਂ ਰਹੇਗਾ। ਆਖਰ ਇਕ ਸਕੀਮ ਸੁਝਦੀ ਹੈ। ਬਰਾਤ ਨਾਲ ਪਿੰਡ ਦਾ ਇਕ ਆਦਿ-ਧਰਮੀ ਲੈ ਲਿਆ ਜਾਂਦਾ ਹੈ। ਬਹਾਨਾ ਹੈ ਕਿ ਇਹ ਹੁੱਕਾ ਇਸ ਆਦਿ-ਧਰਮੀ ਦਾ ਹੈ। ਇਵੇਂ ਬੜੀ ਸਕੀਮ ਨਾਲ ਵਿਆਹ ਸਿਰੇ ਚੜ੍ਹਦਾ ਹੈ। ਬੂਟਾ ਸਿੰਘ ਦੇ ਘਰ ਦਰਸ਼ਨ ਸਿੰਘ ਦਾ ਜਨਮ ਹੁੰਦਾ ਹੈ। ਰਲ਼ਾ ਹੁਣ ਬਾਬਾ ਬਣ ਜਾਂਦਾ ਹੈ। ਉਹ ਆਪਣੇ ਪੋਤੇ ਨੂੰ ਖਿਡਾਉਂਦਾ ਹੈ, ਉਸ ਨੂੰ ਲੋਰੀਆਂ ਦਿੰਦਾ ਹੈ। ਹੁਣ ਉਹ ਬਾਬਾ ਰਲ਼ਾ ਹੈ। ਬਾਬਾ ਰਲ਼ਾ ਆਪਣਾ ਲੰਮਾ ਸਫਰ ਤਹਿ ਕਰਕੇ ਸੰਨ 1925 ਨੂੰ ਇਸ ਸੰਸਾਰ ਤੋਂ ਤੁਰ ਜਾਂਦਾ ਹੈ। ਬਾਬੇ ਰਲ਼ੇ ਦੀ ਮੌਤ ਦੀ ਕਹਾਣੀ ਵੀ ਲੰਮੀ ਹੈ। ਉਹ ਕਈ ਮਹੀਨੇ ਲਟਕ ਲਟਕ ਕੇ ਮਰਦਾ ਹੈ। ਮੌਤ ਦੀ ਇਹ ਲੰਮੀ ਲੜਾਈ ਖਾਨਦਾਨੀ ਹੈ। ਉਹ ਆਪਣੇ ਮੁੰਡੇ ਬੂਟਾ ਸਿੰਘ ਨੂੰ ਕਹਿੰਦਾ ਹੈ,

"ਬੂਟਿਆ, ਸਬਰ ਰੱਖੀਂ, ਮੈਂ ਤੈਨੂੰ ਕਈ ਮਹੀਨੇ ਜਾਂ ਸਾਲ ਤੰਗ ਕਰਨਾ, ਸਾਡੇ ਟੱਬਰ 'ਚ ਏਦਾਂ ਈ ਮੌਤ ਆਉਂਦੀ ਆ, ਤਿਲ਼ ਤਿਲ਼ ਕਰਕੇ ਮਰਦੇ ਆਂ ਅਸੀਂ, ਤੇਰਾ ਬਾਬਾ ਜੈਮਲ ਵੀ ਏਦਾਂ ਈ ਮਰਿਆ।"


ਕਈ ਵਾਰ ਉਹ ਕਹਿਣ ਲਗਦਾ ਹੈ,

"ਮੈਨੂੰ ਪਤਾ, ਤੂੰ ਵੀ ਤੰਗ ਆਂ ਤੇ ਮੈਂ ਵੀ ਬਹੁਤ ਤੰਗ ਆਂ, ਤੂੰ ਏਦਾਂ ਕਰ ਮੇਰਾ ਗਲ਼ ਘੁੱਟ ਦੇ ਜਾਂ ਜ਼ਹਿਰ ਦੇ ਦੇ।"

ਇਹ ਸਭ ਕਹਿਣ ਦੀਆਂ ਗੱਲਾਂ ਹਨ। ਬਾਬਾ ਰਲ਼ੇ ਨੇ ਆਪਣੇ ਹਿੱਸੇ ਦੇ ਹੱਡ ਰਗੜਾਉਣੇ ਹਨ ਤੇ ਰਗੜਾਉਂਦਾ ਹੈ।

# ਬਾਬਾ ਬੂਟਾ ਸਿੰਘ

ਕਹਿੰਦੇ ਹਨ ਕਿ ਸਮਾਂ ਬੜਾ ਬਲਵਾਨ ਹੁੰਦਾ ਹੈ। ਇਕ ਸਮਾਂ ਹੈ ਕਿ ਬਾਬੇ ਰਲ਼ੇ ਨੂੰ ਔਂਤ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਈਸ਼ਰ ਸਿੰਘ ਉਸ ਦਾ ਭਤੀਜਾ ਉਸ ਦੀ ਜ਼ਮੀਨ ਸਾਂਭਣ ਲਈ ਤਿਆਰ ਖੜਾ ਹੈ। ਇਕ ਸਮਾਂ ਹੈ ਕਿ ਉਸ ਦੇ ਤਿੰਨ ਪੁੱਤਰ ਹਨ। ਇਕ ਸਮਾਂ ਇਹ ਵੀ ਆਵੇਗਾ ਕਿ ਉਸ ਦੇ ਅਗੇ ਅੱਠ ਪੋਤਰੇ ਹੋਣਗੇ ਪਰ ਈਸ਼ਰ ਸਿੰਘ ਦੇ ਇਕੋ ਪੁੱਤਰ ਹੈ ਬਾਬੂ ਸਿੰਘ ਤੇ ਅਗੇ ਉਸ ਦੇ ਵੀ ਇਕੋ ਪੁੱਤਰ ਹੋਵੇਗਾ ਕਰਨੈਲ ਸਿੰਘ। ਔਂਤ ਕਿਹਾ ਜਾਣ ਵਾਲਾ ਬਾਬਾ ਰਲ਼ਾ ਅੱਠ ਇਕ ਦੇ ਅਨੁਪਾਤ ਨਾਲ ਅਗੇ ਹੋਵੇਗਾ। ਪਰ ਕੁਝ ਪਾਇਆਂ ਕੁਝ ਗਵਾਚਦਾ ਵੀ ਹੈ।ਈਸ਼ਵਰ ਸਿੰਘ ਦੀ ਜ਼ਮੀਨ ਬੱਝਵੀਂ ਰਹੇਗੀ ਤੇ ਬਾਬੇ ਰਲ਼ੇ ਦੀ ਜ਼ਮੀਨ ਦੇ ਅੱਠ ਹਿੱਸੇ ਹੋ ਜਾਣਗੇ। ਜੇ ਥੋੜ੍ਹਾ ਹੋਰ ਭਵਿੱਖ ਵੱਲ ਸਫਰ ਕਰੀਏ ਤਾਂ ਤਾਂ ਬਾਬੇ ਰਲ਼ੇ ਦੇ ਬਾਰਾਂ ਪੜਪੋਤੇ ਹੋਣਗੇ ਤੇ ਉਸ ਦੀ ਜ਼ਮੀਨ ਕਨਾਲ਼ਾਂ ਵਿਚ ਵੰਡੀ ਜਾਵੇਗੀ ਪਰ ਈਸ਼ਵਰ ਸਿੰਘ ਨਾਲ ਸਮਾਂ ਇਵੇਂ ਵਰਤੇਗਾ ਕਿ ਉਸ ਦੇ ਅਗਾਂਹ ਇਕ ਇਕ ਕਰਕੇ ਹੀ ਵੰਸ਼ ਵਧੇਗਾ ਤੇ ਜ਼ਮੀਨ ਓਨੀ ਹੀ ਰਹੇਗੀ। ਨਵੇਂ ਯੁੱਗ ਵਿਚ ਫਰਾਲੇ ਵਰਗੇ ਪਿੰਡ ਵਿਚ ਇੰਨੀ ਜ਼ਮੀਨ ਦੀ ਮਾਲਕੀ ਕਿਸੇ ਕਿਸੇ ਕੋਲ ਹੀ ਹੋਵੇਗੀ।



ਪਿਤਾ ਬੂਟਾ ਸਿੰਘ

ਬਾਬੇ ਰਲ਼ੇ ਦੀ ਦੂਜੀ ਪੀੜ੍ਹੀ ਦੇ ਅੱਠ ਵਾਰਸਾਂ ਤੇ ਨਜ਼ਰ ਮਾਰੀਏ ਤਾਂ ਇਹ ਇਵੇਂ ਦਿੱਸਣਗੇ: ਬੂਟਾ ਸਿੰਘ ਦੇ ਦੋ ਮੁੰਡੇ - ਦਰਸ਼ਨ ਤੇ ਗੁਰਦੇਵ। ਚੰਨਣ ਸਿੰਘ ਦੇ ਦੋ ਮੁੰਡੇ - ਝਲਮਣ ਤੇ ਸਾਧੂ। ਗੁਰਬਚਨ ਸਿੰਘ ਦੇ ਚਾਰ ਮੁੰਡੇ - ਰਘਬੀਰ, ਮਹਿੰਦਰ, ਰਸ਼ਪਾਲ ਤੇ ਮਨਮੋਹਣ। ਬਾਬੇ ਰਲੇ ਦੇ ਭਤੀਜੇ ਈਸ਼ਰ ਸਿੰਘ ਦੀ ਪੀੜ੍ਹੀ ਵਿਚ ਬਾਬੂ ਸਿੰਘ ਇਕੱਲਾ ਤੇ ਕਰਨੈਲ ਸਿੰਘ ਇਕੱਲਾ ਤੇ ਕਰਨੈਲ ਸਿੰਘ ਦੇ ਘਰ ਅਮਰਜੀਤ ਇਕੱਲਾ



ਤੇ ਅੱਗੇ ਜਾ ਕੇ ਅਮਰਜੀਤ ਦੇ ਵੀ ਇਕੋ ਵਾਰਸ ਬਚੇਗਾ। ਇਹੋ ਹੈ ਸਮੇਂ ਦੀ ਖੇਡ।

ਬਾਬਾ ਰਲ਼ਾ ਤਸੱਲੀ ਭਰੇ ਚਿਹਰੇ ਨਾਲ ਦੁਨੀਆਂ ਨੂੰ ਅਲਵਿਦਾ ਕਹਿ ਜਾਂਦਾ ਹੈ। ਆਪਣੇ ਪੋਤਰੇ ਨੂੰ ਖਿਡਾਉਣਾ ਉਸ ਦੀ ਸਭ ਤੋਂ ਵੱਡੀ ਖੁਸ਼ੀ ਹੈ। ਬਾਬੇ ਰਲ਼ੇ ਦੀਆਂ ਦੋ ਧੀਆਂ ਤਾਂ ਉਸ ਦੇ ਜੀਉਂਦੇ ਜੀ ਹੀ ਇਸ ਜਹਾਨ ਤੋਂ ਤੁਰ ਜਾਂਦੀਆਂ ਹਨ। ਇਲਾਜ ਦੀ ਘਾਟ ਹੈ। ਇਹ ਉਹ ਸਮਾਂ ਹੈ ਜਦ ਕੁੜੀਆਂ ਛੋਟੀ ਉਮਰ ਵਿਚ ਹੀ ਵਿਆਹ ਦਿੱਤੀਆਂ ਜਾਂਦੀਆਂ ਹਨ। ਕਈ ਵਾਰ ਉਹਨਾਂ ਦੇ ਸਰੀਰ ਬੱਚਾ ਜੰਮਣ ਲਈ ਤਿਆਰ ਵੀ ਨਹੀਂ ਹੋਏ ਹੁੰਦੇ। ਇਸ ਕਰਕੇ ਕਈ ਜਣੇਪੇ ਵਿਚ ਦੀ ਲੰਘਦੀਆਂ ਇਸ ਦੁਨੀਆਂ ਤੋਂ ਕੂਚ ਕਰ ਜਾਂਦੀਆਂ ਹਨ। ਬੱਚੇ ਦੇ ਜਨਮ ਤੋਂ ਬਾਅਦ ਮੰਨਿਆਂ ਜਾਂਦਾ ਹੈ ਕਿ ਔਰਤ ਦਾ ਇਹ ਦੂਜਾ ਜਨਮ ਹੁੰਦਾ ਹੈ। ਦੋਨਾਂ ਧੀਆਂ ਦਾ ਬਾਬੇ ਰਲ਼ੇ ਨੂੰ ਦੁੱਖ ਤਾਂ ਹੈ ਪਰ ਉਸ ਕੋਲ ਖੁਸ਼ੀਆਂ ਹੀ ਇੰਨੀਆਂ ਹਨ ਕਿ ਉਹ ਇਹ ਦੁੱਖ ਸਹਿਜੇ ਹੀ ਜਰ ਲੈਂਦਾ ਹੈ। ਉਸ ਦੀ ਇਕ ਧੀ ਬੁੱਢੀ ਪਿੰਡ ਵਿਆਹੀ ਹੋਈ ਹੈ। ਉਹ ਕਾਫੀ ਦੇਰ ਤਕ ਸਿਹਤਵੰਦ ਰਹੇਗੀ ਤੇ ਪੂਰੀ ਉਮਰ ਭੋਗ ਕੇ ਮਰੇਗੀ।

ਬਾਬੇ ਰਲ਼ੇ ਤੋਂ ਬਾਅਦ ਉਸ ਦਾ ਵੱਡਾ ਪੁੱਤ ਪੱਗ ਬੰਨਦਾ ਹੈ ਤੇ ਘਰ ਦੀ ਜ਼ਿੰਮੇਵਾਰੀ ਸੰਭਾਲਦਾ ਹੈ। ਪਿੰਡ ਦੇ ਸਿਵਿਆਂ ਵਿਚ ਤੇ ਜ਼ਮੀਨ ’ਤੇ ਦੀਵਾ ਜਗਾਉਣ ਦੀ ਹੁਣ ਉਸ ਦੀ ਜ਼ਿੰਮੇਵਾਰੀ ਹੈ। ਉਹ ਛੋਟੇ ਭਰਾ ਗੁਰਬਚਨ ਸਿੰਘ ਦਾ ਵਿਆਹ ਆਪਣੇ ਸੁਹਰਿਆਂ ਵਿਚ ਹੀ ਪਿੰਡ ਰੁੜਕੇ ਕਰ ਦਿੰਦਾ ਹੈ। ਜ਼ਮੀਨ ਵੰਡ ਲਈ ਜਾਂਦੀ ਹੈ। ਪਰ ਤਿੰਨਾਂ ਭਰਾਵਾਂ ਵਿਚੋਂ ਖੇਤੀ ਦੇ ਕਾਬਲ ਕੋਈ ਵੀ ਨਹੀਂ ਹੈ। ਚੰਨਣ ਸਿੰਘ ਕਲਕੱਤੇ ਜਾ ਕੇ ਡਰਾਈਵਰੀ ਕਰਨ ਲਗਦਾ ਹੈ। ਛੋਟੇ ਗੁਰਬਚਨ ਸਿੰਘ ਵਿਚ ਬਾਬੇ ਰਲ਼ੇ ਵਾਲੇ ਝਲਕਾਰੇ ਹਨ। ਉਹ ਵੀ ਚੰਨਣ ਸਿੰਘ ਵੱਲ ਦੇਖ ਕੇ ਡਰਾਈਵਰ ਹੀ ਬਣ ਜਾਂਦਾ ਹੈ ਪਰ ਟਿਕ ਕੇ ਕੰਮ ਨਹੀਂ ਕਰਦਾ। ਅਗੇ ਜਾ ਕੇ ਕੁਝ ਸਮਾਂ ਮਿਲਟਰੀ ਦਾ ਟਰੱਕ ਵੀ ਚਲਾਏਗਾ। ਬੂਟਾ ਸਿੰਘ ਜੋ ਪੜ੍ਹ ਲਿਖ ਜਾਂਦਾ ਹੈ ਉਹ ਕੋਈ ਕੰਮ ਵੀ ਨਹੀਂ ਕਰਦਾ। ਇਹਨਾਂ ਦਿਨਾਂ ਵਿਚ ਪੰਜ ਪੜ੍ਹੇ ਪਟਵਾਰੀ ਲਗਦੇ ਹਨ, ਬੂਟਾ ਸਿੰਘ ਅੱਠ ਜਮਾਤਾਂ ਪੜ੍ਹਿਆ ਹੈ ਉਹ ਘਰੇ ਵਿਹਲਾ ਹੀ ਹੈ। ਗੁਜਾਰੇ ਲਈ ਕੁਝ ਲਵੇਰੇ ਰੱਖੇ ਹੋਏ ਹਨ। ਜ਼ਮੀਨ ਵਿਚੋਂ ਕੁਝ ਨਾ ਕੁਝ ਆ ਜਾਂਦਾ ਹੈ। ਬੂਟਾ ਸਿੰਘ ਨੂੰ ਸਾਹਿਤ ਨਾਲ ਬਹੁਤ ਲਗਾਵ ਹੈ। ਉਹ ਨੂੰ ਸ਼ੇਅਰੋ-ਸ਼ਾਇਰੀ ਦਾ ਬਹੁਤ ਸ਼ੌਂਕ ਹੈ। ਉਸ ਨੂੰ ਬੁਲ੍ਹੇ ਸ਼ਾਹ ਤਾਂ ਸਾਰਾ ਹੀ ਜ਼ੁਬਾਨੀ ਯਾਦ ਹੈ। ਲੈਲਾ-ਮਜਨੂੰ ਬਾਰੇ ਵੀ ਬਹੁਤ ਸਾਰੇ ਸ਼ੇਅਰ ਉਸ ਨੂੰ ਆਉਂਦੇ ਹਨ। ਲੈਲਾ ਮਜਨੂੰ ਦੀ ਪ੍ਰੇਮ ਕਹਾਣੀ ਉਸ ਨੂੰ ਬਹੁਤ ਟੁੰਬਦੀ ਹੈ। ਥੋੜ੍ਹਾ ਹਵਾ ਪਿਆਜ਼ੀ ਹੋ ਕੇ ਉਹ ਆਪਣਾ ਖਾਸ ਸ਼ੇਅਰ ਗੁਣਗੁਣਾਉਣ ਲਗਦਾ ਹੈ: ‘ਅਸਾਂ ਇਕ ਮੁਸਾਫਿਰ ਡਿਠਾ ਸ਼ੁਤਰ ਤੇ ਜਾਵੇ ਚੜ੍ਹਿਆ, ਰਾਹ ’ਚ ਆਈ ਕਬਰ ਸੱਸੀ ਦੀ ਉਤਰ ਕੇ ਫਾਤਿਆ ਪੜ੍ਹਿਆ’ ਹੋਰ ਵੀ ਬਹੁਤ ਸਾਰੇ ਸ਼ੇਅਰ ਉਹ ਬੈਠਦਾ-ਉਠਦਾ ਬੋਲਦਾ ਰਹਿੰਦਾ ਹੈ। ਉਹ ਸ਼ਹਿਰ ਗਿਆ ਉਰਦੂ ਦਾ ਮੈਗਜ਼ੀਨ ਵੀਸਵੀਂ ਸਦੀ ਜਾਂ ਕੋਈ ਨਾ

ਕੋਈ ਹੋਰ ਮੈਗਜ਼ੀਨ, ਅਖ਼ਬਾਰ ਜਾਂ ਕਿਤਾਬ ਲੈ ਆਇਆ ਕਰਦਾ ਹੈ। ਫਿਰ ਉਸ ਨੂੰ ਢਾਣੀ ਵਿਚ ਬੈਠ ਕੇ ਪੜ੍ਹਿਆ ਕਰਦਾ ਹੈ। ਹੀਰ ਉਸ ਨੂੰ ਬਹੁਤੀ ਪਸੰਦ ਨਹੀਂ ਪਰ ਉਸ ਕੋਲ ਪਈ ਹੈ। ਕਦੇ ਕੁਝ ਹੋਰ ਨਾ ਹੋਵੇ ਤਾਂ ਉਹ ਹੀਰ ਪੜ੍ਹਨ ਲਗਦਾ ਹੈ। ਉਸ ਕੋਲ ਫਾਰਸੀ ਦੇ ਸ਼ੇਅਰਾਂ ਦਾ ਵੀ ਖਜ਼ਾਨਾ ਹੈ ਪਰ ਫਾਰਸੀ ਨੂੰ ਸਮਝਣ ਵਾਲੇ ਬਹੁਤੇ ਨਹੀਂ ਹਨ। ਅਗੇ ਜਾ ਕੇ ਉਹ ਇਹ ਸਾਰੇ ਸ਼ੇਅਰ ਆਪਣੇ ਪੋਤਿਆਂ ਨੂੰ ਵੀ ਸੁਣਾਏਗਾ। ਉਸ ਨੂੰ ਇਹ ਨਹੀਂ ਪਤਾ ਕਿ ਉਸ ਤੋਂ ਅਣਜਾਣੇ ਵਿਚ ਹੀ ਇਹ ਗੁੜ੍ਹਤੀ ਆਪਣੇ ਇਕ ਪੋਤੇ ਨੂੰ ਦੇ ਹੋ ਜਾਵੇਗੀ ਤੇ ਪੋਤਰਾ ਆਪ ਲਿਖਣ ਦੇ ਰਾਹ ਤੇ ਪੈ ਜਾਵੇਗਾ ਤੇ ਕਦੇ ਉਸ ਬਾਰੇ ਵੀ ਕੁਝ ਲਿਖੇਗਾ। ਉਸ ਨੂੰ ਇਕ ਕਿਰਦਾਰ ਬਣਾ ਕੇ ਆਪਣੀਆ ਕਹਾਣੀਆਂ-ਨਾਵਲਾਂ ਵਿਚ ਵਰਤੇਗਾ।

ਬੂਟਾ ਸਿੰਘ ਦਾ ਇਕ ਹੋਰ ਸ਼ੌਂਕ ਹੈ, ਉਹ ਹੈ ਕਵਾਲੀ ਸੁਣਨਾ। ਤਿੰਨ-ਚਾਰ ਕੁ ਮੀਲ ਤੇ ਮੰਢਾਲੀ ਵਿਖੇ ਸੂਫੀ ਰੋਜ਼ਾ ਹੈ ਜਿਥੇ ਹਰ ਸਾਲ ਗਰਮੀਆਂ ਨੂੰ ਮੇਲਾ ਲਗਦਾ ਹੈ ਜੋ ਕਈ ਦਿਨ ਚਲਦਾ ਹੈ। ਬੂਟਾ ਸਿੰਘ ਉਸ ਮੇਲੇ ਤੇ ਹਰ ਰੋਜ਼ ਪਹੁੰਚਦਾ ਹੈ। ਕਵਾਲੀਆਂ ਸੁਣਦਾ ਹੈ। ਇਥੇ ਦੂਰੋਂ ਦੂਰੋਂ ਕਵਾਲ ਪੁੱਜਦੇ ਹਨ। ਸਾਰੀ ਰਾਤ ਕਵਾਲੀ ਚਲਦੀ ਹੈ। ਬੂਟਾ ਸਿੰਘ ਨੂੰ ਵੀ ਬਹੁਤ ਸਾਰੀਆਂ ਕਵਾਲੀਆਂ ਜ਼ੁਬਾਨੀ ਯਾਦ ਹਨ।

ਬੂਟਾ ਸਿੰਘ ਤੇ ਉਸ ਦੀ ਪਤਨੀ ਅਨੰਦ ਕੌਰ ਜਾਂ ਨੰਦੀ ਦੇ ਘਰ ਪੰਜ ਬੱਚੇ ਪੈਦਾ ਹੁੰਦੇ ਹਨ। ਵੱਡਾ ਦਰਸ਼ਨ, ਦੂਜੇ ਨੰਬਰ ਤੇ ਸਰਬਣ, ਤੀਜੇ ਨੰਬਰ ਤੇ ਦਾਸੋ ਭਾਵ ਦਰਸ਼ਨ ਕੌਰ, ਚੌਥੇ ਤੇ ਦੇਬੋ ਭਾਵ ਗੁਰਦੇਵ ਕੌਰ, ਤੇ ਪੰਜਵੇਂ ਤੇ ਗੁਰਦੇਵ ਜੋ ਭਵਿੱਖ ਵਿਚ ਦੇਵ ਦੇ ਨਾਂ ਨਾਲ ਜਾਣਿਆਂ ਜਾਵੇਗਾ। ਦੂਜੇ ਨੰਬਰ ਵਾਲਾ ਸਰਬਣ ਤਾਂ ਛੋਟੀ ਉਮਰ ਵਿਚ ਹੀ ਕਿਸੇ ਬਿਮਾਰੀ ਨਾਲ ਚਲ ਵਸਦਾ ਹੈ। ਜਵਾਨ ਹੋਈ ਦਾਸੋ ਦਾ ਰਿਸ਼ਤਾ ਬਾਬੇ ਬੂਟਾ ਸਿੰਘ ਦੀ ਬੁੱਢੀ ਪਿੰਡ ਵਿਆਹੀ ਭੈਣ ਲੈ ਜਾਂਦੀ ਹੈ। ਦਾਸੋ ਵੀ ਬੁੱਢੀ ਪਿੰਡ ਵਿਆਹ ਦਿੱਤੀ ਜਾਂਦੀ ਹੈ। ਉਸ ਦਾ ਪਤੀ ਹੈ ਤਾਂ ਅਮੀਰ ਪਰ ਟੀ.ਬੀ. ਦਾ ਮਰੀਜ਼ ਹੈ। ਪਤੀ ਵਾਲੀ ਟੀ. ਬੀ. ਦਾਸੋ ਨੂੰ ਲਗ ਜਾਂਦੀ ਹੈ ਤੇ ਪਤੀ ਠੀਕ ਹੋ ਜਾਂਦਾ ਹੈ। ਦਾਸੋ ਕੁਝ ਦੇਰ ਬਿਮਾਰ ਰਹਿ ਕੇ ਮਰ ਜਾਂਦੀ ਹੈ। ਇਹ ਬੂਟਾ ਸਿੰਘ ਨੂੰ ਪਹਿਲਾ ਵੱਡਾ ਦੁੱਖ ਦੇਖਣਾ ਪੈਂਦਾ ਹੈ। ਇਸ ਗੱਲ 'ਤੇ ਉਹ ਆਪਣੀ ਭੈਣ ਨਾਲ ਨਰਾਜ਼ ਹੋ ਜਾਂਦਾ ਹੈ ਕਿ ਮੁੰਡੇ ਦੀ ਬਿਮਾਰੀ ਬਾਰੇ ਪਹਿਲਾਂ ਦੱਸਿਆ ਕਿਉਂ ਨਹੀਂ। ਇਹ ਨਰਾਜ਼ਗੀ ਉਮਰ ਭਰ ਚਲਦੀ ਰਹਿੰਦੀ ਹੈ।

ਪੜ੍ਹਿਆ ਲਿਖਿਆ ਬੂਟਾ ਸਿੰਘ ਆਪਣੀ ਜ਼ਿੰਦਗੀ ਦੀ ਇਕ ਬਹੁਤ ਵੱਡੀ ਗੱਲਤੀ ਕਰ ਦਿੰਦਾ ਹੈ। ਉਸ ਗਲਤੀ ਨੂੰ ਵਾਰ ਵਾਰ ਦੁਹਰਾਉਂਦਾ ਹੈ। ਉਹ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਕੂਲੇ ਪੜ੍ਹਨੇ ਨਹੀਂ ਪਾਉਂਦਾ। ਉਸ ਦੇ ਪੋਤਰੇ ਭਵਿੱਖ ਵਿਚ ਉਸ ਤੋਂ ਇਸ ਸਵਾਲ ਦਾ ਜਵਾਬ ਮੰਗਣਗੇ ਤਾਂ ਉਹ ਕਹੇਗਾ,

"ਉਹਨਾਂ ਦਿਨਾਂ ਵਿਚ ਸਕੂਲਾਂ ਦੇ ਮਾਸਟਰ ਬਹੁਤ ਕੁਟਦੇ ਹੁੰਦੇ ਸਨ ਇਸ



ਲਈ, ਇਹ ਨਹੀਂ ਕਿ ਮੈਂ ਇਹਨਾਂ ਨੂੰ ਸਕੂਲ ਨਹੀਂ ਭੇਜਿਆ ਪਰ ਇਹ ਦੌੜ ਆਉਂਦੇ ਸੀ, ਮੈਂ ਕੀ ਕਰਦਾ।"

ਇਸ ਦਾ ਕਾਰਨ ਸ਼ਾਇਦ ਇਹੋ ਹੋਵੇ ਪਰ ਉਸ ਦੇ ਦੋਨਾਂ ਮੁੰਡਿਆਂ ਦੇ ਭਵਿੱਖ ਉਪਰ ਡੂੰਘਾ ਅਸਰ ਪੈਂਦਾ ਹੈ। ਉਹ ਉਮਰ ਬੱਚੇ ਮਗਰ ਲਗਣ ਦੀ ਨਹੀਂ ਹੁੰਦੀ ਬਲਕਿ ਬੱਚੇ ਨੂੰ ਆਪਣੇ ਮਗਰ ਲਾਉਣ ਦੀ ਹੁੰਦੀ ਹੈ। ਉਸ ਦੀਆਂ ਦੋਵੇਂ ਕੁੜੀਆਂ ਤਾਂ ਪੰਜ ਗਰੰਥੀ ਪੜ੍ਹਨ ਜੋਗੀਆਂ ਹੋ ਜਾਂਦੀਆਂ ਹਨ ਪਰ ਮੁੰਡੇ ਅੱਖਰ-ਵਿਦਿਆ ਤੋਂ ਬਿਲਕੁਲ ਖਾਲੀ ਹਨ। ਵੱਡਾ ਦਰਸ਼ਨ ਤੇ ਉਸ ਤੋਂ ਦਸ-ਬਾਰਾਂ ਸਾਲ ਛੋਟਾ ਦੇਵ ਵੀ ਪੜ੍ਹਾਈ ਤੋਂ ਕੋਰੇ ਰਹਿ ਜਾਂਦੇ ਹਨ ਜਦ ਕਿ ਉਹਨਾਂ ਦੇ ਬਾਕੀ ਦੇ ਸਾਰੇ ਚਚੇਰੇ ਭਰਾ ਪੜ੍ਹ ਲਿਖ ਜਾਂਦੇ ਹਨ। ਬੂਟਾ ਸਿੰਘ ਜਿਸ ਨੂੰ ਪਿੰਡ ਵਿਚ ਵਧੀਆ ਸਲਾਹਕਾਰ ਮੰਨਿਆਂ ਜਾਂਦਾ ਹੈ, ਸ਼ਾਇਦ ਅੰਦਰੋ-ਅੰਦਰ ਕਿਧਰੇ ਮੁੰਡਿਆਂ ਦੇ ਨਾ-ਪੜ੍ਹਨ ਕਰਕੇ ਪਛਤਾਵਾ ਸਾਂਭੀ ਬੈਠਾ ਹੋਵੇ। ਦਰਸ਼ਨ ਹੋਸ਼ ਸੰਭਾਲਦਾ ਹੀ ਪਸ਼ੂ ਚਾਰਨ ਲਗਦਾ ਹੈ। ਡੱਬਰੀ ਤਾਂ ਹੈ ਹੀ ਮਾੜੀ ਜ਼ਮੀਨ, ਪਾਣੀ ਦਾ ਕੋਈ ਇੰਤਜ਼ਾਮ ਨਹੀਂ ਹੈ। ਇਥੇ ਚਰੀ, ਗੁਆਰਾ ਜਾਂ ਛੋਲੇ ਆਦਿ ਫਸਲ ਹੀ ਹੁੰਦੀ ਹੈ ਜੋ ਮੀਂਹ ਦੇ ਛਰਾਟਿਆਂ ਨਾਲ ਵੀ ਹੋ ਜਾਂਦੀ ਹੈ। ਖੂਹ ਇਸ ਜ਼ਮੀਨ ਤੋਂ ਦੂਰ ਪੈਂਦਾ ਹੈ। ਪੀਣ ਲਈ ਵੀ ਛਪੜੀਆਂ ਦਾ ਪਾਣੀ ਹੀ ਵਰਤਿਆ ਜਾਂਦਾ ਹੈ। ਇਸ ਡੱਬਰੀ ਦੇ ਮਾਲਕਾਂ ਦੇ ਹਿੱਸੇ ਛਪੜੀਆਂ ਦਾ ਪਾਣੀ ਪੀਣਾ ਲਿਖਿਆ ਹੋਇਆ ਹੈ। ਇਕੱਲੇ ਜੈਮਲ ਦਾ ਟੱਬਰ ਹੀ ਨਹੀਂ ਹੋਰ ਘਰਾਂ ਦੀ ਜ਼ਮੀਨ ਡੱਬਰੀ ਵਿਚ ਪੈਂਦੀ ਹੈ, ਸਭ ਦਾ ਇਕੋ ਜਿਹਾ ਹਾਲ ਹੈ। ਬਾਕੀ ਇਥੇ ਘਾਹ ਬਥੇਰਾ ਹੁੰਦਾ ਹੈ ਜਿਸ ਵਿਚ ਪਸ਼ੂ ਚਾਰੇ ਜਾਂਦੇ ਹਨ। ਇਹ ਘਾਹ ਵੀ ਮੀਂਹ ਪਏ ਤੇ ਹੀ ਹੁੰਦਾ ਹੈ ਸੋ ਪਸ਼ੂ ਚਾਰਨ ਦਾ ਕੰਮ ਬਰਸਾਤਾਂ ਨੂੰ ਹੀ ਹੁੰਦਾ ਹੈ। ਬਰਸਾਤਾਂ ਤੋਂ ਪਹਿਲਾਂ ਤੇ ਬਰਸਾਤਾਂ ਤੋਂ ਬਾਅਦ ਤਾਂ ਡੱਬਰੀ ਰੜੀ ਪਈ ਹੁੰਦੀ ਹੈ। ਦਰਸ਼ਨ ਸਵੇਰੇ ਪਸ਼ੂ ਲੈ ਕੇ ਡੱਬਰੀ ਨੂੰ ਨਿਕਲ ਜਾਂਦਾ ਹੈ ਤੇ ਸ਼ਾਮ ਪਈ ਮੁੜਦਾ ਹੈ। ਉਸ ਦੇ ਸਾਰੇ ਹਾਣੀ ਸਕੂਲ ਜਾ ਰਹੇ ਹਨ। ਉਹ ਸਕੂਲ ਜਾਂਦੇ ਮੁੰਡਿਆਂ ਵੱਲ ਦੇਖ ਕੇ ਝੂਰਨ ਬਿਨਾਂ ਹੋਰ ਕੁਝ ਨਹੀਂ ਕਰ ਸਕਦਾ ਪਰ ਉਹ ਬੱਚਾ ਹੋਣ ਕਰਕੇ ਬਹੁਤੀ ਦੂਰ ਦੀ ਸੋਚ ਵੀ ਨਹੀਂ ਸਕਦਾ। ਉਸ ਦਾ ਬਚਪਨ ਦਾ ਦੋਸਤ ਹੈ ਸ਼ਿਵਰਾਜ, ਉਹ ਉਸ ਨੂੰ ਸਕੂਲ ਦੀਆਂ ਗੱਲਾਂ ਦੱਸਦਾ ਹੈ। ਉਹ ਬਹੁਤ ਉਤਸ਼ਾਹਤ ਹੋਣ ਲਗਦਾ ਹੈ ਪਰ ਜਦ ਪਤਾ ਲਗਦਾ ਹੈ ਕਿ ਸਕੂਲ ਵਿਚ ਮਾਸਟਰ ਕੁੱਟਦੇ ਵੀ ਹਨ ਤਾਂ ਉਸ ਨੂੰ ਸਕੂਲ ਚੰਗਾ ਨਹੀਂ ਲਗਦਾ। ਉਹ ਪਸ਼ੂ ਸਾਂਭਣ ਵਿਚ ਲਗਾ ਰਹਿੰਦਾ ਹੈ। ਪੈਰੋਂ ਨੰਗਾ, ਤੇੜ ਉੱਚਾ ਜਿਹਾ ਕੱਛਾ, ਲੰਮੀ ਜਿਹੀ ਖਦਰ ਦੀ ਕਮੀਜ਼ ਤੇ ਢਿਲਕੀ ਜਿਹੀ ਵਾਲਾਂ ਦੀ ਜੂੜੀ। ਕਪੜੇ ਮੈਲੇ ਹੋ ਗਏ ਤਾਂ ਮਾਂ ਧੋ ਦਿੰਦੀ ਹੈ, ਨਹੀਂ ਤਾਂ ਇਵੇਂ ਹੀ ਚਲੀ ਜਾਂਦਾ ਹੈ। ਉਹ ਛੱਪੜਾਂ ਵਿਚ ਪਸ਼ੂ ਨਲ੍ਹਾਉਂਦਾ ਆਪ ਵੀ ਤਰਨਾ ਸਿਖ ਲੈਂਦਾ ਹੈ। ਖੂਹਾਂ ਵਿਚ ਛਾਲਾਂ ਮਾਰਦਿਆਂ ਚੁੱਭੀ ਲਾਉਣ ਦੀ ਜਾਚ ਵੀ ਉਸ ਨੂੰ ਆ ਜਾਂਦੀ ਹੈ। ਬਾਕੀ ਦੁਨੀਆਂ ਤੋਂ ਉਹ ਬੇਖਬਰ ਹੈ। ਇਹ ਸਮਾਂ ਹੈ ਜਦੋਂ

ਭਗਤ ਸਿੰਘ ਅਸੈਂਬਲੀ ਵਿਚ ਬੰਬ ਚਲਾਉਂਦਾ ਹੈ, ਫਿਰ ਭਗਤ ਸਿੰਘ ਨੂੰ ਫਾਂਸੀ ਲਗਦੀ ਹੈ। ਗਾਂਧੀ ਆਪਣੀਆਂ ਖਬਰਾਂ ਬਣਾ ਬਣਾ ਕੇ ਅਖ਼ਬਾਰਾਂ ਵਿਚ ਲਗਵਾ ਰਿਹਾ ਹੈ ਤੇ ਨਹਿਰੂ ਆਪਣੀਆਂ। ਦੇਸ ਵਿਚ ਕੀ ਹੋ ਰਿਹਾ ਹੈ ਇਹ ਸਮਝਣ ਲਈ ਦਰਸ਼ਨ ਹਾਲੇ ਛੋਟਾ ਹੈ ਪਰ ਬੂਟਾ ਸਿੰਘ ਨੂੰ ਦੁਨੀਆਂ ਭਰ ਦੀ ਖਬਰ ਹੈ। ਉਹ ਅਖ਼ਬਾਰ ਪੜ੍ਹਦਾ ਹੈ। ਪਿੰਡ ਵਿਚ ਕੋਈ ਉਰਦੂ ਦੀ ਅਖਬਾਰ ਮੰਗਾਉਂਦਾ ਹੈ। ਲਗਾਤਾਰ ਅਖ਼ਬਾਰ ਪੜ੍ਹਨ ਦੇ ਬਾਵਜੂਦ ਉਹ ਆਜ਼ਾਦੀ ਮੰਗਦੇ ਲੋਕਾਂ ਦੇ ਖਿਲਾਫ ਹੈ। ਬੂਟਾ ਸਿੰਘ ਦੇ ਹਿਸਾਬ ਨਾਲ ਅੰਗਰੇਜ਼ਾਂ ਦਾ ਰਾਜ ਵਧੀਆ ਰਾਜ ਹੈ ਜਿਥੇ ਸਭ ਨੂੰ ਇਨਸਾਫ ਮਿਲਦਾ ਹੈ। ਬੂਟਾ ਸਿੰਘ ਵਰਗੇ ਲੋਕਾਂ ਦਾ ਇਕ ਵੱਡਾ ਤਬਕਾ ਹੈ ਜੋ ਸੋਚਦੇ ਹਨ ਕਿ ਪੰਜਾਬ ਵਿਚ ਮੁੜ ਕੇ ਖੁਸ਼ਹਾਲੀ ਲਿਆਉਣ ਦੇ ਜ਼ਿੰਮੇਵਾਰ ਗੋਰੇ ਹੀ ਹਨ। ਅਸਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦਲੇ ਦਸਾਂ ਸਾਲਾਂ ਵਿਚ ਪੰਜਾਬ ਨੇ ਬਹੁਤ ਵੱਡਾ ਸੰਤਾਪ ਭੋਗਿਆ ਹੈ। ਪਹਿਲਾਂ ਤਾਂ ਸਿੱਖ ਆਪਸ ਵਿਚ ਮਹਾਰਾਜੇ ਦੇ ਜਾਨਸ਼ੀਨ ਖਾਤਰ ਲੜਦੇ ਇਕ ਦੂਜੇ ਨੂੰ ਮਾਰਦੇ ਰਹੇ, ਫਿਰ ਇਹਨਾਂ ਦੀਆਂ ਅੰਗਰੇਜ਼ਾਂ ਨਾਲ ਹੀ ਲੜਾਈਆਂ ਸ਼ੁਰੂ ਹੋ ਗਈਆਂ। ਪੰਜਾਬ ਦੀ ਤਾਕਤ ਖੇਰੂੰ ਖੇਰੂੰ ਹੋ ਗਈ। ਫੌਜ ਨੂੰ ਤਨਖਾਹ ਦੇਣ ਲਈ ਖਜ਼ਾਨਾ ਖਾਲੀ ਹੋ ਗਿਆ। ਜਿਸ ਦੀ ਹਕੂਮਤ ਸੀ ਉਸ ਨੇ ਹੀ ਲੋਕਾਂ ਨਾਲ ਵਧੀਕੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਗੋਰਿਆਂ ਦਾ ਰਾਜ ਆਇਆ, ਪੰਜਾਬ ਦੇ ਹਲਾਤ ਸੁਧਰਨ ਲਗੇ। ਗੋਰਿਆਂ ਨੇ ਪੰਜਾਬ ਦੀ ਖੁਸ਼ਹਾਲੀ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਪੰਜਾਬ ਨੂੰ ਤਿੰਨ ਕਮਿਸ਼ਨਾਂ ਵਿਚ ਵੰਡਿਆ ਗਿਆ ਤੇ ਅਗੇ ਇਹਨਾਂ ਕਮਿਸ਼ਨਾਂ ਵਿਚ ਜ਼ਿਲ੍ਹੇ ਬਣਾ ਦਿੱਤੇ ਗਏ। ਜ਼ਿਲ੍ਹਿਆਂ ਨੂੰ ਤਹਿਸੀਲਾਂ ਵਿਚ ਵੰਡ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬ ਵਿਚ ਸਰਕਾਰੀ ਕੰਮਕਾਰ ਸੁਖਾਲਾ ਤੇ ਅਸਾਨ ਹੋ ਗਿਆ। ਜ਼ਮੀਨ ਦੀ ਮੁਰੱਬੇਬੰਦੀ ਕਰਕੇ ਇਸ ਦਾ ਰਿਕਾਰਡ ਰੱਖਣ ਲਈ ਤਹਿਸੀਲਦਾਰ ਤੇ ਉਸ ਦੇ ਹੇਠ ਕਾਨੂਗੋ ਤੇ ਪਟਵਾਰੀ ਨਿਯੁਕਤ ਕਰ ਦਿੱਤੇ ਗਏ। ਰੇਲਵੇ ਲਾਈਨ ਵਿਛਾਈ ਜਾਣ ਲਗ ਪਈ। ਸਕੂਲ-ਹਸਪਤਾਲ ਖੁਲ੍ਹਣ ਲਗੇ। ਇਹ ਗੱਲਾਂ ਪੰਜਾਬ ਦੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਨਹੀਂ ਹੋਈਆਂ। ਇੰਨੀ ਤਰੱਕੀ ਪੰਜਾਬ ਨੇ ਕਦੇ ਵੀ ਨਹੀਂ ਸੀ ਕੀਤੀ ਜਿੰਨੀ ਗੋਰਿਆਂ ਦੇ ਰਾਜ ਵਿਚ ਕੀਤੀ ਹੈ। ਉਸ ਜ਼ਮਾਨੇ ਦਾ ਪੜ੍ਹਿਆ-ਲਿਖਿਆ ਇਕ ਵੱਡਾ ਤੱਬਕਾ ਅੰਗਰੇਜ਼ ਤੋਂ ਬਹੁਤ ਮੁਤਾਸਰ ਹੈ। ਸੋ ਬੂਟਾ ਸਿੰਘ ਅੰਗਰੇਜ਼ ਰਾਜ ਨੂੰ ਬਹੁਤ ਵਧੀਆ ਰਾਜ ਮੰਨਦਾ ਹੈ। ਪੜ੍ਹਿਆ ਹੋਣ ਕਰਕੇ ਲੋਕ ਉਸ ਨਾਲ ਇਸ ਬਾਰੇ ਗੱਲਾਂ ਵੀ ਕਰਦੇ ਹਨ ਤਾਂ ਉਹ ਸਾਫ ਕਹਿ ਦਿੰਦਾ ਹੈ ਕਿ ਭਗਤ ਸਿੰਘ ਨੇ ਐਵੇਂ ਐਵੇਂ ਗਰਮੀ ਵਿਚ ਆਏ ਨੇ ਫਾਂਸੀ ਲਗਵਾ ਲਈ ਹੈ। ਗਾਂਧੀ ਵੀ ਹੱਥ ਵਿਚ ਡੰਡਾ ਫੜੀ ਫਜ਼ੂਲ ਜਿਹਾ ਤੁਰਿਆ ਫਿਰਦਾ ਹੈ। ਕਦੇ ਚਪੇੜਾਂ ਖਾ ਵੀ ਕੋਈ ਕਿਸੇ ਨੂੰ ਹਰਾ ਸਕਦਾ ਹੈ। ਗਾਂਧੀ ਦੇ ਸਤਿਆਗ੍ਰਿਹਾਂ ਦਾ ਉਹ ਮਜ਼ਾਕ ਉਡਾਉਂਦਾ ਹੈ। ਉਹ ਕਹਿੰਦਾ ਹੈ ਕਿ ਗੋਰੇ ਕਦੇ ਵੀ



ਇਸ ਮੁਲਕ ਵਿਚੋਂ ਜਾਣ ਨਹੀਂ ਲਗੇ ਤੇ ਉਹਨਾਂ ਨੂੰ ਜਾਣਾ ਵੀ ਨਹੀਂ ਚਾਹੀਦਾ।

ਬੂਟਾ ਸਿੰਘ ਦਾ ਹੱਥ ਬਹੁਤ ਸਾਵਾਂ ਹੈ ਕਿਉਂਕਿ ਕੰਮ-ਧੰਦਾ ਉਹ ਕੋਈ ਕਰ ਨਹੀਂ ਰਿਹਾ। ਬਹੁਤੀ ਜ਼ਮੀਨ ਉਸ ਦੀ ਡੱਬਰੀ ਵਿਚ ਹੈ। ਡੱਬਰੀ ਤਾਂ ਪਹਿਲਾਂ ਹੀ ਕੁਝ ਨਹੀਂ ਹੁੰਦਾ ਪਰ ਹੁਣ ਉਥੇ ਕੱਲਰ ਵੀ ਪੈ ਰਿਹਾ ਹੈ। ਘਾਹ ਵੀ ਹੁਣ ਧਲੀਆਂ ਜਿਹੀਆਂ ਹੀ ਹੁੰਦਾ ਹੈ ਤੇ ਬਾਕੀ ਸਭ ਚਿੱਟੋਂ ਫਿਰ ਗਈ ਹੈ। ਪਿੰਡ ਦੇ ਇਸ ਪਾਸੇ ਕਈ ਲੋਕਾਂ ਦੇ ਤਾਂ ਖੇਤਾਂ ਦੇ ਖੇਤ ਹੀ ਕੱਲਰ ਨਾਲ ਚਿੱਟੇ ਹੋ ਰਹੇ ਹਨ। ਦੂਜੇ ਪਾਸੇ ਢੱਕੀ ਵੱਲ ਜ਼ਮੀਨ ਥੋੜ੍ਹੀ ਹੀ ਹੈ। ਹੁਣ ਕੁਲ ਮਿਲਾ ਕੇ ਦੋ ਕੁ ਖੇਤ ਢੱਕੀ ਹਨ ਤੇ ਸਾਢੇ ਪੰਜ ਖੇਤ ਡੱਬਰੀ। ਜੇ ਬਾਬਾ ਰਲ਼ਾ ਜ਼ਮੀਨ ਨਾ ਵੇਚਦਾ ਤਾਂ ਸ਼ਾਇਦ ਇਕ ਇਕ ਜਾਂ ਦੋ ਦੋ ਖੇਤ ਹੋਰ ਹਿੱਸੇ ਆ ਜਾਂਦੇ। ਰਲ਼ੇ ਦੀ ਜ਼ਮੀਨ ਤਿੰਨਾਂ ਹਿੱਸਿਆਂ ਵਿਚ ਜਿਉਂ ਵੰਡ ਹੋਈ ਹੈ। ਦੋਨਾਂ ਜ਼ਮੀਨਾਂ ਦਾ ਆਪਸ ਵਿਚ ਦਾ ਫਰਕ ਚਾਰ ਪੰਜ ਮੀਲ ਹੋਵੇਗਾ, ਇਕ ਪਿੰਡ ਤੋਂ ਤੀਜੇ ਪਿੰਡ ਜਾਣ ਜਿੰਨਾ। ਪਿੰਡ ਦੇ ਬਹੁਤੇ ਲੋਕਾਂ ਦੀ ਥੋੜ੍ਹੀ ਬਹੁਤ ਜ਼ਮੀਨ ਪਿੰਡ ਦੀ ਨਿਆਈਂ ਵਿਚ ਹੁੰਦੀ ਹੈ ਪਰ ਰਲ਼ੇ ਨੇ ਅਜਿਹੀ ਕੋਈ ਨਿਆਈਂ ਰੱਖੀ ਹੀ ਨਹੀਂ। ਨਿਆਈਂ ਦੇ ਸਿਰ ਤੇ ਰਲ਼ਾ ਆਪਣੀ ਕੋਈ ਦੋਸਤੀ ਪੁਗਾ ਗਿਆ ਹੈ। ਬੂਟਾ ਸਿੰਘ ਨੂੰ ਪਸ਼ੂਆਂ ਦੇ ਪੱਠਿਆਂ ਲਈ ਪਿੰਡ ਦੇ ਨੇੜੇ ਥੋੜ੍ਹੀ ਬਹੁਤ ਜ਼ਮੀਨ ਹਾਲ਼ੇ ਤੇ ਲੈਣੀ ਪੈਂਦੀ ਹੈ। ਜੇ ਪੱਠੇ ਆਪਣੇ ਖੇਤਾਂ ਵਿਚ ਬੀਜੇ ਜਾਣ ਤਾਂ ਇੰਨੀ ਦੂਰ ਹਨ ਕਿ ਘੰਟਾ ਜਾਣ ਤੇ ਘੰਟਾ ਆਉਣ ਨੂੰ ਲੱਗੇ।

ਬੂਟਾ ਸਿੰਘ ਹਰ ਵੇਲੇ ਸੋਚਦਾ ਰਹਿੰਦਾ ਹੈ ਕਿ ਉਹ ਕਿਹੜਾ ਅਜਿਹਾ ਕੰਮ ਕਰੇ ਜਿਸ ਨਾਲ ਵਧੀਆ ਰੋਟੀ ਤੁਰਦੀ ਰਹੇ। ਉਸ ਨੂੰ ਪਤਾ ਹੈ ਕਿ ਖੇਤੀ ਵਿਚੋਂ ਕੁਝ ਬਣਨਾ ਨਹੀਂ ਹੈ ਤੇ ਨਾ ਹੀ ਖੇਤੀ ਉਸ ਤੋਂ ਹੋਣੀ ਹੈ। ਸਰਕਾਰੀ ਨੌਕਰੀ ਕਰਨ ਦੀ ਉਸ ਦੀ ਉਮਰ ਨਿਕਲ ਚੁੱਕੀ ਹੈ। ਉਹ ਇਧਰ ਓਧਰ ਹੱਥ ਮਾਰਦਾ ਹੈ ਪਰ ਕੁਝ ਨਹੀਂ ਬਣਦਾ। ਇਕ ਦਿਨ ਉਹ ਜੰਗਲ ਪਾਣੀ ਹੋ ਕੇ ਵਾਪਸ ਆ ਰਿਹਾ ਹੈ ਤਾਂ ਕੋਈ ਬਾਲਣ ਵਾਲੀ ਲੱਕੜ ਦਾ ਭਰਿਆ ਗੱਡਾ ਲਈ ਸ਼ਹਿਰ ਸੁਟਣ ਜਾ ਰਿਹਾ ਹੈ। ਉਹ ਬੰਦਾ ਬੂਟਾ ਸਿੰਘ ਦਾ ਥੋੜ੍ਹਾ ਬਹੁਤ ਵਾਕਫ ਹੋਣ ਕਰਕੇ ਉਸ ਨੂੰ ਫਤਿਹ ਬੁਲਾਉਂਦਾ ਹੈ। ਬੂਟਾ ਸਿੰਘ ਪੁੱਛਦਾ ਹੈ,

"ਮੱਲਾ, ਕਿਧਰ ਲੈ ਕੇ ਜਾ ਰਿਹਾਂ ਇਹ ਬਾਲਣ?"

"ਸਰਦਾਰਾ, ਸ਼ਹਿਰ ਵੇਚਣ ਜਾ ਰਿਹਾਂ।"

"ਜਾਂਦਾ ਈ ਵਿਕ ਜਾਊ?"

"ਬਿਲਕੁਲ, ਇਕੋ ਲਾਲੇ ਦੇ ਲਾਹੂੰ ਤੇ ਨਕਦ ਪੈਸੇ ਲੈ ਕੇ ਮੁੜ ਆਊਂ।"

"ਅੱਛਾ! ਕਿੰਨੇ ਕੁ ਦਾ ਵਿਕ ਜਾਊ ਇਹ ਪੂਰਾ ਗੱਡਾ?"

"ਸਰਦਾਰਾ, ਇਹ ਵੀਹਾਂ ਦਾ ਵਿਕ ਜਾਊ।"

"ਤੈਨੂੰ ਕਿੰਨੇ ਦਾ ਪਿਆ?"

"ਇਹ ਨਾ ਪੁੱਛ, ਪਰ ਮੇਰਾ ਕੁਲ ਖਰਚ ਦਸ ਰੁਪਏ ਆਊ ਤੇ ਦਸ ਮੈਨੂੰ ਬਚ ਜਾਣਗੇ।"

"ਅੱਛਾ!"

ਬੂਟਾ ਸਿੰਘ ਹੈਰਾਨ ਹੁੰਦਾ ਹੈ। ਇਹ ਉਹ ਦਿਨ ਹਨ ਜਿਹਨਾਂ ਦਿਨਾਂ ਵਿਚ ਦਸ ਰੁਪਏ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ। ਕਿਸੇ ਫੌਜੀ ਦੀ ਜਾਂ ਸਕੂਲ ਦੇ ਮੁਨਸ਼ੀ ਦੀ ਤਨਖਾਹ ਦਸ ਰੁਪਏ ਮਹੀਨਾ ਨਹੀਂ ਹੋਵੇਗੀ। ਤੇ ਇਹ ਬੰਦਾ ਇਕੋ ਗੇੜੇ ਵਿਚ ਦਸ ਰੁਪਏ ਬਣਾ ਲਵੇਗਾ। ਬੂਟਾ ਸਿੰਘ ਉਸ ਨੂੰ ਫਿਰ ਪੁੱਛਦਾ ਹੈ,

"ਅਗੇ ਲਾਲਾ ਕਿੰਨੇ ਦਾ ਵੇਚੇਗਾ ਇਹ ਬਾਲਣ?"

"ਸਰਦਾਰਾ, ਓਹਨੇ ਤਾਂ ਅਗੇ ਦਸ ਦਸ ਸੇਰ ਕਰਕੇ ਵੇਚਣਾ, ਚਾਲੀ ਰੁਪਏ ਕਮਾ ਲਊ।"

ਬੂਟਾ ਸਿੰਘ ਕੁਝ ਸੋਚਦਾ ਹੋਇਆ ਸਿਰ ਮਾਰਦਾ ਕੋਈ ਫੈਸਲਾ ਲੈਂਦਾ ਆਖਦਾ ਹੈ,

"ਮੱਲਾ, ਏਦਾਂ ਕਰ ਬਈ ਤੂੰ ਇਹ ਗੱਡਾ ਇਥੇ ਹੀ ਢੇਰੀ ਕਰ ਜਾ, ਦੇਖੀ ਜਾਊ ਜੋ ਹੋਊ।"

"ਸਰਦਾਰਾ, ਦੋ ਤਿੰਨ ਗੱਲਾਂ ਹੈਗੀਆਂ, ਪਹਿਲੀ ਗੱਲ ਤਾਂ ਇਹ ਤਖਾਣਾਂ ਜਾਂ ਲਾਲਿਆਂ ਦਾ ਕੰਮ ਆ, ਜੱਟ ਇਹ ਕੰਮ ਕਰਦਾ ਚੰਗਾ ਨਹੀਂ ਲਗਦਾ।"

"ਮੱਲਾ, ਜੱਟ ਨੇ ਜੱਟ ਈ ਰਹਿਣਾ ਭਾਵੇਂ ਕੋਈ ਕੰਮ ਕਰ ਲਵੇ।"

ਅੰਦਰੋਂ ਉਹ ਸੋਚ ਰਿਹਾ ਹੈ ਕਿ ਸਵਾਲ ਤਾਂ ਘਰ ਚਲਾਉਣ ਦਾ ਹੈ, ਫਿਰ ਇਹ ਤਾਂ ਵਿਓਪਾਰ ਹੈ। ਗੱਡੇ ਵਾਲਾ ਕਹਿ ਰਿਹਾ ਹੈ,

"ਲੋਕ ਨਹੀਂ ਚੰਗਾ ਸਮਝਦੇ ਹੁੰਦੇ।"

"ਮੱਲਾ, ਲੋਕਾਂ ਦੀ ਪਰਵਾਹ ਕਰਾਂਗੇ ਤਾਂ ਮਰ ਗਏ, ਮੈਂ ਲੋਕਾਂ ਦੀ ਪਰਵਾਹ ਨਹੀਂ ਕਰਦਾ ਹੁੰਦਾ। ਮੈਂ ਤਾਂ ਕੋਈ ਕੰਮ ਸ਼ੁਰੂ ਕਰਨਾ ਚਾਹੁੰਨਾ, ਇਹ ਲਕੜ ਦਾ ਈ ਸਹੀ।"

"ਸਰਦਾਰਾ, ਦੂਜੀ ਗੱਲ ਇਹ ਆ ਬਈ ਇਹ ਲਕੜੀ ਦਾ ਕੰਮ ਏਦਾਂ ਈ ਨਹੀਂ ਸ਼ੁਰੂ ਹੋ ਜਾਣਾਂ, ਇਹਦੇ ਲਈ ਟਿਕਾਣਾ ਚਾਹੀਦਾ ਜਿਥੇ ਮਾਲ ਰੱਖੇਂਗਾ, ਫੇਰ ਮੈਂ ਇਹ ਬਾਲਣ ਤੈਨੂੰ ਤੋਲ ਕੇ ਦੇਣਾਂ, ਤੂੰ ਵੀ ਅਗੇ ਤੋਲ ਕੇ ਈ ਵੇਚਣਾ, ਤੇਰੇ ਕੋਲ ਤੱਕ ਦਾ ਇੰਤਜਾਮ ਹੋਣਾ ਚਾਹੀਦਾ।"

"ਤੱਕ ਤਾਂ ਹੈ ਨਹੀਂ ਬਈ ਮੇਰੇ ਕੋਲ਼।"

"ਸਰਦਾਰਾ, ਮੈਂ ਤਾਂ ਗੇੜਾ ਮਾਰਦਾ ਈ ਰਹਿੰਨਾ, ਤੂੰ ਏਦਾਂ ਕਰ ਬਈ ਆਪਣਾ ਮਨ ਬਣਾ ਲਾ ਤੇ ਸ਼ਹਿਰੋਂ ਤੱਕ ਲੈ ਆ ਤੇ ਬੱਟੇ ਲੈ ਆ, ਸੇਰ ਸੇਰ, ਦੋ ਦੋ ਸੇਰ, ਪੰਜ ਸੇਰ ਤੇ ਦਸ ਸੇਰ ਵਾਲ਼ੇ ਬੱਟੇ ਤੇ ਵੀਹ ਸੇਰ ਵਾਲ਼ਾ ਵੀ।"



"ਮੱਲਾ, ਮੈਂ ਮਨ ਬਣਾ ਲਿਆ, ਹੁਣ ਮੇਰਾ ਕੰਮ ਕਰ, ਤੂੰ ਇਥੇ ਰੁਕ। ਮੈਂ ਘਰੋਂ ਪੈਸੇ ਲੈ ਆਮਾਂ ਤੇ ਤੂੰ ਸ਼ਹਿਰੋਂ ਮੈਨੂੰ ਤੱਕ ਤੇ ਬੱਟੇ ਵੀ ਲਿਆ ਦੇਈਂ।"

"ਚੱਲ ਸਰਦਾਰਾ, ਤੂੰ ਵੀ ਕੀ ਯਾਦ ਰਖੇਂਗਾ, ਮੈਂ ਆਪਣੇ ਕੋਲੋਂ ਲੈ ਆਊਂ ਇਹ ਸਭ, ਤੂੰ ਮੈਨੂੰ ਆਏ ਨੂੰ ਪੈਸੇ ਦੇ ਦੇਈਂ।"

ਇਥੋਂ ਸ਼ੁਰੂਆਤ ਹੁੰਦੀ ਹੈ ਬੂਟਾ ਸਿੰਘ ਦੀ ਲਕੜ ਦਾ ਠੇਕੇਦਾਰ ਬਣਨ ਦੀ। ਉਸ ਦੇ ਆਪਣੇ ਕੋਲ ਤਾਂ ਕੋਈ ਖੁੱਲ੍ਹੀ ਜਗਾਹ ਨਹੀਂ ਹੈ ਜਿਥੇ ਲਕੜ ਦਾ ਭਰਿਆ ਗੱਡਾ ਰੱਖਵਾ ਸਕੇ ਪਰ ਕਿਸੇ ਵਾਕਫ ਦੀ ਖਾਲੀ ਜਗਾਹ ਤਲਾਅ ਦੇ ਕੰਢੇ ਮਿਲ ਜਾਂਦੀ ਹੈ। ਅਗਲੇ ਹਫਤੇ ਹੀ ਲਕੜ ਦਾ ਭਰਿਆ ਗੱਡਾ ਉਸ ਦੇ ਟਿਕਾਣੇ 'ਤੇ ਆ ਖਲੋਂਦਾ ਹੈ। ਉਹ ਇਕ ਦਰਖਤ ਦੇ ਡਾਹਣੇ ਨਾਲ ਤੱਕ ਲਟਕਾ ਦਿੰਦਾ ਹੈ। ਬਾਲਣ ਜੋਖਿਆ ਜਾਣ ਲਗਦਾ ਹੈ। ਇਕ ਮਣ ਪੱਕੀ ਲਕੜ ਦੇ ਨਾਲ ਇਕ ਫਾੜ ਇਕ ਪਾਸੇ ਰੱਖ ਲਈ ਜਾਂਦੀ ਹੈ ਤਾਂ ਜੋ ਗਿਣਤੀ ਕਰਨੀ ਸੌਖੀ ਰਹੇ। ਪੱਚੀ ਮਣ ਪੱਕੇ ਦਾ ਗੱਡਾ ਉਹ ਵੀਹ ਰੁਪਏ ਵਿਚ ਖਰੀਦ ਲੈਂਦਾ ਹੈ। ਆਪ ਦੋ ਰੁਪਏ ਦੀ ਮਣ ਲਕੜੀ ਦੇ ਹਿਸਾਬ ਨਾਲ ਮੁਨਿਆਦੀ ਕਰਾ ਦਿੰਦਾ ਹੈ। ਕੁਝ ਲੋਕ ਫੁਸਰ ਫੁਸਰ ਕਰਦੇ ਹਨ ਕਿ ਜੱਟ ਨੇ ਅਟਾਲ ਪਾ ਲਿਆ ਹੈ ਪਰ ਬੂਟਾ ਸਿੰਘ ਨੂੰ ਇਸ ਦੀ ਪਰਵਾਹ ਨਹੀਂ ਹੈ। ਉਸ ਦਾ ਮੰਗਾਇਆ ਲਕੜ ਦਾ ਪਹਿਲਾ ਗੱਡਾ ਦਿਨਾਂ ਵਿਚ ਹੀ ਖਤਮ ਹੋ ਜਾਂਦਾ ਹੈ। ਵੱਡਾ ਪਿੰਡ ਹੈ। ਜੱਟਾਂ ਕੋਲ ਤਾਂ ਘਰ ਦਾ ਬਥੇਰਾ ਬਾਲਣ ਹੁੰਦਾ ਹੈ ਪਰ ਪਿੰਡ ਵਿਚ ਮਹਾਜਨਾਂ ਦੀ ਵੀ ਕਾਫੀ ਗਿਣਤੀ ਹੈ ਇਸ ਕਰਕੇ ਬਾਲਣ ਦੀ ਕਾਫੀ ਲੋੜ ਹੈ। ਪਿੰਡ ਵਿਚ ਪਹਿਲਾਂ ਇਕ ਅਟਾਲ ਹੈ ਪਰ ਉਹ ਛੋਟਾ ਜਿਹਾ ਹੀ ਹੈ। ਦੂਜੀ ਵਾਰ ਉਹ ਦੋ ਗੱਡੇ ਬਾਲਣ ਦੇ ਮੰਗਾਉਂਦਾ ਹੈ। ਤੀਜੀ ਵਾਰੀ ਤਿੰਨ। ਫਿਰ ਬੱਸ ਚਲੋ ਚੱਲ ਹੋ ਜਾਂਦੀ ਹੈ। ਛੇਤੀ ਹੀ ਉਹ ਠੇਕੇਦਾਰ ਅਖਵਾਉਣ ਲਗ ਪੈਂਦਾ ਹੈ। ਜੇ ਕਿਸੇ ਨੇ ਆਪਣਾ ਕੋਈ ਦਰੱਖਤ ਵਢਾਉਣਾ ਹੋਵੇ ਤਾਂ ਬੂਟਾ ਸਿੰਘ ਕੋਲ ਪਹੁੰਚ ਕਰਦਾ ਹੈ। ਬੂਟਾ ਸਿੰਘ ਦਰੱਖਤ ਦੀ ਕੀਮਤ ਪਾਉਂਦਾ ਹੈ ਤੇ ਖਰੀਦ ਲੈਂਦਾ ਹੈ। ਦਰਖਤ ਖਰੀਦਣ ਦੀ ਸਮਝ ਵੀ ਉਸ ਨੂੰ ਛੇਤੀ ਹੀ ਆ ਜਾਂਦੀ ਹੈ। ਉਹ ਮਿਣ ਕੇ ਦੇਖ ਲੈਂਦਾ ਹੈ ਕਿ ਦਰਖਤ ਉਸ ਦੇ ਕਿਹੜੇ ਕਿਹੜੇ ਕੰਮ ਆ ਸਕਦਾ ਹੈ। ਇਸ ਵਿਚ ਬਾਲਣ ਕਿੰਨਾ ਹੈ ਤੇ ਹੋਰ ਕੰਮ ਦੀਆਂ ਚੀਜ਼ਾਂ ਕਿੰਨੀਆਂ। ਦਰਖਤ ਵਿਚੋਂ ਉਹ ਸ਼ਤੀਰੀਆਂ, ਬਾਲੇ, ਫੱਟੇ ਤੇ ਹੋਰ ਖੇਤੀ ਵਿਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਤੇ ਸੰਦਾਂ ਦੀ ਤਲਾਸ਼ ਕਰਦਾ ਹੈ ਤੇ ਉਸ ਹਿਸਾਬ ਨਾਲ ਕੀਮਤ ਪਾਉਂਦਾ ਹੈ। ਫਿਰ ਕੰਮ ਆਉਣ ਵਾਲੀ ਲਕੜੀ ਦਾ ਗੱਡਾ ਭਰ ਕੇ ਸ਼ਹਿਰ ਦੇ ਆਰੇ ਤੋਂ ਆਪਣੀ ਵਿਉਂਤ ਮੁਤਾਬਕ ਚਿਰਵਾ ਲਿਆਉਂਦਾ ਹੈ। ਸਿਆਲਾਂ ਨੂੰ ਕਸ਼ਮੀਰੀ ਰਾਸ਼ੇ ਉਸ ਕੋਲ ਆਉਣ ਲਗਦੇ ਹਨ ਜੋ ਲਕੜੀ ਦਾ ਕੰਮ ਹੀ ਕਰਦੇ ਹਨ। ਸਾਰਾ ਸਿਆਲ ਉਸ ਦੇ ਅਟਾਲ 'ਤੇ ਰਾਸ਼ੇ ਬਾਲਣ ਪਾੜਨ ਦਾ ਕੰਮ ਕਰਦੇ ਰਹਿੰਦੇ ਹਨ। ਸਿਆਲਾਂ ਨੂੰ ਬਾਲਣ ਸੁੱਕਣ ਨੂੰ ਵਕਤ ਲਗਦਾ ਹੈ, ਇਸ ਲਈ

ਉਹ ਗਰਮੀਆਂ ਵਿਚ ਹੀ ਸਿਆਲਾਂ ਲਈ ਬਾਲਣ ਜਮਾਂ ਕਰ ਲੈਂਦਾ ਹੈ। ਸੁੱਕਾ ਬਾਲਣ ਹੀ ਵਿਕਦਾ ਹੈ। ਉਸ ਦੀ ਪੜ੍ਹਾਈ ਇਥੇ ਕੰਮ ਆਉਣ ਲਗਦੀ ਹੈ। ਥੋੜ੍ਹੀ ਬਹੁਤ ਖੇਤੀ ਕੀਤੀ ਹੋਣ ਕਰਕੇ ਉਸ ਨੂੰ ਖੇਤੀ ਦੇ ਸੰਦਾਂ ਦੀ ਬਹੁਤ ਸਮਝ ਹੈ ਜਿਹੜੀ ਕਿ ਆਮ ਲਕੜੀ ਦੇ ਕੰਮ ਕਰਨ ਵਾਲੇ ਨੂੰ ਨਹੀਂ ਹੋ ਸਕਦੀ। ਉਸ ਨੂੰ ਪਤਾ ਹੈ ਕਿ ਕਿੱਕਰ ਜਾਂ ਟਾਹਲੀ ਦਾ ਸੁਹਾਗਾ ਠੀਕ ਹੁੰਦਾ ਹੈ, ਪੰਜਾਲੀ ਲਈ ਬੇਰੀ ਦੀ ਹਲਕੀ ਲਕੜੀ ਠੀਕ ਰਹਿੰਦੀ ਹੈ। ਉਹ ਖੇਤੀ ਦੇ ਸੰਦ ਤੇ ਕੰਮ ਦੀਆਂ ਹੋਰ ਚੀਜ਼ਾਂ ਬਣਾ ਕੇ ਵੀ ਵੇਚਣ ਲਗਦਾ ਹੈ ਜਿਵੇਂ ਕਿ ਹਲਸ, ਚਊ, ਮੁੰਨਾ, ਪੰਜਾਲੀ, ਜੁੰਗਲਾ, ਖੁਰਲੀ, ਸੁਹਾਗਾ, ਗਾਧੀ ਆਦਿ ਤੇ ਫਿਰ ਸ਼ਤੀਰੀਆਂ ਤੇ ਬਾਲੇ ਬਗੈਰਾ ਵੀ ਰੱਖਣ ਲਗਦਾ ਹੈ। ਉਸ ਦਾ ਗੁਜ਼ਾਰਾ ਵਾਹਵਾ ਤੁਰ ਪੈਂਦਾ ਹੈ। ਉਸ ਨੂੰ ਆਪ ਤਾਂ ਤ੍ਰਖਾਣਾ ਕੰਮ ਆਉਂਦਾ ਨਹੀਂ ਇਸ ਲਈ ਬੰਤਾ ਸਿੰਘ ਨੂੰ ਇਸ ਕੰਮ ਲਈ ਰੱਖ ਲੈਂਦਾ ਹੈ। ਬੰਤਾ ਸਿੰਘ ਦਿਹਾੜੀ ’ਤੇ ਉਸ ਕੋਲ ਕਈ ਸਾਲ ਕੰਮ ਕਰਦਾ ਰਹਿੰਦਾ ਹੈ। ਕਈ ਵਾਰ ਦੋ ਤ੍ਰਖਾਣ ਵੀ ਉਸ ਕੋਲ ਦਿਹਾੜੀ ਕਰ ਰਹੇ ਹੁੰਦੇ ਹਨ। ਕਿਸੇ ਦੇ ਸੁਹਾਗੇ ਨੂੰ ਦੰਦੀ ਵੀ ਲਵਾ ਦਿੰਦਾ ਹੈ। ਚਊ, ਹਲਸ ਤੇ ਮੁੰਨੇ ਨੂੰ ਜੋੜ ਕੇ ਵਿਚ ਫਾਲ੍ਹਾ ਜੜ ਕੇ ਪੂਰਾ ਹਲ਼ ਵੀ ਤਿਆਰ ਕਰਵਾ ਦਿੰਦਾ ਹੈ। ਲੋਕ ਉਸ ਨੂੰ ਬੂਟਾ ਸਿੰਘ ਠੇਕੇਦਾਰ ਕਹਿਣ ਲਗਦੇ ਹਨ।

ਇਕ ਦਿਨ ਉਸ ਦਾ ਸਹੁਰਾ ਆਉਂਦਾ ਹੈ ਤੇ ਕਹਿਣਾ ਲਗਦਾ ਹੈ,

“ਬੂਟਾ ਸਿਆਂ, ਤੂੰ ਜੱਟ ਐਂ, ਕੋਈ ਹੋਰ ਕੰਮ ਨਹੀਂ ਕਰਨਾ ਤਾਂ ਖੇਤੀ ਈ ਕਰ ਲੈ ਪਰ ਆਹ ਤ੍ਰਖਾਣਾ ਕੰਮ ਤੈਨੂੰ ਤੇ ਨਾਲ ਸਾਨੂੰ ਵੀ ਸ਼ੋਭਾ ਨਹੀਂ ਦਿੰਦਾ।”

ਬੂਟਾ ਸਿੰਘ ਹੱਸਣ ਲਗਦਾ ਹੈ ਫਿਰ ਆਪਣੇ ਸਹੁਰੇ ਦੀ ਤਸੱਲੀ ਕਰਵਾਉਣ ਲਈ ਆਖਦਾ ਹੈ,

“ਦੇਖੋ, ਆਮ ਜੱਟ ਕੋਲ ਇਕ ਤਖਾਣ ਹੁੰਦਾ ਉਹ ਵੀ ਸੇਪੀ ਕਰਦਾ ਹੁੰਦਾ ਤੇ ਮੈਂ ਦੋ ਤਖਾਣ ਦਿਹਾੜੀ ’ਤੇ ਰੱਖੇ ਹੋਏ ਆ।”

ਉਸ ਦੇ ਸਹੁਰੇ ਦੀ ਤਸੱਲੀ ਤਾਂ ਨਹੀਂ ਹੁੰਦੀ ਪਰ ਉਹ ਚੁੱਪ ਕਰ ਜਾਂਦਾ ਹੈ।

ਦਰਸ਼ਨ ਆਪਣੀ ਦੁਨੀਆਂ ਵਿਚ ਮਸਤ ਹੈ। ਮੇਲੇ-ਮੁਸਾਵੇ ਦੇਖਣਾ ਉਸ ਦਾ ਸ਼ੌਂਕ ਹੈ। ਹੋਲਾ ਮਹੱਲਾ ਆਵੇ ਤਾਂ ਪਿੰਡ ਦੇ ਲੋਕਾਂ ਨਾਲ ਤੁਰ ਕੇ ਅਨੰਦਪੁਰ ਚਲੇ ਜਾਂਦਾ ਹੈ। ਮੁਕੰਦਪੁਰ ਤੋਂ ਚੌਂਕੀਆਂ ਦਾ ਮੇਲਾ ਲਗਣਾ ਸ਼ੁਰੂ ਹੁੰਦਾ ਹੈ ਤੇ ਇਹ ਮੰਜਕੀ ਵੱਲ ਨੂੰ ਵਧਦਾ ਜਾਂਦਾ ਹੈ। ਦਰਸ਼ਨ ਚੌਂਕੀਆਂ ਦਾ ਮੇਲਾ ਦੇਖਣ ਵੀ ਚਲੇ ਜਾਂਦਾ ਹੈ। ਰੁੜਕੇ ਵੀ ਮੇਲਾ ਲਗਦਾ ਹੈ। ਰੁੜਕੇ ਤਾਂ ਉਸ ਦੇ ਨਾਨਕੇ ਹਨ। ਉਥੇ ਉਸ ਦਾ ਆਉਣਾ ਜਾਣਾ ਬਣਿਆਂ ਰਹਿੰਦਾ ਹੈ। ਮੰਢਾਲੀ ਦਾ ਮੇਲਾ ਉਹ ਆਪਣੇ ਭਾਈਏ ਬੂਟਾ ਸਿੰਘ ਨਾਲ ਦੇਖਣ ਜਾਇਆ ਕਰਦਾ ਹੈ। ਪਿੰਡ ਦੇ ਗੁਰਦਵਾਰੇ ਵੀ ਕੋਈ ਗੁਰਪੁਰਬ ਹੋਵੇ ਤਾਂ ਮੇਲਾ ਲਗਦਾ ਹੈ ਖਾਸ ਤੌਰ ਤੇ ਗੁਰੂ ਹਰਿ ਰਾਏ ਦਾ ਜਨਮ ਦਿਹਾੜਾ ਹੋਵੇ ਤਾਂ। ਪਿੰਡ ਦੇ ਨੇੜੇ ਹੀ ਡੰਡਾ ਸਾਹਿਬ ਦਾ ਮੇਲਾ ਵੀ ਮਸ਼ਹੂਰ ਹੈ।



ਇਹਨਾਂ ਦਿਨਾਂ ਵਿਚ ਦਰਸ਼ਨ ਦਾ ਇਕ ਮਾਮਾ ਅਨੰਦਪੁਰ ਜਾ ਵਸਦਾ ਹੈ। ਹੁਣ ਤਾਂ ਜਿਵੇਂ ਦਰਸ਼ਨ ਦੀਆਂ ਮੌਜਾਂ ਲਗ ਗਈਆਂ ਹੋਣ। ਉਹ ਹਰੇਕ ਸਾਲ ਹੀ ਹੋਲੇ ਮਹੱਲੇ ’ਤੇ ਅਨੰਦਪੁਰ ਚਲੇ ਜਾਂਦਾ ਹੈ ਤੇ ਕਈ ਕਈ ਦਿਨ ਮਾਮੇ ਊਧਮ ਸਿੰਘ ਕੋਲ ਰਹਿ ਕੇ ਆਉਂਦਾ ਹੈ। ਉਸ ਦਾ ਮਾਮਾ ਊਧਮ ਸਿੰਘ ਛੇ ਫੁੱਟ ਲੰਮਾ ਜਵਾਨ ਹੈ। ਪਹਿਲਵਾਨਾਂ ਵਰਗੀ ਸਿਹਤ ਹੈ। ਇਕ ਸਰਕਸ ਵਾਲੇ ਉਸ ਨੂੰ ਕੁਝ ਦੇਰ ਵਾਸਤੇ ਪਹਿਲਵਾਨ ਦੇ ਤੌਰ ’ਤੇ ਭਰਤੀ ਵੀ ਕਰ ਲੈਂਦੇ ਹਨ। ਉਹ ਹੁਣ ਅਨੰਦਪੁਰ ਵਿਚ ਪੂਰੀ ਤਰ੍ਹਾਂ ਵਸ ਗਿਆ ਹੈ। ਦਰਸ਼ਨ ਦਾ ਆਪਣੇ ਇਸ ਮਾਮੇ ਨਾਲ ਬਹੁਤ ਪਿਆਰ ਹੈ।

ਸਮਾਂ ਸੰਨ 1939 ਦੇ ਬੂਹੇ ਤੇ ਆ ਪੁੱਜਦਾ ਹੈ। ਦੂਜਾ ਮਹਾਂ-ਯੁੱਧ ਸ਼ੁਰੂ ਹੋਣ ਵਾਲਾ ਹੈ। ਹਿਟਲਰ ਦੀ ਤਿਆਰੀ ਦੇਖ ਕੇ ਅੰਗਰੇਜ਼ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ। ਉਹਨਾਂ ਨੂੰ ਡਰ ਹੈ ਕਿ ਹਿਟਲਰ ਆਲੇ ਦੁਆਲੇ ਦੇ ਮੁਲਕਾਂ ’ਤੇ ਕਬਜ਼ਾ ਤਾਂ ਕਰੇਗਾ ਹੀ ਫਿਰ ਕਿਸੇ ਵੇਲੇ ਵੀ ਬ੍ਰਤਾਨੀਆਂ ਤੇ ਹਮਲਾ ਕਰ ਸਕਦਾ ਹੈ। ਹਿਟਲਰ ਦੀ ਅਥਾਹ ਤਾਕਤ ਤੋਂ ਗੋਰੇ ਡਰ ਰਹੇ ਹਨ। ਇਸ ਵੇਲੇ ਗੋਰਿਆਂ ਨੂੰ ਇਕ ਵੱਡੀ ਫੌਜ ਦੀ ਜ਼ਰੂਰਤ ਹੈ। ਉਹ ਫੌਜੀ-ਭਰਤੀ ਲਈ ਨਿਕਲਦੇ ਹਨ। ਜੱਟ-ਸਿਖ ਫੌਜੀ ਉਹਨਾਂ ਦੇ ਅਜਮਾਏ ਹੋਏ ਹਨ। ਬਾਕੀ ਕੌਮਾਂ ਨਾਲੋਂ ਜੱਟ-ਸਿੱਖ ਉਹਨਾਂ ਲਈ ਜ਼ਿਆਦਾ ਵਫਾਦਾਰ ਸਿੱਧ ਹੋ ਰਹੇ ਹਨ ਤੇ ਬਹਾਦਰ ਵੀ। ਪਹਿਲੀ ਮਹਾਂ-ਯੁੱਧ ਜਿੱਤਣ ਵਿਚ ਭਾਰਤੀ ਫੌਜ ਦਾ ਕਾਫੀ ਹੱਥ ਰਿਹਾ ਹੈ। ਪਿੰਡ ਫਰਾਲਾ ਦੇ ਕਈ ਨੌਜਵਾਨ ਪਹਿਲੀ ਮਹਾਂ-ਜੰਗ ਵਿਚ ਕੰਮ ਆਏ ਹਨ। ਗੋਰੇ ਨਵੀਂ ਭਰਤੀ ਲਈ ਥਾਂ ਥਾਂ ਕੈਂਪ ਲਗਾ ਰਹੇ ਹਨ। ਖਾਸ ਤੌਰ ’ਤੇ ਮੇਲਿਆਂ ਵਿਚ। ਅਨੰਦਪੁਰ ਵਿਚ ਵੀ ਫੌਜੀ ਭਰਤੀ ਦਾ ਕੈਂਪ ਲਗਿਆ ਹੋਇਆ ਹੈ। ਕੈਂਪ ਵਿਚ ਢੋਲ ਵੱਜ ਰਿਹਾ ਹੈ। ਜਲੇਬੀਆਂ-ਪਕੌੜੇ ਮਿਲ ਰਹੇ ਹਨ। ਚਾਹ ਦਾ ਹਾਲੇ ਫੈਸ਼ਨ ਨਹੀਂ ਆਇਆ। ਪਿੰਡਾਂ ਦੇ ਲੰਬੜਦਾਰਾਂ ਨੂੰ ਸਰਕਾਰ ਕਈ ਕਿਸਮ ਦੇ ਲਾਲਚ ਦੇ ਕੇ ਉਹਨਾਂ ਰਾਹੀਂ ਨੌਜਵਾਨਾਂ ਨੂੰ ਭਰਤੀ ਕਰਨ ਲਈ ਉਕਸਾ ਰਹੀ ਹੈ। ਫਰਾਲੇ ਦਾ ਲੰਬੜਦਾਰ ਅਨੰਦਪੁਰ ਦੇ ਮੇਲੇ ਵਿਚ ਫਿਰ ਰਿਹਾ ਹੈ ਤੇ ਸਰਕਾਰ ਦੇ ਕੰਮ ਲਗਾ ਹੋਇਆ ਹੈ ਤੇ ਪਿੰਡ ਦੇ ਮੁੰਡੇ ਲਭਦਾ ਫਿਰਦਾ ਹੈ। ਉਸ ਨੂੰ ਦਰਸ਼ਨ ਮਿਲ ਪੈਂਦਾ ਹੈ। ਉਹ ਦਰਸ਼ਨ ਨੂੰ ਪਤਿਆ ਕੇ ਭਰਤੀ ਵਾਲੇ ਕੈਂਪ ਵਿਚ ਲੈ ਆਉਂਦਾ ਹੈ। ਉਹ ਭਰਤੀ ਕਰਨ ਵਾਲੇ ਅਫਸਰ ਨੂੰ ਦੱਸਦਾ ਹੈ ਕਿ ਇਸ ਦਾ ਪਿੰਡ ਫਰਾਲਾ ਹੈ ਤੇ ਇਸ ਦਾ ਨਾਂ ਦਰਸ਼ਨ ਸਿੰਘ ਹੈ ਤੇ ਇਹ ਜੱਟ-ਸਿੱਖ ਬਰਾਦਰੀ ਵਿਚੋਂ ਹੈ। ਅਫਸਰ ਦਰਸ਼ਨ ਵੱਲ ਦੇਖਦਾ ਹੈ। ਉਸ ਦਾ ਕੱਦ ਪੰਜ ਫੁੱਟ ਨੌਂ-ਦਸ ਇੰਚ ਹੈ। ਹੁੰਦੜ-ਹੇਲ। ਸਰੀਰ ਭਰਿਆ ਪੂਰਾ ਜਵਾਨ ਦਿੱਸਦਾ ਹੈ। ਦੇਖਣ ਨੂੰ ਲਗਦਾ ਹੈ ਜਿਵੇਂ ਉਨੀ-ਵੀਹ ਸਾਲ ਦਾ ਹੋਵੇ। ਉਹ ਉਸ ਨੂੰ ਇਕ ਪਾਸੇ ਬੈਠਾਉਂਦਾ ਹੈ। ਉਥੇ ਹੋਰ ਵੀ ਬਹੁਤ ਸਾਰੇ ਮੁੰਡੇ ਬੈਠੇ ਹਨ। ਦਰਸ਼ਨ ਨੂੰ ਜਲੇਬੀਆਂ-ਪਕੌੜੇ ਖਾਣ ਨੂੰ ਮਿਲਦੇ ਹਨ। ਭਰਤੀ ਕਰਨ ਵਾਲਾ ਪੰਜਾਬੀ ਅਫਸਰ ਦਰਸ਼ਨ ਨੂੰ ਪੁੱਛਦਾ ਹੈ,

"ਕਿੰਨੀ ਉਮਰ ਮੁੰਡਿਆ ਤੇਰੀ ?"

"ਮਾਂ ਕਹਿੰਦੀ ਸੀ ਮੈਂ ਪੋਹ ਵਿਚ ਪੰਦਰਾਂ ਦਾ ਹੋਇਆਂ।"

ਅਫਸਰ ਉਂਗਲਾਂ ਤੇ ਗਿਣਦਾ ਮੂੰਹ ਵਿਚ ਹੀ ਆਖਦਾ ਹੈ, 'ਪੰਦਰਾਂ ਸਾਲ ਤੇ ਤਿੰਨ ਕੁ ਮਹੀਨੇ ਬਣੇ। ਉਹ ਆਪਣੇ ਗੋਰੇ ਅਫਸਰ ਨਾਲ ਗਿਟਮਿਟ ਕਰਦਾ ਹੈ ਤੇ ਫਿਰ ਫਰਾਲੇ ਦੇ ਲੰਬੜਦਾਰ ਨਾਲ ਗੱਲ ਕਰਦਾ ਹੈ। ਲੰਬੜਦਾਰ ਦਰਸ਼ਨ ਨੂੰ ਕਹਿੰਦਾ ਹੈ,

"ਫੌਜ ਵਿਚ ਭਰਤੀ ਹੋ ਜਾ ਦਰਸ਼ਣਾ, ਵਧੀਆ ਤਨਖਾਹ, ਖਾਣ ਪੀਣ ਨੂੰ ਖੁੱਲ੍ਹਾ, ਐਸ਼ ਕਰੇਂਗਾ, ਪਸ਼ੂ ਚਾਰਨ ਤੋਂ ਛੁੱਟ ਜਾਏਂਗਾ।"

ਫਿਰ ਅਫਸਰ ਦਰਸ਼ਨ ਨੂੰ ਪੁੱਛਦਾ ਹੈ,

"ਹੋਣਾਂ ਭਰਤੀ ?"

ਦਰਸ਼ਨ 'ਹਾਂ' ਵਿਚ ਸਿਰ ਮਾਰ ਦਿੰਦਾ ਹੈ। ਅਫਸਰ ਉਸ ਦੀ ਡੇੜ ਸਾਲ ਉਮਰ ਵਧਾ ਕੇ ਲਿਖ ਲੈਂਦਾ ਹੈ ਤੇ ਉਸ ਨੂੰ ਭਰਤੀ ਕਰ ਲਿਆ ਜਾਂਦਾ ਹੈ। ਉਸ ਦਿਨ ਫਰਾਲੇ ਦਾ ਉਹ ਲੰਬੜਦਾਰ ਪਿੰਡ ਦੇ ਤਿੰਨ ਮੁੰਡੇ ਭਰਤੀ ਕਰਵਾਉਂਦਾ ਹੈ।



## ਦੂਜਾ ਭਾਗ

# ਮੇਰਾ ਪੋਤਾ

ਮੇਰੇ ਬਾਪੂ ਨੇ ਅਖੀਰ ਬਹੁਤ ਮਾੜਾ ਦੇਖਿਆ। ਅਸੀਂ ਛੋਟੇ ਛੋਟੇ ਛੇ ਜਾਣੇ ਤੇ ਉਹ ਸਾਨੂੰ ਸਾਂਭਣ ਵਾਲਾ ਇਕੱਲਾ। ਪੂਰੀ ਜ਼ਿੰਦਗੀ ਉਹ ਗੈਰਜ਼ਿੰਮੇਵਾਰ ਰਿਹਾ ਪਰ ਸਾਨੂੰ ਸੰਭਾਲਣ ਵਿਚ ਉਸਨੇ ਆਪਣਾ ਪੂਰਾ ਜ਼ੋਰ ਲਾ ਦਿੱਤਾ। ਉਹ ਸਸਤੇ ਸਮੇਂ ਸਨ। ਜ਼ਿੰਦਗੀ ਸੌਖੀ ਸੀ। ਇਕ ਵਾਰ ਸਾਡੇ ਪਿੰਡ ਕਿਸੇ ਨੇ ਵਿਆਹ ਕਰਨਾ ਸੀ। ਸ਼ਹਿਰੋਂ ਕਿਸੇ ਤੋਂ ਚਾਂਦੀ ਦਾ ਰੁਪੱਈਆ ਮੰਗ ਕੇ ਲਿਆਇਆ ਕਿ ਉਸ ਨੇ ਕੁੜੀ ਦੇ ਦਾਜ ਵਿਚ ਦਿਖਾਉਣਾ ਹੈ। ਇਹ ਸੀ ਉਸ ਸਮੇਂ ਰੁਪੱਈਏ ਦੀ ਅਹਿਮੀਅਤ। ਭਾਵੇਂ ਸਾਡੀ ਬਹੁਤੀ ਜ਼ਮੀਨ ਡੱਬਰੀ ਵਿਚ ਸੀ ਤੇ ਉਪਜਾਊ ਨਹੀਂ ਸੀ ਪਰ ਢੱਕੀ ਦੀ ਜ਼ਮੀਨ ਨਾਲ ਗੁਜ਼ਾਰਾ ਠੀਕ ਚਲ ਰਿਹਾ ਸੀ। ਮੇਰਾ ਵਿਆਹ ਸੰਨ ਵੀਹ ਇਕੀ ਦੀਆਂ ਸਰਦੀਆਂ ਨੂੰ ਹੋਇਆ। ਜਦ ਮੈਂ ਵਿਆਹਿਆ ਗਿਆ ਤਾਂ ਬਾਪੂ ਕਹਿਣ ਲਗਿਆ,

"ਬੂਟਿਆ, ਹੁਣ ਲਗਦਾ ਮੈਂ ਬਹੁਤੀ ਦੇਰ ਨਹੀਂ ਕੱਢਣੀ, ਤੂੰ ਆਪਣੇ ਛੋਟੇ ਭਰਾ ਨੂੰ ਆਪਣੇ ਹੱਥੀਂ ਵਿਆਹ ਦੇਈਂ।"

"ਕੁਸ਼ ਨਹੀਂ ਹੁੰਦਾ ਬਾਪੂ, ਤੂੰ ਹਾਲੇ ਚੰਗਾ ਭਲਾਂ।"

"ਪਤਾ ਨਹੀਂ ਅੰਦਰ ਕੁਸ਼ ਟੁੱਟਦਾ ਰਹਿੰਦਾ, ਚਾਹੁੰਦਾ ਤਾਂ ਮੈਂ ਇਹ ਆਂ ਕਿ ਆਪਣੇ ਪੋਤੇ ਦਾ ਮੂੰਹ ਦੇਖ ਜਾਵਾਂ।"

ਬਾਪੂ ਲੋਭੀ ਹੋ ਗਿਆ ਸੀ। ਕਿਥੇ ਔਲਾਦ ਨੂੰ ਤਰਸਦਾ ਸੀ ਤੇ ਕਿਥੇ ਹੁਣ ਇਸ ਉਮਰ ਵਿਚ ਪੋਤੇ ਦਾ ਮੂੰਹ ਦੇਖਣਾ ਚਾਹੁੰਦਾ ਸੀ। ਉਹ ਕੁਝ ਦਿਨ ਢਿੱਲਾ ਰਿਹਾ। ਅਸੀਂ ਵੀ ਡਰ ਗਏ ਕਿ ਵਕਤ ਆ ਗਿਆ ਪਰ ਬਾਪੂ ਨਰੋਈ ਹੱਡੀ ਦਾ ਸੀ, ਕੁਝ ਦਿਨ ਬਿਮਾਰ ਰਹਿ ਕੇ ਠੀਕ ਹੋ ਗਿਆ। ਉਹ ਬੈਠਦਾ ਉਠਦਾ ਪੋਤੇ ਦੀਆਂ ਗੱਲਾਂ ਕਰਨ ਲਗਿਆ। ਮੇਰਾ ਛੋਟਾ ਭਰਾ ਚੰਨਣ ਮੇਰੇ ਤੋਂ ਪਹਿਲਾਂ ਵਿਆਹ ਹੋ ਗਿਆ ਸੀ ਪਰ ਉਹਨਾਂ ਦੇ ਹਾਲੇ ਬੱਚਾ ਨਹੀਂ ਸੀ ਹੋਇਆ। ਇਕ ਕੁੜੀ ਉਹਨਾਂ ਦੀ ਜ਼ਾਇਆ ਹੋ ਗਈ ਸੀ। ਉਹਨਾਂ ਦਿਨਾਂ ਵਿਚ ਇਹੋ ਬਹੁਤ ਸੀ ਕਿ ਬੱਚੇ-ਜੱਚੇ ਵਿਚੋਂ ਔਰਤ ਸਬੂਤੀ ਨਿਕਲ ਆਵੇ। ਬਾਪੂ ਕਿਸੇ ਚੀਜ਼ ਨੂੰ ਮੰਨਦਾ ਨਹੀਂ ਸੀ। ਉਸ ਨੂੰ ਕੋਈ ਵਹਿਮ ਭਰਮ ਨਹੀਂ ਸੀ। ਕਈ ਲੋਕ ਬਾਪੂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਲਗਦੇ ਪਰ ਉਹ ਜੋ ਸੀ ਉਵੇਂ ਹੀ ਰਹਿਣਾ ਚਾਹੁੰਦਾ ਸੀ। ਉਸ ਨੂੰ ਆਪਣੇ ਹੁੱਕੇ ਨਾਲ ਮੋਹ ਸੀ। ਬਾਪੂ ਨੇ ਭਾਵੇਂ ਸਿੱਖੀ ਨਹੀਂ ਸੀ ਅਪਣਾਈ ਪਰ ਸਾਡੀ ਬੜੀ ਮਾਂ ਸਾਨੂੰ ਸਿੱਖੀ ਦੇ ਗਈ ਸੀ, ਫਿਰ

ਸਾਡੇ ਚੱਕ ਮਾਈਦਾਸ ਵਾਲੇ ਨਾਨਕੇ ਪੂਰੇ ਗੁਰਸਿਖ ਸਨ ਸੋ ਸਾਡੇ ਤਿੰਨਾਂ ਭਰਾਵਾਂ ਉਪਰ ਉਹਨਾਂ ਦਾ ਅਸਰ ਸੀ। ਇਸੇ ਅਸਰ ਅਧੀਨ ਆ ਕੇ ਮੈਂ ਬਾਪੂ ਦਾ ਹੁੱਕਾ ਬੰਦ ਕਰਾਉਣ ਦੀ ਕੋਸ਼ਿਸ਼ ਕੀਤਾ ਪਰ ਬਾਪੂ ਕਿਸੇ ਦੀ ਗੱਲ ਮੰਨਣ ਵਾਲਾ ਨਹੀਂ ਸੀ। ਫਿਰ ਮੈਂ ਵੀ ਸੋਚਦਾ ਕਿ ਇਸ ਦੀ ਇੰਨੇ ਸਾਲਾਂ ਦੀ ਆਦਤ ਹੈ ਬਣੀ ਰਹਿਣ ਦਿਓ। ਇਕ ਖਾਸ ਗੱਲ ਇਹ ਸੀ ਕਿ ਬਚਪਨ ਤੋਂ ਹੀ ਬਾਪੂ ਦਾ ਹੁੱਕਾ ਭਰਨ ਦੀ ਜ਼ਿੰਮੇਵਾਰੀ ਮੇਰੀ ਰਹੀ ਸੀ। ਹੁੱਕਾ ਸਾਨੂੰ ਕਿਸੇ ਨੂੰ ਵੀ ਚੰਗਾ ਨਹੀਂ ਸੀ ਲਗਦਾ ਪਰ ਬਾਪੂ ਦਾ ਮਜ਼ਾਹੀਆ ਸੁਭਾਅ ਸਾਨੂੰ ਉਸ ਪ੍ਰਤੀ ਕਿਸੇ ਕਿਸਮ ਦਾ ਗੁੱਸਾ ਆਉਣ ਹੀ ਨਾ ਦਿੰਦਾ। ਇਕ ਦਿਨ ਮੈਂ ਡੱਬਰੀ ਤੋਂ ਆਇਆ ਤਾਂ ਬਾਪੂ ਕਹਿਣ ਲਗਿਆ,

"ਬਾਪੂ, ਤੂੰ ਸੱਠ ਸਾਲ ਲਾ 'ਤੇ ਸੀ, ਸਬਰ ਕਰ ਹਾਲੇ ਤਾਂ ਕੁਸ਼ ਮਹੀਨੇ ਈ ਹੋਏ ਆ ਵਿਆਹ ਨੂੰ।"

"ਸੱਠ ਸਾਲ ਮੇਰੇ ਅਲੋਂ ਨਹੀਂ ਸੀ ਲਗੇ, ਦੂਜੇ ਪਾਸੇ ਦੀ ਢਿੱਲ ਸੀ, ਜੇ ਏਦਾਂ ਦੀ ਗੱਲ ਆ ਤਾਂ ਮੈਂ ਤੇਰਾ ਵਿਆਹ ਦੁਬਾਰਾ ਕਰ ਲੈਣਾਂ ਪਰ ਮੇਰੇ ਜੀਂਦੇ ਜੀ ਕਰ ਕੁਸ਼।"

"ਪਹਿਲਾਂ ਤਾਂ ਮੇਰਾ ਮਸਾਂ ਵਿਆਹ ਹੋਇਆ ਹੋਰ ਕਿਥੋਂ ਕਰ ਲਵੇਂਗਾ?"

"ਮੇਰੀ ਬਥੇਰੀ ਵਾਕਫੀ ਆ, ਕਿਸੇ ਛੋਟੇ ਪਿੰਡੋਂ ਈ ਸਹੀ, ਮੈਨੂੰ ਪੋਤਾ ਚਾਹੀਦਾ ਤੇ ਉਹ ਵੀ ਜਲਦੀ।"

"ਬਾਪੂ, ਇਹ ਖੀਰ ਆ ਬਈ ਹੁਣੇ ਥਾਲੀ 'ਚ ਲਿਆ ਕੇ ਰੱਖ ਦਿਆਂ।"

"ਬੂਟਿਆ, ਤੂੰ ਦੱਸ, ਤੇਰੇ 'ਚ ਕੋਈ ਨੁਕਸ ਤਾਂ ਨਹੀਂ?"

"ਬਾਪੂ, ਤੇਰਾ ਦਿਮਾਗ ਘੁੰਮ ਗਿਆ!"

"ਜੇ ਨੁਕਸ ਹੈਗਾ ਤਾਂ ਦਸ, ਆਹ ਮੀਆਂ ਫਤਿਹ ਦੀਨ ਤੋਂ ਦੁਆਈ ਲੈ ਦਿੰਨਾਂ।"

"ਜੇ ਨੁਕਸ ਹੈਗਾ ਤਾਂ ਦਸ, ਆਹ ਮੀਆਂ ਫਤਿਹ ਦੀਨ ਤੋਂ ਦੁਆਈ ਲੈ ਦਿੰਨਾਂ"।

ਉਸ ਦਾ ਸ਼ੁਗਲ ਦਾ ਸੁਭਾਅ ਸੀ ਪਰ ਇਹ ਗੱਲ ਉਸ ਹਾਸੇ ਵਿਚ ਨਹੀਂ ਸੀ ਕਹਿ ਰਿਹਾ ਸਗੋਂ ਬਹੁਤ ਗੰਭੀਰ ਸੀ। ਮੈਂ ਘਰ ਨੰਦੀ ਨਾਲ ਗੱਲ ਕੀਤੀ ਤਾਂ ਉਹ ਸ਼ਰਮਾਈ ਵੀ ਜਾਵੇ ਤੇ ਹੱਸਣੋਂ ਵੀ ਨਾ ਹਟੇ। ਉਹਨੀਂ ਦਿਨੀਂ ਮੈਂ ਮੰਢਾਲੀ ਰੋਜ਼ਾ ਸ਼ਰੀਫ 'ਤੇ ਬਹੁਤ ਜਾਂਦਾ ਹੁੰਦਾ ਸੀ। ਸਾਡੇ ਪਿੰਡ ਦੇ ਨੇੜੇ ਹੀ ਸੀ। ਐਵੇਂ ਤਿੰਨ ਕੁ ਕੋਹ ਹੋਵੇਗਾ। ਮੇਰਾ ਥੋੜ੍ਹਾ ਬਹੁਤ ਯਕੀਨ ਵੀ ਸੀ। ਮੇਰੇ ਮੁਸਲਮਾਨ ਦੋਸਤ ਬਹੁਤ ਸਨ ਤੇ ਸਾਰੇ ਹੀ ਇਕ ਜਗਾਹ ਨੂੰ ਬਹੁਤ ਮੰਨਦੇ ਸਨ। ਤਿੰਨ ਦਿਨ ਮੇਲਾ ਚਲਣਾਂ, ਅਸੀਂ ਤਿੰਨੇ ਦਿਨ ਜਾ ਪਹੁੰਚਣਾਂ। ਇਕ ਦਿਨ ਬਾਪੂ ਕਹਿਣ ਲਗਿਆ,

"ਤੂੰ ਆਹ ਪੀਰ-ਪੂਰ ਨੂੰ ਈ ਕਹਿ ਕੇ ਦੇਖ ਲਾ, ਜੇ ਗੱਲ ਬਣਦੀ ਆ ਤਾਂ।"

ਬਾਪੂ ਦੀ ਇੰਨੀ ਲਾਲਸਾ ਦੇਖ ਕੇ ਮੈਂ ਵੀ ਕੁਝ ਗੰਭੀਰ ਹੋ ਗਿਆ। ਮੈਨੂੰ ਵੀ



ਫਿਕਰ ਜਿਹਾ ਪੈ ਗਿਆ। ਮੈਂ ਰੋਜ਼ਾ ਸ਼ਰੀਫ ਮੰਢਾਲੀ ਜਾ ਕੇ ਮੰਨਤ ਵੀ ਮੰਨ ਲਈ ਹਾਲਾਂਕਿ ਯਕੀਨ ਮੇਰਾ ਨਹੀਂ ਸੀ ਕਿ ਮੰਨਤ ਮੰਨਣ ਨਾਲ ਬੱਚਾ ਹੋ ਜਾਵੇਗਾ। ਮੇਰੇ ਤੋਂ ਬਾਪੂ ਦੀ ਪੋਤੇ ਲਈ ਤੜਫ ਨਹੀਂ ਸੀ ਦੇਖੀ ਜਾਂਦੀ। ਮੈਂ ਮੰਨਤ ਮੰਨ ਆਇਆ ਪਰ ਕੋਈ ਫਾਇਦਾ ਨਾ ਹੋਇਆ। ਬਾਪੂ ਦੇ ਹੁੱਕੇ ਦੀ ਗੁੜਗੁੜ ਤੇਜ਼ ਹੋ ਜਾਂਦੀ। ਉਹ ਹਵੇਲੀ ਤੋਂ ਘਰ ਤੇ ਘਰ ਤੋਂ ਹਵੇਲੀ ਦੇ ਕਈ ਚੱਕਰ ਮਾਰਦਾ। ਉਸ ਦੀ ਚਾਲ ਦੀ ਤੇਜ਼ੀ ਉਸ ਦੇ ਅੰਦਰਲੀ ਉਥਲ-ਪੁਥਲ ਬਾਰੇ ਦੱਸ ਰਹੀ ਹੁੰਦੀ। ਉਸ ਦੇ ਬਹੁਤ ਸਾਰੇ ਦੋਸਤ ਸਨ। ਆਪਣੀ ਇਹ ਤਮੰਨਾ ਉਹਨਾਂ ਨਾਲ ਸਾਂਝੀ ਕਰਦਾ ਰਹਿੰਦਾ। ਸਾਡੇ ਨਾਨਕੇ ਚੱਕ ਮਾਈ ਦਾਸ ਵਾਲੇ ਸਾਡਾ ਬਹੁਤ ਮੋਹ ਕਰਦੇ ਸਨ ਉਥੋਂ ਕੋਈ ਮਿਲਣ ਵਾਲਾ ਆਉਂਦਾ ਤਾਂ ਬਾਪੂ ਉਹਨਾਂ ਨਾਲ ਦਲੀਲਾਂ ਕਰਨ ਲਗਦਾ ਕਿ ਕੀ ਕੀਤਾ ਜਾਵੇ। ਸੰਨ 1923 ਦੀ ਲੋਹੜੀ ਨੂੰ ਬਾਪੂ ਅੰਦਰੋਂ ਹੀ ਨਹੀਂ ਨਿਕਲਿਆ, ਨਹੀਂ ਤਾਂ ਉਹ ਹਰੇਕ ਸਾਲ ਮੂਹਰੇ ਹੋ ਕੇ ਲੋਹੜੀ ਮੰਗਣ ਵਾਲਿਆਂ ਨੂੰ ਗੁੜ ਪਾਇਆ ਕਰਦਾ ਸੀ। ਉਹ ਕਹਿੰਦਾ ਰੱਬ ਨੇ ਮੈਨੂੰ ਉਮਰ ਦੇ ਉਸ ਪੜਾਅ 'ਤੇ ਔਲਾਦ ਦਿੱਤੀ ਹੈ ਹੁਣ ਮੇਰਾ ਹਰ ਲੋਹੜੀ ਵਿਚ ਹਿੱਸਾ ਪਾਉਣਾ ਹੱਕ ਬਣਦਾ।

ਇਕ ਦਿਨ ਬਾਪੂ ਕਹਿਣ ਲਗਾ,

"ਬੂਟਿਆ, ਹੋਲਾ ਮਹੱਲਾ ਆ ਰਿਹਾ, ਜਾ, ਬਹੂ ਨੂੰ ਅਨੰਦਪੁਰ ਲੈ ਜਾ, ਨਾਲ਼ੇ ਮੇਲਾ ਦੇਖ ਲਿਓ ਨਾਲੇ ਕੋਈ ਸੁੱਖ ਸੁਖ ਲਿਓ, ਹੁਣ ਤਾਂ ਦੋ ਸਾਲ ਹੋ ਗਏ ਤੇਰੇ ਵਿਆਹ ਨੂੰ।"

"ਬਾਪੂ, ਮੇਰਾ ਦਿਲ ਨਹੀਂ ਕਰਦਾ ਮੇਲੇ ਜਾਣ ਨੂੰ।"

"ਬਹੂ ਦਾ ਤਾਂ ਕਰਦਾ ਈ ਹੋਊ, ਨਾਲ਼ੇ ਮੇਲਾ ਦੇਖ ਹੋ ਜਾਊ ਤੇ ਨਾਲ਼ੇ ਮੱਥਾ ਟੇਕ ਕੇ ਸੁੱਖ ਸੁਖ ਲਿਓ।"

ਮੈਂ ਮੇਲਾ ਦੇਖਣ ਜਾਣ ਨੂੰ ਤਿਆਰ ਨਹੀਂ ਸਾਂ। ਤੁਰਨਾ ਬਹੁਤ ਪੈਂਦਾ ਸੀ। ਉਹਨਾਂ ਦਿਨਾਂ ਵਿਚ ਲੋਕ ਬਹੁਤਾ ਸਫਰ ਪੈਦਲ ਹੀ ਕਰਿਆ ਕਰਦੇ ਸਨ। ਬਾਪੂ ਦੇ ਜ਼ਿਆਦਾ ਕਹਿਣ 'ਤੇ ਮੈਂ ਤਿਆਰ ਹੋਣ ਲਗਿਆ। ਨੰਦੀ ਤਾਂ ਪਹਿਲਾਂ ਹੀ ਜਾਣਾ ਚਾਹੁੰਦੀ ਸੀ। ਉਹ ਰੁੜਕੇ ਤੋਂ ਆਪਣੇ ਘਰਦਿਆਂ ਨਾਲ ਜਾਂਦੀ ਰਹਿੰਦੀ ਸੀ। ਜਾਣ ਤੋਂ ਇਕ ਦਿਨ ਪਹਿਲਾਂ ਬਾਪੂ ਕਹਿਣ ਲਗਿਆ,

"ਲੈ ਬਈ, ਆਖਰੀ ਕੋਸ਼ਟ ਆ, ਨਹੀਂ ਤਾਂ ਮੈਂ ਕਰੂੰ ਗੱਲ ਕਾਬਲ ਸੂੰਹ ਨਾਲ਼, ਤੇਰੇ ਵਿਆਹ ਦਾ ਕੋਈ ਇੰਤਜ਼ਾਮ ਕਰਦੇ ਆਂ।"

ਮੈਨੂੰ ਉਸ ਦੀ ਇਸ ਗੱਲ 'ਤੇ ਹਾਸਾ ਵੀ ਆਇਆ ਤੇ ਤਰਸ ਵੀ। ਮੈਂ ਕਿਹਾ,

"ਬਾਪੂ, ਤੂੰ ਹੋਸ਼ੀਆਂ ਨਾ ਮਾਰ, ਚੰਨਣ ਦੇ ਵੀ ਤਾਂ ਹਾਲੇ ਏਦਾਂ ਈ ਆ, ਆਪਾਂ ਗੁਰਬਚਨ ਨੂੰ ਵਿਆਹੁਣਾ ਹਾਲੇ। ਤੂੰ ਤਾਂ ਐਮੇਂ ਕਾਹਲਾ ਪਈ ਜਾਨਾਂ।"

"ਓ, ਮੇਰੇ ਕੋਲ ਵਕਤ ਨਹੀਂ, ਪਤਾ ਨਹੀਂ ਹੁਣ ਕਿਹੜੇ ਵੇਲੇ ਤੁਰ ਜਾਣਾਂ।"

"ਨਾਲੇ ਕਹਿੰਨਾਂ ਹੁੰਨਾਂ ਕਿ ਆਪਣੇ ਖਾਨਦਾਨ 'ਚ ਹੱਡ ਰਗੜ ਰਗੜ ਕੇ ਮਰਦੇ ਆ, ਤੂੰ ਸਾਲ ਭਰ ਹੱਡ ਵੀ ਤਾਂ ਰਗੜਾਏਂਗਾ"।

"ਤੂੰ ਮੇਰੀ ਗੱਲ ਨੂੰ ਪੂਰੀ ਤਰ੍ਹਾਂ ਨਹੀਂ ਸਮਝਦਾ, ਮੈਂ ਆਪਣੇ ਪੋਤੇ ਨੂੰ ਖਲ੍ਹੌਣਾ ਚਾਹੁੰਨਾਂ, ਇਹਨਾਂ ਹੱਥਾਂ 'ਚ। ਮੇਰੇ ਭੁੰਜੇ ਲਾਹੇ ਤੇ ਪੋਤਾ ਆਇਆ ਤਾਂ ਕੀ ਆਇਆ!"

ਕਹਿੰਦਿਆਂ ਉਸ ਨੇ ਆਪਣੇ ਦੋਵੇਂ ਹੱਥ ਮੈਨੂੰ ਦਿਖਾਏ ਤੇ ਅੱਖਾਂ ਭਰ ਲਈਆਂ। ਮੇਰੇ ਲਈ ਬਹੁਤ ਮੁਸ਼ਕਲ ਬਣ ਗਈ। ਮੈਂ ਸੋਚਣ ਲਗਿਆ ਕਿ ਬਾਪੂ ਨੂੰ ਖੁਸ਼ ਕਰਾਂ ਤਾਂ ਕਿਸ ਤਰ੍ਹਾਂ।

ਪਿੰਡੋਂ ਲੋਕਾਂ ਨਾਲ ਅਸੀਂ ਵੀ ਮੇਲੇ ਨੂੰ ਚਲੇ ਗਏ। ਤਿੰਨ-ਚਾਰ ਦਿਨ ਅਨੰਦਪੁਰ ਰਹੇ। ਮੇਲੇ 'ਤੇ ਘਰ ਦੀ ਕੱਢੀ ਸ਼ਰਾਬ ਵਿਕਦੀ ਹੁੰਦੀ ਸੀ ਪਰ ਵਿਕਦੀ ਸੀ ਬਹੁਤ ਚੋਰੀ। ਸ਼ਰਾਬ ਬਹੁਤ ਖਰੀ ਹੁੰਦੀ ਸੀ। ਗਲਾਸ ਵਿਚ ਪਾਓ ਤਾਂ ਕਿੰਨਾ ਕਿੰਨਾ ਚਿਰ ਕੰਗਣੀ ਨਾ ਟੁੱਟਣੀ। ਉਂਗਲ ਨੂੰ ਲਾ ਕੇ ਦੇਖੋ ਤਾਂ ਅੱਗ ਦੌੜ ਕੇ ਇਦਾਂ ਪੈਣੀ ਜਿਦਾਂ ਮਿੱਟੀ ਦੇ ਤੇਲ ਨੂੰ ਪੈਂਦੀ ਹੁੰਦੀ ਹੈ। ਮੈਨੂੰ ਇਸ ਟਿਕਾਣੇ ਦਾ ਪਤਾ ਸੀ। ਜਦੋਂ ਕਦੇ ਮੇਲੇ ਆਉਂਦਾ ਤਾਂ ਇਥੇ ਚਲੇ ਜਾਇਆ ਕਰਦਾ ਸਾਂ। ਮੈਂ ਤੇ ਮੇਰਾ ਇਕ ਦੋਸਤ ਨੱਥਾ ਸਿੰਘ ਸ਼ਾਮ ਜਿਹੇ ਨੂੰ ਉਸ ਖੂਹ ਤੇ ਚਲੇ ਜਾਂਦੇ ਤੇ ਇਕ ਬੋਤਲ ਲੈਂਦੇ, ਪਾਈਆ ਪਾਈਆ ਉਥੇ ਪੀਂਦੇ ਤੇ ਪਾਈਆ ਪਾਈਆ ਰਾਤ ਦੇ ਲੰਗਰ ਤੋਂ ਪਹਿਲਾਂ। ਮੈਂ ਮੇਲੇ ਵਿਚ ਅਜਿਹਾ ਖੁੱਭਿਆ ਕਿ ਮੇਰੇ ਤੋਂ ਮੱਥਾ ਟੇਕਣ ਜਾ ਹੀ ਨਹੀਂ ਹੋਇਆ। ਨੰਦੀ ਪਿੰਡ ਦੀਆਂ ਹੋਰ ਬੁੜੀਆਂ ਨਾਲ ਤਕਰੀਬਨ ਰੋਜ਼ ਈ ਕੇਸ ਗੜ੍ਹ ਸਾਹਿਬ ਮੱਥਾ ਟੇਕਣ ਚਲੇ ਜਾਂਦੀ। ਮੈਨੂੰ ਨਹੀਂ ਪਤਾ ਕਿ ਉਸ ਨੇ ਕੁਝ ਮੰਗਿਆ ਕਿ ਨਹੀਂ। ਅਸੀਂ ਮੇਲਾ ਦੇਖ ਕੇ ਵਾਪਸ ਆ ਗਏ। ਬਾਪੂ ਦਾ ਉਹੋ ਸਵਾਲ। ਪੁੱਛਣ ਲਗਾ,

"ਰੱਬ ਤੋਂ ਕੁਸ਼ ਮੰਗਿਆ ਵੀ ਕਿ ਨਹੀਂ"

"ਹਾਂ, ਹਾਂ, ਮੈਂ ਅਰਦਾਸ ਕਰਾਈ ਸੀ।"

"ਕੀ ਕਿਹਾ ਸੀ ਅਰਦਾਸ ਵਿਚ?"

"ਮੈਂ ਕਿਹਾ ਰੱਬਾ, ਮੇਰੇ ਬਾਪੂ ਨੂੰ ਇਕ ਪੋਤਾ ਦੇ ਦੇਹ।"

ਮੈਂ ਝੂਠ ਕਹਿ ਦਿੱਤਾ। ਬਾਪੂ ਖਿਝਦਾ ਹੋਇਆ ਬੋਲਿਆ,

"ਏਦਾਂ ਰੱਬ ਕੀ ਦੇਊ, ਓਹਨੇ ਮੈਨੂੰ ਬਥੇਰਾ ਕੁਸ਼ ਦੇ 'ਤਾ, ਤੂੰ ਆਪਣੇ ਲਈ ਕੁਸ਼ ਮੰਗਣਾਂ ਸੀ, ਤੂੰ ਤਾਂ ਬੂਟਿਆ, ਪੜ੍ਹ ਲਿਖ ਕੇ ਈ ਗੁਆ ਲਿਆ। ਏਨੀ ਗੱਲ ਸਮਝ ਨਹੀਂ ਆਈ ਕਿ ਤੂੰ ਆਪਣੇ ਲਈ ਮੰਗਦਾ ਤਾਂ ਰੱਬ ਸੁਣਦਾ।"

ਉਹ ਮੇਰੀ ਇਸ ਗਲਤੀ ਕਾਰਨ ਸਤ ਗਿਆ। ਮੈਂ ਕਿਹਾ,

"ਬਾਪੂ, ਤੂੰ ਖਫਾ ਨਾ ਹੋ, ਮੈਂ ਅਗਲੇ ਸਾਲ ਫੇ ਜਾਊਂ।"

"ਅਗਲੇ ਸਾਲ ਮੈਂ ਬਚੂੰ ਤਾਂ ਈ ਆਂ!"

"ਚਲ ਮੈਂ ਪਿੰਡ ਦੇ ਗੁਰਦਵਾਰੇ ਜਾ ਆਊਂ।"



"ਫੇ ਉਹੀ ਗੱਲ ਕਰ 'ਤੀ ਨਾ, ਭਲਾ ਓਸ ਜਗਾਹ ਵਿਚ ਤੇ ਏਸ ਜਗਾਹ ਵਿਚ ਕੋਈ ਫਰਕ ਈ ਨਹੀਂ?"

"ਚਲ, ਮੈਂ 'ਨੰਦਪੁਰ ਜਾ ਆਊਂ ਵਿਸਾਖੀ ਤੇ।"

"ਵਿਸਾਖੀ 'ਤੇ ਉਹ ਗੱਲ ਨਹੀਂ ਹੁੰਦੀ।"

ਉਸ ਨੇ ਨਿਰਾਸ਼ ਅਵਾਜ਼ ਵਿਚ ਕਿਹਾ। ਮੈਂ ਵੀ ਉਸ ਨੂੰ ਟਰਕਾਉਣ ਲਈ ਹੀ ਕਿਹਾ ਸੀ। ਵਿਸਾਖੀ ਤੋਂ ਬਾਅਦ ਤਾਂ ਵਾਢੀ ਪੈ ਜਾਣੀ ਸੀ, ਫੇਰ ਤਾਂ ਓਦਾਂ ਈ ਸਿਰ ਖੁਰਕਣ ਦੀ ਵਿਹਲ ਨਹੀਂ ਸੀ ਮਿਲਣੀ।

ਉਹਨਾਂ ਦਿਨਾਂ ਵਿਚ ਸਾਡੇ ਫਲ਼ੇ ਚਲਦੇ ਸੀ ਜਦੋਂ ਨੰਦੀ ਨੂੰ ਪਹਿਲੀਆਂ ਉਲਟੀਆਂ ਆਈਆਂ। ਬਾਪੂ ਤਾਂ ਖੁਸ਼ੀ ਵਿਚ ਨੱਚਣ ਹੀ ਲਗ ਪਿਆ। ਉਹ ਕਹਿਣ ਲਗਿਆ,

"ਲੈ ਬਈ, ਹੁਣ ਰਲ਼ੇ ਦੀ ਐਸੀ ਜੜ੍ਹ ਲਗ ਗਈ ਕਿ ਕੋਈ ਨਹੀਂ ਪੁੱਟ ਸਕਦਾ।"

ਕਈ ਵਾਰ ਉਹ ਆਖਣ ਲਗਦਾ,

"ਬੂਟਿਆ, ਹੁਣ ਇਕ ਆਰੀ ਮੈਂ ਆਪਣੇ ਪੋਤੇ ਦੇ ਦਰਸ਼ਨ ਕਰ ਲਵਾਂ ਫੇ ਭਮਾਂ ਅਗਲੇ ਦਿਨ ਜਮਦੂਤ ਆ ਜਾਣ।"

"ਬਾਪੂ, ਤੈਨੂੰ ਕੀ ਪਤਾ ਮੁੰਡਾ ਈ ਹੋਊ?"

"ਦੇਖ ਪਹਿਲਾਂ ਮੇਰਾ ਬਾਬਾ ਗੁਰਦਿਤਾ ਜੇਠਾ, ਫੇਰ ਬਾਪੂ ਜੈਮਲ ਜੇਠਾ ਸੀ ਤੇ ਫੇਰ ਮੈਂ ਤੇ ਤੂੰ ਵੀ ਤੇ ਇਹ ਵੀ ਜੇਠਾ ਤੇ ਮੁੰਡਾ ਈ ਹੋਣਾਂ।"

ਫਿਰ ਕੁਝ ਦੇਰ ਸੋਚਦਾ ਹੋਇਆ ਬੋਲਿਆ,

"ਚਲ, ਓਹ ਜਾਣੇ, ਜੇ ਕੁੜੀ ਵੀ ਹੋ ਗਈ ਤਾਂ ਜੜ੍ਹ ਤਾਂ ਅਗਲੀ ਪੀੜ੍ਹੀ ਦੀ ਲਗ ਗਈ।"

ਬਾਪੂ ਹਰ ਵੇਲੇ ਬਹੁਤ ਖੁਸ਼ ਰਹਿੰਦਾ। ਹੁਣ ਉਸ ਦੇ ਹੁੱਕਾ ਪੀਣ ਵਾਲੇ ਬਹੁਤੇ ਦੋਸਤ ਨਹੀਂ ਸਨ। ਸਾਡੇ ਤਾਂ ਪੂਰੇ ਪਿੰਡ ਵਿਚ ਇਕ ਉਹ ਹੀ ਜੱਟ ਸੀ ਜੋ ਹੁੱਕਾ ਪੀਂਦਾ ਸੀ। ਜਿਹੜੇ ਉਸ ਦੇ ਹਾਣੀ ਆਲੇ ਦੁਆਲੇ ਦੇ ਪਿੰਡਾਂ ਤੋਂ ਆਇਆ ਕਰਦੇ ਸਨ ਉਹ ਹੁਣ ਸਿਆਣੇ ਹੋ ਚੁੱਕੇ ਸਨ, ਬਹੁਤੇ ਤਾਂ ਉਹਨਾਂ ਵਿਚੋਂ ਗੁਜ਼ਰ ਵੀ ਗਏ ਸਨ। ਤਿਰਆਨਵੇਂ ਸਾਲ ਦੀ ਉਮਰ ਤਾਂ ਬਾਪੂ ਦੀ ਹੀ ਸੀ। ਹੁੱਕਾ ਪੀਣ ਨੂੰ ਸਾਡੇ ਬਹੁਤ ਬੁਰਾ ਮੰਨਿਆਂ ਜਾਂਦਾ ਸੀ ਪਰ ਬਾਪੂ ਦੇ ਹੁੱਕੇ ਨੂੰ ਸਭ ਨੇ ਮਨਜ਼ੂਰ ਕਰ ਲਿਆ ਹੋਇਆ ਸੀ। ਆਪਣੀ ਹੁੱਕੀ ਲੈ ਕੇ ਉਹ ਪਰਿਆ ਵਿਚ ਵੀ ਜਾ ਬੈਠਿਆ ਕਰਦਾ। ਸਾਰੇ ਸਰਦਾਰ ਉਸ ਨੂੰ ਝੱਲ ਲੈਂਦੇ। ਮੈਂ ਖਿਝਦਾ ਕਿ ਪਰਿਆ ਵਿਚ ਤਾਂ ਹੁੱਕੀ ਨਾ ਲੈ ਕੇ ਜਾਵੇ ਪਰ ਮੇਰੀ ਖਿਝ ਦਾ ਉਸ 'ਤੇ ਕੋਈ ਅਸਰ ਨਾ ਹੁੰਦਾ।

ਦਰਸ਼ਨ ਦਾ ਜਨਮ ਅੱਠ ਪੋਹ ਦਾ ਹੈ, ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਬਾਈ ਦਸੰਬਰ ਸੰਨ 1923 ਦਾ। ਜਿਸ ਦਿਨ ਉਹ ਜੰਮਿਆਂ ਤਾਂ ਬਾਪੂ ਦੀ ਖੁਸ਼ੀ

ਦੇਖਣ ਵਾਲੀ ਸੀ। ਬੱਚੇ ਦੇ ਜਨਮ ਤੋਂ ਪਹਿਲਾਂ ਨੰਦੀ ਦੀ ਮਾਂ ਉਸ ਨੂੰ ਲੈਣ ਆਈ ਤਾਂ ਬਾਪੂ ਉਹਦੇ ਗਲ਼ ਹੀ ਪੈ ਗਿਆ। ਭਲਾ ਉਹ ਆਪਣੇ ਪੋਤੇ ਨੂੰ ਕਿਸੇ ਦੇ ਘਰ ਕਿਵੇਂ ਜੰਮ ਲੈਣ ਦਿੰਦਾ। ਨੰਦੀ ਹਾਲੇ ਛਿਲੇ ਵਿਚ ਹੀ ਸੀ ਤਾਂ ਬਾਪੂ ਦਰਸ਼ਨ ਨੂੰ ਚੁੱਕੀ ਫਿਰਿਆ ਕਰੇ। ਨਾਂ ਵੀ ਉਸੇ ਨੇ ਰੱਖਿਆ ਸੀ। ਜਿਵੇਂ ਜਿਵੇਂ ਦਰਸ਼ਨ ਰੁੜਨ ਲਗਿਆ ਬਾਪੂ ਵੀ ਉਸ ਨਾਲ ਬੱਚਾ ਬਣਿਆ ਰੁੜ੍ਹਦਾ ਫਿਰਦਾ। ਉਸ ਨਾਲ ਤੋਤਲੀਆਂ-ਤੋਤਲੀਆਂ ਗੱਲਾਂ ਕਰਦਾ। ਹਰ ਵੇਲੇ ਉਸ ਨੂੰ ਚੁੱਕੀ ਫਿਰਦਾ। ਇਕ ਹੱਥ ਬਾਪੂ ਦੇ ਹੁੱਕਾ ਹੁੰਦਾ ਤੇ ਦੂਜੀ ਕੱਛ ਵਿਚ ਦਰਸ਼ਨ। ਇਸ ਉਮਰ ਵਿਚ ਬਾਪੂ ਦੀ ਸਿਹਤ ਕਾਫੀ ਕਮਜ਼ੋਰ ਸੀ। ਕੁਝ ਕੁ ਕੁੱਬਾ ਹੋ ਕੇ ਤੁਰਦਾ ਸੀ। ਨੰਦੀ ਡਰਿਆ ਕਰੇ ਕਿ ਬੁੜਾ ਕਿਤੇ ਮੁੰਡੇ ਨੂੰ ਨਾ ਸੁੱਟ ਦੇਵੇ ਪਰ ਬਾਪੂ ਕਿਸ ਦੀ ਮੰਨਣ ਵਾਲਾ ਸੀ। ਉਹ ਤਾਂ ਰਾਤ ਨੂੰ ਵੀ ਦਰਸ਼ਨ ਨੂੰ ਨਾਲ ਹੀ ਸੁਲਾਉਂਦਾ। ਉਸ ਦੇ ਪੋਤੜੇ ਵੀ ਧੋ ਦਿੰਦਾ। ਮੈਂ ਉਸ ਨੂੰ ਰੋਕਦਾ ਤਾਂ ਆਖਦਾ,

"ਤੁਹਾਡੇ ਛੇਆਂ ਦੇ ਧੋਤੇ ਆ ਤਾਂ ਇਕ ਇਹਦਾ ਵੀ ਧੋ ਦਊਂ ਤਾਂ ਕੀ ਫਰਕ ਪੈ ਜਾਊ।"

ਫਿਰ ਬਾਪੂ ਬਿਮਾਰ ਪੈ ਗਿਆ। ਸਾਨੂੰ ਸਭ ਨੂੰ ਲਗਿਆ ਕਿ ਉਹਦਾ ਅੰਤ ਆ ਗਿਆ। ਉਹ ਜ਼ਿਦ ਕਰਦਾ ਕਿ ਦਰਸ਼ਨ ਨੂੰ ਉਸ ਨਾਲ ਪਾ ਦੇਈਏ। ਦਰਸ਼ਨ ਡੇੜ ਸਾਲ ਦਾ ਹੋ ਗਿਆ ਸੀ। ਟਿਕ ਕੇ ਬੈਠਣ ਵਾਲਾ ਨਹੀਂ ਸੀ ਇਸ ਕਰਕੇ ਬਹੁਤੀ ਦੇਰ ਉਸ ਕੋਲ ਨਾ ਰਹਿੰਦਾ। ਪਰ ਬਾਪੂ ਘੜੀ ਕੁ ਬਾਅਦ ਪੁੱਛਣ ਲਗਦਾ,

"ਮੇਰਾ ਪੋਤਾ ਕਿਥੇ ਆ?"


ਜਿਵੇਂ ਬਾਪੂ ਆਪ ਹੀ ਕਿਹਾ ਕਰਦਾ ਸੀ ਕਿ ਉਸ ਦੀ ਮੌਤ ਸਭ ਨੂੰ ਤੰਗ ਕਰੇਗੀ, ਉਸ ਨੂੰ ਵੀ ਤੇ ਉਪਰਲਿਆਂ ਨੂੰ ਵੀ, ਇਵੇਂ ਹੀ ਹੋਇਆ। ਉਹ ਮੰਜੇ ਨਾਲ ਮੰਜਾ ਹੀ ਹੋ ਗਿਆ। ਬਾਪੂ ਦੇ ਸਾਹ ਬਹੁਤ ਔਖੇ ਨਿਕਲੇ। ਪਰ ਜਿੰਨਾ ਚਿਰ ਉਸ ਨੂੰ ਹੋਸ਼ ਰਹੀ ਇਹੋ ਸਵਾਲ ਕਰਦਾ ਕਿ ਮੇਰਾ ਪੋਤਾ ਕਿਥੇ ਹੈ। ਅਸੀਂ ਦਰਸ਼ਨ ਨੂੰ ਉਸ ਦੇ ਮੂਹਰੇ ਕਰ ਦਿੰਦੇ। ਉਸ ਦੇ ਚਿਹਰੇ 'ਤੇ ਅਥਾਹ ਤਸੱਲੀ ਹੁੰਦੀ।



# ਮੇਰਾ ਪੁੱਤ

## ਇਕ


ਦਰਸ਼ਨ ਦਾ ਜਨਮ ਵੇਲੇ ਭਾਰ ਛੇ ਸੇਰ ਪੱਕਾ ਸੀ। ਮੈਂ ਹੀ ਹੁਕਮੀ ਦਾਈ ਨੂੰ ਉਸ ਦਾ ਭਾਰ ਤੋਲਣ ਲਈ ਕਿਹਾ ਸੀ ਤੇ ਤੱਕੜੀ ਲਿਆ ਕੇ ਦਿੱਤੀ ਸੀ। ਤਕੜੀ ਨਾਲ ਪੰਜ ਸੇਰ ਤਕ ਦੇ ਵੱਟੇ ਸਨ ਪਰ ਉਹ ਇਹਨਾਂ ਵੱਟਿਆਂ ਤੋਂ ਭਾਰਾ ਸੀ। ਨੰਦੀ ਨੂੰ ਤਕਲੀਫ ਵੀ ਬਹੁਤ ਦਿੱਤੀ ਉਹਨੇ ਜਨਮ ਵੇਲੇ ਪਰ ਸਭ ਕੁਝ ਠੀਕ ਹੋ ਗਿਆ। ਬਚਪਨ ਤੋਂ ਹੀ ਉਸ ਦੀ ਸਿਹਤ ਠੀਕ ਸੀ। ਬਾਪੂ ਸਾਲ ਭਰ ਮੰਜੇ 'ਤੇ ਰਿਹਾ ਤੇ ਅਸੀਂ ਸਾਲ ਭਰ ਬੌਰੇ ਹੋਏ ਰਹੇ। ਬਿਮਾਰ ਨਾਲ ਸਾਰਾ ਟੱਬਰ ਹੀ ਬਿਮਾਰ ਹੋ ਜਾਂਦਾ ਹੈ। ਫਿਰ ਬਾਪੂ ਤਾਂ ਅਜਿਹਾ ਸੀ ਕਿ ਉਸ ਨੂੰ ਆਪਣਾ ਹੁੱਕਮ ਚਲਾਉਣ ਦੀ ਆਦਤ ਸੀ ਇਸ ਲਈ ਉਸ ਨੇ ਸਾਰੇ ਟੱਬਰ ਨੂੰ ਸਾਲ ਭਰ ਖੜੇ ਪੈਰ ਰਖਿਆ। ਉਸ ਦੇ ਮਰਨ ਤੇ ਸਾਨੂੰ ਥੋੜ੍ਹਾ ਸਾਹ ਆਇਆ ਤੇ ਅਸੀਂ ਘਰ ਵੱਲ ਧਿਆਨ ਦੇਣ ਲਗੇ। ਦਰਸ਼ਨ ਤੋਂ ਬਾਅਦ ਸਰਬਣ ਦਾ ਜਨਮ ਹੋਇਆ ਪਰ ਸਰਬਣ ਦੋ ਕੁ ਸਾਲ ਦਾ ਹੀ ਸੀ ਕਿ ਇਕ ਦਿਨ ਖੇਲ਼ਦੇ ਖੇਲ਼ਦੇ ਨੂੰ ਕੁਝ ਹੋਇਆ ਤੇ ਉਹ ਮਰ ਗਿਆ। ਬਿਮਾਰ ਜਿਹਾ ਤਾਂ ਉਹ ਪਹਿਲਾਂ ਤੋਂ ਹੀ ਰਹਿੰਦਾ ਸੀ। ਦਰਸ਼ਨ ਦੀ ਹਾਜ਼ਰੀ ਨੇ ਸਾਨੂੰ ਸਰਬਣ ਦੀ ਮੌਤ ਦਾ ਗਮ ਸਹਿ ਜਾਣ ਦਾ ਬੱਲ ਦਿੱਤਾ। ਸਰਬਣ ਤੋਂ ਦੋ ਕੁ ਸਾਲ ਬਾਅਦ ਦਰਸ਼ਨੋ ਜੰਮੀ ਜਿਹਨੂੰ ਅਸੀਂ ਦਾਸੋ ਕਿਹਾ ਕਰਦੇ। ਉਸ ਤੋਂ ਕੁਝ ਸਾਲ ਬਾਅਦ ਦੇਬੋ ਤੇ ਫਿਰ ਦੇਵ। ਦੇਵ ਤੇ ਦਰਸ਼ਨ ਦਾ ਫਰਕ ਬਾਰਾਂ ਸਾਲ ਦਾ ਹੈ।


ਦਰਸ਼ਨ ਸਿੰਘ

ਜਦੋਂ ਦਰਸ਼ਨ ਪੰਜ ਸਾਲ ਦਾ ਹੋਇਆ ਤਾਂ ਮੈਂ ਉਸ ਨੂੰ ਸਕੂਲ ਲੈ ਗਿਆ। ਉਹਨਾਂ ਦਿਨਾਂ ਵਿਚ ਮੁਨਸ਼ੀ ਨਿਆਣਿਆਂ ਨੂੰ ਬਹੁਤ ਕੁਟਦੇ ਹੁੰਦੇ ਸੀ। ਜਦ ਸਕੂਲ ਪਹੁੰਚੇ ਤਾਂ ਇਕ ਮੁੰਡੇ ਨੂੰ ਸੋਟੀ ਨਾਲ ਕੁਟ ਪੈ ਰਹੀ ਸੀ। ਦਰਸ਼ਨ ਮੇਰੀ ਉਂਗਲ ਛੁਡਾ ਕੇ

ਘਰ ਨੂੰ ਭੱਜ ਤੁਰਿਆ ਤੇ ਅੜ ਗਿਆ ਕਿ ਉਸ ਨਹੀਂ ਪੜ੍ਹਨਾ। ਮੈਂ ਬਹੁਤ ਪਤਿਆਇਆ ਪਰ ਉਹ ਨਾ ਮੰਨਿਆਂ। ਹਾਰ ਕੇ ਮੈਂ ਸੋਚਿਆ ਕਿ ਚਲ ਇਹਦੀ ਮਰਜ਼ੀ। ਮੈਂ ਸੋਚਿਆ ਕਿ ਮੈਂ ਪੜ੍ਹ ਕੇ ਕੀ ਰੰਗ ਲਾ ਲਿਆ। ਸੋ ਮੈਂ ਇਕ ਲਵੇਰਾ ਹੋਰ ਖਰੀਦ ਲਿਆ। ਨੰਦੀ ਘਰ ਦੇ ਕੰਮਾਂ ਨੂੰ ਬਹੁਤ ਸਚਿਆਰੀ ਸੀ। ਉਹ ਘਿਓ ਜੋੜ ਕੇ ਵੇਚ ਲਿਆ ਕਰਦੀ ਸੀ। ਦਰਸ਼ਨ ਪਸ਼ੂ ਚਾਰਨ ਲਗਿਆ। ਪਸ਼ੂ ਚਾਰਨ ਦਾ ਕੰਮ ਤਾਂ ਦੋ ਕੁ ਮਹੀਨੇ ਦਾ ਹੀ ਸੀ। ਬਰਸਾਤਾਂ ਨੂੰ ਡੱਬਰੀ ਘਾਹ ਬਹੁਤ ਹੋ ਜਾਂਦਾ। ਨੰਦੀ ਡਰਦੀ ਕਿ ਡੱਬਰੀ ਸੱਪ ਬਹੁਤ ਸਨ, ਮੁੰਡੇ ਨੂੰ ਉਥੇ ਨਹੀਂ ਭੇਜਣਾ ਪਰ ਅਸੀਂ ਤਾਂ ਕਈ ਪੀੜ੍ਹੀਆਂ ਤੋਂ ਡੱਬਰੀ ਵਿਚ ਵਿਚਰਦੇ ਆ ਰਹੇ ਹਾਂ, ਕਦੇ ਸੱਪ ਨਹੀਂ ਲੜਿਆ। ਸੱਪ ਇਵੇਂ ਨਹੀਂ ਲੜਦੇ।

ਜਿਵੇਂ ਜਿਵੇਂ ਦਰਸ਼ਨ ਵੱਡਾ ਹੋਣ ਲਗਿਆ ਉਹ ਹੁੰਦਲ-ਹੇਲ ਨਿਕਲਣ ਲਗਿਆ। ਆਪਣੇ ਹਾਣੀਆਂ ਤੋਂ ਉਹ ਕੱਦ ਵਿਚ ਵੀ ਉੱਚਾ ਸੀ ਤੇ ਜ਼ੋਰ ਵਿਚ ਵੀ। ਘਰ ਵੀ ਘਿਓ-ਦੁੱਧ ਖੁੱਲ੍ਹਾ ਸੀ। ਉਹ ਵੀ ਚਾਰੂ ਸੀ, ਜੋ ਹੱਥ ਲਗਦਾ ਖਾ ਜਾਂਦਾ। ਉਹਨਾਂ ਦਿਨਾਂ ਵਿਚ ਮੁੰਡੇ 'ਹੰਦੇ' ਨਾਂ ਦੀ ਖੇਡ ਖੇਡਿਆ ਕਰਦੇ ਸਨ। ਇਹ ਕਬੱਡੀ ਵਰਗੀ ਖੇਡ ਸੀ, ਇਕੱਲੇ ਨੂੰ ਇਕੱਲਾ ਪੈਣ ਵਾਲੀ ਪਰ ਇਸ ਵਿਚ ਕੱਬਡੀ ਕਬੱਡੀ ਨਹੀਂ ਸੀ ਕਹਿਣਾ ਹੁੰਦਾ ਭਾਵ ਕਿ ਦਮ ਨਹੀਂ ਸੀ ਪਾਇਆ ਜਾਂਦਾ। ਧਾਵੀ ਲਈ ਧਾਵਾ ਬੋਲਣ ਦਾ ਤੇ ਜਾਫੀ ਲਈ ਫੜਨ ਦਾ ਜਾਂ ਜੱਫਾ ਲਾਉਣ ਦਾ ਖੁੱਲ੍ਹਾ ਸਮਾਂ ਹੁੰਦਾ ਸੀ। ਦਰਸ਼ਨ 'ਹੰਦਿਆਂ' ਵਿਚ ਕਿਸੇ ਨੂੰ ਨੇੜੇ ਨਾਲ ਲਗਣ ਦਿੰਦਾ। ਵੈਸੇ ਵੀ ਉਸ ਦਾ ਸੁਭਾਅ ਹਸਮੁੱਖ ਸੀ। ਗੱਲਾਂ ਵੀ ਸਿਆਣੀਆਂ ਕਰਦਾ ਸੀ। ਕਿਸੇ ਗੱਲ ਦੀ ਜ਼ਿਦ ਵੀ ਨਾ ਕਰਦਾ। ਮੇਲਾ ਦੇਖਣ ਗਏ ਨੂੰ ਜਿੰਨੇ ਪੈਸੇ ਦੇ ਦੇਈਏ ਲੈ ਲੈਂਦਾ ਸੀ, ਕਦੇ ਵਾਧੂ ਨਾ ਮੰਗਦਾ। ਮੇਲੇ ਦੇਖਣ ਦਾ ਉਹ ਸ਼ੌਕੀਨ ਸੀ। ਕਈ ਵਾਰ ਉਹ ਮੇਲਾ ਦੇਖਣ ਆਪਣੇ ਨਾਨਕੀਂ ਰੁੜਕੇ ਚਲੇ ਜਾਂਦਾ। ਰੁੜਕੇ ਤਾਂ ਉਹ ਵੈਸੇ ਵੀ ਜਾਂਦਾ ਹੀ ਰਹਿੰਦਾ ਸੀ। ਉਸ ਦਾ ਛੋਟਾ ਮਾਮਾ ਊਧਮ ਸਿੰਘ ਉਸ ਨਾਲ ਬਹੁਤ ਪਿਆਰ ਕਰਦਾ ਸੀ। ਕਈ ਵਾਰ ਉਹ ਆਪ ਆ ਕੇ ਵੀ ਉਸ ਨੂੰ ਲੈ ਜਾਂਦਾ। ਉਹਨਾਂ ਦਿਨਾਂ ਵਿਚ ਟਾਂਗੇ ਹੁੰਦੇ ਸਨ ਜਾਂ ਫਿਰ ਤੁਰ ਕੇ ਪੈਦਲ ਹੀ ਲੋਕ ਸਫਰ ਕਰਦੇ ਸਨ। ਲੋਕ ਤਾਂ ਤੁਰ ਕੇ ਮੁਲਤਾਨ ਤਕ ਚਲੇ ਜਾਂਦੇ। ਦਰਸ਼ਨ ਤੁਰਨ ਨੂੰ ਬਹੁਤ ਤਕੜਾ ਸੀ। ਬਾਅਦ ਵਿਚ ਉਸ ਆਪਣੀ ਨੌਕਰੀ ਦਰਮਿਆਨ ਵੀ ਸਾਰੀ ਉਮਰ ਉਹ ਤੁਰਦਾ ਹੀ ਰਿਹਾ। ਅਨੰਦਪੁਰ ਦੇ ਮੇਲੇ ਨੂੰ ਜਾਂਦਾ ਤਾਂ ਸਾਰਿਆਂ ਨਾਲੋਂ ਪਹਿਲਾਂ ਹੀ ਪੁੱਜ ਜਾਂਦਾ।



ਪਿਤਾ ਤੇ ਮਾਤਾ

ਇਕ ਵਾਰ ਮੇਲੇ ਗਿਆ ਦਰਸ਼ਨ ਭਰਤੀ ਹੋ ਗਿਆ। ਇਵੇਂ ਮੇਲਿਆਂ ਵਿਚ ਪੁਲੀਸ ਵਾਲੇ ਜਾਂ ਮਿਲਟਰੀ ਵਾਲੇ ਭਰਤੀ ਦਾ ਕੈਂਪ ਲਗਾ ਲਿਆ ਕਰਦੇ ਸਨ ਪਰ ਮੈਂ ਇਹ ਕਦੇ ਸੋਚ ਹੀ ਨਹੀਂ ਸਾਂ ਸਕਦਾ ਕਿ ਦਰਸ਼ਨ ਵੀ ਭਰਤੀ ਹੋ ਜਾਵੇਗਾ। ਹਾਲੇ ਤਾਂ ਉਸ ਦੀ ਉਮਰ ਹੀ ਪੰਦਰਾਂ ਸਾਲ ਦੀ ਸੀ। ਇਹ ਠੀਕ ਸੀ ਕਿ ਉਹ ਲੰਮਾ ਮੇਰੇ ਜਿੰਨਾ ਹੋ ਗਿਆ ਸੀ ਸਰੀਰ ਵੀ ਭਰਿਆ ਹੋਇਆ ਸੀ ਪਰ ਚਿਹਰੇ ਤੋਂ ਤਾਂ ਸਾਫ ਪਤਾ ਚਲਦਾ ਹੀ ਸੀ ਕਿ ਉਹ ਹਾਲੇ ਬੱਚਾ ਹੈ। ਪਿੰਡ ਵਿਚ ਕਿਸੇ ਕੋਲ ਉਰਦੂ ਦੀ ਅਖ਼ਬਾਰ ਆਇਆ ਕਰਦੀ ਸੀ, ਮੈਂ ਅਖ਼ਬਾਰ ਰੋਜ਼ਾਨਾ ਪੜ੍ਹਦਾ ਸਾਂ। ਦੂਜੀ ਵੱਡੀ ਜੰਗ ਦਾ ਖਤਰਾ ਸਿਰ ਤੇ ਮੰਡਲਾ ਰਿਹਾ ਸੀ। ਅੰਗਰੇਜ਼ਾਂ ਨੂੰ ਹਿਟਲਰ ਤੇ ਮੋਸੋਲੀਨੀ ਤੋਂ ਡਰ ਬਣਿਆ ਹੋਇਆ ਸੀ। ਹੁਣ ਫੌਜ ਵਿਚ ਵਾਧੇ ਦੀ ਲੋੜ ਤਾਂ ਉਹਨਾਂ ਨੂੰ ਹੈ ਹੀ ਸੀ। ਪਰ ਇਹ ਕੀ, ਮੇਰੇ ਨਿੱਕੇ ਜਿਹੇ ਫੁੱਲ ਵਰਗੇ ਮੁੰਡੇ ਨੂੰ ਵੀ ਫੜ ਕੇ ਭਰਤੀ ਕਰ ਲਿਆ। ਪਹਿਲੀ ਵੱਡੀ ਜੰਗ ਵਿਚ ਸਾਡੇ ਪਿੰਡ ਦੇ ਕਈ ਮੁੰਡੇ ਸ਼ਾਮਲ ਸਨ ਤੇ ਉਹਨਾਂ ਵਿਚੋਂ ਕੁਝ ਸ਼ਹੀਦ ਵੀ ਹੋ ਗਏ ਸਨ। ਇਹੋ ਜਿਹੀਆਂ ਗੱਲਾਂ ਸੋਚਦਿਆਂ ਮੇਰੇ ਹੌਲ ਪੈਣ ਲਗਦਾ। ਨੰਦੀ ਨੂੰ ਪਤਾ ਚਲਿਆ ਤਾਂ ਉਹ ਤਾਂ ਜਿਵੇਂ ਬੇਹੋਸ਼ ਹੀ ਹੋ ਗਈ ਹੋਵੇ। ਉਸ ਨੇ ਮੇਰੀ ਕਮੀਜ਼ ਫੜ ਲਈ ਤੇ ਰੋਂਦੀ ਹੋਈ ਬੋਲੀ,

"ਦਰਸ਼ਨ ਦੇ ਭਾਈਆ, ਹੁਣੇ ਜਾ ਤੇ ਮੁੰਡੇ ਨੂੰ ਵਾਪਸ ਲੈ ਕੇ ਆ, ਨਹੀਂ ਤਾਂ ਮੈਨੂੰ ਕੁਸ਼ ਹੋ ਜਾਣਾ, ਹਾਲੇ ਤਾਂ ਉਹਨੇ ਖਾ ਹੰਢਾ ਕੇ ਵੀ ਨਹੀਂ ਦੇਖਿਆ ਤੇ ਕਸਾਈਆਂ ਦੇ ਹੱਥ ਆ ਗਿਆ, ਜਾਹ ਹੁਣੇ ਲੈ ਕੇ ਆ, ਨਹੀਂ ਤਾਂ ਮੈਂ ਨਹੀ ਬਚਣਾ।"

ਮੇਰੇ ਤੋਂ ਉਹ ਰੋਂਦੀ ਹੋਈ ਦੇਖੀ ਨਾ ਜਾਵੇ। ਮੇਰਾ ਤਾਂ ਆਪ ਦਿਲ ਨਹੀਂ ਸੀ ਖੜ ਰਿਹਾ। ਮੈਨੂੰ ਪਹਿਲੀ ਵਾਰ ਅੰਗਰੇਜ਼ ਸਰਕਾਰ ਜ਼ਾਲਮ ਲਗੀ। ਪਹਿਲੀ ਵਾਰ ਦੇਖ ਰਿਹਾ ਸਾਂ ਕਿ ਬੱਚਿਆਂ ਨੂੰ ਵੀ ਭਰਤੀ ਕਰ ਲਿਆ ਜਾਂਦਾ ਹੈ।

ਦਰਸ਼ਨ ਦੇ ਨਾਲ ਉਸ ਦਿਨ ਆਲੇ ਦੁਆਲੇ ਦੇ ਪਿੰਡਾਂ ਦੇ ਕਈ ਮੁੰਡੇ ਭਰਤੀ ਹੋਏ ਸਨ। ਦੋ ਮੁੰਡੇ ਤਾਂ ਹੋਰ ਸਾਡੇ ਪਿੰਡ ਦੇ ਹੀ ਸਨ ਪਰ ਉਹ ਦਰਸ਼ਨ ਨਾਲੋਂ ਉਮਰ ਵਿਚ ਵੱਡੇ ਸਨ। ਇਹ ਖਬਰ ਸਾਨੂੰ ਪਿੰਡ ਦੇ ਇਕ ਲੰਬੜ ਨੇ ਆ ਕੇ ਦੱਸੀ ਸੀ। ਫਿਰ ਮੈਨੂੰ ਕਿਸੇ ਨੇ ਦੱਸਿਆ ਕਿ ਇਸੇ ਲੰਬੜ ਨੇ ਹੀ ਮੁੰਡਿਆਂ ਦੀ ਸ਼ਨਾਖਤ ਕੀਤੀ ਸੀ ਕਿ ਇਹ ਮੁੰਡੇ ਫਰਾਲੇ ਤੋਂ ਹਨ ਤੇ ਜੱਟ-ਸਿੱਖ ਟੱਬਰ ਵਿਚੋਂ ਹਨ। ਜੱਟ-ਸਿਖ ਰੈਜਮੈਂਟ

ਅੰਗਰੇਜ਼ਾਂ ਲਈ ਖਾਸ ਮਾਇਨੇ ਰਖਾਉਂਦੀ ਸੀ। ਮੈਂ ਲੰਬੜ ਨਾਲ ਲੜ੍ਹਨ ਚਲੇ ਗਿਆ। ਮੈਂ ਕਿਹਾ,

"ਇਹ ਤੂੰ ਕੀ ਕੀਤਾ ਲੰਬੜਾ, ਮੇਰੇ ਮੁੰਡੇ ਨੂੰ ਬਲਦੀ ਦੇ ਬੂਥੇ 'ਚ ਦੇ 'ਤਾ?"

"ਬੂਟਾ ਸਿਆਂ, ਤੇਰਾ ਮੁੰਡਾ ਆਪਣੀ ਮਰਜ਼ੀ ਨਾਲ ਭਰਤੀ ਹੋਇਆ, ਨਾਲ਼ੇ ਇਹ ਕਿਤੇ 'ਕੱਲਾ ਭਰਤੀ ਹੋਇਆ, ਉਥੇ ਕਈ ਵੀਹਾਂ ਮੁੰਡੇ ਸੀਗੇ।"

"ਇਹ ਤਾਂ ਹਾਲੇ ਪੰਦਰਾਂ ਸਾਲਾਂ ਦਾ ਇਆ, ਤੂੰ ਏਹਦੀ ਉਮਰ ਗਲਤ ਕਿਉਂ ਦੱਸੀ?"

"ਮੈਨੂੰ ਤੇਰੇ ਮੁੰਡੇ ਦੀ ਉਮਰ ਦਾ ਕੀ ਪਤਾ, ਦੇਖਣ ਨੂੰ ਤਾਂ ਉਹ 'ਠਾਰਾਂ-ਉਨੀ ਦਾ ਲਗਦਾ, ਉਹਦੀ ਉਮਰ ਤਾਂ ਭਰਤੀ ਕਰਨ ਵਾਲੇ ਅਫਸਰ ਨੇ ਅੰਦਾਜ਼ੇ ਨਾਲ ਲਿਖ ਲਈ ਹੋਊ, ਨਾਲ਼ੇ ਬੂਟਾ ਸਿਆਂ ਇਹ ਗੱਲ ਸੁਣ, ਤੂੰ ਆਪ ਪੜ੍ਹਿਆ ਹੋਇਆ ਸੀ, ਤੂੰ ਮੁੰਡੇ ਨੂੰ ਪੜ੍ਹਾਇਆ ਨਹੀਂ, ਹੁਣ ਫੌਜ 'ਚ ਜਾ ਕੇ ਓਹਦੀ ਜ਼ਿੰਦਗੀ ਸੁਧਰ ਜਾਊ, ਐਮੇਂ ਨਾ ਖਪੀ ਚੱਲ।"

ਮੈਂ ਘਰ ਆਇਆ ਤਾਂ ਨੰਦੀ ਲੜਾਈ ਪਾਈ ਬੈਠੀ ਸੀ ਕਿ ਮੈਂ ਦਰਸ਼ਨ ਨੂੰ ਜਾ ਕੇ ਵਾਪਸ ਲੈ ਕੇ ਆਵਾਂ। ਉਸ ਨੇ ਰੋ ਰੋ ਕੇ ਅੱਖਾਂ ਸੁਜਾ ਲਈਆਂ ਸਨ। ਮੈਂ ਆਪਣੇ ਭਾਈਚਾਰੇ ਵਿਚੋਂ ਹੀ ਫੌਜ ਵਿਚੋਂ ਪੈਨਸ਼ਨ ਆਏ ਬੰਦੇ ਨਾਲ ਗੱਲ ਕੀਤੀ। ਉਹ ਵੀ ਲੰਬੜ ਵਾਲੀ ਬੋਲੀ ਹੀ ਬੋਲ ਰਿਹਾ ਸੀ। ਉਸ ਨੇ ਕਿਹਾ,

"ਬੂਟਾ ਸਿਆਂ, ਐਵੇਂ ਨਾ ਘਬਰਾ, ਜਿਹਦੀ ਆ ਗਈ ਘਰ ਬੈਠੇ ਦੀ ਆ ਜਾਣੀ ਆਂ। ਫੌਜ ਦੀ ਨੌਕਰੀ ਮਾੜੀ ਨਹੀਂ, ਦੇਖ ਮੈਂ ਪਿਲਸਣ ਲੈਂਨਾ, ਮੌਜਾਂ ਕਰਦਾਂ। ਫੌਜ ਵਿਚ ਖਾਣ-ਪੀਣ ਨੂੰ ਵਾਧੂ।"

"ਪਰ ਮੁੰਡੇ ਦੀ ਮਾਂ ਖੱਟੀ ਡੁਪੱਟੀ ਲਈ ਪਈ ਆ, ਕਹਿੰਦੀ ਉਹਨੂੰ ਵਾਪਸ ਲੈ ਕੇ ਆ।"

"ਮੈਨੂੰ ਨਹੀਂ ਲਗਦਾ ਕਿ ਉਹ ਓਹਦਾ ਨਾਂ ਕੱਟਣਗੇ, ਇਕ ਵਾਰੀ ਭਰਤੀ ਕਰ ਲਿਆ ਤਾਂ ਕਰ ਲਿਆ।"

"ਇਕ ਤਾਂ ਓਹਦੀ ਉਮਰ ਥੋੜ੍ਹੀ ਆ ਤੇ ਦੂਜਾ ਬਹਾਨਾ ਬਣਾਵਾਂਗੇ ਕਿ ਓਹਦੀ ਮਾਂ ਬਹੁਤ ਬਿਮਾਰ ਆ।"

"ਚਲ ਕੋਸ਼ਟ ਕਰ ਕੇ ਦੇਖਦੇ ਆਂ।"

ਉਸ ਫੌਜੀ ਨੂੰ ਪਤਾ ਸੀ ਕਿ ਜੱਟ ਸਿੱਖ ਰੈਜਮੈਂਟ ਦਾ ਬੇਸ ਮੇਰਠ ਹੈ। ਅਸੀਂ ਮੇਰਠ ਲਈ ਚਲ ਪਏ। ਆਪਣੇ ਨਾਲ ਮੈਂ ਘਿਓ ਦੀ ਪੀਪੀ ਲੈ ਲਈ ਕਿ ਜੇ ਉਹਨਾਂ ਨੇ ਉਸ ਦਾ ਨਾਂ ਨਾ ਕੱਟਿਆ ਤਾਂ ਇਹ ਪੀਪੀ ਉਸ ਨੂੰ ਦੇ ਆਵਾਂਗਾ। ਮੇਰਠ ਨੂੰ ਜਾਣ ਲਈ ਅਸੀਂ ਫਗਵਾੜੇ ਤੋਂ ਰਾਤ ਦੀ ਗੱਡੀ ਫੜੀ। ਸਵੇਰੇ ਪੰਜ ਕੁ ਵਜੇ ਮੇਰਠ ਕੈਂਟ ਸਟੇਸ਼ਨ 'ਤੇ ਪੁੱਜ ਗਏ। ਮੈਂ ਪਹਿਲੀ ਵਾਰੀ ਪਿੰਡੋਂ ਇੰਨੀ ਦੂਰ ਆਇਆ ਸਾਂ। ਅਸੀਂ ਸਟੇਸ਼ਨ ਤੇ



ਚਾਹ ਪੀਤੀ ਤੇ ਕੁਝ ਸਮਾਂ ਲੰਘਾਇਆ ਤਾਂ ਜੋ ਦਿਨ ਚੜ੍ਹ ਜਾਵੇ। ਵਿਸਾਖ ਦਾ ਮਹੀਨਾ ਹੋਣ ਕਰਕੇ ਸਵੇਰੇ ਠੰਡ ਹੀ ਸੀ। ਮੈਂ ਸੋਚਣ ਲਗਿਆ ਕਿ ਦਰਸ਼ਨ ਨੂੰ ਭਰਤੀ ਹੋਏ ਨੂੰ ਮਹੀਨਾ ਹੋ ਗਿਆ। ਸੋਚਦਿਆਂ ਕਰਦਿਆਂ ਨੇ ਅਸੀਂ ਮਹੀਨਾ ਲੰਘਾ ਲਿਆ ਸੀ। ਹੁਣ ਪਤਾ ਨਹੀਂ ਅਫਸਰ ਲੋਕ ਉਸਦਾ ਨਾਂ ਕੱਟਣ ਵੀ ਕਿ ਨਾ। ਪਰ ਫੌਜੀ ਮੈਨੂੰ ਹੌਂਸਲਾ ਦੇ ਰਿਹਾ ਸੀ ਕਿ ਉਸ ਦੀ ਉਮਰ ਦਾ ਰੌਲਾ ਪਾਵਾਂਗੇ ਤਾਂ ਸ਼ਾਇਦ ਅਫਸਰ ਮੰਨ ਜਾਣਗੇ। ਨਾਲੇ ਲੜਾਈ ਕਿਹੜੀ ਹਾਲੇ ਲੱਗੀ ਜਾਂਦੀ ਹੈ। ਇਸ ਤਾਂ ਸਾਰੀਆਂ ਅਖ਼ਬਾਰੀ ਗੱਲਾਂ ਹਨ।

ਦਸ ਕੁ ਵਜੇ ਅਸੀਂ ਫੌਜ ਦੇ ਦਫਤਰ ਵਿਚ ਪੁੱਜ ਗਏ। ਮੇਰੇ ਨਾਲ ਆਇਆ ਫੌਜੀ ਇਥੋਂ ਹੀ ਆਪਣੀ ਰਿਕਰੂਟੀ ਪਾਸ ਕਰ ਕੇ ਗਿਆ ਸੀ। ਉਹੀ ਮੈਨੂੰ ਸਹੀ ਜਗਾਹ ਤੇ ਲੈ ਗਿਆ। ਉਸ ਨੇ ਸਾਰੀ ਗੱਲ ਉਥੇ ਬੈਠੇ ਇਕ ਅਫਸਰ ਨੂੰ ਦੱਸੀ। ਅਫਸਰ ਬਹੁਤੀ ਗੱਲ ਨਹੀਂ ਸੀ ਕਰ ਰਿਹਾ ਪਰ ਉਸ ਨੇ ਦਰਸ਼ਨ ਨੂੰ ਸੱਦਣ ਲਈ ਕੋਈ ਬੰਦਾ ਭੇਜ ਦਿੱਤਾ ਤੇ ਸਾਨੂੰ ਇਕ ਪਾਸੇ ਬੈਠਾ ਦਿੱਤਾ। ਮੇਰੀ ਨਜ਼ਰ ਉਸ ਕਮਰੇ ਤੋਂ ਬਾਹਰ ਖੁੱਲ੍ਹੇ ਮੈਦਾਨ ਵੱਲ ਸੀ ਜਿਸ ਤੋਂ ਅੱਗੇ ਬੈਰਕਾਂ ਸ਼ੁਰੂ ਹੁੰਦੀਆਂ ਸਨ। ਮੈਂ ਦੇਖਿਆ ਕਿ ਇਕ ਉੱਚਾ ਲੰਮਾ ਖ਼ੂਬਸੂਰਤ ਗਭਰੂ ਸਾਹਮਣੇ ਤੁਰਿਆ ਆ ਰਿਹਾ ਸੀ। ਉਸ ਨੇ ਆਪਣੇ ਜੂੜੇ 'ਤੇ ਚਿੱਟਾ ਰੁਮਾਲ ਬੰਨਿਆਂ ਹੋਇਆ ਸੀ। ਪੈਰੀਂ ਚਿੱਟੇ ਬੂਟ ਤੇ ਜੁਰਾਬਾਂ, ਤੇੜ ਚਿੱਟੀ ਨਿਕੱਰ ਤੇ ਨਾਲ ਹੀ ਚਿੱਟੇ ਰੰਗ ਦੀ ਹੀ ਟੀ-ਸ਼ਰਟ। ਇੰਨਾ ਬਾਂਕਾ ਜਵਾਨ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਉਹ ਜਵਾਨ ਅੰਦਰ ਆ ਗਿਆ ਜਦ ਮੇਰੇ ਵੱਲ ਤੱਕ ਕੇ ਹੱਸਿਆ ਤਾਂ ਮੈਂ ਦੇਖਿਆ ਕਿ ਇਹ ਤਾਂ ਮੇਰਾ ਦਰਸ਼ਨ ਸੀ, ਹਾਕੀ ਖੇਲ ਕੇ ਆਇਆ ਸੀ। ਉਸ ਵਿਚ ਆਈ ਇਹ ਤਬਦੀਲੀ ਦੇਖ ਕੇ ਮੈਂ ਹੈਰਾਨ ਰਹਿ ਗਿਆ। ਕਿਥੇ ਉਹ ਦਰਸ਼ਨ ਜਿਸ ਦਾ ਜੂੜਾ ਹਰ ਵੇਲੇ ਖੁੱਲ੍ਹਿਆ ਜਿਹਾ ਰਹਿੰਦਾ, ਤੇੜ ਵਾਲੇ ਕੱਛੇ ਤੋਂ ਲੰਮੀ ਕਮੀਜ਼ ਹੁੰਦੀ, ਪੈਰੀਂ ਜੁੱਤੀ ਤਾਂ ਕਦੇ ਪਾਈ ਹੀ ਨਹੀਂ ਸੀ। ਉਹ ਬੋਲਿਆ,

"ਭਾਈਆ, ਤੂੰ ਇਥੇ ਕਿਦਾਂ?"

"ਤੂੰ ਸਾਨੂੰ ਦਸ ਤਾਂ ਦਿੰਦਾ ਕਿ ਭਰਤੀ ਹੋਣ ਲਗਿਆਂ, ਸਾਨੂੰ ਤਾਂ ਫਿਕਰ ਈ ਪੈ ਗਿਆ ਸੀ।"

"ਮੈਂ ਲੰਬੜ ਕੋਲ ਸਨੇਹਾ ਭੇਜ ਤਾਂ ਦਿੱਤਾ ਸੀ।"

ਮੇਰੇ ਤੋਂ ਹੋਰ ਬੋਲ ਨਾ ਹੋਇਆ। ਮੈਂ ਮੋਹ ਤੇ ਖੁਸ਼ੀ ਵਿਚ ਭਿੱਜਿਆ ਖੜਾ ਸਾਂ। ਮੈਂ ਸੋਚਿਆ ਕਿ ਦਰਸ਼ਨ ਲਈ ਇਹ ਜਗਾਹ ਹੀ ਠੀਕ ਹੈ। ਮੈਨੂੰ ਤਾਂ ਪਹਿਲਾਂ ਹੀ ਆਪਣਾ ਆਪ ਗੁਨਾਹਗਾਰ ਜਿਹਾ ਲਗ ਰਿਹਾ ਸੀ ਕਿ ਆਪਣੇ ਹੀਰੇ ਵਰਗੇ ਪੁੱਤ ਨੂੰ ਪਸ਼ੂਆਂ ਨਾਲ ਪਸ਼ੂ ਬਣਾ ਰਖਿਆ ਸੀ। ਪਿੰਡ ਵਾਪਸ ਜਾ ਕੇ ਉਹ ਫਿਰ ਰੁਲ਼ ਜਾਵਗੇ। ਮੈਂ ਇਸ ਗੱਲ ਦਾ ਜ਼ਿਕਰ ਹੀ ਨਾ ਕੀਤਾ ਕਿ ਅਸੀਂ ਉਸ ਨੂੰ ਲੈਣ ਆਏ ਸਾਂ। ਮੈਂ ਉਸ

ਨੂੰ ਘਿਓ ਦੀ ਪੀਪੀ ਫੜਾ ਦਿੱਤੀ। ਕੁਸ਼ ਪੈਸੇ ਦੇਣ ਲਗਾ ਤਾਂ ਉਹ ਬੋਲਿਆ,

"ਭਾਈਆ, ਪੈਸੇ ਤਾਂ ਹੁਣ ਤਨਖਾਹ ਮਿਲਣ ਵਾਲੀ ਆ, ਨਾਲੇ ਇਥੇ ਕਿਥੇ ਖਰਚਣੇ ਆਂ, ਸਭ ਕੁਸ਼ ਤਾਂ ਮਿਲਦਾ।"

ਮੈਂ ਤੇ ਫੌਜੀ ਵਾਪਸ ਆ ਗਏ। ਸਾਰੇ ਰਾਹ ਮੈਂ ਦਰਸ਼ਨ ਬਾਰੇ ਹੀ ਸੋਚਦਾ ਰਿਹਾ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੇਰਾ ਪੁੱਤ ਫੌਜ ਵਿਚ ਜਾ ਕੇ ਇੰਨਾ ਸੁਹਣਾ ਨਿਕਲ ਆਵੇਗਾ। ਘਰ ਆਏ ਨਾਲ ਨੰਦੀ ਨੇ ਬਥੇਰੀ ਲੜਾਈ ਕੀਤੀ ਪਰ ਮੈਂ ਦਰਸ਼ਨ ਦੇ ਫੈਸਲੇ ਨੂੰ ਸਹੀ ਮੰਨਿਆਂ। ਮੈਂ ਸੋਚਣ ਲਗਿਆ ਕਿ ਜੇ ਅੱਜ ਬਾਪੂ ਜੀਉਂਦਾ ਹੁੰਦਾ ਤਾਂ ਦਰਸ਼ਨ ਨੂੰ ਫੌਜ ਵਿਚ ਦੇਖ ਕੇ ਕੀ ਆਖਦਾ। ਉਸ ਨੇ ਤਾਂ ਖੁਸ਼ੀ ਵਿਚ ਫੁੱਲੇ ਨਹੀਂ ਸੀ ਸਮਾਉਣਾ।

ਇਕ ਦਿਨ ਅਸੀਂ ਸਾਰੇ ਹੈਰਾਨ ਰਹਿ ਗਏ ਕਿ ਦਰਸ਼ਨ ਦੇ ਹੱਥ ਦੀ ਲਿਖੀ ਚਿੱਠੀ ਆ ਗਈ। ਗੁਰਮੁਖੀ ਵਿਚ ਲਿਖੀ ਸੀ। ਅੱਖਰ ਵੱਡੇ ਵੱਡੇ ਸਨ ਪਰ ਮੇਰੇ ਲਈ ਇਹੋ ਬਹੁਤ ਸੀ ਕਿ ਉਸ ਨੇ ਆਪਣੇ ਹੱਥੀਂ ਇਹ ਚਿੱਠੀ ਲਿਖੀ ਸੀ। ਉਸ ਦਿਨ ਵੀ ਘੱਟ ਹੈਰਾਨੀ ਨਹੀਂ ਸੀ ਹੋਈ ਜਿਸ ਦਿਨ ਉਹ ਆਪਣੀ ਰਿਕਰੂਟੀ ਪਾਸ ਕਰਕੇ ਘਰ ਆਇਆ ਸੀ। ਇਸ ਥੋੜ੍ਹੇ ਜਿਹੇ ਚਿਰ ਵਿਚ ਹੀ ਉਹ ਵਾਹਵਾ ਕੱਦ ਕੱਢ ਆਇਆ ਸੀ। ਮੇਰੇ ਨਾਲੋਂ ਗਿੱਠ ਉੱਚਾ ਲਗਦਾ ਸੀ। ਫੌਜੀ ਵਰਦੀ ਤਾਂ ਉਸ ਨੂੰ ਬਹੁਤ ਹੀ ਸਜਦੀ ਸੀ। ਹੁਣ ਉਸ ਦੇ ਹਲਕੀ ਜਿਹੀ ਦਾਹੜੀ ਵੀ ਪੁੰਗਰਨ ਲਗੀ ਸੀ। ਇਕ ਹੋਰ ਹੈਰਾਨ ਕਰਨ ਵਾਲੀ ਗੱਲ ਇਹ ਕਿ ਉਸ ਦੇ ਹੱਥ ਵਿਚ ਗੁਰਮੁਖੀ ਦੀ ਅਖ਼ਬਾਰ ਵੀ ਸੀ। ਮੈਂ ਬਹੁਤ ਖੁਸ਼ ਸਾਂ। ਮੈਨੂੰ ਉਸ ਦਿਨ ਆਪਣਾ ਬਾਪੂ ਬਹੁਤ ਯਾਦ ਆਇਆ। ਖੁਸ਼ ਤਾਂ ਉਸ ਵੱਲ ਦੇਖ ਕੇ ਨੰਦੀ ਵੀ ਸੀ ਪਰ ਫੌਜ ਦੇ ਨਾਂ ਤੋਂ ਉਹ ਹਾਲੇ ਵੀ ਡਰੀ ਜਾ ਰਹੀ ਸੀ। ਬਾਅਦ ਵਿਚ ਮੈਨੂੰ ਪਤਾ ਚਲਿਆ ਕਿ ਆਮ ਪਿੰਡਾਂ ਦੇ ਲੰਬੜਾਂ ਨੂੰ ਇਵੇਂ ਅਣਭੋਲ ਮੁੰਡਿਆਂ ਨੂੰ ਭਰਤੀ ਕਰਾਉਣ ਬਦਲੇ ਸਰਕਾਰ ਵੱਲੋਂ ਪੈਸੇ ਜਾਂ ਹੋਰ ਰਿਆਇਤਾਂ ਵੀ ਮਿਲਦੀਆਂ ਸਨ ਪਰ ਹੁਣ ਲੰਬੜ ਨਾਲ ਲੜਨ ਦਾ ਕੋਈ ਫਾਇਦਾ ਨਹੀਂ ਸੀ।

ਛੁੱਟੀ ਆਇਆ ਦਰਸ਼ਨ ਸਾਡੇ ਸਭ ਲਈ ਕੁਝ ਨਾ ਕੁਝ ਲਿਆਇਆ। ਮੇਰੇ ਲਈ ਰੰਮ ਦੀਆਂ ਬੋਤਲਾਂ, ਦਾਸੋ ਤੇ ਦੇਬੋ ਲਈ ਸੂਟ, ਨੰਦੀ ਲਈ ਸ਼ਾਲ ਤੇ ਦੇਵ ਲਈ ਹਾਕੀ ਤੇ ਗੋਲੇ ਉਸ ਨੇ ਆਪਣੀ ਸਾਰੀ ਤਨਖਾਹ ਮੇਰੇ ਹੱਥ 'ਤੇ ਰੱਖ ਦਿੱਤੀ। ਇਹ ਵੀ ਪਿਓ ਲਈ ਘੱਟ ਖੁਸ਼ੀ ਦੀ ਗੱਲ ਨਹੀਂ ਹੁੰਦੀ। ਇਕ ਮਹੀਨਾ ਵਿਆਹ ਵਾਂਗ ਨਿਕਲਿਆ। ਦਰਸ਼ਨ ਨੂੰ ਅਸੀਂ ਸਾਰਿਆਂ ਨੇ ਭਿਜੀਆਂ ਅੱਖਾਂ ਨਾਲ ਵਿਦਾ ਕੀਤਾ। ਮੈਂ ਤੇ ਨੱਥਾ ਸਿੰਘ ਫਗਵਾੜੇ ਤਕ ਚੜ੍ਹਾਉਣ ਗਏ। ਰਾਤ ਦੀ ਉਹੋ ਰੇਲ ਸੀ ਜਿਸ ਵਿਚ ਅਸੀਂ ਮੇਰਠ ਗਏ ਸੀ। ਰਾਤ ਅਸੀਂ ਸਟੇਸ਼ਨ 'ਤੇ ਰਹੇ ਤੇ ਸਵੇਰੇ ਪਿੰਡ ਆ ਗਏ।

ਬਾਕੀ ਤਾਂ ਸਭ ਕੁਝ ਠੀਕ ਸੀ ਪਰ ਫਿਕਰ ਵਾਲੀ ਗੱਲ ਇਹ ਸੀ ਕਿ ਦੂਜਾ ਮਹਾਂ-ਯੁਧ ਸ਼ੁਰੂ ਹੋ ਚੁੱਕਾ ਸੀ। ਸਤੰਬਰ 1939 ਨੂੰ ਹੀ ਹਿਟਲਰ ਨੇ ਪੂਰਬੀ ਯੌਰਪ ਦੇ



ਦੇਸ਼ਾਂ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ। ਹਿਟਲਰ ਨੇ ਜਪਾਨ ਨਾਲ ਹੱਥ ਮਿਲਾ ਲਿਆ। ਇਧਰ ਜਪਾਨ ਭਾਰਤ ਵੱਲ ਵਧਣ ਲਗਿਆ ਸੀ। ਚੀਨ 'ਤੇ ਤਾਂ ਉਸ ਨੇ ਪਹਿਲਾਂ ਹੀ ਹਮਲਾ ਕਰ ਦਿੱਤਾ ਸੀ। ਉਹ ਇੰਡੋਨੇਸ਼ੀਆ, ਜਾਵਾ, ਸਮਾਟਰਾ ਤੇ ਫਿਲਪੀਨ ਬਗੈਰਾ ਨੂੰ ਜਿੱਤ ਕੇ ਬਰਮਾ ਦੇ ਬਾਰਡਰ 'ਤੇ ਆ ਬੈਠਾ ਸੀ। ਅੱਠ ਦਸੰਬਰ ਨੂੰ ਜਦ ਉਸ ਨੇ ਬਰਮਾ ਦਾ ਬਾਰਡਰ ਪਾਰ ਕਰ ਲਿਆ ਤਾਂ ਅੰਗਰੇਜ਼ਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਹਿਣ ਨੂੰ ਤਾਂ ਸਾਰੇ ਕਹਿੰਦੇ ਸਨ ਕਿ ਜਪਾਨ ਲਈ ਬਰਮਾ ਇਕ ਅਮੀਰ ਮੁਲਕ ਹੈ। ਉਸ ਦੀ ਚੌਲ਼ਾਂ ਦੀ ਖੇਤੀ, ਰਬੜ ਤੇ ਤੇਲ ਉਪਰ ਜਪਾਨ ਦੀ ਅੱਖ ਸੀ ਜਿਸ ਕਰਕੇ ਉਸ ਨੇ ਬਰਮਾ 'ਤੇ ਹਮਲਾ ਕੀਤਾ ਸੀ ਪਰ ਜਪਾਨ ਦੀ ਅਸਲ ਵਿਚ ਅੱਖ ਤਾਂ ਭਾਰਤ 'ਤੇ ਸੀ। ਹਿਟਲਰ ਦੀ ਤਾਕਤ ਨੂੰ ਦੇਖਦਿਆਂ ਪਹਿਲਾਂ ਤਾਂ ਅੰਗਰੇਜ਼ ਇਹ ਸੋਚ ਰਿਹਾ ਸੀ ਕਿ ਜੇ ਕਿਸੇ ਤਰ੍ਹਾਂ ਬਰਤਾਨੀਆਂ ਹੱਥੋਂ ਚਲੇ ਵੀ ਗਿਆ ਤਾਂ ਭਾਰਤ ਵਿਚੋਂ ਬੈਠ ਕੇ ਹੀ ਅਗਲੀ ਲੜਾਈ ਲੜ ਹੋ ਸਕਦੀ ਹੈ ਪਰ ਹੁਣ ਜਪਾਨ ਵੀ ਪੂਰੀ ਤਾਕਤ ਵਿਚ ਸੀ ਤੇ ਲਗਦਾ ਸੀ ਕਿ ਉਹ ਸਹਿਜੇ ਹੀ ਭਾਰਤ ਨੂੰ ਆਪਣੇ ਕਾਬੂ ਵਿਚ ਕਰ ਸਕਦਾ ਹੈ। ਕੁਝ ਦਿਨਾਂ ਵਿਚ ਹੀ ਦਰਸ਼ਨ ਦੀ ਚਿੱਠੀ ਆ ਗਈ ਕਿ ਉਹ ਬਰਮਾ ਦੇ ਬਾਰਡਰ 'ਤੇ ਭੇਜਿਆ ਜਾ ਰਿਹਾ ਹੈ। ਪੰਜਾਬੀ ਵਿਚ ਲੰਮੇ ਜਿਹੇ ਅੱਖਰਾਂ ਵਿਚ ਲਿਖੀ ਚਿੱਠੀ ਸੀ। ਸਾਡੇ ਸਭ ਦੇ ਸਾਹ ਸੂਤੇ ਗਏ। ਨੰਦੀ ਤਰ੍ਹਾਂ ਤਰ੍ਹਾਂ ਦੀ ਪ੍ਰਾਥਨਾਵਾਂ ਕਰਨ ਲਗੀ। ਮੈਂ ਵੀ ਸੋਚਿਆ ਕਿ ਰੋਜ਼ਾ ਸ਼ਰੀਫ ਮੰਢਾਲੀ ਜਾ ਕੇ ਆਵਾਂਗਾ। ਲੋਕ ਆ ਆ ਕੇ ਸਾਨੂੰ ਹੌਸਲਾ ਦਿੰਦੇ। ਬਾਹਰੋਂ ਅਸੀਂ ਚੰਗੇ ਭਲੇ ਦਿਸਣ ਦੀ ਕੋਸ਼ਿਸ਼ ਕਰਦੇ ਪਰ ਅੰਦਰੋਂ ਬਹੁਤ ਡਰੇ ਹੋਏ ਸਾਂ। ਮੈਂ ਸਭ ਤੋਂ ਪਹਿਲਾ ਕੰਮ ਅਖ਼ਬਾਰ ਪੜ੍ਹਨ ਦਾ ਕਰਦਾ। ਪਿੰਡ ਵਿਚ ਕਿਸੇ ਕੋਲ ਉਰਦੂ ਦੀ ਅਖ਼ਬਾਰ ਆਉਂਦੀ ਸੀ ਪਰ ਕਈ ਵਾਰ ਮੇਰੀ ਤਸੱਲੀ ਨਾ ਹੁੰਦੀ ਤਾਂ ਮੈਂ ਹਮੀਦੇ ਦੇ ਟਾਂਗੇ ਵਿਚ ਚੜ੍ਹ ਕੇ ਸ਼ਹਿਰ ਚਲੇ ਜਾਂਦਾ। ਮੈਨੂੰ ਪਤਾ ਸੀ ਕਿ ਪਿੱਪਲਾਂ ਹੇਠ ਕਈ ਲੋਕ ਬੈਠੇ ਅੰਗਰੇਜ਼ੀ ਦੀ ਅਖ਼ਬਾਰ ਪੜ੍ਹਦੇ ਹੁੰਦੇ ਸਨ, ਉਹਨਾਂ ਨੂੰ ਕੋਈ ਨਵੀਂ ਖਬਰ ਬਾਰੇ ਪੁੱਛਦਾ। ਖਬਰਾਂ ਲਗਭਗ ਇਕੋ ਜਿਹੀਆਂ ਹੀ ਹੁੰਦੀਆਂ।

ਜਪਾਨੀਆਂ ਨੇ ਰੰਗੂਨ ਸ਼ਹਿਰ 'ਤੇ ਹਮਲਾ ਕਰ ਦਿੱਤਾ ਸੀ ਤੇ ਸਿਆਮ ਨੂੰ ਤਾਂ ਆਪਣੇ ਕਬਜ਼ੇ ਵਿਚ ਹੀ ਕਰ ਲਿਆ ਸੀ। ਭਾਰਤੀ ਫੌਜ ਦੀ ਸਤਾਰਵੀਂ ਡਵੀਯਨ ਜਪਾਨੀਆਂ ਦਾ ਮੁਕਾਬਲਾ ਕਰ ਰਹੀ ਸੀ ਜਿਸ ਵਿਚ ਜੱਟ-ਸਿਖ, ਰਾਜਪੂਤ ਤੇ ਗੋਰਖੇ ਵੀ ਸਨ। ਵੈਸੇ ਤਾਂ ਇਹਨਾਂ ਦੇ ਨਾਲ ਅੰਗਰੇਜ਼ ਸੈਨਾ ਤੇ ਬਰਮੀ ਸੈਨਾ ਵੀ ਲੜ ਰਹੀ ਸੀ ਪਰ ਜਪਾਨ ਦਾ ਹੱਥ ਉਤੇ ਸੀ। ਇਥੋਂ ਤਕ ਕਿ ਅੰਗਰੇਜ਼ਾਂ ਨੂੰ ਪਿੱਛੇ ਹਟਣਾ ਪਿਆ। ਇਕ ਥਾਂ 'ਤੇ ਪਿੱਛੇ ਹਟਦਿਆਂ ਸਿਟੈਂਗ ਦਰਿਆ ਪਾਰ ਕਰਨਾ ਸੀ। ਦਰਿਆ ਦਾ ਪੁਲ ਬਹੁਤ ਕਮਜ਼ੋਰ ਸੀ, ਫੌਜ ਲੰਘ ਰਹੀ ਸੀ ਤਾਂ ਪੁਲ ਟੁੱਟ ਗਿਆ। ਬਹੁਤੀ ਫੌਜ ਦੀ ਜਾਨ ਤਾਂ ਬਚ ਗਈ ਪਰ ਹਥਿਆਰ ਦਰਿਆ ਵਿਚ ਰੁੜ ਗਏ। 9 ਮਾਰਚ, 1940

ਨੂੰ ਜਪਾਨੀਆਂ ਨੇ ਰੰਗੂਨ ਵੀ ਫਤਹਿ ਕਰ ਲਿਆ। ਅੰਗਰੇਜ਼ ਦੇ ਹੌਂਸਲੇ ਪਸਤ ਹੋਣ ਲਗੇ। ਜਪਾਨ ਨੇ ਹੌਲੀ ਹੌਲੀ ਅੰਡੇਮਾਨ-ਨਿਕੋਬਾਰ ਤਕ ਕਬਜ਼ਾ ਕਰ ਲਿਆ। ਅੰਗਰੇਜ਼ ਕਲੋਨੀ ਵਿਚੋਂ ਸਿਰਫ ਭਾਰਤ ਹੀ ਬਚਿਆ ਸੀ ਤੇ ਫਿਰ ਉਹ ਭਾਰਤ ਵੱਲ ਵੀ ਵਧਣ ਲਗ ਪਿਆ। ਬਰਤਾਨੀਆਂ ਅਮਰੀਕਾ ਵੱਲ ਮੱਦਦ ਲਈ ਝਾਕਣ ਲਗਾ। ਅਮਰੀਕਾ ਦੂਰ ਹੋਣ ਕਰਕੇ ਬਹੁਤਾ ਕੁਝ ਨਹੀਂ ਸੀ ਕਰ ਸਕਦਾ। ਅਮਰੀਕਾ ਨੇ ਜਪਾਨ ਨੂੰ ਡਰਾਵਾ ਦਿੱਤਾ ਤਾਂ ਜਪਾਨ ਉਸ ਵੱਲ ਨੂੰ ਵੀ ਸਿੱਧਾ ਹੋ ਗਿਆ। ਇਧਰ ਹੋ ਰਹੀਆਂ ਜਿੱਤਾਂ ਨੇ ਜਪਾਨ ਦੇ ਹੌਂਸਲੇ ਬਹੁਤ ਵਧਾ ਦਿੱਤੇ ਸਨ। ਇਵੇਂ ਹੀ ਹੌਂਸਲੇ ਵਿਚ ਜਪਾਨੀਆਂ ਨੇ ਪੋਰਟ ਹਾਰਬਰ ਤੇ ਖੜੇ ਅਮਰੀਕਾ ਦੇ ਪੰਜ ਜੰਗੀ ਜਹਾਜ਼ ਡੋਬ ਦਿੱਤੇ। ਹਾਲੇ ਤਕ ਅਮਰੀਕਾ ਇਸ ਲੜਾਈ ਵਿਚ ਸ਼ਾਮਲ ਨਹੀਂ ਸੀ ਹੋਇਆ ਤੇ ਹੁਣ ਉਸ ਨੂੰ ਵੀ ਇਸ ਯੁੱਧ ਵਿਚ ਹਿੱਸਾ ਲੈਣਾ ਪੈ ਗਿਆ।

ਮੈਂ ਹਿਸਾਬ ਲਾ ਕੇ ਦੇਖਿਆ ਕਰਦਾ ਕਿ ਦਰਸ਼ਨ ਦੀ ਬਟਾਲੀਅਨ ਹਾਲੇ ਪਿੱਛੇ ਹੀ ਹੋਵੇਗੀ। ਲੋਹੜੀ ਤੇ ਛੁੱਟੀ ਆਇਆ ਸੀ ਤੇ ਮਹੀਨਾ ਰਹਿ ਕੇ ਗਿਆ। ਬਰਮਾ ਜਾਣ ਨੂੰ ਵੀ ਟਾਈਮ ਲਗਣਾ ਸੀ। ਮੈਂ ਅਖ਼ਬਾਰ ਵਿਚ ਇਕ ਥਾਂ ਪੜ੍ਹਿਆ ਸੀ ਕਿ ਬਰਮਾ ਦੇ ਜੰਗਲਾਂ ਵਿਚ ਲੜਨ ਲਈ ਮਹੀਨਾ ਭਰ ਦੀ ਹੋਰ ਟਰੇਨਿੰਗ ਚਾਹੀਦੀ ਸੀ। ਬਰਮਾ ਦੇ ਜੰਗਲਾਂ ਵਿਚ ਲੜਨਾ ਬਹੁਤ ਔਖਾ ਸੀ। ਅਖ਼ਬਾਰਾਂ ਵਿਚ ਜੋ ਕੁਝ ਲਿਖਿਆ ਹੁੰਦਾ ਪੜ੍ਹ ਕੇ ਰਾਤ ਨੂੰ ਨੀਂਦ ਨਾ ਆਉਂਦੀ। ਮੈਂ ਨੰਦੀ ਨਾਲ ਕੋਈ ਗੱਲ ਸਾਂਝੀ ਨਾ ਕਰਦਾ ਪਰ ਮੈਨੂੰ ਬਹੁਤ ਡਰ ਲਗਦਾ ਸੀ। ਜੰਗਲਾਂ ਵਿਚ ਦੀ ਲੰਘਣਾ ਇੰਨਾ ਔਖਾ ਸੀ ਕਿ ਹੱਥ ਵਿਚ ਹਰ ਵੇਲੇ ਤੁਹਾਨੂੰ ਖੋਖਰੀ ਜਾਂ ਦਾਤ ਰੱਖਣਾ ਪੈਂਦਾ ਸੀ ਤਾਂ ਜੋ ਅਗੇ ਵਧਣ ਲਈ ਝਾੜੀਆਂ ਨੂੰ ਵੱਢਦੇ ਜਾਵੋਂ। ਸੰਘਣੇ ਜੰਗਲਾਂ ਵਿਚ ਕਈ ਵਾਰ ਦੋ ਗਜ਼ ਤੇ ਵੀ ਦੁਸ਼ਮਣ ਦਿਖਾਈ ਨਾ ਦਿੰਦਾ। ਮੋਟਾ ਮੋਟਾ ਮੱਛਰ ਸੀ। ਮਲੇਰੀਆ ਹੋਣ ਦਾ ਬਹੁਤ ਡਰ ਸੀ। ਪਾਣੀ ਵਿਚ ਕੋਈ ਅੰਗ ਪਾਓ ਤਾਂ ਇਕ ਦਮ ਜੋਕਾਂ ਚੁੰਬੜ ਜਾਂਦੀਆਂ। ਸੱਪਾਂ ਦਾ ਵੀ ਕੋਈ ਅੰਤ ਨਹੀਂ ਸੀ। ਮੈਂ ਸੋਚਦਾ ਕਿ ਮੇਰਾ ਪੁੱਤ ਹੁਣ ਇਸ ਜਗਾਹ ਤੇ ਲੜਾਈ ਕਰੇਗਾ।

ਬਰਮਾ ਦੇ ਰਾਹ ਵਿਚੋਂ ਦਰਸ਼ਨ ਦੀ ਇਕ ਚਿੱਠੀ ਆਈ। ਉਹੋ ਗੁਰਮੁਖੀ ਦੇ ਲੰਮੇ ਲੰਮੇ ਜਿਹੇ ਅੱਖਰ ਪਾਏ ਹੋਏ ਸਨ। ਮੈਨੂੰ ਤਾਂ ਇਹੋ ਬਹੁਤ ਖੁਸ਼ੀ ਸੀ ਕਿ ਉਹ ਆਪਣੇ ਆਪ ਚਿੱਠੀ ਲਿਖਣ ਲਗ ਪਿਆ ਹੈ ਪਰ ਜੇ ਉਹ ਲੜਾਈ ਵਿਚ ਨਾ ਜਾਂਦਾ ਤਾਂ ਹੋਰ ਤਰ੍ਹਾਂ ਦੀ ਖੁਸ਼ੀ ਹੋਣੀ ਸੀ। ਫਿਰ ਕਈ ਮਹੀਨੇ ਬਾਅਦ ਉਸ ਦੀ ਚਿੱਠੀ ਬਰਮਾ ਵਿਚੋਂ ਆਈ ਸੀ। ਕੋਈ ਖਾਸ ਗੱਲ ਨਹੀਂ ਸੀ ਲਿਖੀ, ਬੱਸ ਉਸ ਦੀ ਰਾਜ਼ੀ ਖੁਸ਼ੀ ਦੀ ਇਤਲਾਹ ਹੀ ਸੀ। ਪਿੰਡ ਦੇ ਇਕ ਫੌਜੀ ਨੇ ਤਾਂ ਇਕ ਵਾਰ ਮੈਨੂੰ ਡਰਾ ਹੀ ਦਿੱਤਾ। ਉਹ ਕਹਿਣ ਲਗਿਆ ਕਿ ਕਈ ਵਾਰ ਅਫਸਰ ਫੌਜੀਆਂ ਤੋਂ ਅਗਾਂਹ ਦੀਆਂ ਤਰੀਕਾਂ ਦੀਆਂ ਚਿੱਠੀਆਂ ਲਿਖਵਾ ਕੇ ਪਹਿਲਾਂ ਹੀ ਰੱਖ ਲੈਂਦੇ ਹਨ ਤੇ ਉਹਨਾਂ ਦੇ ਘਰਦਿਆਂ



ਨੂੰ ਪਾਉਂਦੇ ਰਹਿੰਦੇ ਹਨ ਕਿ ਉਹਨਾਂ ਦੇ ਹੌਂਸਲੇ ਬੁਲੰਦ ਰਹਿਣ। ਇਹ ਗੱਲ ਮੈਂ ਨੰਦੀ ਨੂੰ ਨਹੀਂ ਦੱਸੀ। ਕਈ ਵਾਰ ਮੈਂ ਸੋਚਦਾ ਕਿ ਅਸੀਂ ਸਭ ਤੁਰੇ ਫਿਰਦੇ ਹਾਂ, ਸਾਡੇ ਵਿਚ ਸਾਹ ਕੋਈ ਨਹੀਂ ਹੈ।

ਜਪਾਨੀਆਂ ਨੇ ਭਾਰਤ ਤੇ ਕਬਜ਼ਾ ਕਰਨ ਦੀ ਜੀਅ ਤੋੜ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਕੋਹੀਮੇ ਉਪਰ ਤਾਂ ਉਹਨਾਂ ਕਬਜ਼ਾ ਕਰ ਵੀ ਲਿਆ। ਭਾਰਤੀ ਫੌਜ ਨੇ ਕੋਹੀਮਾ ਵਾਪਸ ਲੈਣ ਲਈ 64 ਦਿਨ ਜੱਦੋ ਜਹਿਦ ਕੀਤੀ। ਹੱਥੋ ਹੱਥ ਲੜਾਈ ਵੀ ਹੋਈ, ਕੁਝ ਗਜ਼ਾਂ ਦੀ ਦੂਰੀ ਤੋਂ ਹੱਥ ਗੋਲੇ ਵੀ ਸੁੱਟੇ ਗਏ ਪਰ ਭਾਰਤੀ ਫੌਜ ਨੇ ਜਪਾਨੀਆਂ ਨੂੰ ਖਦੇੜ ਦਿੱਤਾ।

ਇਹਨਾਂ ਦਿਨਾਂ ਵਿਚ ਲੋਕਾਂ ਨੂੰ ਇਹ ਲਗਣ ਲਗ ਪਿਆ ਸੀ ਕਿ ਪਹਿਲਾਂ ਅਸੀਂ ਅੰਗਰੇਜ਼ਾਂ ਦੇ ਗੁਲਾਮ ਰਹੇ ਹਾਂ ਤੇ ਹੁਣ ਜਪਾਨੀਆਂ ਦੇ ਗੁਲਾਮ ਹੋ ਜਾਵਾਂਗੇ। ਇਕ ਫਿਕਰ ਵਾਲੀ ਗੱਲ ਹੋਰ ਹੋਈ ਕਿ ਆਪਣੇ ਆਪ ਨੂੰ ਦੇਸ਼ ਭਗਤ ਕਹਾਉਣ ਵਾਲੇ ਕੁਝ ਲੋਕ ਸੁਭਾਸ਼ ਚੰਦਰ ਬੋਸ ਦੇ ਮਗਰ ਲਗ ਕੇ ਜਪਾਨੀਆਂ ਦੀ ਮਦਦ ਕਰਨ ਲਗ ਪਏ। ਮੈਂ ਇਹਨਾਂ ਨਾਲ ਕਦੇ ਸਹਿਮਤ ਨਹੀਂ ਸੀ। ਮੈਨੂੰ ਤਾਂ ਅੰਗਰੇਜ਼ਾਂ ਦਾ ਰਾਜ ਪਸੰਦ ਸੀ। ਮੇਰੇ ਬਾਪੂ ਨੇ ਆਪਣੀ ਚੜ੍ਹਦੀ ਜਵਾਨੀ ਵਿਚ ਸਿੱਖਾਂ ਦਾ ਰਾਜ ਦੇਖਿਆ ਸੀ। ਉਹ ਕਈ ਵਾਰ ਗੱਲਾਂ ਸੁਣਾਉਂਦਾ ਕਿ ਸਿੱਖਾਂ ਦੇ ਰਾਜ ਦੇ ਮੁਕਾਬਲੇ ਅੰਗਰੇਜ਼ਾਂ ਦਾ ਰਾਜ ਬਹੁਤ ਵਧੀਆ ਸੀ। ਮੇਰਾ ਵੀ ਇੰਨੇ ਚਿਰ ਦਾ ਇਹੋ ਤਜੁਰਬਾ ਸੀ। ਪਰ ਇਹ ਲੋਕ ਹੁਣ ਜਪਾਨੀਆਂ ਦਾ ਰਾਜ ਲਿਆਉਣਾ ਚਾਹੁੰਦੇ ਸਨ। ਜਪਾਨੀਆਂ ਨਾਲੋਂ ਤਾਂ ਅੰਗਰੇਜ਼ ਲੱਖ ਦਰਜੇ ਚੰਗੇ ਹੋਣਗੇ, ਅਸੀਂ ਅਜਮਾਏ ਹੋਏ ਵੀ ਸਨ। ਮੈਨੂੰ ਨਹੀਂ ਸੀ ਪਤਾ ਚਲਦਾ ਕਿ ਇਹ ਕਿਹੋ ਜਿਹੇ ਦੇਸ਼ ਭਗਤ ਹਨ। ਇਹਨਾਂ ਨੇ ਕੁਝ ਫੌਜੀ ਵੀ ਆਪਣੇ ਨਾਲ ਰਲ਼ਾ ਕੇ ਫੌਜ ਵਿਚੋਂ ਭਗੌੜੇ ਕਰਾ ਲਏ। ਇਸ ਨਾਲ ਅੰਗਰੇਜ਼ ਦੀ ਮੁਸ਼ਕਲ ਹੋਰ ਵੀ ਬੜੀ ਹੋ ਗਈ। ਮੈਨੂੰ ਇਹ ਲੋਕ ਦੇਸ਼ ਭਗਤ ਹੋਣ ਨਾਲੋਂ ਆਪਣੇ ਮੁਲਕ ਦੇ ਗਦਾਰ ਵਧੇਰੇ ਜਾਪਦੇ। ਬਾਅਦ ਵਿਚ ਇਹ ਸਿੱਧ ਵੀ ਹੋ ਗਿਆ ਕਿ ਇਹਨਾਂ ਵਿਚ ਦੂਰ-ਅੰਦੇਸ਼ੀ ਦੀ ਕਮੀ ਸੀ ਤੇ ਜਪਾਨੀ ਇਹਨਾਂ ਨੂੰ ਸਿਰਫ ਵਰਤ ਰਹੇ ਸਨ।

## ਦੋ

ਇੰਨਾ ਤਾਂ ਪਤਾ ਹੀ ਸੀ ਕਿ ਦਰਸ਼ਨ ਹੁਣ ਬਰਮਾ ਵਿਚ ਲੜ ਰਿਹਾ ਸੀ। ਛੇ ਕੁ ਮਹੀਨੇ ਬਾਅਦ ਉਸ ਦੀ ਇਕ ਹੋਰ ਚਿੱਠੀ ਆਈ। ਉਹ ਠੀਕ ਠਾਕ ਸੀ। ਉਸ ਨੇ ਕਿਹਾ ਸੀ ਕਿ ਛੁੱਟੀ ਮਿਲਣ ਦੀ ਕੋਈ ਆਸ ਨਹੀਂ ਹੈ। ਇਹ ਤਾਂ ਸਾਨੂੰ ਵੀ ਪਤਾ ਸੀ। ਇਵੇਂ ਫਿਕਰਾਂ ਦੀ ਭੱਠੀ ਵਿਚ ਭੁੱਜਦਿਆਂ ਦਾ ਸਾਡਾ ਇਕ ਸਾਲ ਤੋਂ ਵਧ ਸਮਾਂ

ਨਿਕਲ ਗਿਆ। ਸਾਡੇ ਪਿੰਡ ਦੇ ਜਿਹੜੇ ਹੋਰ ਮੁੰਡੇ ਭਰਤੀ ਹੋਏ ਸਨ ਉਹਨਾਂ ਵਿਚੋਂ ਤਾਂ ਇਕ ਮੁੰਡਾ ਨਾਂ ਕਟਾ ਕੇ ਭੱਜ ਆਇਆ ਸੀ ਤੇ ਦੂਜਾ ਕਿਸੇ ਹੋਰ ਪਾਸੇ ਚਲੇ ਗਿਆ ਸੀ। ਬਰਮਾ ਦੇ ਬਾਰਡਰ 'ਤੇ ਕੋਈ ਨਹੀਂ ਸੀ ਗਿਆ। ਦਰਸ਼ਨ ਦੇ ਨਾਲ ਇਕ ਮੁੰਡਾ ਨਵੇਂ ਪਿੰਡ ਦਾ ਵੀ ਸੀ। ਜਿਸ ਦਿਨ ਅਸੀਂ ਦਰਸ਼ਨ ਨੂੰ ਫਗਵਾੜੇ ਛੱਡਣ ਗਏ ਤਾਂ ਸਾਨੂੰ ਉਥੇ ਦੋ ਮੁੰਡੇ ਹੋਰ ਵੀ ਮਿਲੇ ਸਨ। ਮੈਂ ਸੋਚਿਆ ਕਿ ਨਵੇਂ ਪਿੰਡ ਦੇ ਮੁੰਡੇ ਦੇ ਘਰਦਿਆਂ ਨੂੰ ਮਿਲ ਕੇ ਆਵਾਂ ਕਿ ਦੇਖਾਂ ਕਿ ਉਹਨਾਂ ਦਾ ਕੀ ਹਾਲ ਹੈ। ਸਾਡੇ ਪਿੰਡ ਕਿਸੇ ਦੀ ਨਵੇਂ ਪਿੰਡ ਰਿਸ਼ਤੇਦਾਰੀ ਸੀ। ਮੈਂ ਉਸ ਨੂੰ ਨਾਲ ਲੈ ਕੇ ਨਵੇਂ ਪਿੰਡ ਚਲੇ ਗਿਆ। ਮੁੰਡੇ ਦਾ ਨਾਂ ਤਾਂ ਮੈਨੂੰ ਪਤਾ ਨਹੀਂ ਸੀ ਪਰ ਮੈਂ ਸੋਚਦਾ ਸਾਂ ਕਿ ਜੇ ਹੁਲੀਆ ਦੱਸਿਆ ਤਾਂ ਸਹਿਜੇ ਹੀ ਪਤਾ ਚਲ ਜਾਵੇਗਾ। ਫਿਰ ਕਿੰਨੇ ਕੁ ਮੁੰਡੇ ਉਸ ਵਕਤ ਭਰਤੀ ਹੋਏ ਹੋਣਗੇ। ਇਵੇਂ ਹੀ ਹੋਇਆ। ਉਸ ਮੁੰਡੇ ਦਾ ਤੇ ਉਸ ਦੇ ਮਾਂਪਿਆਂ ਦਾ ਸਾਨੂੰ ਸਜਿਹੇ ਹੀ ਪਤਾ ਚਲ ਗਿਆ। ਜਦ ਮਿਲਣ ਗਏ ਤਾਂ ਉਹ ਮੁੰਡਾ ਸੱਜਣ ਸਿੰਘ ਘਰ ਆਇਆ ਬੈਠਾ ਸੀ। ਸਟੇਸ਼ਨ 'ਤੇ ਮਿਲੇ ਦੀ ਸ਼ਕਲ ਹਾਲੇ ਵੀ ਮੈਨੂੰ ਯਾਦ ਸੀ ਪਰ ਉਹ ਇੰਨਾ ਰਹਿ ਗਿਆ ਸੀ ਕਿ ਪੱਛਾਣਿਆਂ ਨਹੀਂ ਸੀ ਜਾ ਰਿਹਾ। ਉਸ ਨੂੰ ਕੋਈ ਬੁਖਾਰ ਚੜ੍ਹ ਗਿਆ ਸੀ ਜੋ ਕਿ ਲੜਾਈ ਵਿਚ ਕਈ ਵਾਰ ਚੜ੍ਹ ਜਾਇਆ ਕਰਦਾ ਹੈ। ਕਈ ਇਸ ਨੂੰ ਡਰ ਦਾ ਬੁਖਾਰ ਵੀ ਆਖਦੇ ਹਨ ਪਰ ਉਹ ਮੁੰਡਾ ਕਹਿ ਰਿਹਾ ਸੀ ਕਿ ਉਸ ਨੂੰ ਜੰਗਲ ਵਿਚ ਰਹਿਣ ਕਰਕੇ ਜੰਗਲੀ ਬੁਖਾਰ ਚੜ੍ਹ ਗਿਆ ਹੈ ਜੋ ਕਿ ਮੈਦਾਨ ਵਿਚ ਆ ਕੇ ਠੀਕ ਹੋ ਜਾਂਦਾ ਹੈ। ਉਸ ਦੀ ਸਿਹਤ ਇੰਨੀ ਕਮਜ਼ੋਰ ਸੀ ਕਿ ਉਸ ਤੋਂ ਚੰਗੀ ਤਰ੍ਹਾਂ ਬੋਲ ਵੀ ਨਹੀਂ ਸੀ ਹੁੰਦਾ। ਫੌਜੀ ਹਸਪਤਾਲ ਵਿਚ ਰੱਖਣਾ ਨਹੀਂ ਸੀ ਇਸ ਕਰਕੇ ਅਜਿਹੀ ਬਿਮਾਰੀ ਵਾਲਿਆਂ ਨੂੰ ਘਰ ਭੇਜ ਦਿੱਤਾ ਜਾਂਦਾ ਸੀ। ਮੇਰੀਆਂ ਉਸ ਨਾਲ ਥੋੜ੍ਹੀਆਂ ਗੱਲਾਂ ਹੀ ਹੋ ਸਕੀਆਂ। ਉਸ ਤੋਂ ਦਰਸ਼ਨ ਦੀ ਰਾਜ਼ੀ ਖੁਸ਼ੀ ਦਾ ਪਤਾ ਚਲ ਗਿਆ ਸੀ। ਉਹ ਦੋਵੇਂ ਇਕੋ ਫਰੰਟ ਤੇ ਹੀ ਸਨ। ਬਹੁਤੀ ਗੱਲ ਕਰਨ ਜੋਗਾ ਉਹ ਹੈ ਵੀ ਨਹੀਂ ਸੀ।

ਸੱਜਣ ਸਿੰਘ ਨੂੰ ਮਿਲ ਕੇ ਲਗਦਾ ਸੀ ਜਿਵੇਂ ਦਰਸ਼ਨ ਨਾਲ ਹੀ ਮੁਲਾਕਾਤ ਹੋ ਗਈ ਹੋਵੇ। ਦੋ ਕੁ ਮਹੀਨੇ ਵਿਚ ਉਹ ਠੀਕ ਹੋ ਗਿਆ ਤੇ ਵਾਪਸ ਲੜਾਈ ਵਿਚ ਜਾਣ ਦੀ ਤਿਆਰੀ ਕਰਨ ਲਗਿਆ। ਵਾਪਸ ਮੁੜਨ ਤੋਂ ਪਹਿਲਾਂ ਇਕ ਵਾਰ ਫਿਰ ਉਹ ਮਿਲਣ ਆਇਆ। ਅਸੀਂ ਦਰਸ਼ਨ ਲਈ ਘਿਓ ਭੇਜਣਾ ਚਾਹੁੰਦੇ ਸਾਂ ਪਰ ਲੜਾਈ ਵਿਚ ਤਾਂ ਰੋਟੀ ਖਾਣ ਦੀ ਫੁਰਸਤ ਨਹੀਂ ਹੁੰਦੀ, ਘਿਓ ਕਦੋਂ ਖਾ ਹੋਵੇਗਾ।

ਲੜਾਈ ਚਲਦੀ ਰਹੀ। ਤਬਾਹੀ ਹੁੰਦੀ ਰਹੀ। ਜਪਾਨ ਕਾਬੂ ਵਿਚ ਨਹੀਂ ਸੀ ਆ ਰਿਹਾ। ਜਪਾਨ ਕਾਰਨ ਹਿਟਲਰ ਵੀ ਸ਼ੇਰ ਹੋਇਆ ਪਿਆ ਸੀ। ਇਕ ਲੱਖ ਤੀਹ ਹਜ਼ਾਰ ਅੰਗਰੇਜ਼ ਤੇ ਉਸ ਦੀਆਂ ਸਾਥੀ ਫੌਜਾਂ ਦੇ ਸਿਪਾਹੀ ਤਾਂ ਜੰਗੀ ਕੈਦੀ ਬਣਾ ਲਏ ਸਨ ਜਪਾਨ ਨੇ। ਜੰਗੀ ਕੈਦੀਆਂ ਨਾਲ ਜਿਹੋ ਜਿਹਾ ਵਿਵਹਾਰ ਜਪਾਨੀ ਕਰ ਰਹੇ ਸਨ



ਇਹ ਰੌਂਗਟੇ ਖੜੇ ਕਰਨ ਵਾਲਾ ਹੁੰਦਾ। ਅਜੀਬ ਜਿਹੇ ਜਿਉਂਦੇ ਜਾਗਦੇ ਪਿੰਜਰਾਂ ਦੀਆਂ ਤਸਵੀਰਾਂ ਛਪਦੀਆਂ। ਅਖ਼ਬਾਰ ਪੜ੍ਹ ਪੜ੍ਹ ਦਿਲ ਦਹਿਲ ਜਾਂਦਾ। ਹਾਲੇ ਲੜਾਈ ਹੋਰ ਚਲਣੀ ਸੀ ਜੇ ਅਮਰੀਕਾ ਜਪਾਨ ਤੇ ਬੰਬ ਨਾ ਸੁੱਟਦਾ। ਅਮਰੀਕਾ ਨੇ ਨਾਗਾਸਾਕੀ ਤੇ ਹੀਰੋਸ਼ੀਮਾ ਉਪਰ ਐਟਮ ਬੰਬ ਸੁੱਟੇ ਤਾਂ ਜਪਾਨ ਨੂੰ ਹਥਿਆਰ ਸੁੱਟਣੇ ਪਏ। ਜੇ ਅਮਰੀਕਾ ਨੇ ਐਟਮ ਬੰਬ ਦੀ ਕਾਢ ਨਾ ਕੱਢ ਲਈ ਹੁੰਦੀ ਤਾਂ ਅੱਜ ਦੁਨੀਆਂ ਦਾ ਨਕਸ਼ਾ ਹੋਰ ਹੋਣਾ ਸੀ। ਲੜਾਈ ਖਤਮ ਹੋਈ ਤਾਂ ਦਰਸ਼ਨ ਦੀ ਚਿੱਠੀ ਆ ਗਈ ਕਿ ਉਹ ਛੁੱਟੀ ਆ ਰਿਹਾ ਹੈ। ਸਾਡਾ ਚਾਅ ਤਾਂ ਪੁੱਛੀਏ ਈ ਜਾਣੀਏ। ਮਹੀਨੇ ਕੁ ਬਾਅਦ ਦਰਸ਼ਨ ਘਰ ਆ ਗਿਆ। ਨੰਦੀ ਤਾਂ ਉਸ ਨੂੰ ਬੁੱਕਲ ਵਿਚ ਲੈ ਕੇ ਰੋਈ ਹੀ ਜਾਵੇ। ਸਾਡੇ ਲਈ ਤਾਂ ਪੁੱਤ ਦਾ ਦੁਬਾਰਾ ਜਨਮ ਹੋਇਆ ਸੀ। ਉਸ ਦੀ ਸਿਹਤ ਕਮਜ਼ੋਰ ਹੋਈ ਪਈ ਸੀ ਪਰ ਉਹ ਚੜ੍ਹਦੀ ਕਲਾ ਵਿਚ ਸੀ। ਉਹ ਸਾਨੂੰ ਲੜਾਈ ਦੀਆਂ ਕਿੰਨੀਆਂ ਹੀ ਕਹਾਣੀਆਂ ਸੁਣਾਉਂਦਾ। ਲੜਾਈ ਵਿਚ ਆਪਣੇ ਕਾਰਨਾਮਿਆਂ ਕਾਰਨ ਉਹ ਸਿਪਾਹੀ ਤੋਂ ਲੈਂਸ-ਨੈਕ ਤੇ ਫਿਰ ਨੈਕ ਬਣ ਗਿਆ ਸੀ। ਹੁਣ ਉਸ ਨੂੰ ਆਸ ਸੀ ਕਿ ਜਲਦੀ ਹੀ ਹੌਲਦਾਰ ਵੀ ਬਣ ਜਾਵੇਗਾ। ਅਸੀਂ ਸ਼ਾਮ ਨੂੰ ਇਕੱਠੇ ਸ਼ਰਾਬ ਪੀਂਦੇ ਤੇ ਗੱਲਾਂ ਕਰਦੇ। ਦੇਵ ਉਦੋਂ ਛੋਟਾ ਜਿਹਾ ਸੀ। ਉਹ ਵੀ ਸਾਡੇ ਕੋਲ ਆ ਕੇ ਬੈਠ ਜਾਂਦਾ। ਅਸੀਂ ਉਸ ਨੂੰ ਵੀ ਨਿੱਕਾ ਜਿਹਾ ਹਾੜ੍ਹਾ ਪਾ ਦਿੰਦੇ। ਹੁਣ ਇੰਨਾ ਬਹੁਤ ਸੀ ਕਿ ਲੜਾਈ ਖਤਮ ਹੋ ਗਈ ਸੀ। ਹੁਣ ਕਿਸੇ ਕਿਸਮ ਦਾ ਫਿਕਰ ਨਹੀਂ ਸੀ। ਦਰਸ਼ਨ ਮਹੀਨਾ ਕੁ ਰਹਿ ਕੇ ਮੁੜ ਗਿਆ। ਇਸ ਵਾਰ ਅਸੀਂ ਉਸ ਦੇ ਜਾਣ ਤੇ ਇੰਨੇ ਉਦਾਸ ਨਹੀਂ ਸਾਂ। ਹੁਣ ਤਾਂ ਜਿਵੇਂ ਉਹ ਕਮਾਈ ਕਰਨ ਜਾ ਰਿਹਾ ਹੋਵੇ।

ਹੁਣ ਅਖ਼ਬਾਰਾਂ ਵਿਚ ਅੰਗਰੇਜ਼ਾਂ ਦੀਆਂ ਸਿਫਤਾਂ ਦੇ ਪੁਲ ਬੰਨੇ ਹੋਏ ਹੁੰਦੇ। ਇਹ ਆਲਮੀ ਜੰਗ ਭਾਵੇਂ ਅਮਰੀਕਾ ਨੇ ਜਿੱਤੀ ਸੀ ਪਰ ਅੰਗਰੇਜ਼ ਸਾਰਾ ਸਿਹਰਾ ਆਪਣੇ ਸਿਰ ਬੰਨ ਰਹੇ ਸਨ। ਜਪਾਨੀਆਂ ਨੂੰ ਕੈਦੀ ਬਣਾਇਆ ਜਾ ਰਿਹਾ ਸੀ। ਜਪਾਨੀ ਜਨਰਲ ਟੋਜੋ ਜੋ ਕਿ ਤਬਾਹੀ ਦਾ ਜ਼ਿੰਮੇਵਾਰ ਸੀ ਉਸ ਉਪਰ ਤੇ ਹੋਰ ਬਹੁਤ ਸਾਰੇ ਅਫਸਰਾਂ ਉਪਰ ਮੁਕੱਦਮੇ ਚਲਾਏ ਗਏ। ਇਹਨਾਂ ਵਿਚੋਂ ਸਾਰਿਆਂ ਤੋਂ ਜ਼ਿਆਦਾ ਜਿਸ ਦੀਆਂ ਖਬਰਾਂ ਆਉਂਦੀਆਂ, ਉਹ ਸੀ ਜਨਰਲ ਟੋਜੋ। ਇਕ ਦਿਨ ਮੈਂ ਸ਼ਹਿਰ ਗਿਆ ਤਾਂ ਅੰਗਰੇਜ਼ੀ ਦੀ ਅਖ਼ਬਾਰ ਦੇਖੀ ਜਿਸ ਵਿਚ ਇਕ ਫੋਟੋ ਸੀ ਕਿ ਟੋਜੋ ਨੂੰ ਪੇਸ਼ੀ ਤੇ ਲਈ ਜਾ ਰਹੇ ਹਨ ਤੇ ਦਰਸ਼ਨ ਕਚਹਿਰੀ ਮੂਹਰੇ ਪਹਿਰਾ ਦੇ ਰਿਹਾ ਹੈ। ਮੈਨੂੰ ਕਿਸੇ ਤੋਂ ਪੜ੍ਹਾਉਣ ਦੀ ਲੋੜ ਹੀ ਨਾ ਪਈ, ਮੈਂ ਸਾਰੀ ਗੱਲ ਸਮਝ ਗਿਆ ਸਾਂ। ਮੈਂ ਅਖ਼ਬਾਰ ਖਰੀਦੀ ਤੇ ਘਰ ਨੂੰ ਲੈ ਆਇਆ। ਕਈਆਂ ਨੂੰ ਦਿਖਾਈ। ਮੈਂ ਸਾਂਭ ਕੇ ਰੱਖਣੀ ਚਾਹੁੰਦਾ ਸਾਂ ਪਰ ਨੰਦੀ ਨੇ ਰੱਦੀ ਸਮਝ ਕੇ ਚੁੱਲੇ ਬਾਲ ਦਿੱਤੀ। ਇਵੇਂ ਉਹ ਪਹਿਲਾਂ ਵੀ ਮੇਰੀਆਂ ਅਖ਼ਬਾਰਾਂ ਨਾਲ ਚੁਲਾ ਬਾਲਣ ਦਾ ਕੰਮ ਲਿਆ ਕਰਦੀ ਸੀ। ਮੁੜ ਕੇ ਮੈਨੂੰ ਉਹ ਅਖ਼ਬਾਰ ਕਿਤੇ ਨਹੀਂ ਦਿੱਸੀ।

ਦੁਨੀਆਂ ਵਿਚ ਭਾਵੇਂ ਲੱਖ ਸ਼ਾਂਤੀ ਹੋ ਗਈ ਹੋਵੇ ਪਰ ਹਿੰਦੁਸਤਾਨ ਵਿਚ ਬਹੁਤ ਅਸ਼ਾਂਤੀ ਸੀ। ਪਰ ਮੈਨੂੰ ਹੁਣ ਦਰਸ਼ਨ ਵੱਲੋਂ ਫਿਕਰ ਹਟ ਗਿਆ ਸੀ। ਹੁਣ ਤਾਂ ਮੈਂ ਚਾਹੁੰਦਾ ਸਾਂ ਕਿ ਇਕ ਛੁੱਟੀ ਆਵੇ ਤਾਂ ਉਸ ਦਾ ਰਿਸ਼ਤਾ ਕਰ ਦੇਈਏ ਤੇ ਦੂਜੀ ਵਾਰੀ ਛੁੱਟੀ ਆਵੇ ਤਾਂ ਵਿਆਹ ਕਰ ਦੇਈਏ।

## ਤਿੰਨ

ਹਿੰਦੁਸਤਾਨ ਵਿਚ ਅੰਗਰੇਜ਼ ਦੀ ਮੁਖਾਲਫਤ ਬਹੁਤ ਵਧ ਗਈ ਸੀ। ਅੰਗਰੇਜ਼ ਵੀ ਸ਼ਾਇਦ ਹੁਣ ਅੱਕੇ ਪਏ ਸਨ। ਉਹਨਾਂ ਇਥੋਂ ਚਲੇ ਜਾਣ ਵਿਚ ਹੀ ਫਾਇਦਾ ਸਮਝਿਆ। ਉਨ੍ਹਾਂ ਨੂੰ ਵੱਡੀ ਲੜਾਈ ਵਿਚ ਹੋਈ ਜਿੱਤ ਹੀ ਹੁਣ ਵੱਡੀ ਗੱਲ ਲਗਦੀ ਸੀ। ਉਹਨਾਂ ਆਪਣਾ ਬੋਰੀਆ ਬਿਸਤਰਾ ਬੰਨਣਾ ਸ਼ੁਰੂ ਕਰ ਦਿੱਤਾ। ਲੋਕ ਖੁਸ਼ੀ ਵਿਚ ਨੱਚਣ ਗਾਉਣ ਲਗੇ। ਮੈਨੂੰ ਤਾਂ ਕੋਈ ਖੁਸ਼ੀ ਨਹੀਂ ਸੀ। ਅੰਗਰੇਜ਼ਾਂ ਦੇ ਰਾਜ ਵਿਚ ਪੂਰਾ ਇਨਸਾਫ ਮਿਲਦਾ ਸੀ। ਪਰ ਇਕ ਹੋਰ ਦੁਖ ਦੀ ਖਬਰ ਇਹ ਆਉਣ ਲਗੀ ਕਿ ਹਿਦੁਸਤਾਨ ਦੇ ਦੋ ਹਿੱਸੇ ਕੀਤੇ ਜਾ ਰਹੇ ਹਨ। ਮੁਸਲਮਾਨਾਂ ਨੂੰ ਅਲੱਗ ਮੁਲਕ ਦਿੱਤਾ ਜਾ ਰਿਹਾ ਹੈ। ਪਹਿਲਾਂ ਤਾਂ ਮੈਂ ਸੋਚਦਾ ਕਿ ਇਹ ਕੋਈ ਅਫਵਾਹ ਹੈ ਜਾਂ ਕਿਸੇ ਦੀ ਸ਼ਰਾਰਤ। ਮੁਸਲਮਾਨਾਂ ਨੂੰ ਬਾਕੀ ਸਭ ਤੋਂ ਜੁਦਾ ਕਿਵੇਂ ਕੀਤਾ ਜਾ ਸਕਦਾ ਹੈ ਫਿਰ ਸੋਚਿਆ ਕਿ ਇਹ ਜਨਾਹ ਨੇ ਦੂਜਿਆਂ ਨਾਲ ਕੋਈ ਅੜਿਕਾ ਪਾਇਆ ਹੋਇਆ ਹੈ, ਬਾਕੀ ਦੇ ਲੀਡਰ ਉਸ ਨੂੰ ਕਹਿਣਗੇ ਕਿ ਤੂੰ ਇਸ ਪਾਸੇ ਹਕੂਮਤ ਕਰੀ ਚੱਲ ਪਰ ਇਵੇਂ ਨਹੀਂ ਕਹਿਣ ਲਗੇ ਕਿ ਸਾਰੇ ਮੁਸਲਮਾਨ ਇਧਰ ਆ ਜਾਵੋ ਤੇ ਹਿੰਦੂ-ਸਿੱਖ ਓਧਰ ਹੋ ਜਾਵੋ। ਫਿਰ ਖਬਰਾਂ ਆਉਣ ਲਗੀਆਂ ਕਿ ਮੁਸਲਮਾਨਾਂ ਨੂੰ ਪੰਜਾਬ ਦੇ ਪੱਛਮ ਵੱਲ ਲੈ ਜਾਇਆ ਜਾਵੇਗਾ ਜਿਥੇ ਪਾਕਿਸਤਾਨ ਵਸਾਇਆ ਜਾ ਰਿਹਾ ਸੀ ਤੇ ਹਿੰਦੂ-ਸਿੱਖਾਂ ਨੂੰ ਇਧਰ ਹਿੰਦੁਸਤਾਨ ਵਿਚ ਲਿਆਂਦਾ ਜਾਵੇਗਾ। ਕੋਈ ਵੀ ਗੱਲ ਯਕੀਨ ਵਾਲੀ ਨਹੀਂ ਸੀ ਜਾਪਦੀ। ਇਹ ਕਿਵੇਂ ਹੋ ਸਕਦਾ ਹੈ ਕਿ ਇਕ ਦਿਨ ਅਚਾਨਕ ਕੋਈ ਆਵੇ ਤੇ ਕਹੇ ਕਿ ਇਹ ਤੁਹਾਡਾ ਪਿੰਡ ਨਹੀਂ, ਇਹ ਤੁਹਾਡਾ ਘਰ ਨਹੀਂ, ਤੁਹਾਡਾ ਘਰ ਓਧਰ ਪਾਕਿਸਤਾਨ ਵਿਚ ਕਿਧਰੇ ਹੈ। ਉਸ ਇਲਾਕੇ ਵਿਚ ਜਿਹੜਾ ਪਹਿਲਾਂ ਕਿਸੇ ਨੇ ਦੇਖਿਆ ਹੀ ਨਹੀਂ ਹੈ। ਅਸੀਂ ਮੁਸਲਮਾਨਾਂ ਨਾਲ ਸਦੀਆਂ ਤੋਂ ਭਰਾਵਾਂ ਵਾਂਗ ਰਹਿੰਦੇ ਆਏ ਸਾਂ। ਹੋਰ ਕਿਸੇ ਦੀ ਹੋਵੇ ਜਾਂ ਨਾ ਹੋਵੇ ਮੇਰੀ ਤੇ ਫਿਰ ਦਰਸ਼ਨ ਦੀ ਵੀ ਮੁਸਲਮਾਨਾਂ ਨਾਲ ਰੋਟੀ ਦੀ ਸਾਂਝ ਸੀ। ਦਰਸ਼ਨ ਛੁੱਟੀ ਆਉਂਦਾ ਤਾਂ ਸਿੱਧਾ ਸਾਡੇ ਘਰ ਹੀ ਆ ਜਾਂਦਾ। ਦਰਸ਼ਨ ਵੀ ਉਸ ਦੇ ਘਰ ਜਾ ਕੇ ਖਾਣਾ ਖਾ ਆਇਆ ਕਰਦਾ। ਮੇਰੇ ਵੀ ਕਈ ਦੋਸਤ ਸਨ, ਚੌਧਰੀ ਇਨਾਇਤ ਅਲੀ ਸੀ, ਪੰਨੂੰ ਗੁਜਰ ਸੀ। ਹੋਰ ਵੀ ਕਈ ਸ਼ਾਮ ਨੂੰ ਮੇਰੇ ਅਟਾਲ ਤੇ ਆ ਬੈਠਦੇ, ਕਈ ਕਈ ਘੰਟੇ ਗੱਲਾਂ ਕਰਦੇ। ਮੇਰੇ ਕੋਲੋਂ ਪੜ੍ਹਨ ਲਈ ਕੋਈ ਨਾ ਕੋਈ ਕਿਤਾਬ ਲੈ ਜਾਂਦੇ, ਕੋਈ ਦੇ ਜਾਂਦੇ।



ਇਕ ਦਿਨ ਅਚਾਨਕ ਦਰਸ਼ਨ ਛੁੱਟੀ ਆ ਗਿਆ। ਅਸੀਂ ਸਾਰੇ ਹੈਰਾਨ ਸਾਂ। ਉਹ ਕਹਿਣ ਲਗਾ,

"ਸਾਨੂੰ ਛੇ ਮਹੀਨੇ ਦੀ ਛੁੱਟੀ ਮਿਲ ਗਈ, ਸਰਕਾਰ ਕਹਿੰਦੀ ਆ ਕਿ ਪਾਕਿਸਤਾਨ ਬਣਨ ਵਾਲ਼ਾ ਤੇ ਤੁਸੀਂ ਜਾ ਕੇ ਆਪਣੇ ਟਬੱਰ ਸੰਭਾਲੋ।"

ਇਕ ਦਿਨ ਦਰਸ਼ਨ ਦੱਸਣ ਲਗਾ,

"ਭਾਈਆ, ਮੇਰਾ ਤਾਂ ਸਾਬ ਕਹਿੰਦਾ ਸੀ ਬਈ ਜੇ ਇੰਗਲੈਂਡ ਜਾਣਾ ਤਾਂ ਮੇਰੇ ਨਾਲ ਚਲ। ਤੈਨੂੰ ਓਥੇ ਕੰਮ ਵੀ ਦਵਾ ਦੇਊਂ। ਮੈਂ ਨਾਂਹ ਕਰ 'ਤੀ।"

"ਚੰਗਾ ਕੀਤਾ, ਇਹ ਤਾਂ ਜੱਟ-ਸਿੱਖਾਂ ਦੀ ਇਕ ਰਜਮੈਂਟ ਰਾਜੇ ਦੀ ਫੌਜ ਵਿਚ ਰੱਖਣਾ ਚਾਹੁੰਦੇ ਸੀ, ਜਿੱਦਾਂ ਗੋਰਖਿਆਂ ਦੀ ਰੱਖੀ ਆ।"

ਉਹੋ ਗੱਲ ਹੋਈ ਜਿਸ ਦਾ ਡਰ ਸੀ। ਖਬਰ ਆਈ ਕਿ ਨਵੇਂ ਬਣੇ ਪਾਕਿਸਤਾਨ ਵਿਚ ਮੁਸਲਮਾਨਾਂ ਨੇ ਸਿੱਖਾਂ ਤੇ ਹਿੰਦੂਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਹੈ। ਤੇ ਫਿਰ ਕੀ ਸੀ ਇਧਰ ਵੀ ਇਹੋ ਕੰਮ ਅਰੰਭ ਹੋ ਗਿਆ। ਕਤਲੋ-ਗਾਰਤ ਸ਼ੁਰੂ ਹੋ ਗਈ। ਦਰਸ਼ਨ ਨੂੰ ਇਸ ਗੱਲ ਦੀ ਬਹੁਤ ਚਿੰਤਾ ਹੋਣ ਲਗੀ। ਉਸ ਨੇ ਆਪਣੇ ਨਾਲ ਪਿੰਡ ਦੇ ਹਾਣੀ ਮੁੰਡਿਆਂ ਨੂੰ ਲੈ ਕੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਪਿੰਡ ਦੇ ਮੁਸਲਮਾਨਾਂ ਨੂੰ ਪੂਰੀ ਸੁਰੱਖਿਆ ਮੁਹੱਈਆ ਕਰਾ ਦਿੱਤੀ ਕਿ ਉਹਨਾਂ ਨੂੰ ਕੋਈ ਕੁਝ ਨਾ ਕਹੇ। ਪਿੰਡ ਦੇ ਕਿਸੇ ਬੰਦੇ ਦੀ ਹਿੰਮਤ ਨਹੀਂ ਪੈਣੀ ਤੇ ਬਾਹਰਲਾ ਕੋਈ ਅਜਿਹਾ ਕੋਈ ਬੰਦਾ ਪਿੰਡ ਵਿਚ ਵੜਨ ਨਹੀਂ ਦੇਣਾ। ਪਿੰਡ ਦੇ ਮੁੱਖ ਰਾਹਾਂ 'ਤੇ ਪਹਿਰਾ ਲਾ ਦਿੱਤਾ ਗਿਆ। ਕੁਝ ਵੀ ਸੀ ਪਰ ਮੁਸਲਮਾਨ ਬਹੁਤ ਡਰ ਗਏ ਸਨ। ਕਈਆਂ ਨੂੰ ਤਾਂ ਲਗਦਾ ਸੀ ਕਿ ਹੁਣ ਵੀ ਮਰੇ ਕਿ ਹੁਣ ਵੀ ਮਰੇ। ਇਕ ਦਿਨ ਪਿੰਡ ਦੇ ਕੁਝ ਮੁਸਲਮਾਨ ਇਕੱਠੇ ਹੋ ਕੇ ਪਿੰਡ ਦੇ ਮੋਹਤਬਰਾਂ ਕੋਲ ਆਏ ਤੇ ਕਹਿਣ ਲਗੇ,



ਦਰਸ਼ਨ ਸਿੰਘ

"ਸਾਨੂੰ ਤਾਂ ਜੀ ਸਿੱਖ ਬਣਾ ਲਓ, ਅਗੇ ਵੀ ਅਸੀਂ ਹਿੰਦੂਆਂ 'ਚੋਂ ਈ ਮੁਸਲਮਾਨ ਬਣੇ ਆਂ।"

ਉਹਨਾਂ ਵਿਚੋਂ ਗੱਲ ਕਰਨ ਵਾਲਾ ਰਹਿਮਤ ਸੀ। ਮੈਂ ਉਸ ਨੂੰ ਪੁੱਛਿਆ,

"ਤੁਹਾਡੇ 'ਤੇ ਕਿਸੇ ਨੇ ਦਬਾਅ ਪਾਇਆ ?"

"ਨਹੀਂ ਜੀ, ਮੌਤ ਸਾਹਮਣੇ ਦਿਸਦੀ ਆ, ਧਰਮ ਤਾਂ ਸਾਰੇ ਇਕੋ ਜਿਹੇ ਹੁੰਦੇ ਆ ਗੱਲ ਤਾਂ ਇਹ ਜ਼ਿੰਦਗੀ ਮੁੜ ਕੇ ਨਹੀਂ ਮਿਲਣੀ।"

"ਤੁਸੀਂ ਡਰੋ ਨਾ, ਇਥੇ ਤੁਹਾਡੀ ਹਵਾ ਵਲ ਵੀ ਨਹੀਂ ਕੋਈ ਦੇਖ ਸਕਦਾ।"

"ਇਹ ਤਾਂ ਠੀਕ ਆ ਜੀ, ਹੁਣ ਪਾਕਿਸਤਾਨ ਤਾਂ ਜਾਣਾ ਈ ਪੈਣਾਂ, ਇਥੋਂ ਬਚੇ ਤਾਂ ਰਾਹ 'ਚ ਕੋਈ ਮਾਰ ਦੇਊ, ਇਥੇ ਰਹਿਣਾ ਤਾਂ ਸਿੱਖ ਜਾਂ ਹਿੰਦੂ ਬਣ ਕੇ ਰਹਿਣਾ ਪਊ, ਪਾਕਿਸਤਾਨ 'ਚ ਸਾਡਾ ਕੌਣ ਆਂ ਜਿਥੇ ਅਸੀਂ ਜਾਈਏ, ਇਥੇ ਸਾਰਾ ਪਿੰਡ ਸਾਡਾ ਆਪਣਾ।"

ਪਿੰਡ ਦੇ ਲੋਕਾਂ ਨੇ ਸਲਾਹ ਕੀਤੀ। ਉਹਨਾਂ ਨੂੰ ਸਿੱਖ ਬਣਾ ਲੈਣ ਦਾ ਫੈਸਲਾ ਹੋ ਗਿਆ। ਲੁਹਾਰ ਸੱਦਿਆ ਗਿਆ ਕਿ ਇਹਨਾਂ ਲਈ ਕੜੇ ਬਣਾਏ ਜਾਣ। ਦਰਜੀ ਸੱਦਿਆ ਗਿਆ ਕਿ ਇਹਨਾਂ ਲਈ ਕਛਿਹਰੇ ਸਮਾਏ ਜਾਣ। ਲੁਹਾਰ ਕੋਲ ਇੰਨੇ ਕੜੇ ਬਣਾਉਣ ਜੋਗਾ ਲੋਹਾ ਨਹੀਂ ਸੀ। ਲੋਕਾਂ ਨੇ ਮੇਰੇ ਅਟਾਲ ਵਿਚੋਂ ਲਕੜੀ ਤੋਲਣ ਵਾਲੇ ਤੱਕ ਦੀਆਂ ਤਾਰਾਂ ਹੀ ਖੋਹਲ ਕੇ ਕੜੇ ਬਣਾ ਦਿੱਤੇ। ਕਈਆਂ ਮੁਸਲਮਾਨਾਂ ਨੇ ਅੰਮ੍ਰਿਤ ਛਕ ਲਿਆ, ਰਹਿਮਤ ਦਾ ਨਾਂ ਰਾਮ ਸਿੰਘ ਰੱਖ ਦਿੱਤਾ ਗਿਆ। ਅਜਰੂ ਦਾ ਨਾਂ ਅਜੈਬ ਸਿੰਘ ਹੋ ਗਿਆ। ਪਰ ਇਸ ਗੱਲ ਨਾਲ ਪਿੰਡ ਦਾ ਮਹੌਲ ਕੁਝ ਅਜੀਬ ਹੋ ਗਿਆ। ਜਿਹੜੇ ਮੁਸਲਮਾਨ ਸਿੱਖ ਨਹੀਂ ਸਨ ਬਣੇ ਉਹ ਸਾਰੇ ਪਿੰਡ ਨੂੰ ਹੀ ਹੋਰ ਤਰ੍ਹਾਂ ਦੀਆਂ ਨਜ਼ਰਾਂ ਨਾਲ ਦੇਖਣ ਲਗ ਪਏ। ਉਹ ਸਾਰੇ ਪਿੰਡ ਨੂੰ ਹੀ ਇਹਨਾਂ ਦਾ ਧਰਮ ਬਦਲਣ ਦੇ ਦੋਸ਼ੀ ਮੰਨਣ ਲਗ ਪਏ। ਕਈਆਂ ਨੇ ਨਵੇਂ ਬਣੇ ਸਿੱਖਾਂ ਦੇ ਘਰ ਜਾ ਕੇ ਉਹਨਾਂ ਨੂੰ ਲਾਹਨਤਾਂ ਵੀ ਪਾਈਆਂ।

ਛੇਤੀ ਹੀ ਬਹਿਰਾਮ ਕੈਂਪ ਲਗ ਗਿਆ। ਇਥੇ ਆਲੇ ਦੁਆਲੇ ਦੇ ਪਿੰਡਾਂ ਦੇ ਮੁਸਲਮਾਨ ਇਸ ਕੈਂਪ ਵਿਚ ਇਕੱਠੇ ਹੋਣ ਲਗੇ ਤਾਂ ਜੋ ਇਥੋਂ ਅਗੇ ਪਾਕਿਸਤਾਨ ਜਾ ਸਕਣ। ਪਿੰਡ ਦੇ ਮੁੰਡੇ ਪਿੰਡ ਦੇ ਮੁਸਲਮਾਨਾਂ ਨੂੰ ਕੈਂਪ ਲੈ ਕੇ ਜਾਣ ਲਗੇ ਤਾਂ ਨਵੇਂ ਬਣੇ 'ਸਿੱਖ' ਸਭ ਤੋਂ ਮੂਹਰੇ ਸਨ। ਕੁਝ ਦਿਨਾਂ ਵਿਚ ਹੀ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਸਹੀ ਸਲਾਮਤ ਕੈਂਪ ਵਿਚ ਪਹੁੰਚਾ ਦਿੱਤਾ ਗਿਆ। ਸਾਡੇ ਪਿੰਡ ਸਭ ਠੀਕ ਸੀ ਪਰ ਆਲੇ ਦੁਆਲੇ ਦੇ ਪਿੰਡਾਂ ਵਿਚ ਕਤਲੋ ਗਾਰਤ ਚਲ ਰਹੀ ਸੀ। ਅੱਗਾਂ ਲਗ ਰਹੀਆਂ ਸਨ। ਮਨੁੱਖੀ ਮਾਸ ਦੇ ਸੜਨ ਦੀ ਦੁਰਗੰਧ ਸਾਰਾ ਦਿਨ ਆਉਂਦੀ ਰਹਿੰਦੀ।

ਦਰਸ਼ਨ ਨੂੰ ਪਸ਼ੂ ਚਾਰਨ ਦਾ ਸ਼ੌਂਕ ਬਚਪਨ ਤੋਂ ਹੀ ਸੀ। ਛੁੱਟੀ ਆਇਆ ਵੀ ਸਵੇਰੇ ਹੀ ਬੱਗ ਖੋਹਲ ਕੇ ਤੁਰ ਪੈਂਦਾ ਤੇ ਬਾਕੀ ਬਾਗੀਆਂ ਤੋਂ ਬਾਅਦ ਵਿਚ ਮੁੜਦਾ। ਮੈਂ ਬਹੁਤ ਕਹਿੰਦਾ ਕਿ ਸਮੇਂ ਮਾੜੇ ਹਨ, ਜਲਦੀ ਆ ਜਾਇਆ ਕਰੇ ਪਰ ਉਹ ਸਭ ਤੋਂ ਬਾਅਦ ਵਿਚ ਹੀ ਆਉਂਦਾ।



ਇਕ ਦਿਨ ਜਦ ਉਹ ਡੱਬਰੀ ਤੋਂ ਵਾਪਸ ਮੁੜਨ ਦੀ ਤਿਆਰੀ ਕਰ ਰਿਹਾ ਸੀ ਤਾਂ ਕੀ ਦੇਖਦਾ ਹੈ ਕਿ ਸਾਹਮਣੇ ਇਕ ਬਜ਼ੁਰਗ ਜੋੜਾ ਆ ਰਿਹਾ ਹੈ ਤੇ ਉਹਨਾਂ ਦੇ ਨਾਲ ਇਕ ਜਵਾਨ ਕੁੜੀ ਵੀ ਹੈ। ਉਹਨਾਂ ਦਰਸ਼ਨ ਨੂੰ ਦੇਖਿਆ ਤਾਂ ਸਵਾ ਛੇ ਫੁੱਟਾ ਸਰਦਾਰ ਦੇਖ ਕੇ ਡਰ ਗਏ। ਦਰਸ਼ਨ ਉਹਨਾਂ ਦੇ ਨੇੜੇ ਗਿਆ ਤਾਂ ਬਜ਼ੁਰਗ ਕਹਿਣ ਲਗਾ,

"ਆਹ ਸਾਰੇ ਗਹਿਣੇ ਲੈ ਲਓ ਪਰ ਮੇਰੀ ਕੁੜੀ ਨੂੰ ਕੁਸ਼ ਨਾ ਕਿਹੋ।"

ਦਰਸ਼ਨ ਉਸ ਵੱਲ ਦੇਖ ਕੇ ਹੱਸਿਆ ਤੇ ਬੋਲਿਆ,

"ਬਜ਼ੁਰਗਾ, ਕਿਹੋ ਜਿਹੀਆਂ ਗੱਲਾਂ ਕਰਦਾਂ, ਤੂੰ ਮੇਰੇ ਪਿਓ ਵਰਗਾਂ ਤੇ ਇਹ ਕੁੜੀ ਮੇਰੀ ਭੈਣ ਵਰਗੀ। ਦਸ ਕਿਥੇ ਜਾਣਾਂ, ਮੈਂ ਪਹੁੰਚਦਾ ਕਰ ਦਿੰਨਾ ਤੁਹਾਨੂੰ।"

"ਅਸੀਂ ਬਰਾਮ ਕੈਂਪ ਵਿਚ ਜਾਣਾ।"

ਉਹ ਬੰਦਾ ਡਰਦਾ ਡਰਦਾ ਬੋਲਿਆ। ਦਰਸ਼ਨ ਉਹਨਾਂ ਨੂੰ ਆਪਣੇ ਨਾਲ ਲੈ ਆਇਆ। ਜਦ ਹਵੇਲੀ ਪੁੱਜਾ ਤਾਂ ਮੈਂ ਉਹਦੇ ਨਾਲ ਇਕ ਬੰਦਾ ਤੇ ਦੋ ਔਰਤਾਂ ਦੇਖ ਕੇ ਸਭ ਕੁਝ ਇਕ ਦਮ ਸਮਝ ਗਿਆ। ਉਹਨਾਂ ਨੂੰ ਅਸੀਂ ਰੋਟੀ-ਪਾਣੀ ਖਵਾਇਆ-ਪਿਲਾਇਆ। ਸਾਡੇ ਬਹੁਤਾ ਕਹਿਣ ਤੇ ਸਾਡੇ ਕੋਲ ਰਾਤ ਰਹਿਣਾ ਵੀ ਮੰਨ ਗਏ। ਉਹ ਨਾਲ ਦੇ ਪਿੰਡ ਘੁੰਮਣਾਂ ਤੋਂ ਹੀ ਸਨ ਤੇ ਲੁਕ ਲੁਕ ਕੇ ਕੈਂਪ ਵਿਚ ਪੁੱਜਣਾ ਚਾਹੁੰਦੇ ਸਨ। ਜਵਾਨ ਕੁੜੀ ਨਾਲ ਹੋਣ ਕਰਕੇ ਉਹਨਾਂ ਦਾ ਡਰ ਬਹੁਤ ਵੱਡਾ ਸੀ। ਸਾਰੀ ਗੱਲ ਮੈਨੂੰ ਦੱਸਦਾ ਉਹ ਬੰਦਾ ਬੋਲਿਆ,

"ਸਰਦਾਰਾ, ਤੂੰ ਬਹੁਤ ਕਿਸਮਤ ਵਾਲਾਂ ਜਿਹਦੇ ਘਰ ਏਨਾ ਨੇਕ ਪੁੱਤ ਜੰਮਿਆਂ।"

ਦਰਸ਼ਨ ਉਹਨਾਂ ਨੂੰ ਸਵੇਰੇ ਆਪ ਜਾ ਕੇ ਕੈਂਪ ਵਿਚ ਛੱਡ ਆਇਆ।

ਰੌਲ਼ਿਆਂ ਵੇਲੇ ਲੁੱਟ ਖੋਹ ਤਾਂ ਜਾਰੀ ਹੈ ਹੀ ਸੀ ਪਰ ਔਰਤਾਂ ਉਧਾਲਣ ਦਾ ਕੰਮ ਵੀ ਜ਼ੋਰਾਂ 'ਤੇ ਸੀ। ਕਈ ਅਜਿਹੇ ਲੋਕ ਜਿਹਨਾਂ ਦਾ ਵਿਆਹ ਹੋ ਸਕਣ ਦੇ ਮੌਕੇ ਘੱਟ ਸਨ ਕਈ ਔਰਤਾਂ ਨੂੰ ਜਬਰਦਸਤੀ ਚੁੱਕ ਕੇ ਆਪਣੇ ਘਰ ਪਾ ਰਹੇ ਹਨ ਤੇ ਵਿਆਹ ਕਰਾ ਰਹੇ ਸਨ। ਇਵੇਂ ਹੀ ਸਾਡੇ ਪਿੰਡ ਦੇ ਕੁਝ ਛੜਿਆਂ ਨੇ ਸਲਾਹ ਕੀਤੀ ਕਿ ਕਿਉਂ ਨਾ ਕਿਸੇ ਪਾਸਿਓਂ ਆਪੋ ਆਪਣੇ ਲਈ ਔਰਤਾਂ ਚੁੱਕ ਲਿਆਈਏ। ਹੋਰ ਕਿਸੇ ਪਾਸੇ ਦਾਅ ਨਾ ਲਗਦਾ ਦੇਖ ਇਕ ਦਿਨ ਉਹ ਬਹਿਰਾਮ ਕੈਂਪ ਕੋਲ ਘਾਤ ਲਾ ਕੇ ਬੈਠ ਗਏ। ਤਿੰਨ ਜਵਾਨ ਕੁੜੀਆਂ ਜੰਗਲ ਪਾਣੀ ਲਈ ਕੈਂਪ ਤੋਂ ਬਾਹਰ ਨਿਕਲੀਆਂ ਤਾਂ ਉਹਨਾਂ ਨੇ ਚੁੱਕ ਲਈਆਂ ਤੇ ਪਿੰਡ ਲੈ ਆਏ। ਮੌਕਾ-ਮੇਲ ਇਹ ਕਿ ਉਹ ਕੁੜੀਆਂ ਸਾਡੇ ਪਿੰਡ ਦੀਆਂ ਭਰਾਈਆਂ ਦੀਆਂ ਕੁੜੀਆਂ ਹੀ ਸਨ। ਲੋਕਾਂ ਨੇ ਦੇਖਿਆ ਤਾਂ ਉਹ ਇਕੱਠੇ ਹੋਣੇ ਸ਼ੁਰੂ ਹੋ ਗਏ। ਕਈ ਉਹਨਾਂ ਨੂੰ ਵਧਾਈਆਂ ਵੀ ਦੇਣ ਲਗੇ। ਇਸ ਰੌਲੇ ਰੱਪੇ ਵਿਚ ਕੁੜੀਆਂ ਦੌੜ ਕੇ ਆਪੋ ਆਪਣੇ ਘਰੀਂ ਜਾ ਵੜੀਆਂ। ਦਰਸ਼ਨ ਕੁਝ ਦੋਸਤਾਂ ਨੂੰ ਲੈ ਕੇ ਉਹਨਾਂ ਕੁੜੀਆਂ ਨੂੰ ਵਾਪਸ ਕੈਂਪ ਵਿਚ ਛੱਡ ਆਇਆ।

ਰੌਲ਼ਿਆਂ ਵੇਲੇ ਦੀਆਂ ਬਹੁਤ ਸਾਰੀਆਂ ਯਾਦਾਂ ਹਨ। ਦਰਸ਼ਨ ਕਤਲੋ-ਗਾਰਤ ਰੋਕਣ ਲਈ ਮੂਹਰੇ ਹੋ ਜਾਂਦਾ ਸੀ। ਉਹ ਕਹਿੰਦਾ ਕਿ ਉਹ ਲੜਾਈ ਵਿਚ ਬਹੁਤ ਕੁਝ ਦੇਖ ਆਇਆ ਹੈ ਹੁਣ ਹੋਰ ਨਹੀਂ ਦੇਖਿਆ ਜਾਂਦਾ। ਪਰ ਜੋ ਇਕ ਯਾਦ ਹੈ ਜਦ ਵੀ ਮਨ ਦੇ ਬੂਹੇ ਆਉਂਦੀ ਹੈ ਤਾਂ ਸਾਰੀ ਕਾਇਆ ਹੀ ਹਿਲਾ ਜਾਂਦੀ ਹੈ।

ਹੋਇਆ ਇਹ ਕਿ ਜਦ ਰੌਲੇ ਪਏ ਤਾਂ ਫੌਜ ਬਹੁਤ ਬਾਅਦ ਵਿਚ ਹਰਕਤ ਵਿਚ ਆਈ। ਜਦ ਤਕ ਬਹੁਤ ਸਾਰਾ ਨੁਕਸਾਨ ਹੋ ਚੁੱਕਾ ਸੀ। ਫੌਜ ਨੇ ਬਹਿਰਾਮ ਵਾਲੇ ਕੈਂਪ ਦੀ ਸੁਰੱਖਿਆ ਕਰਨੀ ਸ਼ੁਰੂ ਕਰ ਦਿੱਤੀ ਸੀ। ਫੌਜੀ ਲੋਕਾਂ ਨੂੰ ਕਹਿ ਰਹੇ ਸਨ ਕਿ ਕਿਸੇ ਦਾ ਘਰ ਵਿਚ ਕੋਈ ਸਾਮਾਨ ਰਹਿ ਗਿਆ ਹੈ ਤਾਂ ਉਹਨਾਂ ਦੇ ਨਾਲ ਚਲ ਕੇ ਲੈ ਆਵੋ। ਦਰਸ਼ਨ ਦਾ ਦੋਸਤ ਗਾਮਾ ਇਕ ਫੌਜੀ ਨੂੰ ਨਾਲ ਲੈ ਕੇ ਪਿੰਡ ਆ ਗਿਆ। ਗਾਮੇ ਦੀ ਅਜੀਬ ਜਿਹੀ ਹਾਲਤ ਸੀ ਜਿਵੇਂ ਮਨ ਦਾ ਤਵਾਜ਼ਨ ਗੁਆ ਚੁੱਕਾ ਹੋਵੇ। ਇਹ ਕੁਦਰਤੀ ਵੀ ਸੀ। ਇੰਨੇ ਬੇਕਸੂਰੇ ਮੁਸਲਮਾਨ ਮਾਰੇ ਗਏ ਹੋਣ ਤਾਂ ਕਿਸੇ ਵੀ ਮੁਸਲਮਾਨ ਦੇ ਮਨ ਉਪਰ ਇਸ ਦਾ ਡੂੰਘਾ ਅਸਰ ਹੋ ਸਕਦਾ ਹੈ।

ਦਰਸ਼ਨ ਗਭਲੇ ਖੂਹ ਤੇ ਨਹਾ ਰਿਹਾ ਸੀ। ਇਹ ਗਭਲਾ ਖੂਹ ਬਾਬੇ ਹਦਾਲ ਦੇ ਵੇਲੇ ਦਾ ਹੈ। ਸਾਰੇ ਪਿੰਡ ਨੂੰ ਪਾਣੀ ਇਥੋਂ ਹੀ ਜਾਇਆ ਕਰਦਾ ਸੀ। ਲੋਕ ਇਥੇ ਹੀ ਨਹਾ ਵੀ ਲੈਂਦੇ ਸਨ। ਇਥੇ ਮੁੰਡਿਆਂ-ਖੁੰਡਿਆਂ ਦਾ ਇਕੱਠ ਹੋਇਆ ਹੀ ਰਹਿੰਦਾ ਸੀ। ਸਾਡੇ ਤਿੰਨਾਂ ਭਰਾਵਾਂ ਦੇ ਪਹਿਲੇ ਜੱਦੀ ਘਰ ਵੀ ਨਾਲ ਵਾਲੀ ਬੀਹੀ ਵਿਚ ਸਨ, ਖੂਹ ਤੋਂ ਤਿੰਨ ਕੁ ਕਰਮਾਂ ਦੀ ਦੂਰੀ 'ਤੇ। ਗਭਲੇ ਖੂਹ ਨਾਲ ਖਹਿੰਦੀ ਪਿੰਡ ਦੀ ਮੁੱਖ ਗਲੀ ਵੀ ਲੰਘਦੀ ਸੀ। ਪਿੰਡ ਵਿਚ ਕਿਸੇ ਨੇ ਆਉਣਾ ਹੋਵੇ ਤਾਂ ਇਸ ਬੀਹੀ ਰਾਹੀਂ ਹੀ ਆਉਂਦਾ। ਇਹ ਗਲੀ ਅਗੇ ਬਜ਼ਾਰ ਨੂੰ ਤੇ ਮੁਸਲਮਾਨਾਂ ਦੇ ਘਰ ਨੂੰ ਜਾਂਦੀ ਸੀ। ਗਾਮਾ ਇਕ ਫੌਜੀ ਨੂੰ ਨਾਲ ਲੈ ਕੇ ਆ ਗਿਆ। ਮਧਰਾ ਜਿਹਾ ਫੌਜੀ ਮਾਰਚ ਕਰਦਾ ਆ ਰਿਹਾ ਸੀ। ਜਦ ਉਹ ਗਭਲੇ ਖੂਹ ਉਪਰਲੀ ਛੋਟੀ ਜਿਹੀ ਭੀੜ ਕੋਲ ਪੁੱਜਾ ਤਾਂ ਉਹ ਰੌਲਾ ਪਾਉਣ ਲਗਾ। ਉਹ ਕਹਿ ਰਿਹਾ ਸੀ,

"ਕੌਨ ਹੈ ਇਸ ਗਾਓਂ ਮੇਂ ਬਦਮਾਸ਼, ਮੈਂ ਸ਼ੂਟ ਕਰ ਦੂੰਗਾ, ਜ਼ਰਾ ਮੇਰੇ ਸਾਮਨੇ ਲਾਓ ਉਸ ਬਦਮਾਸ਼ ਕੋ।"

ਉਸ ਨੂੰ ਇਸ ਤਰ੍ਹਾਂ ਬੁੱਕਦੇ ਨੂੰ ਦੇਖ ਕੇ ਦਰਸ਼ਨ ਨੇ ਗਾਮੇ ਨੂੰ ਹੌਲੇ ਜਿਹੇ ਦੋਸਤਾਨਾ ਲਹਿਜੇ ਵਿਚ ਆਖਿਆ,

"ਗਾਮਿਆਂ, ਅਸੀਂ ਤਾਂ ਤੇਰਾ ਇਕ ਇਕ ਜੀਅ ਕੈਂਪ ਵਿਚ ਪਹੁੰਚਦਾ ਕਰ ਦਿੱਤਾ, ਤੂੰ ਕਾਹਨੂੰ ਏਸ ਫੌਜੀ ਨੂੰ ਲਿਆਉਣਾ ਸੀ ਪਿੰਡ ਵਿਚ!"

ਉਸ ਦੇ ਇੰਨੀ ਕਹਿਣ ਦੀ ਦੇਰ ਸੀ ਕਿ ਗਾਮਾ ਉਸ ਵੱਲ ਇਸ਼ਾਰਾ ਕਰਦਾ ਫੌਜੀ ਨੂੰ ਕਹਿਣ ਲਗਾ,

"ਇਕ ਬਦਮਾਸ਼ ਤਾਂ ਇਹੋ ਆ।"



ਬੱਸ ਫਿਰ ਕੀ ਸੀ। ਫੌਜੀ ਦਾ ਗੁੱਸਾ ਸਤਵੇਂ ਅਸਮਾਨ ਤੇ ਜਾ ਚੜ੍ਹਿਆ। ਉਹ ਕਹੇ ਕਿ ਦਰਸ਼ਨ ਦੇ ਗੋਲੀ ਮਾਰਨੀ ਹੈ। ਸਾਰੇ ਕਹਿਣ ਕਿ ਦਰਸ਼ਨ ਬੇਕਸੂਰ ਹੈ। ਇਕ ਸ਼ੋਰ ਜਿਹਾ ਮਚ ਗਿਆ। ਸਾਡੇ ਘਰਾਂ ਵਿਚ ਵੀ ਪਤਾ ਚਲ ਗਿਆ ਕਿ ਗਭਲੇ ਖੂਹ ਤੇ ਕੀ ਹੋ ਰਿਹਾ ਹੈ। ਅਸੀਂ ਸਾਰੇ ਘਬਰਾ ਗਏ। ਦਰਸ਼ਨ ਨੇ ਆਪ ਵੀ ਕਿਹਾ ਕਿ ਉਹ ਵੀ ਫੌਜੀ ਹੈ ਤੇ ਹੁਣੇ ਹੀ ਬਰਮਾ ਦੇ ਬਾਰਡਰ ਤੇ ਲੜਦਾ ਰਿਹਾ ਹੈ ਪਰ ਫੌਜੀ ਤਾਂ ਕਿਸੇ ਦੀ ਇਕ ਨਾ ਸੁਣੇ। ਫੌਜੀ ਨੇ ਬੰਦੂਕ ਤਾਣ ਲਈ ਤੇ ਦਰਸ਼ਨ ਨੂੰ ਬਾਹਾਂ ਉਪਰ ਕਰਨ ਦਾ ਹੁਕਮ ਦੇ ਦਿੱਤਾ। ਸਭ ਦੇ ਸਾਹ ਸੂਤੇ ਗਏ। ਸਭ ਬੇਵਸ ਖੜ੍ਹੇ ਹੋਣੀ ਨੂੰ ਦੇਖ ਰਹੇ ਸਨ। ਇਧਰ ਸਾਡੇ ਘਰ ਚੀਕ ਚਿਹਾੜਾ ਪੈ ਗਿਆ। ਫੌਜੀ ਇਕ ਦੋ ਤਿੰਨ ਗਿਣਨ ਲਗਿਆ। ਦਰਸ਼ਨ ਨੇ ਆਲੇ ਦੁਆਲੇ ਦਾ ਕਾਹਲੀ ਵਿਚ ਜ਼ਾਇਜ਼ਾ ਲਿਆ। ਜਿਉਂ ਹੀ ਫੌਜੀ ਘੋੜਾ ਦੱਬਣ ਲਗਿਆ ਤਾਂ ਦਰਸ਼ਨ ਨੇ ਬੰਦੂਕ ਦੀ ਨਾਲੀ ਦਾ ਮੂੰਹ ਹਵਾ ਵਿਚ ਕਰ ਦਿੱਤਾ। ਫਾਇਰ ਹਵਾ ਵਿਚ ਹੀ ਹੋ ਗਿਆ ਤੇ ਦਰਸ਼ਨ ਨੇ ਇਕ ਜ਼ੋਰਦਾਰ ਚੁਪੇੜ ਫੌਜੀ ਦੇ ਮੂੰਹ ਤੇ ਮਾਰੀ ਠਿਗਨਾ ਜਿਹਾ ਫੌਜੀ ਔਹ ਜਾ ਕੇ ਡਿਗਿਆ। ਦਰਸ਼ਨ ਨਾਲ ਦੀ ਗਲੀ ਵਿਚ ਦੀ ਦੌੜ ਤੁਰਿਆ। ਫੌਜੀ ਉਠਿਆ ਤੇ ਇਕ ਫਾਇਰ ਹੋਰ ਕੀਤਾ। ਗਲੀ ਵਿੰਗੀ ਟੇਡੀ ਸੀ ਇਸ ਲਈ ਗੋਲੀ ਕੰਧ ਵਿਚ ਵੱਜੀ। ਫੌਜੀ ਵੀ ਦਰਸ਼ਨ ਮਗਰ ਗੋਲੀ ਚਲਾਉਂਦਾ ਭੱਜਿਆ ਪਰ ਦਰਸ਼ਨ ਨੇ ਉਸ ਨੂੰ ਡਾਹੀ ਨਹੀਂ ਦਿੱਤੀ। ਫੌਜੀ ਪਿੰਡ ਦੀਆਂ ਗਲੀਆਂ ਤੋਂ ਅਣਜਾਣ ਵੀ ਸੀ ਤੇ ਬਹੁਤੀ ਦੂਰ ਨਾ ਜਾ ਸਕਿਆ। ਸਾਡੇ ਘਰ ਔਰਤਾਂ ਰੋਣ ਲਗੀਆਂ ਕਿ ਸ਼ਾਇਦ ਦਰਸ਼ਨ ਦੇ ਗੋਲੀ ਲਗ ਗਈ ਹੈ। ਮੈਂ ਸਭ ਨੂੰ ਚੁੱਪ ਕਰਾਇਆ ਕਿ ਰੋ ਕੇ ਫੌਜੀ ਦਾ ਧਿਆਨ ਨਾ ਖਿਚੋ, ਕਿਤੇ ਹੋਰ ਬੜੀ ਮੁਸੀਬਤ ਨਾ ਖੜੀ ਹੋ ਜਾਵੇ। ਫੌਜੀ ਨੇ ਦੇਖਿਆ ਕਿ ਸਾਰਾ ਪਿੰਡ ਹੀ ਇਕੱਠਾ ਹੋ ਰਿਹਾ ਹੈ, ਉਸ ਨੇ ਉਥੋਂ ਖਿਸਕ ਜਾਣ ਵਿਚ ਹੀ ਭਲਾਈ ਸਮਝੀ।

ਦਰਸ਼ਨ ਗੁਰਦਵਾਰੇ ਨਾਲ ਲਗਦੇ ਬਾਵਿਆਂ ਦੇ ਬਾਗ ਵਿਚ ਜਾ ਲੁਕਿਆ। ਉਸ ਨੇ ਆਪਣੇ ਬਚਾਅ ਲਈ ਇਕ ਸੋਟੇ ਦਾ ਇੰਤਜ਼ਾਮ ਕਰ ਲਿਆ ਸੀ ਕਿ ਜੇ ਹੁਣ ਫੌਜੀ ਨੇੜੇ ਆਇਆ ਤਾਂ ਉਹ ਉਸ ਦਾ ਮੁਕਾਬਲਾ ਕਰੇਗਾ। ਕੁਝ ਦੇਰ ਦੇਖ ਕੇ ਉਹ ਸੋਟਾ ਲੈ ਕੇ ਬਾਹਰ ਨਿਕਲ ਆਇਆ। ਮੈਂ ਉਸ ਦੀ ਭਾਲ ਵਿਚ ਤੁਰਿਆਂ ਸਾਂ ਕਿ ਮੈਨੂੰ ਉਹ ਆਉਂਦਾ ਦਿੱਸ ਪਿਆ। ਮੇਰੇ ਮਨ ਨੂੰ ਤਸੱਲੀ ਹੋਈ। ਇਕ ਵਾਰ ਤਾਂ ਲਗਿਆ ਸੀ ਕਿ ਫੌਜ ਵਿਚੋਂ ਬਚ ਕੇ ਆਇਆ ਮੇਰਾ ਪੁੱਤ ਇਥੇ ਮਾਰ ਦਿੱਤਾ ਜਾਵੇਗਾ। ਉਹ ਸ਼ਾਂਤ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਮੈਨੂੰ ਢਾਰਸ ਦੇਣ ਲਈ ਉਹ ਕਹਿਣ ਲਗਾ,

"ਜਦ ਮੈਂ ਬੰਦੂਕ ਦਾ ਮੂੰਹ ਉਪਰ ਨੂੰ ਚੁੱਕਿਆ ਸੀ ਮੈਂ ਉਸ ਤੋਂ ਬੰਦੂਕ ਖੋਹ ਵੀ ਸਕਦਾ ਸੀ ਪਰ ਮੈਂ ਬਰਮਾ ਵਿਚ ਬਹੁਤ ਕੁਸ਼ ਦੇਖ ਆਇਆਂ।"

ਅਗਲੇ ਦਿਨ ਪਿੰਡ ਦੇ ਮੁੰਡੇ ਹੀ ਨਹੀਂ ਆਲੇ ਦੁਆਲੇ ਦੇ ਕਈ ਮੁੰਡੇ ਵੀ ਇਕੱਠੇ

ਹੋ ਕੇ ਉਸ ਕੋਲ ਆ ਗਏ। ਕਈਆਂ ਕੋਲ ਤਾਂ ਅਸਲਾ ਵੀ ਸੀ। ਜੱਸੋਮਜਾਰੇ ਤੋਂ ਉਸ ਦਾ ਇਕ ਦੋਸਤ ਸੀ, ਕਹਿਣ ਲਗਾ,

"ਦੇਖ, ਤੂੰ ਇਹਨਾਂ ਦੀ ਤਰਫਦਾਰੀ ਕਰਦਾ ਸੀ ਉਹ ਕੀ ਕਰ ਗਏ, ਸਾਨੂੰ ਨਸੀਹਤਾਂ ਦਿੰਦਾ ਸੀ, ...ਚਲ ਸਾਡੇ ਨਾਲ, ...ਕੈਂਪ ਤੇ ਹਮਲਾ ਕਰਦੇ ਆਂ, ਜਿੰਨੇ ਹੋਏ ਮੁਸਲਮਾਨ ਮਾਰਦੇ ਆਂ ਨਾਲੇ ਓਸ ਫੌਜੀ ਨੂੰ ਲਭਦੇ ਆਂ, ਜੇ ਗਾਮਾ ਮਿਲ ਗਿਆ ਤਾਂ ਉਹਦਾ ਸਿਰ ਵੱਢਦੇ ਆਂ।"

"ਨਹੀਂ ਬਈ, ਜੇ ਆਪਾਂ ਵੀ ਉਹਨਾਂ ਵਾਲ਼ਾ ਕੰਮ ਕਰਨ ਲਗ ਪਏ ਤਾਂ ਹੋਰਨਾਂ ਵਿਚ ਤੇ ਆਪਣੇ ਵਿਚ ਕੀ ਫਰਕ ਹੋਇਆ ?"

## ਚਾਰ

ਸੰਨ ਸੰਤਾਲੀ ਆਇਆ ਤੇ ਲੰਘ ਗਿਆ। ਇਸ ਦੁਖਾਂਤ ਦਾ ਅਸਰ ਬਹੁਤ ਲੰਮਾ ਚਿਰ ਰਿਹਾ ਬਲਕਿ ਹਾਲੇ ਤਕ ਹੈ। ਕਈ ਲੋਕ ਭਾਵੁਕ ਹੋ ਕੇ ਆਪਣੇ ਮੁਸਲਮਾਨਾਂ ਨੂੰ ਚੇਤੇ ਕਰਦੇ ਰੋਣ ਲਗ ਪੈਂਦੇ। ਦਰਸ਼ਨ ਦੀ ਛੁੱਟੀ ਖਤਮ ਹੋ ਗਈ। ਉਹ ਵਾਪਸ ਚਲੇ ਗਿਆ। ਹੁਣ ਲਗਾਤਾਰ ਅਖ਼ਬਾਰ ਪੜ੍ਹਨ ਕਰਕੇ ਉਸ ਦੀ ਸਿਆਸੀ ਸੂਝ ਵੀ ਬਹੁਤ ਹੋ ਗਈ ਸੀ। ਉਹ ਮੈਨੂੰ ਹਿੰਦੁਸਤਾਨ ਦੀ ਵੰਡ ਵਿਚ ਰਹਿ ਗਏ ਨੁਕਸਾਂ ਬਾਰੇ ਦੱਸਦਾ। ਉਸ ਨੂੰ ਡਰ ਸੀ ਕਿ ਕਸ਼ਮੀਰ ਨੂੰ ਲੈ ਕੇ ਕੋਈ ਨਾ ਕੋਈ ਝਗੜਾ ਹੋਵੇਗਾ। ਹੋਇਆ ਵੀ ਇਹੋ ਹੀ। ਸੰਨ ਸੰਤਾਲੀ ਦੇ ਅਖੀਰ ਵਿਚ ਹੀ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਕਸ਼ਮਕਸ਼ ਸ਼ੁਰੂ ਹੋ ਗਈ। ਵੰਡ ਵੇਲੇ ਦੋ ਅਜਿਹੀਆਂ ਰਿਆਸਤਾਂ ਸਨ ਜਿਹਨਾਂ ਨੂੰ ਅੰਗਰੇਜ਼ ਨੇ ਕਿਹਾ ਕਿ ਉਸ ਜਿਸ ਪਾਸੇ ਚਾਹੁਣ ਰਲ ਸਕਦੀਆਂ ਹਨ। ਇਕ ਰਿਆਸਤ ਸੀ ਹੈਦਰਾਬਾਦ ਦੀ ਤੇ ਦੂਜੀ ਕਸ਼ਮੀਰ ਦੀ। ਕਸ਼ਮੀਰ ਦਾ ਰਾਜਾ ਹਿੰਦੂ ਸੀ ਪਰ ਰਿਆਇਆ ਦੀ ਬਹੁਗਿਣਤੀ ਮੁਸਲਮਾਨਾਂ ਦੀ ਸੀ। ਇਵੇਂ ਹੀ ਹੈਦਰਾਬਾਦ ਦਾ ਰਾਜਾ ਮੁਸਲਮਾਨ ਸੀ ਤੇ ਪਰਜਾ ਦੀ ਗਿਣਤੀ ਵਿਚ ਹਿੰਦੂ ਜ਼ਿਆਦਾ ਸਨ। ਹੈਦਰਾਬਾਦ ਹਿੰਦੁਸਤਾਨੀਆਂ ਨੇ ਜਬਰਦਸਤੀ ਹੀ ਆਪਣੇ ਨਾਲ ਰਲਾ ਲਿਆ 'ਹਿੰਦੂ ਬਹੁਗਿਣਤੀ ਦੇ ਅਧਾਰ' 'ਤੇ ਜਦ ਕਿ ਉਸ ਦਾ ਰਾਜਾ ਪਾਕਿਸਤਾਨ ਨਾਲ ਜਾਣਾ ਚਾਹੁੰਦਾ ਸੀ। ਕਸ਼ਮੀਰ ਦਾ ਰਾਜਾ ਹਿੰਦੁਸਤਾਨ ਨਾਲ ਆਉਣਾ ਚਾਹੁੰਦਾ ਸੀ ਪਰ ਪਾਕਿਸਤਾਨ ਨੇ ਹਿੰਦੁਸਤਾਨ ਦੀ ਹੈਦਰਾਬਾਦ ਉਪਰ ਕਬਜ਼ਾ ਕਰਨ ਦੀ ਤਰਜ਼ ਤੇ ਕਸ਼ਮੀਰ 'ਤੇ ਹਮਲਾ ਕਰ ਦਿੱਤਾ। ਹਿੰਦੁਸਤਾਨ ਤੇ ਪਾਕਿਸਤਾਨ ਵਿਚ ਸੰਨ ਅਠਤਾਲੀ ਦੇ ਅਖੀਰ ਵਿਚ ਲੜਾਈ ਹੋਈ। ਯੂ ਐਨ ਓ ਵਿਚ ਪਈ, ਲੜਾਈ ਬੰਦ ਕਰਵਾਈ ਤੇ ਨਵੀਂ ਲਾਈਨ ਔਫ ਕੰਟਰੋਲ ਬਣਾ ਦਿੱਤੀ ਗਈ। ਦਰਸ਼ਨ ਪਾਕਿਸਤਾਨ ਨਾਲ ਇਸ ਲੜਾਈ ਵਿਚ ਵੀ ਸ਼ਾਮਲ ਹੋਇਆ ਕਈ ਤਮਗੇ ਵੀ ਲਿਆਇਆ।



ਮੈਂ ਆਪਣੇ ਪਿਓ ਵਾਲੇ ਫਰਜ਼ ਨੂੰ ਭੁੱਲਿਆ ਨਹੀਂ ਸਾਂ। ਮੈਨੂੰ ਉਸ ਦੇ ਵਿਆਹ ਦਾ ਫਿਕਰ ਸੀ। ਉਸ ਦੀ ਉਮਰ ਚੜ ਰਹੀ ਸੀ। ਉਸ ਦੇ ਬੇਲੀ ਦੋ ਦੋ ਬੱਚਿਆਂ ਦੇ ਬਾਪ ਬਣ ਗਏ ਸਨ। ਪਹਿਲਾਂ ਤਾਂ ਉਹ ਲੜਾਈ ਵਿਚ ਸੀ। ਲੜਾਈ ਚਲ ਰਹੀ ਹੋਵੇ ਤਾਂ ਕਿਹੜਾ ਬਾਪ ਆਪਣੀ ਧੀ ਫੌਜੀ ਨੂੰ ਵਿਆਹ ਦੇਵੇਗਾ। ਫਿਰ ਪਾਕਿਸਤਾਨ ਦੇ ਰੌਲੇ ਨੇ ਬਹੁਤ ਕੁਝ ਅਗੇ ਪਾ ਦਿੱਤਾ। ਥੋੜ੍ਹੀ ਦੇਰ ਉਹ ਬਿਲਗੇ ਮੰਗਿਆ ਵੀ ਰਿਹਾ ਪਰ ਕਿਸੇ ਕਾਰਨ ਇਹ ਰਿਸ਼ਤਾ ਸਿਰੇ ਨਾ ਚੜ੍ਹ ਸਕਿਆ। ਫਿਰ ਕੁਝ ਸਾਲ ਉਸ ਦਾ ਰਿਸ਼ਤਾ ਮੇਰੀ ਇਕ ਜ਼ਿਦ ਕਾਰਨ ਵੀ ਨਹੀਂ ਹੋ ਸਕਿਆ। ਹੋਇਆ ਇਹ ਕਿ ਦੁਆਬੇ ਵਿਚ ਕੁੜੀਆਂ ਦੀ ਗਿਣਤੀ ਮੁੰਡਿਆਂ ਦੇ ਮੁਕਾਬਲੇ ਵਿਚ ਘਟ ਗਈ ਇਸ ਕਰਕੇ ਮੁੰਡਿਆਂ ਦੇ ਵਿਆਹ ਕਰਨੇ ਔਖੇ ਹੋ ਗਏ। ਇਕ ਇਹ ਵੀ ਕਾਰਨ ਸੀ ਕਿ ਸਾਡੇ ਪਿੰਡਾਂ ਵੱਲ ਦੇ ਲੋਕ ਮਾਝੇ ਵਿਚ ਕੁੜੀ ਵਿਆਹ ਕੇ ਜ਼ਿਆਦਾ ਖੁਸ਼ ਸਨ ਕਿਉਂਕਿ ਮਾਝੇ ਵਾਲੇ ਦਾਜ ਦੀ ਮੰਗ ਨਹੀਂ ਸਨ ਰਖਦੇ ਤੇ ਗਰੀਬ ਜੱਟ ਵੀ ਆਪਣੀ ਕੁੜੀ ਦਾ ਵਿਆਹ ਸਹਿਜੇ ਹੀ ਕਰ ਸਕਦਾ ਸੀ। ਫਿਰ ਛੋਟੇ ਪਿੰਡਾਂ ਤੇ ਵੱਡੇ ਪਿੰਡਾਂ ਦਾ ਰੌਲ਼ਾ ਵੀ ਸੀ। ਮੁੰਡੇ ਵਿਆਹੁਣ ਲਈ ਦੁਆਬੇ ਵਿਚ ਕਮੇਟੀਆਂ ਬਣ ਗਈਆਂ। ਇਹ ਕਮੇਟੀ ਵੱਟੇ ਦਾ ਵਿਆਹ ਕਰਾਉਂਦੀ ਸੀ। ਮਿਸਾਲ ਦੇ ਤੌਰ 'ਅਲਫ' ਪਿੰਡ ਦਾ ਮੁੰਡਾ 'ਬੇ' ਪਿੰਡ ਦੀ ਕੁੜੀ ਨਾਲ ਵਿਆਹਿਆ ਜਾਵੇਗਾ ਤੇ ਉਸ ਦੇ ਬਦਲੇ ਵਿਚ 'ਬੇ' ਪਿੰਡ ਦਾ ਮੁੰਡਾ 'ਪੇ' ਪਿੰਡ ਵਿਚ ਤੇ 'ਪੇ' ਪਿੰਡ ਦਾ ਮੁੰਡਾ ਮੁੜ 'ਅਲਫ' ਪਿੰਡ ਵਿਚ। ਇਹ ਅਸਿੱਧਾ ਵੱਟਾ ਸੀ ਅਤੇ ਚੰਗੀਆਂ ਚੰਗੀਆਂ ਕੁੜੀਆਂ ਰੱਦੀ ਮੁੰਡਿਆਂ ਦੇ ਗਲ਼ ਪਾਈਆਂ ਜਾ ਰਹੀਆਂ ਸਨ। ਮੈਂ ਇਸ ਦਾ ਵਿਰੋਧ ਕੀਤਾ ਤਾਂ ਵੀ ਦਰਸ਼ਨ ਦਾ ਰਿਸ਼ਤਾ ਲੇਟ ਹੋ ਰਿਹਾ ਸੀ।

ਆਖਰ ਦਰਸ਼ਨ ਨੂੰ ਇਕ ਰਿਸ਼ਤਾ ਲੁਧਿਆਣੇ ਜ਼ਿਲ੍ਹੇ ਵਿਚੋਂ ਆਇਆ। ਕਦੀ ਸਮਾਂ ਸੀ ਕਿ ਜਿਹੜਾ ਮੁੰਡਾ ਨਾ ਵਿਆਹ ਹੋਵੇ ਉਹ ਮਾਲਵੇ ਵਿਚ ਜਾ ਕੇ ਮੁੱਲ ਦਾ ਵਿਆਹ ਕਰਾ ਲਿਆ ਕਰਦਾ ਸੀ ਇਸ ਲਈ ਕਈਆਂ ਨੇ ਮਜ਼ਾਕ ਵੀ ਕੀਤੇ ਪਰ ਜਿਥੋਂ ਇਹ ਰਿਸ਼ਤਾ ਆ ਰਿਹਾ ਸੀ ਇਹ ਗਰੇਵਾਲਾਂ ਦਾ ਵੱਡਾ ਨੱਗਰ ਸੀ; ਨਾਰੰਗਵਾਲ। ਮੈਨੂੰ ਪਤਾ ਸੀ ਕਿ ਉਸ ਇਲਾਕੇ ਵਿਚ ਗਰੇਵਾਲਾਂ ਦੇ ਕਈ ਪਿੰਡ ਹਨ। ਕਿਸੇ ਵੇਲੇ ਸਾਡੇ ਪਿੰਡ ਦੀ ਇਕ ਕੁੜੀ ਇਸ ਪਿੰਡ ਵਿਆਹੀ ਹੋਈ ਸੀ ਜਿਸ ਦਾ ਘਰ ਵਾਲਾ ਬਹੁਤ ਵੱਡੀ ਨੌਕਰੀ 'ਤੇ ਸੀ ਜੋ ਬਾਅਦ ਵਿਚ ਪੰਜਾਬ ਦਾ ਮੁੱਖ ਮੰਤਰੀ ਵੀ ਬਣਿਆ। ਉਸ ਦਾ ਨਾਂ ਜਸਟਸ ਗੁਰਨਾਮ ਸਿੰਘ ਸੀ। ਖੈਰ, ਸੰਨ 1950 ਵਿਚ ਉਸ ਦਾ ਵਿਆਹ ਹੋ ਗਿਆ। ਸਾਡੇ ਵਰਗੇ ਦਰਮਿਆਨੇ ਜਿਹੇ ਲੋਕ ਸਨ। ਕੁੜੀ ਪੜ੍ਹੀ ਲਿਖੀ ਸੀ। ਬੱਸ ਇਕੋ ਗੱਲ ਸੀ ਕਿ ਇਹ ਪਿੰਡ ਦੂਰ ਬਹੁਤ ਸੀ। ਸਵੇਰ ਦੀ ਤੁਰੀ ਬਰਾਤ ਮਸਾਂ ਸ਼ਾਮ ਜਿਹੇ ਨੂੰ ਪਹੁੰਚੀ। ਬਾਅਦ ਵਿਚ ਆਉਣਾ ਜਾਣਾ ਵੀ ਤਾਂ ਸਵੇਰੇ ਨੌਂ ਵਜੇ ਤੁਰਨਾ ਤਾਂ ਹਨੇਰੇ ਹੋਏ ਨਾਰੰਗਵਾਲ ਪੁਜਣਾ।

ਵਿਆਹ ਤੋਂ ਸਾਰੇ ਖੁਸ਼ ਸਨ। ਬਲਬੀਰ ਕੌਰ ਸੁਚਿਆਰੀ ਕੁੜੀ ਸੀ। ਸੁਹਣੀ ਵੀ ਸੀ। ਦਰਸ਼ਨ ਦੇ ਘਰ ਪਹਿਲਾ ਮੁੰਡਾ ਜਿੰਦਰ ਹੋਇਆ। ਮੈਨੂੰ ਬਾਪੂ ਦੀ ਗੱਲ ਯਾਦ ਆਈ ਕਿ ਆਪਣੇ ਟੱਬਰ ਵਿਚ ਪਹਿਲਾ ਮੁੰਡਾ ਹੀ ਹੋਇਆ ਕਰਦਾ ਹੈ। ਸਾਲ ਬਾਅਦ ਫਿਰ ਇਕ ਹੋਰ ਮੁੰਡਾ ਹੋਇਆ ਪਰ ਉਹ ਨਾਮ ਰੱਖਣ ਤੋਂ ਪਹਿਲਾਂ ਹੀ ਪੂਰਾ ਹੋ ਗਿਆ। ਮੈਨੂੰ ਉਸ ਦਿਨ ਸਰਬਣ ਬਹੁਤ ਚੇਤੇ ਆਇਆ। ਉਹ ਦਰਸ਼ਨ ਤੋਂ ਛੋਟਾ ਸੀ। ਜਿਵੇਂ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਸੀ। ਦਰਸ਼ਨ ਦੀ ਮੁੜ ਬਦਲੀ ਮੇਰਠ ਦੀ ਹੋ ਗਈ। ਉਹ ਬਲਬੀਰ ਕੌਰ ਨੂੰ ਆਪਣੇ ਨਾਲ ਹੀ ਲੈ ਗਿਆ ਤੇ ਨਾਲ ਹੀ ਜਿੰਦਰ ਨੂੰ। ਕੁਝ ਦੇਰ ਬਾਅਦ ਉਹ ਜਿੰਦਰ ਨੂੰ ਸਾਡੇ ਕੋਲ ਛੱਡ ਗਏ ਤੇ ਉਹ ਦੋਵੇਂ ਮੇਰਠ ਚਲੇ ਗਏ। ਉਦੋਂ ਹਾਲੇ ਮੇਰੀ ਛੋਟੀ ਕੁੜੀ ਦੇਬੋ ਵਿਆਹੀ ਨਹੀਂ ਸੀ। ਛੋਟੇ ਜਿਹੇ ਜਿੰਦਰ ਨੂੰ ਦੇਬੋ ਨੇ ਹੀ ਪਾਲ਼ਿਆ।

ਸੰਨ 1954 ਵਿਚ ਦਰਸ਼ਨ ਮਿਲਟਰੀ ਵਿਚੋਂ ਰਿਟਾਇਰ ਹੋ ਗਿਆ। ਮਿਲਟਰੀ ਦਾ ਅਸੂਲ ਸੀ ਕਿ ਹਰ ਰੈਂਕ ਦੀ ਇਕ ਖਾਸ ਮੁਨਿਆਦ ਤਕ ਸਰਵਿਸ ਹੁੰਦੀ ਹੈ। ਹੌਲਦਾਰ ਦੀ ਸਰਵਿਸ ਪੰਦਰਾਂ ਸਾਲ ਸੀ ਤੇ ਉਸ ਨੇ ਪੰਦਰਾਂ ਸਾਲ ਪੂਰੇ ਕਰ ਲਏ ਸਨ। ਘਰ ਆ ਕੇ ਪਹਿਲਾਂ ਤਾਂ ਉਸ ਨੇ ਇਕ ਚੁਬਾਰਾ ਛੱਤਿਆ। ਫਿਰ ਕੰਮ ਦੀ ਤਲਾਸ਼ ਕਰਨ ਲਗਿਆ। ਡੱਬਰੀ ਵਾਲੀ ਜ਼ਮੀਨ ਤਾਂ ਕਿਸੇ ਕੰਮ ਦੀ ਹੈ ਹੀ ਨਹੀਂ ਸੀ। ਆਪ ਖੇਤੀ ਕਰਦੇ ਸਾਂ। ਚਰੀ ਬਗੈਰਾ ਬੀਜ ਲੈਂਦੇ ਸਾਂ ਪਰ ਹੁਣ ਤਾਂ ਬਹੁਤ ਸਾਲਾਂ ਤੋਂ ਉਥੇ ਸਿਰਫ ਘਾਹ ਹੀ ਸੀ। ਢੱਕੀ ਵਾਲੀ ਜ਼ਮੀਨ ਥੋੜ੍ਹੀ ਹੀ ਸੀ। ਸੋ ਮੁੜ ਕੋਈ ਨੌਕਰੀ ਹੀ ਕਰਨੀ ਪੈਣੀ ਸੀ। ਪਿੰਡ ਦਾ ਇਕ ਬੰਦਾ ਗੁਲਜ਼ਾਰ ਸਿੰਘ ਬਿਹਾਰ ਦੇ ਸ਼ਹਿਰ ਡੇਰੀ ਔਨਸੂਨ ਰਹਿੰਦਾ ਸੀ। ਉਸ ਨੇ ਇਹਨੂੰ ਗੱਲਾਂ ਵਿਚ ਭਰਮਾ ਲਿਆ ਕਿ ਚਲ ਕੇ ਉਸ ਨਾਲ ਸਾਂਝੀ ਟਰੱਕ ਪਾ ਲਵੇ। ਇਸ ਕੋਲ ਕੁਝ ਪੈਸੇ ਸਨ ਤੇ ਕੁਝ ਹੋਰ ਬਲਬੀਰ ਕੌਰ ਦੇ ਗਹਿਣੇ ਵੇਚ ਕੇ ਕਰ ਲਏ ਤੇ ਟੱਬਰ ਲੈ ਕੇ ਡੇਰੀ ਔਨਸੂਨ ਚਲੇ ਗਿਆ। ਉਥੇ



ਭੈਣ ਗੁਰਦੇਵ ਕੌਰ




ਪਤਾ ਨਹੀਂ ਕੀ ਹੋਇਆ ਸਾਲ ਦੇ ਅੰਦਰ ਅੰਦਰ ਖਾਲੀ ਹੱਥ ਮੁੜ ਆਇਆ। ਮੈਨੂੰ ਪਤਾ ਸੀ ਕਿ ਗੁਲਜ਼ਾਰ ਸਿੰਘ ਤੇਜ਼ ਆਦਮੀ ਸੀ ਤੇ ਇਹ ਬਹੁਤ ਭੋਲਾ ਤੇ ਅਗਲੇ ਤੇ ਯਕੀਨ ਕਰਨ ਵਾਲਾ। ਇਹਨੂੰ ਕਾਰੋਬਾਰੀ ਚਲਾਕੀਆਂ ਦਾ ਨਹੀਂ ਸੀ ਪਤਾ। ਫਿਰ ਛੇਤੀ ਹੀ ਦਰਸ਼ਨ ਨੂੰ ਸੀ. ਆਰ. ਪੀ. ਵਿਚ ਨੌਕਰੀ ਮਿਲ ਗਈ। ਉਹਨਾਂ ਨੇ ਸਿੱਧਾ ਹੌਲਦਾਰ ਹੀ ਰੱਖ ਲਿਆ। ਸਭ ਕੁਝ ਮੁੜ ਕੇ ਠੀਕ ਹੋ ਗਿਆ। ਇਹ ਨੌਕਰੀ ਫੌਜ ਵਰਗੀ ਹੀ ਸੀ। ਦੂਰ ਕਿਧਰੇ ਡਿਊਟੀ ਹੁੰਦੀ, ਸਾਲ ਵਿਚ ਇਕ ਵਾਰ ਜਾਂ ਕਦੇ ਦੋ ਵਾਰ ਛੁੱਟੀ ਆਉਂਦਾ। ਬਲਬੀਰ ਕੌਰ ਨੂੰ ਹਰ ਮਹੀਨੇ ਖਰਚ ਭੇਜਦਾ ਰਹਿੰਦਾ। ਹੁਣ ਉਸ ਦੇ ਪੰਜ ਬੱਚੇ ਸਨ। ਵੱਡਾ ਮੁੰਡਾ, ਫਿਰ ਤਿੰਨ ਕੁੜੀਆਂ ਤੇ ਫਿਰ ਇਕ ਮੁੰਡਾ। ਬਾਕੀ ਤਾਂ ਸਭ ਠੀਕ ਸੀ ਪਰ ਨੰਦੀ ਤੇ ਬਲਬੀਰ ਕੌਰ ਆਪਸ ਵਿਚ ਲੜਦੀਆਂ ਬਹੁਤ ਸੀ। ਮੈਂ ਇਹਨਾਂ ਦੀ ਲੜਾਈ ਦੇਖ ਕੇ ਇਹਨਾਂ ਦੀ ਰੋਟੀ ਅਲੱਗ ਕਰ ਦਿਤੀ। ਛੋਟੇ ਜਿਹੇ ਘਰ ਵਿਚ ਦੋ ਹਿੱਸੇ ਪਾ ਲਏ। ਦਲਾਨ ਤੇ ਕੋਠੜੀ ਅਸੀਂ ਰੱਖ ਲਏ। ਰਸੋਈ ਤੇ ਚੁਬਾਰਾ ਉਨ੍ਹਾਂ ਨੂੰ ਦੇ ਦਿੱਤਾ। ਦੇਵ ਤਾਂ ਪਹਿਲਾਂ ਹੀ ਅਟਾਲ ਤੇ ਸੌਂਦਾ ਸੀ। ਸਾਡੇ ਸਰਨ ਜੋਗਾ ਬਹੁਤ ਸੀ। ਫਿਰ ਜਦੋਂ ਤਕ ਬੱਚੇ ਹੋਰ ਵੱਡੇ ਹੋਏ ਤਾਂ ਅਸੀਂ ਦਸ ਮਰਲੇ ਥਾਂ ਲੈ ਕੇ ਜੁਦਾ ਘਰ ਛੱਡ ਲਿਆ ਤੇ ਇਹ ਘਰ ਇਹਨਾਂ ਨੂੰ ਛੱਡ ਦਿੱਤਾ।

ਦਰਸ਼ਨ ਆਉਂਦਾ। ਉਹ ਮੇਰੇ ਲਈ ਰੰਮ ਦੀ ਇਕ ਬੋਤਲ ਜ਼ਰੂਰ ਲਿਆਉਂਦਾ। ਅਸੀਂ ਹਰ ਸ਼ਾਮ ਬੈਠ ਕੇ ਇਕੱਠੇ ਪੀਂਦੇ। ਅਟਾਲ ’ਤੇ ਕਈ ਹੋਰ ਵਾਕਫਕਾਰ ਵੀ ਆ ਜਾਂਦੇ, ਖਾਸ ਤੌਰ ਤੇ ਜਦੋਂ ਦਰਸ਼ਨ ਛੁੱਟੀ ਆਇਆ ਹੋਇਆ ਹੋਵੇ। ਉਸ ਦਾ ਦੋਸਤ ਸ਼ਿਵਰਾਜ ਪੰਜਾਬ ਪੁਲੀਸ ਵਿਚ ਸੀ। ਉਹ ਘਰ ਆਇਆ ਹੁੰਦਾ ਤਾਂ ਉਹ ਵੀ ਸਾਡੇ ਵਿਚ ਆ ਰਲਦਾ ਜਾਂ ਅਸੀਂ ਉਸ ਦੇ ਘਰ ਚਲੇ ਜਾਂਦੇ। ਦਰਸ਼ਨ ਆਏ ’ਤੇ ਮਾਣਕਾਂ ਵਾਲੇ ਮਿਲਖੀ ਰਾਮ ਵੱਲੋਂ ਵਿਸ਼ੇਸ਼ ਸੱਦਾ ਆ ਜਾਂਦਾ। ਮਿਲਖੀ ਮੇਰਾ ਬਹੁਤ ਖਾਸ ਦੋਸਤ ਸੀ। ਅਸਲ ਵਿਚ ਸਾਡਾ ਪਿੰਡ ਆਲੇ ਦੁਆਲੇ ਦੇ ਪਿੰਡਾਂ ਦਾ ਕੇਂਦਰ ਸੀ, ਉਹਨਾਂ ਨੂੰ ਇਥੇ ਕੋਈ ਨਾ ਕੋਈ ਕੰਮ ਪਿਆ ਹੀ ਰਹਿੰਦਾ ਸੀ। ਡਾਕਖਾਨਾ ਇਥੇ, ਬੈਂਕ ਇਥੇ, ਸਕੂਲ ਇਥੇ, ਹਸਪਤਾਲ ਇਥੇ। ਸੋ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਸਾਡੇ ਪਿੰਡ ਕੋਈ ਨਾ ਕੋਈ ਟਿਕਾਣਾ ਲਭਦੇ ਰਹਿੰਦੇ ਕਿ ਜਿਥੇ ਕੰਮ ਨੂੰ ਆਏ ਦੁਪਹਿਰਾ ਕੱਟ ਸਕਣ। ਐਵੇਂ ਰਿਸ਼ਤੇਦਾਰੀਆਂ ਵੀ ਗੰਢਣ ਲਗਦੇ। ਲਕੜ ਦੇ ਕੰਮ ਵਿਚ ਮੈਂ ਦੂਰ ਦੂਰ ਦੇ ਪਿੰਡਾਂ ਤਕ ਜਾ ਕੇ ਦਰਖਤ ਖਰੀਦ ਲਿਆ ਕਰਦਾ ਸਾਂ ਤੇ ਮੇਰੀ ਵਾਹਵਾ ਸਾਰੀ ਵਾਕਫੀ ਸੀ ਪਰ ਮੈਂ ਕਦੇ ਕਿਸੇ ਦੇ ਘਰ ਲੱਸੀ ਦਾ ਛੰਨਾ ਵੀ ਨਹੀਂ ਸੀ ਪੀਂਦਾ ਕਿ ਬਦਲੇ ਵਿਚ ਮੈਨੂੰ ਉਸ ਦੀ ਪਿੰਡ ਆਏ ਦੀ ਸੇਵਾ ਕਰਨੀ ਪਏਗੀ। ਬੈਂਕ ਤੇ ਡਾਕਖਾਨੇ ਵਾਲੇ ਗਵਾਹੀ ਦੇ ਸਿਰ ’ਤੇ ਕੋਈ ਕੰਮ ਕਰਦੇ। ਕਈ ਮੇਰੇ ਵਾਕਫ ਮੈਨੂੰ ਗਵਾਹ ਵਜੋਂ ਲੈ ਜਾਂਦੇ ਪਰ ਜੇ ਮੈਂ ਉਹਨਾਂ ਦੇ ਘਰ ਲੱਸੀ ਪੀਤੀ ਹੁੰਦੀ ਤਾਂ ਪਿਲਾਉਣੀ ਵੀ ਪੈਂਦੀ ਸੋ ਮੈਂ ਇਸ ਗੱਲ ਦਾ ਧਿਆਨ ਰੱਖਦਾ ਪਰ ਮਿਲਖੀ ਰਾਮ ਨਾਲ ਮੇਰੀ ਦੋਸਤੀ ਪੈ ਗਈ

ਸੀ। ਉਹ ਸਾਡੇ ਪਿੰਡ ਕਿਸੇ ਕੰਮ ਆਉਂਦਾ ਤਾਂ ਦੁਪਹਿਰਾ ਮੇਰੇ ਘਰ ਹੀ ਕੱਟਦਾ। ਉਹ ਪੰਡਤ ਹੋ ਕੇ ਵੀ ਸ਼ਰਾਬ ਕੱਢਦਾ ਤੇ ਘਰ ਹੀ ਕੱਢ ਲੈਂਦਾ। ਜਿਸ ਦਿਨ ਉਹਨੇ ਭੱਠੀ ਲਾਉਣੀ ਹੁੰਦੀ ਤਾਂ ਮੈਨੂੰ ਸੁਨੇਹਾ ਭੇਜ ਦਿੰਦਾ। ਜੇ ਮੈਂ ਨਾ ਜਾਂਦਾ ਤਾਂ ਸ਼ਰਾਬ ਬਲੈਡਰ ਵਿਚ ਪਾ ਕੇ ਆਪ ਆ ਜਾਂਦਾ। ਦਰਸ਼ਨ ਆਏ ਤੇ ਕਿਤੇ ਭੱਠੀ ਲਾਉਂਦਾ ਤਾਂ ਗੱਲ ਹੀ ਹੋਰ ਹੁੰਦੀ। ਉਸ ਦੀ ਪਿੰਡ ਵਿਚ ਵਾਹਵਾ ਬਣੀ ਹੋਈ ਸੀ ਇਸ ਲਈ ਕੋਈ ਉਸ ਦੀ ਸ਼ਿਕਾਇਤ ਨਹੀਂ ਸੀ ਕਰਦਾ।

ਕਈ ਵਾਰ ਅਸੀਂ ਡੱਬਰੀ ਦਾ ਚੱਕਰ ਮਾਰ ਆਉਂਦੇ। ਉਸ ਦਾ ਦਿਲ ਕਰਦਾ ਕਿ ਇਹ ਜ਼ਮੀਨ ਅਬਾਦ ਹੋ ਜਾਵੇ ਪਰ ਇੰਨੇ ਪਲਾਹ ਹੋ ਗਏ ਸਨ ਕਿ ਪਹਿਲਾਂ ਇਹਨਾਂ ਨੂੰ ਪਟਾਉਣਾ ਪੈਣਾ ਸੀ, ਫਿਰ ਜ਼ਮੀਨ ਪਧਰੀ ਹੁੰਦੀ ਤੇ ਕੁਝ ਕੀਤਾ ਜਾ ਸਕਦਾ। ਪਾਣੀ ਦਾ ਵੀ ਕੋਈ ਇੰਤਜ਼ਾਮ ਕਰਨਾ ਪੈਣਾ ਸੀ। ਅਸੀਂ ਕਈ ਵਾਰ ਟਿਊਵਲ ਲਵਾਉਣ ਦੀਆਂ ਸਲਾਹਾਂ ਕਰਨ ਲਗਦੇ ਪਰ ਟਿਊਵਲ 'ਤੇ ਕਾਫੀ ਪੈਸੇ ਖਰਚ ਹੋ ਜਾਣੇ ਸਨ ਤੇ ਆਮਦਨ ਓਨੀ ਹੋਣੀ ਵੀ ਸੀ ਜਾਂ ਨਹੀਂ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਕਦੇ ਕਦੇ ਦਰਸ਼ਨ ਦੇ ਸੁਹਰਿਆਂ ਵਿਚੋਂ ਉਸ ਦਾ ਸੁਹਰਾ ਜਾਂ ਕੋਈ ਸਾਲਾ ਮਿਲਣ ਆ ਜਾਂਦਾ। ਵੈਸੇ ਤਾਂ ਦੂਰ ਹੋਣ ਕਰਕੇ ਘੱਟ ਵਧ ਹੀ ਆਉਂਦੇ ਸਨ ਪਰ ਜਦ ਆਉਂਦੇ ਬਹੁਤ ਪਿਆਰ ਨਾਲ ਮਿਲਦੇ। ਉਹ ਸ਼ਰਾਬ ਬਹੁਤ ਘੱਟ ਪੀਂਦੇ ਸਨ। ਦੋਵੇਂ ਸਾਲੇ ਤਾਂ ਮਿਲਟਰੀ ਵਿਚ ਹੀ ਸਨ, ਪੀ ਲੈਂਦੇ ਪਰ ਸ਼ਾਮ ਸਿੰਘ, ਮੇਰਾ ਕੁੜਮ, ਐਵੇਂ ਇਕ ਜਾਂ ਦੋ ਹਾੜੇ ਹੀ ਪੀਂਦਾ। ਇਕ ਵਾਰੀ ਅਸੀਂ ਅਟਾਲ ਤੇ ਬੈਠੇ ਸਾਂ। ਕਾਫੀ ਵੱਡੀ ਢਾਣੀ ਸੀ। ਸਾਰੇ ਸ਼ਰਾਬੀ। ਫਿਰ ਅਸੀਂ ਘਰ ਨੂੰ ਆਏ ਤਾਂ ਜਿਹੜਾ ਵੀ ਮਿਲੇ ਉਹੋ ਸ਼ਰਾਬੀ। ਸ਼ਾਮ ਸਿੰਘ ਕਹਿਣ ਲਗਾ,


ਦੋਸਤ ਸ਼ਿਵਰਾਜ ਸਿੰਘ

"ਸਰਦਾਰ ਜੀ, ਤੁਹਾਡੇ ਪਿੰਡ ਨੂੰ ਸ਼ਰਾਬ ਦਾ ਇਕ ਡਰੱਮ ਚਾਹੀਦਾ, ਫੇਰ ਜਾ ਕੇ ਸਰੂ।"



"ਸਰਦਾਰ ਜੀ, ਡਰੱਮ ਤਾਂ ਮੇਰੇ ਟੱਬਰ ਨੂੰ ਈ ਚਾਹੀਦਾ, ਪਿੰਡ ਲਈ ਤਾਂ ਖੂਹ ਦੀ ਲੋੜ ਆ।"

ਉਹ ਹੱਸਣ ਲਗਿਆ। ਗੱਲ ਠੀਕ ਸੀ। ਸਾਡਾ ਸਾਰਾ ਟਬੱਰ ਹੀ ਸ਼ਰਾਬ ਪੀਂਦਾ ਸੀ, ਕੀ ਛੋਟਾ ਕੀ ਬੜਾ। ਪਰ ਦਰਸ਼ਨ ਦੀ ਸ਼ਰਾਬ ਬਹੁਤ ਠੀਕ ਹੁੰਦੀ। ਉਹ ਕਦੇ ਸ਼ਰਾਬੀ ਨਾ ਹੁੰਦਾ। ਮਿਲਟਰੀ ਵਾਲਿਆਂ ਵਾਂਗੂੰ ਇਕ ਇਕ ਪੈੱਗ ਪੀਂਦਾ ਰਹਿੰਦਾ। ਸ਼ਰਾਬ ਤਾਂ ਸਾਡੇ ਸਾਰੇ ਟੱਬਰ ਦੀ ਠੀਕ ਸੀ। ਬਾਅਦ ਵਿਚ ਜਾ ਕੇ ਦੇਵ ਖਰਾਬ ਕਰਨ ਲਗਿਆ ਸੀ। ਇਵੇਂ ਹੀ ਮਿੰਦਰ ਵੀ।

ਦਰਸ਼ਨ ਦਾ ਵੱਡਾ ਮੁੰਡਾ ਜਿੰਦਰ ਪੜ੍ਹਨ ਵਿਚ ਹੁਸ਼ਿਆਰ ਸੀ। ਮੇਰੇ ਕੋਲ ਉਰਦੂ ਦਾ ਅਖ਼ਬਾਰ ਪਿਆ ਹੁੰਦਾ ਜਾਂ ਰਸਾਲਾ 'ਵੀਸਵੀਂ ਸਦੀ' ਤਾਂ ਉਸ ਦੇ ਕਾਰਟੂਨਾਂ ਬਾਰੇ ਪੁੱਛਣ ਲਗਦਾ ਕਿ ਇਹ ਕਾਰਟੂਨ ਕੀ ਕਹਿ ਰਿਹਾ ਹੈ। ਉਸ ਨੂੰ ਉਰਦੂ ਨਹੀਂ ਸੀ ਆਉਂਦੀ ਕਿਉਂਕਿ ਪਾਕਿਸਤਾਨ ਬਣਨ ਵੇਲੇ ਪੰਜਾਬ ਵਿਚੋਂ ਉਰਦੂ ਇਕਦਮ ਇਵੇਂ ਬੰਦ ਕਰ ਦਿੱਤਾ ਸੀ ਜਿਵੇਂ ਅਚਾਨਕ ਬਿਜਲੀ ਚਲੇ ਜਾਂਦੀ ਹੈ ਤੇ ਮੁੜ ਕੇ ਕਦੇ ਨਹੀਂ ਆਉਂਦੀ। ਦਰਸ਼ਨ ਨੂੰ ਵੀ, ਜਿਹੜੀ ਉਰਦੂ ਉਸ ਨੇ ਮਿਲਟਰੀ ਵਿਚ ਸਿਖੀ ਸੀ, ਹੁਣ ਭੁੱਲ ਚੁੱਕੀ ਸੀ। ਜਿੰਦਰ ਨੂੰ ਮੈਂ ਉਰਦੂ ਸਿਖਾਉਣੀ ਸ਼ੁਰੂ ਕੀਤੀ। ਉਹ ਕਾਫੀ ਸਾਰੀ ਸਿਖ ਵੀ ਗਿਆ ਸੀ ਪਰ ਉਸ ਨੇ ਬਹੁਤਾ ਧਿਆਨ ਨਾ ਦਿੱਤਾ ਤੇ ਭੁੱਲ-ਭੁਲਾ ਗਿਆ। ਮੈਂ ਫਗਵਾੜੇ ਤੋਂ ਬੜੀ ਮੁਸ਼ਕਲ ਨਾਲ ਕਾਇਦਾ ਲਭ ਕੇ ਲਿਆਇਆ ਸਾਂ ਪਰ ਛੋਟੇ ਕੁਕੂ ਨੂੰ ਮੈਂ ਉਰਦੂ ਚੰਗੀ ਤਰ੍ਹਾਂ ਸਿਖਾ ਦਿੱਤੀ ਸੀ। ਉਹ ਅਖ਼ਬਾਰ ਵੀ ਪੜ੍ਹ ਲੈਂਦਾ ਸੀ। ਜਿੰਦਰ ਨੂੰ ਸ਼ੇਅਰੋ ਸ਼ਾਇਰੀ ਦਾ ਬਹੁਤ ਸ਼ੌਂਕ ਸੀ। ਬਾਅਦ ਵਿਚ ਉਸ ਦਾ ਲਿਖਿਆ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪਣ ਵੀ ਲਗਿਆ ਸੀ। ਫਿਰ ਉਸ ਨੇ ਕਿਤਾਬਾਂ ਛਪਵਾਉਣੀਆਂ ਵੀ ਸ਼ੁਰੂ ਕਰ ਦਿੱਤੀਆਂ।

ਇਕ ਵਾਰ ਛੁੱਟੀ ਆਇਆ ਦਰਸ਼ਨ ਕਹਿਣ ਲਗਿਆ,

"ਬਲਬੀਰ ਕੌਰ ਕਹਿੰਦੀ ਕਿ ਜਿੰਦਰ ਫਿਲਮ ਦੇਖਣ ਸ਼ਹਿਰ ਚਲੇ ਜਾਂਦਾ, ਮੈਂ ਸੋਚਦਾਂ ਕਿਤੇ ਵਿਗੜ ਈ ਨਾ ਜਾਵੇ।"

"ਮੈਂ ਤਾਂ ਕਹਿੰਨਾਂ ਹੁਣ ਇਹਨੇ ਦਸ ਕਰ ਲੈਣੀਆਂ 'ਰਾਮ ਨਾ ਭਰਤੀ ਕਰਾ ਦੇ।"

"ਨਹੀਂ ਭਾਈਆ, ਪੜ੍ਹ ਲਵੇ ਜਿੰਨਾ ਪੜ੍ਹਨਾ, ਪੜ੍ਹਨ ਨੂੰ ਹੁਸ਼ਿਆਰ ਆ।"

"ਚਲ ਠੀਕ ਫੇ ਪੜ੍ਹਨ ਦੇ, ਇਹਨੂੰ ਕਾਬੂ ਕਰਨ ਦਾ ਇਕ ਤਰੀਕਾ ਹੈਗਾ।"

"ਉਹ ਕੀ?"

"ਇਹਨੂੰ ਕੋਈ ਲਵੇਰਾ ਰੱਖ ਦੇ, ਸਿਰ ਤੇ ਜ਼ਿੰਮੇਵਾਰੀ ਪੈ ਗਈ ਤਾਂ ਆਪੇ ਕਿਤੇ ਜਾਣੋਂ ਹਟ ਜਾਊ, ਨਾਲੇ ਨਿਆਣਿਆਂ ਲਈ ਘਰ ਦਾ ਦੁਧ-ਘੇ ਹੋ ਜਾਊ।"

ਸਾਡੀ ਸਕੀਮ ਕੰਮ ਕਰ ਗਈ। ਜਿੰਦਰ ਆਪਣੇ ਨਾਨਕਿਆਂ ਤੋਂ ਮੱਝ ਨੂੰ ਤੋਰ

ਕੇ ਲੈ ਆਇਆ। ਪੰਜਾਹ ਮੀਲ ਦਾ ਸਫਰ ਉਹਨੇ ਆਪਣੇ ਨਾਨੇ ਨਾਲ ਦੋ-ਢਾਈ ਦਿਨਾਂ ਵਿਚ ਤਹਿ ਕਰ ਲਿਆ। ਹਾਲੇ ਉਦੋਂ ਉਹ ਨੌਂਵੀਂ ਦਸਵੀਂ ਵਿਚ ਹੀ ਸੀ। ਪੜ੍ਹਨ ਦੇ ਨਾਲ ਨਾਲ ਮੱਝ ਸਾਂਭਣ ਲਗਿਆ। ਕਾਲਜ ਵੀ ਗਿਆ ਹੁੰਦਾ ਤਾਂ ਫਿਕਰ ਨਾਲ ਵਕਤ ਸਿਰ ਘਰ ਨੂੰ ਮੁੜਨ ਦੀ ਕਰਦਾ। ਉਹ ਛੋਟਾ ਹੁੰਦਾ ਹੀ ਸਿਆਣਾ ਸੀ। ਆਪਣੇ ਪਿਓ ਦੀ ਕਬੀਲਦਾਰੀ ਨੂੰ ਸਮਝਦਾ ਸੀ।

ਦਰਸ਼ਨ ਦੇ ਸਾਰੇ ਨਿਆਣੇ ਹੀ ਪੜ੍ਹਦੇ ਸਨ। ਘਰ ਦਾ ਖਰਚ ਵੀ ਕਾਫੀ ਸੀ। ਜ਼ਮੀਨ ਵਿਚੋਂ ਤਾਂ ਦਾਣੇ ਵੀ ਖਾਣ ਜੋਗੇ ਨਹੀਂ ਸੀ ਆਉਂਦੇ। ਉਸ ਦੀ ਇਕੱਲੇ ਦੀ ਤਨਖਾਹ ਨਾਲ ਗੁਜ਼ਾਰਾ ਹੀ ਮਸਾਂ ਚਲਦਾ ਸੀ। ਮੁੰਡਾ ਸ਼ਹਿਰ ਪੜ੍ਹਨ ਜਾਂਦਾ ਸੀ। ਉਸ ਦੀ ਫੀਸ ਵੀ ਦੇਣੀ ਪੈਂਦੀ। ਮੈਂ ਕੁਝ ਨਾ ਕੁਝ ਮਦਦ ਕਰ ਦਿੰਦਾ ਪਰ ਮੇਰਾ ਵੀ ਅਟਾਲ ਦਾ ਕੰਮ ਪਹਿਲਾਂ ਜਿਹਾ ਨਹੀਂ ਸੀ। ਦੇਵ ਸ਼ਰਾਬ ਜ਼ਿਆਦਾ ਪੀਣ ਲਗਿਆ ਸੀ। ਸ਼ਰਾਬ ਪੀਣ ਕਰਕੇ ਹੀ ਉਸ ਨੂੰ ਕੋਈ ਰਿਸ਼ਤਾ ਨਹੀਂ ਸੀ ਹੋ ਰਿਹਾ। ਪੜ੍ਹਿਆ ਉਹ ਵੀ ਨਹੀਂ। ਸਕੂਲੇ ਭੇਜਿਆ ਤਾਂ ਵਾਪਸ ਆ ਗਿਆ ਕਿ ਮਾਸਟਰ ਕੁੱਟਦਾ। ਜਿੰਦਰ ਨੇ ਚੌਦਾਂ ਕਰ ਲਈਆਂ ਤਾਂ ਅੜ ਕੇ ਬਹਿ ਗਿਆ ਕਿ ਹਾਲੇ ਅਗੇ ਹੋਰ ਪੜ੍ਹਨਾ। ਮੈਂ ਬਹੁਤ ਕਿਹਾ ਕਿ ਤਿੰਨ ਕੁੜੀਆਂ ਕਿੱਦਾਂ ਵਿਆਹਾਂਗੇ ਪਰ ਉਹ ਕਹੇ ਕਿ ਸੋਲਾਂ ਕਰਨੀਆਂ। ਫਿਰ ਕਹਿਣ ਲੱਗਾ ਕਿ ਵਕੀਲ ਬਣਨਾਂ। ਮੈਂ ਵੀ ਬਹੁਤ ਰੋਕਿਆ। ਦਰਸ਼ਨ ਨੇ ਵੀ ਕਿਹਾ ਕਿ ਚਲ ਭਰਤੀ ਹੋ ਜਾ, ਸਿੱਧਾ ਇਨਸਟੱਰਕਟਰ ਲਗੇਂਗਾ ਪਰ ਓਹਦਾ ਧਿਆਨ ਪੜ੍ਹਨ ਵੱਲ ਜ਼ਿਆਦਾ ਸੀ। ਜਿੰਦਰ ਕਿਤੇ ਦੂਰ ਜਾ ਕੇ ਪੜ੍ਹਨ ਲਗ ਪਿਆ। ਰਹਿੰਦਾ ਵੀ ਉਥੇ ਹੀ ਸੀ। ਦਰਸ਼ਨ ਦੀ ਬਹੁਤੀ ਤਨਖਾਨ ਉਹਦੇ 'ਤੇ ਖਰਚ ਹੋਣ ਲਗੀ। ਕੁੜੀਆਂ ਵਿਆਹੁਣ ਲਈ ਕੀ ਬਚਣਾ ਸੀ। ਇਹਨਾਂ ਦਿਨਾਂ ਵਿਚ ਹੀ ਬੜੀ ਕੁੜੀ ਗੁਰਜੀਤ ਦਾ ਵਿਆਹ ਰੱਖ ਦਿੱਤਾ। ਵਿਆਹ ਕੀਤਾ ਤਾਂ ਸਾਡਾ ਸਭ ਦਾ ਹੱਥ ਹੋਰ ਔਖਾ ਹੋ ਗਿਆ। ਦੋ ਕੁ ਸਾਲ ਬਾਅਦ ਦੂਜੀ ਕੁੜੀ ਨੂੰ ਇੰਗਲੈਂਡ ਤੋਰਿਆ। ਸਾਲ ਕੁ ਬਾਅਦ ਤੀਜੀ ਨੂੰ ਵੀ



ਨਰਿੰਦਰ ਕੁਕੂ




ਇੰਗਲੈਂਡ ਤੋਂ ਆਇਆ ਮੁੰਡਾ ਮਿਲ ਗਿਆ। ਉਸ ਦੇ ਵਿਆਹ ਲਈ ਮੈਨੂੰ ਥੋੜ੍ਹੀ ਕੁ ਜ਼ਮੀਨ ਵੇਚਣੀ ਪਈ। ਉਦੋਂ ਤਕ ਭਾਵੇਂ ਜਿੰਦਰ ਦੀ ਪੜ੍ਹਾਈ ਖਤਮ ਹੋ ਚੁੱਕੀ ਸੀ ਪਰ ਫਿਰ ਵੀ ਹੱਥ ਤੰਗ ਸੀ। ਸਾਲ ਕੁ ਬਾਅਦ ਹੀ ਦਰਸ਼ਨ ਰਿਟਾਇਰ ਹੋ ਕੇ ਘਰ ਆ ਗਿਆ ਤੇ ਜਿੰਦਰ ਇੰਗਲੈਂਡ ਚਲੇ ਗਿਆ ਤੇ ਸਾਲ ਕੁ ਬਾਅਦ ਹੀ ਸਭ ਤੋਂ ਛੋਟਾ ਕੁਕੂ ਵੀ।

ਹੁਣ ਦਰਸ਼ਨ ਦੀ ਕਬੀਲਦਾਰੀ ਨਿਜਿੱਠੀ ਗਈ ਹੈ। ਹੁਣ ਪੈਸੇ ਵੱਲੋਂ ਵੀ ਉਸ ਦਾ ਹੱਥ ਸੌਖਾ ਹੈ। ਕੁਝ ਥਾਂ ਹੋਰ ਉਸ ਨੇ ਖਰੀਦ ਲਿਆ ਹੈ। ਲਵੇਰੇ ਰੱਖ ਲਏ ਹਨ ਤੇ ਇਕ ਨੌਕਰ ਵੀ। ਹੁਣ ਮੇਰੀ ਜਗਾਹ ਉਹ ਹੀ ਦਿਵਾਲੀ ਦਾ ਦੀਵਾ ਬਾਲਦਾ ਹੈ, ਸਿਵਿਆਂ ਵਿਚ ਵੀ ਤੇ ਡੱਬਰੀ ਵੀ।

# ਮੇਰਾ ਵੀਰਾ

ਮੈਨੂੰ ਵੀਰੇ ਦੇ ਭਰਤੀ ਹੋਣ ਦਾ ਕੁਝ ਨਹੀਂ ਪਤਾ। ਭਰਤੀ ਉਹ ਮੇਰੀ ਹੋਸ਼ ਤੋਂ ਪਹਿਲਾਂ ਹੀ ਹੋ ਗਿਆ ਸੀ। ਮੈਨੂੰ ਉਸ ਦਾ ਉਦੋਂ ਹੀ ਪਤਾ ਚਲਿਆ ਕਿ ਮੇਰਾ ਕੋਈ ਭਰਾ ਵੀ ਹੈ ਜਦੋਂ ਅਚਾਨਕ ਇਕ ਲੰਮਾ ਜਿਹਾ ਫੌਜੀ ਸਾਡੇ ਘਰ ਆ ਵੜਿਆ ਤੇ ਬੀਬੀ ਤੇ ਭਾਈਆ ਉਸ ਦੇ ਗਲ਼ ਲਗ ਰੋਣ ਲਗੇ। ਗਲੀ ਮੁਹੱਲੇ ਦੇ ਲੋਕ ਵੀ ਇਕੱਠੇ ਹੋ ਗਏ। ਮੈਨੂੰ ਭੈਣ ਦੇਬੋ ਨੇ ਦੱਸਿਆ ਕਿ ਇਹ ਸਾਡਾ ਵੀਰਾ ਹੈ ਤੇ ਇਹ ਕੋਈ ਲੜਾਈ ਲੜ ਕੇ ਘਰ ਮੁੜਿਆ ਹੈ। ਉਸ ਵੇਲੇ ਮੈਨੂੰ ਨਹੀਂ ਸੀ ਪਤਾ ਕਿ ਕਿਹੜੀ ਲੜਾਈ ਵਿਚੋਂ ਪਰਤਿਆ ਹੈ। ਉਸ ਨੇ ਮੈਨੂੰ ਚੁੱਕ ਕੇ ਗੋਦੀ ਵਿਚ ਬੈਠਾਇਆ ਤਾਂ ਮੈਨੂੰ ਬਹੁਤ ਚੰਗਾ ਲਗਿਆ। ਉਹ ਮਹੀਨਾ ਭਰ ਘਰ ਰਿਹਾ। ਉਸ ਦੇ ਆਉਣ ਨਾਲ ਸਾਡੇ ਘਰ ਦੇ ਰੰਗ ਢੰਗ ਹੀ ਬਦਲ ਗਏ। ਘਰ ਹਰ ਵੇਲੇ ਖੁਸ਼ੀਆਂ ਨਾਲ ਭਰਿਆ ਰਹਿੰਦਾ। ਸਾਰੇ ਚਹਿਕਦੇ ਫਿਰਦੇ, ਖਾਸ ਤੌਰ ਤੇ ਸਾਡੀ ਬੀਬੀ। ਮੈਨੂੰ ਵੀਰਾ ਬਹੁਤ ਪਿਆਰ ਕਰਦਾ ਪਰ ਜਦੋਂ ਪਤਾ ਚਲਿਆ ਕਿ ਮੈਂ ਪੜ੍ਹਨੋਂ ਹਟ ਗਿਆ ਹਾਂ ਤਾਂ ਮੈਨੂੰ ਬਹੁਤ ਗੁੱਸੇ ਹੋਇਆ। ਮੈਨੂੰ ਮੁੜ ਸਕੂਲ ਭੇਜਣ ਦੀਆਂ ਗੱਲਾਂ ਕਰਨ ਲਗਿਆ। ਜਿੰਨੇ ਦਿਨ ਉਹ ਘਰ ਰਿਹਾ ਮੈਂ ਲੁਕ ਕੇ ਰਹਿੰਦਾ ਕਿ ਉਹ ਮੈਨੂੰ ਕਿਤੇ ਸਕੂਲ ਹੀ ਨਾ ਭੇਜ ਦੇਵੇ ਪਰ ਮੈਨੂੰ ਉਸ ਕੋਲ ਬੈਠਣਾ, ਉਸ ਨਾਲ ਗੱਲਾਂ ਕਰਨੀਆਂ ਬਹੁਤ ਚੰਗਾ ਲਗਦਾ। ਉਸ ਦੀ ਛੁੱਟੀ ਖਤਮ ਹੋਈ ਤਾਂ ਸਭ ਉਦਾਸ ਸਨ, ਮੈਂ ਵੀ ਰੋ ਰਿਹਾ ਸਾਂ। ਭਾਈਏ ਨਾਲ ਮੈਂ ਫਗਵਾੜੇ ਵੀਰੇ ਨੂੰ ਗੱਡੀ ਚੜ੍ਹਾਉਣ ਵੀ ਗਿਆ। ਉਸ ਨੇ ਮੈਨੂੰ ਉਥੇ ਟੌਫੀਆਂ ਤੇ ਮਖਾਣੇ ਲੈ ਕੇ ਦਿੱਤੇ।



ਭਰਾ ਗੁਰਦੇਵ ਸਿੰਘ



ਸਾਲ ਕੁ ਬਾਅਦ ਵੀਰਾ ਫਿਰ ਛੁੱਟੀ ਆਇਆ। ਘਰ ਇਕ ਵਾਰ ਫਿਰ ਖੁਸ਼ੀਆਂ ਨਾਲ ਭਰ ਗਿਆ। ਇਸ ਵਾਰ ਉਸ ਨੇ ਮੇਰੇ ਸਕੂਲ ਜਾਣ 'ਤੇ ਬਹੁਤਾ ਜ਼ੋਰ ਨਾ ਪਾਇਆ। ਅਸੀਂ ਇਕੱਠੇ ਡੱਬਰੀ ਜਾਂਦੇ। ਢੱਕੀ ਨੂੰ ਵੀ ਪੱਠੇ ਲੈਣ ਚਲੇ ਜਾਂਦੇ। ਉਹ ਮਸ਼ੀਨ ਫੇਰਦਾ ਤੇ ਮੈਂ ਗਾਲ਼ੇ ਲਾਉਂਦਾ। ਉਹ ਕਹਿੰਦਾ ਕਿ ਮੈਂ ਵੱਡਾ ਗਾਲ਼ਾ ਲਾਵਾਂ। ਉਸ ਵਿਚ ਬਹੁਤ ਜ਼ੋਰ ਸੀ। ਮੈਂ ਸੋਚਦਾ ਕਿ ਮੈਂ ਵੀ ਵੱਡਾ ਹੋ ਕੇ ਇਵੇਂ ਹੀ ਤਕੜਾ ਬਣਾਂਗਾ। ਉਸ ਨੇ ਭਾਈਏ ਨੂੰ ਕਹਿ ਦਿੱਤਾ ਸੀ ਕਿ ਮੇਰੀ ਖੁਰਾਕ ਦਾ ਖਾਸ ਧਿਆਨ ਰੱਖਿਆ ਜਾਵੇ। ਉਹਨੇ ਭਾਈਏ ਨੂੰ ਇਕ ਲਵੇਰਾ ਹੋਰ ਰੱਖਣ ਲਈ ਵੀ ਕਹਿ ਗਿਆ।

ਫਿਰ ਰੌਲੇ ਪੈ ਗਏ। ਉਦੋਂ ਵੀਰਾ ਲੰਮੀ ਛੁੱਟੀ ਆਇਆ ਹੋਇਆ ਸੀ। ਲੋਕ ਮੁਸਲਮਾਨਾਂ ਨੂੰ ਮਾਰਨ ਲਗੇ। ਉਸ ਵੇਲੇ ਮੈਨੂੰ ਗੱਲ ਦੀ ਪੂਰੀ ਸਮਝ ਨਹੀਂ ਸੀ ਪੈਂਦੀ। ਲੋਕ ਕਹਿੰਦੇ ਕਿ ਕੋਈ ਪਾਕਿਸਤਾਨ ਬਣ ਗਿਆ ਹੈ ਤੇ ਓਧਰ ਮੁਸਲਮਾਨ ਸਾਡੇ ਲੋਕਾਂ ਨੂੰ ਮਾਰ ਰਹੇ ਹਨ ਤੇ ਬਦਲੇ ਵਿਚ ਇਧਰ ਮੁਸਲਮਾਨਾਂ ਤੋਂ ਬਦਲਾ ਲਿਆ ਜਾਣਾ ਜ਼ਰੂਰੀ ਸੀ। ਵੀਰਾ ਵੀ ਤੇ ਭਾਈਆ ਵੀ ਮੁਸਲਮਾਨਾਂ ਦੀ ਮੱਦਦ ਕਰਨ ਲਗੇ। ਉਹ ਹੀ ਨਹੀਂ ਸਾਰਾ ਪਿੰਡ ਹੀ ਉਹਨਾਂ ਦੇ ਨਾਲ ਖੜਾ ਸੀ ਪਰ ਕੁਝ ਲੋਕ ਉਹਨਾਂ ਨੂੰ ਗਾਲ਼ਾਂ ਵੀ ਕੱਢ ਰਹੇ ਸਨ। ਪਿੰਡ ਵਿਚ ਲੋਕ ਰੋਜ਼ ਇਕੱਠੇ ਹੋ ਕੇ ਗੱਲਾਂ ਕਰਦੇ। ਭਾਈਆ ਲੋਕਾਂ ਨੂੰ ਅਖ਼ਬਾਰ ਪੜ੍ਹ ਪੜ੍ਹ ਕੇ ਸੁਣਾਇਆ ਕਰਦਾ। ਪਿੰਡ ਵਿਚ ਅਜੀਬ ਅਜੀਬ ਗੱਲਾਂ ਹੁੰਦੀਆਂ। ਵੀਰਾ ਪਿੰਡ ਦੇ ਆਪਣੇ ਹਾਣੀਆਂ ਨੂੰ ਲੈ ਕੇ ਪਤਾ ਨਹੀਂ ਕਿਹੜੀ ਸਲਾਹੀਂ ਪਿਆ ਰਹਿੰਦਾ। ਭਾਈਆ ਕਈ ਵਾਰ ਉਸ ਨੂੰ ਖਿਝਦਾ ਵੀ। ਇਕ ਦਿਨ ਕੁਝ ਇਹੋ ਜਿਹਾ ਹੋਇਆ ਕਿ ਵੀਰੇ ਨੇ ਫੌਜੀ ਦੀ ਬੰਦੂਕ ਨੂੰ ਹੱਥ ਪਾ ਲਿਆ ਤੇ ਫੌਜੀ ਦੇ ਅਜਿਹਾ ਥੱਪੜ ਮਾਰਿਆ ਕਿ ਉਹ ਕਰਮ ਭਰ ਪਰ੍ਹੇ ਜਾ ਡਿਗਿਆ। ਪਿੰਡ ਵਿਚ ਬਹੁਤ ਰੌਲਾ ਪਿਆ। ਉਸ ਦੀ ਬਹਾਦਰੀ ਦੀਆਂ ਗੱਲਾਂ ਹੋਣ ਲਗੀਆਂ। ਪਿੰਡ ਦੇ ਲੋਕ ਵੀਰੇ ਨੂੰ ਮਿਲਣ ਆਉਣ ਲਗੇ। ਮੇਰਾ ਦਿਲ ਚਾਅ ਨਾਲ ਭਰ ਜਾਣਾ ਕਿ ਮੇਰਾ ਭਰਾ ਇੰਨਾ ਬਹਾਦਰ ਹੈ। ਉਹ ਪਿੰਡ ਦੇ ਮੁੰਡਿਆਂ ਦਾ ਹੀਰੋ ਬਣ ਗਿਆ। ਹੁਣ ਪਿੰਡ ਦੇ ਮੁੰਡਿਆਂ ਵਿਚ ਮੇਰਾ ਵੀ ਟੌਹਰ ਹੋ ਜਿਹਾ ਹੋ ਗਿਆ। ਜਿਹਦੇ ਭਰਾ ਨੇ ਇਕ ਬੰਦੂਕ ਵਾਲੇ ਫੌਜੀ ਦੇ ਥੱਪੜ ਮਾਰਿਆ ਹੋਵੇ ਉਹਦਾ ਟੌਹਰ ਤਾਂ ਹੋਣਾ ਹੀ ਹੋਇਆ।

ਮਿਲਟਰੀ ਨੇ ਵੀਰੇ ਨੂੰ ਬਹੁਤ ਬਹਾਦਰ ਬਣਾ ਦਿੱਤਾ ਸੀ। ਵੀਰਾ ਛੁੱਟੀ ਆਉਂਦਾ ਤਾਂ ਭਾਈਏ ਨਾਲ ਬੈਠ ਕੇ ਸ਼ਰਾਬ ਪੀਂਦਾ। ਮੈਨੂੰ ਵੀ ਉਹ ਨਾਲ ਬੈਠਾ ਲੈਂਦੇ। ਉਹ ਭਾਈਏ ਨੂੰ ਬਰਮਾ ਦੀਆਂ ਗੱਲਾਂ ਸੁਣਾਇਆ ਕਰਦਾ। ਬਰਮਾ ਦੀ ਲੜਾਈ ਦੀਆਂ ਕਿ ਉਸ ਨੇ ਕਿਵੇਂ ਜਪਾਨੀਆਂ ਨੂੰ ਮਾਰਿਆ। ਬਰਮਾ ਦੇ ਜੰਗਲਾਂ ਦੀਆਂ, ਬਰਮਾ ਦੀਆਂ ਜੋਕਾਂ ਦੀਆਂ, ਬਰਮਾ ਦੇ ਮੱਛਰ ਦੀਆਂ ਤੇ ਬਰਮਾ ਦੇ ਸੱਪਾਂ ਦੀਆਂ। ਸੱਪ ਤਾਂ ਸਾਡੀ ਡੱਬਰੀ ਵਿਚ ਵੀ ਬਹੁਤ ਸਨ। ਇਕ ਵਾਰ ਵੀਰਾ ਡੱਬਰੀ ਕੁਝ ਕਰ ਰਿਹਾ ਸੀ। ਮੈਂ ਉਸ ਦੀ ਦੁਪਹਿਰ ਦੀ ਰੋਟੀ ਲੈ ਕੇ ਗਿਆ ਤਾਂ ਮੈਨੂੰ ਕਹਿਣ ਲਗਾ ਕਿ ਜਾਹ ਓਸ

ਪਲਾਹ ਕੋਲੋਂ ਕੋਈ ਚੀਜ਼ ਪਈ ਹੈ, ਜਾ ਚੁੱਕ ਲਿਆ। ਮੈਂ ਪਲਾਹ ਕੋਲ ਗਿਆ ਤਾਂ ਉਥੇ ਕਾਲੇ ਰੰਗ ਦਾ ਮੋਟਾ ਸੱਪ ਪਿਆ ਸੀ। ਮੈਂ ਡਰ ਕੇ ਚੀਕ ਮਾਰੀ ਤਾਂ ਵੀਰਾ ਹੱਸਣ ਲਗਿਆ। ਉਸ ਨੇ ਕਿਹਾ ਇਹ ਤਾਂ ਉਸ ਮਾਰ ਕੇ ਰਖਿਆ ਹੋਇਆ। ਫਿਰ ਅਸੀਂ ਟੋਆ ਕੱਢ ਕੇ ਸੱਪ ਨੂੰ ਦੱਬਣ ਲਗੇ। ਸੱਪ ਬਹੁਤ ਭਾਰਾ ਸੀ, ਮੈਂ ਡੰਡਿਆਂ ਨਾਲ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਚੁੱਕ ਨਹੀਂ ਸੀ ਹੋ ਰਿਹਾ। ਸਾਡੇ ਭਾਈਏ ਦਾ ਪੁਨੂੰ ਗੁੱਜਰ ਦੋਸਤ ਹੋਇਆ ਕਰਦਾ ਸੀ। ਉਹ ਸੱਪ ਦੇ ਕੱਟੇ ਦਾ ਇਲਾਜ ਕਰਿਆ ਕਰਦਾ ਸੀ। ਉਹ ਪਾਕਿਸਤਾਨ ਨੂੰ ਜਾਣ ਲੱਗਾ ਤਾਂ ਭਾਈਏ ਨੂੰ ਇਕ ਮਣਕਾ ਦੇ ਗਿਆ ਸੀ ਕਿ ਜੇ ਸੱਪ ਲੜ ਜਾਵੇ ਤਾਂ ਇਸ ਨੂੰ ਕੱਚੀ ਲੱਸੀ ਵਿਚ ਡੋਬ ਕੇ ਸੱਪ ਦੇ ਲੜਨ ਵਾਲੀ ਜਗਾਹ ਰੱਖ ਦਿੱਤਾ ਜਾਵੇ ਤਾਂ ਸੱਪ ਦਾ ਜ਼ਹਿਰ ਨਹੀਂ ਚੜ੍ਹੇਗਾ। ਭਾਵੇਂ ਅਸੀਂ ਇਹ ਮਣਕਾ ਕਦੇ ਨਹੀਂ ਵਰਤਿਆ। ਕਦੇ ਲੋੜ ਹੀ ਨਹੀਂ ਪਈ ਪਰ ਇਸ ਨੇ ਮੈਨੂੰ ਕਾਫੀ ਬਹਾਦਰ ਬਣਾ ਦਿੱਤਾ ਸੀ ਕਿ ਜੇ ਕੋਈ ਐਸੀ ਵੈਸੀ ਗੱਲ ਹੋਈ ਤਾਂ ਘਰ ਵਿਚ ਮਣਕਾ ਤਾਂ ਹੈ ਹੀ। ਮੈਂ ਡੱਬਰੀ ਵਿਚ ਪਸ਼ੂ ਚਾਰਿਆ ਕਰਦਾ ਸਾਂ। ਸੱਪਾਂ ਨਾਲ ਮੇਰਾ ਬਹੁਤ ਵਾਹ ਪੈਂਦਾ ਸੀ। ਹੌਲੀ ਹੌਲੀ ਮੇਰਾ ਸੱਪਾਂ ਤੋਂ ਡਰ ਹੀ ਚੁੱਕਿਆ ਗਿਆ। ਮੈਂ ਤਾਂ ਕਈ ਵਾਰ ਸੱਪ ਨੂੰ ਫੜ ਵੀ ਲੈਂਦਾ ਸਾਂ। ਦੂਰੋਂ ਸੱਪ ਦੀ ਸਿਰੀ ਤੇ ਡੰਡਾ ਰੱਖ ਕੇ ਸਿਰੀ ਨੱਪ ਦੇਣੀ ਤੇ ਫਿਰ ਸੱਪ ਨੂੰ ਸਿਰੀ ਤੋਂ ਫੜ ਲੈਣਾ। ਭਾਈਆ ਮੈਨੂੰ ਗਾਲ੍ਹਾਂ ਕੱਢਦਾ ਪਰ ਮੈਂ ਅਜਿਹਾ ਸ਼ੁਗਲ ਆਮ ਹੀ ਕਰਨ ਲਗਿਆ ਸਾਂ। ਵੀਰੇ ਸਾਹਮਣੇ ਮੈਂ ਅਜਿਹੀ ਗੱਲ ਨਹੀਂ ਸਾਂ ਕਰਦਾ। ਮੈਂ ਭਾਈਏ ਨਾਲੋਂ ਵੀਰੇ ਤੋਂ ਜ਼ਿਆਦਾ ਡਰਦਾ ਸਾਂ।

ਫਿਰ ਮੇਰਾ ਰੁਝਾਨ ਖੇਡਾਂ ਵੱਲ ਨੂੰ ਹੋ ਗਿਆ। ਮੈਂ ਘੁਲਣ ਲਗ ਪਿਆ ਤੇ ਨਾਲ ਹੀ ਕਬੱਡੀ ਵੀ ਖੇਡਣ ਲਗ ਪਿਆ। ਮੈਂ ਪਿੰਡ ਦੀ ਕਬੱਡੀ ਦੀ ਟੀਮ ਦਾ ਖਾਸ ਖਿਡਾਰੀ ਬਣ ਗਿਆ। ਇਕ ਵਾਰ ਵੀਰਾ ਛੁੱਟੀ ਆਇਆ ਤਾਂ ਉਸ ਨੇ ਮੈਨੂੰ ਘੁੱਲਦੇ ਨੂੰ ਦੇਖਿਆ ਤਾਂ ਬਹੁਤ ਖੁਸ਼ ਹੋਇਆ। ਉਹ ਸ਼ਹਿਰ ਗਿਆ ਤੇ ਮੇਰੇ ਲਈ ਬਦਾਮ ਖਰੀਦ ਲਿਆਇਆ ਤੇ ਘਰ ਵਿਚ ਮੇਰੀ ਖਾਸ ਸੇਵਾ ਹੋਣ ਲਗੀ। ਮੈਂ ਭਾਈਏ ਨਾਲ ਅਟਾਲ ਦੇ ਕੰਮ ਵਿਚ ਵੀ ਹੱਥ ਵੰਡਾਉਣ ਲਗਿਆ ਸਾਂ। ਭਾਈਆ ਤਾਂ ਜਾ ਕੇ ਦਰਖਤ ਦੀ ਸਾਈ ਫੜ ਲਿਆਉਂਦਾ, ਉਸ ਦੀ ਕਟਾਈ ਦਾ ਕੰਮ ਮੈਂ ਹੀ ਕਰਦਾ ਸਾਂ। ਆਪਣੇ ਨਾਲ ਕੋਈ ਨਾ ਕੋਈ ਮਜ਼ਦੂਰ ਲਗਾ ਲੈਂਦਾ। ਵੀਰਾ ਛੁੱਟੀ ਆਉਂਦਾ ਤਾਂ ਮੇਰੀ ਮੱਦਦ ਕਰਨ ਆ ਲਗਦਾ। ਸਾਨੂੰ ਮਜ਼ਦੂਰ ਦੀ ਲੋੜ ਹੀ ਨਾ ਪੈਂਦੀ। ਕਈ ਵਾਰ ਅਸੀਂ ਦੋਵੇਂ ਕਿਸੇ ਦੀ ਮਦਦ ਤੋਂ ਬਿਨਾਂ ਹੀ ਸਾਰਾ ਦਰਖਤ ਕੱਟ ਧਰਦੇ। ਉਸ ਨੂੰ ਗੱਡੇ 'ਤੇ ਲੱਦਣ ਜੋਗਾ ਕਰ ਦਿੰਦੇ। ਭਾਈਆ ਦੇਖ ਕੇ ਬਹੁਤ ਖੁਸ਼ ਹੁੰਦਾ।

ਕੱਬਡੀ ਖੇਡਣ ਵਿਚ ਮੈਂ ਕਾਫੀ ਤਕੜਾ ਨਿਕਲ ਰਿਹਾ ਸਾਂ। ਇਲਾਕੇ ਵਿਚ ਮੇਰਾ ਵੱਡੇ ਜਾਫੀ ਦੇ ਤੌਰ ਤੇ ਨਾਂ ਬਣ ਰਿਹਾ ਸੀ। ਕਬੱਡੀ ਵਿਚ ਮੇਰੀ ਚੜ੍ਹਤ ਕਾਰਨ ਮੇਰੀ ਦੋਸਤੀ ਪਿੰਡ ਵਿਚ ਆਏ ਸਕੂਲ ਮਾਸਟਰਾਂ ਜਾਂ ਹੋਰ ਕਰਮਚਾਰੀਆਂ ਨਾਲ ਹੋਣ



ਲਗੀ। ਸਾਡੇ ਪਿੰਡ ਆਏ ਡਾਕਟਰ ਕੁਲਦੀਪ ਬੱਗੇ ਨਾਲ ਤਾਂ ਮੇਰੀ ਭਰਾਵਾਂ ਵਾਲੀ ਸਾਂਝ ਬਣ ਗਈ ਸੀ। ਜਿੰਨੇ ਸਾਲ ਕੁਲਦੀਪ ਸਾਡੇ ਪਿੰਡ ਰਿਹਾ ਅਸੀਂ ਇਕ ਅੱਧਾ ਦਿਨ ਛੱਡ ਕੇ ਰੋਟੀ ਇਕੱਠੇ ਹੀ ਖਾਂਦੇ। ਫਿਰ ਉਸ ਨੇ ਪਠਾਨਕੋਟ ਜਾ ਕੇ ਆਪਣੀ ਦੁਕਾਨ ਖੋਹਲ ਲਈ। ਮੈਂ ਉਸ ਨੂੰ ਮਿਲਣ ਪਠਾਨਕੋਟ ਵੀ ਚਲੇ ਜਾਇਆ ਕਰਦਾ ਸਾਂ। ਪਠਾਨਕੋਟ ਹੀ ਸਾਡੀ ਭੈਣ ਦੇਬੋ ਵੀ ਰਹਿੰਦੀ ਹੈ। ਡਾਕਟਰ ਕੁਲਦੀਪ ਦੇਬੋ ਨਾਲ ਵੀ ਭੈਣਾਂ ਵਾਂਗ ਹੀ ਵਰਤਦਾ ਰਿਹਾ। ਹੁਣ ਤਾਂ ਉਹ ਇਸ ਜਹਾਨ ਤੋਂ ਜਾ ਚੁੱਕਿਆ ਹੈ। ਇਸ ਤੋਂ ਪਹਿਲਾਂ ਗੁਰਦਿਆਲ ਸਿੰਘ ਨਾਂ ਦਾ ਡਾਕਟਰ ਪਿੰਡ ਵਿਚ ਆਇਆ ਤਾਂ ਭਾਈਏ ਦਾ ਬਹੁਤ ਆੜੀ ਬਣ ਗਿਆ ਸੀ। ਉਸ ਦੋਵੇਂ ਇਕੱਠੇ ਬੈਠ ਕੇ ਸ਼ਾਮ ਨੂੰ ਸ਼ਰਾਬ ਪੀਂਦੇ। ਭਾਈਏ ਵਾਂਗ ਉਸ ਨੂੰ ਵੀ ਸ਼ੇਅਰੋ-ਸ਼ਾਇਰੀ ਦਾ ਸ਼ੌਂਕ ਸੀ। ਤਕਰੀਬਨ ਹਰ ਸ਼ਾਮ ਉਹਨਾਂ ਦੀ ਸਾਡੇ ਅਟਾਲ 'ਤੇ ਬੀਤਦੀ।

ਵੀਰੇ ਦਾ ਵਿਆਹ ਹੋਇਆ ਤਾਂ ਜਿੰਦਰ ਸਾਨੂੰ ਖਿਡਾਉਣੇ ਵਾਂਗ ਮਿਲ ਗਿਆ। ਭਾਬੀ ਤੇ ਵੀਰਾ ਮੇਰਠ ਜਾਣ ਲਗੇ ਤਾਂ ਅਸੀਂ ਜਿੰਦਰ ਨੂੰ ਆਪਣੇ ਕੋਲ ਹੀ ਰੱਖ ਲਿਆ। ਇਹ ਇਕ ਵੱਖਰੀ ਕਿਸਮ ਦਾ ਅਨੁਭਵ ਸੀ।

ਉਹ ਫੌਜ ਵਿਚੋਂ ਰਿਟਾਇਰ ਹੋ ਕੇ ਘਰ ਆ ਗਿਆ। ਉਸ ਦਾ ਦਿਲ ਨਾ ਲਗਿਆ ਕਰੇ। ਲਕੜੀ ਦਾ ਕੰਮ ਉਸ ਨੂੰ ਬਹੁਤਾ ਪਸੰਦ ਨਹੀਂ ਸੀ। ਫਿਰ ਅਟਾਲ ਦਾ ਕੰਮ ਤਾਂ ਮੈਂ ਇਕੱਲਾ ਹੀ ਚਲਾ ਰਿਹਾ ਸਾਂ। ਉਹ ਕਿਸੇ ਕੰਮ ਦੀ ਤਲਾਸ਼ ਕਰਨ ਲਗਿਆ। ਇਵੇਂ ਹੀ ਉਹ ਪਿੰਡ ਦੇ ਕਿਸੇ ਤੇਜ਼ ਜਿਹੇ ਬੰਦੇ ਦੇ ਅੜਿਕੇ ਆ ਗਿਆ। ਭਾਈਏ ਨੇ ਬਹੁਤ ਰੋਕਿਆ ਪਰ ਉਹ ਨਾ ਰੁਕਿਆ। ਉਸ ਨੇ ਬਿਹਾਰ ਵਿਚ ਜਾ ਕੇ ਉਸ ਨਾਲ ਟਰੱਕ ਸਾਂਝੀ ਪਾ ਲਿਆ ਪਰ ਛੇਤੀ ਹੀ ਘਾਟਾ ਖਾ ਕੇ ਬਰੰਗ ਲਿਫਾਫੇ ਵਾਂਗ ਮੁੜ ਆਇਆ। ਜਿਸ ਦਿਨ ਵਾਪਸ ਬਹਿਰਾਮ ਦੇ ਸਟੇਸ਼ਨ ਤੇ ਪੁੱਜੇ ਤਾਂ ਮੈਂ ਤੇ ਮਿੰਦਰ ਇਹਨਾਂ ਨੂੰ ਲੈਣ ਗਏ ਹੋਏ ਸਾਂ। ਵੀਰਾ ਬਹੁਤ ਕਮਜ਼ੋਰ ਹੋ ਗਿਆ ਸੀ। ਭਾਬੀ ਦੀ ਵੀ ਬੁਰੀ ਹਾਲਤ ਸੀ ਤੇ ਨਿਆਣਿਆਂ ਦੀ ਵੀ। ਉਸ ਦਿਨ ਮੀਂਹ ਵੀ ਬਹੁਤ ਪਿਆ ਸੀ। ਅਸੀਂ ਇਹਨਾਂ ਨੂੰ ਲੈ ਕੇ ਮਸਾਂ ਘਰ ਪਹੁੰਚੇ। ਵੀਰਾ ਦੁਬਾਰਾ ਭਰਤੀ ਹੋ ਗਿਆ ਤੇ ਮੁੜ ਕੇ ਸਾਲ ਵਿਚ ਇਕ ਵਾਰੀ ਛੁੱਟੀ ਆਉਣ ਲਗਿਆ। ਉਹ ਜਦੋਂ ਵੀ ਆਉਂਦਾ ਮੇਰੇ ਲਈ ਕੁਝ ਨਾ ਕੁਝ ਜ਼ਰੂਰ ਲਿਆਉਂਦਾ ਪਰ ਇਕ ਗੱਲ ਬਹੁਤ ਮਾੜੀ ਸੀ। ਉਹ ਇਹ ਕਿ ਸਾਡੇ ਦੋਨਾਂ ਦੇ ਕਪੜਿਆਂ ਦਾ ਮੇਚਾ ਇਕੋ ਨਹੀਂ ਸੀ ਤੇ ਨਾ ਹੀ ਜੁੱਤੀ ਦਾ। ਉਸ ਦੀ ਹਰ ਚੀਜ਼ ਦਾ ਮੇਚਾ ਮੇਰੇ ਤੋਂ ਇਕ ਜਾਂ ਦੋ ਨੰਬਰ ਵੱਡਾ ਸੀ। ਮੈਂ ਉਹਦੇ ਕਪੜੇ ਜਾਂ ਜੁੱਤੀ ਨਹੀਂ ਸਾਂ ਵਰਤ ਸਕਦਾ। ਬਾਅਦ ਵਿਚ ਮੇਰਾ ਤੇ ਜਿੰਦਰ ਦਾ ਇਕੋ ਮੇਚਾ ਹੋ ਗਿਆ ਤਾਂ ਬਹੁਤ ਫਾਇਆ ਹੋਇਆ। ਅਸੀਂ ਇਕ ਦੂਜੇ ਦੇ ਕਪੜੇ ਪਾ ਲੈਂਦੇ। ਵੀਰੇ ਨਾਲ ਉਮਰ ਦਾ ਕਾਫੀ ਫਰਕ ਹੋਣ ਕਰਕੇ ਉਸ ਨਾਲ ਮੇਰੀ ਗੱਲ ਇੰਨੀ ਖੁੱਲ੍ਹੀ ਨਹੀਂ ਸੀ, ਹਾਂ ਦੋ ਹਾੜੇ ਲਾ ਕੇ ਅਸੀਂ ਖੁੱਲ੍ਹ ਕੇ ਗੱਲਾਂ ਕਰਨ ਲਗਦੇ।

ਸਾਡੇ ਚਾਚੇ ਦੇ ਮੁੰਡੇ ਪਾਲ ਨਾਲ ਉਸ ਦਾ ਬਹੁਤ ਪਿਆਰ ਸੀ। ਉਹ ਇਕੱਠੇ ਜੰਗਲ ਪਾਣੀ ਨਿਕਲਦੇ ਤੇ ਕਈ ਕਈ ਘੰਟੇ ਬੈਠੇ ਗੱਲਾਂ ਕਰਦੇ ਰਹਿੰਦੇ।

ਇਕ ਵਾਰ ਵੀਰਾ ਕਸ਼ਮੀਰ ਵੱਲੋਂ ਇਕ ਕਤੂਰਾ ਲੈ ਆਇਆ। ਗੱਦੀ ਨਸਲ ਦਾ ਕੁੱਤਾ ਸੀ। ਇਸ ਦਾ ਨਾਂ ਵੀ ਅਸੀਂ ਗੱਦੀ ਹੀ ਰੱਖ ਲਿਆ। ਵੱਡਾ ਹੋ ਕੇ ਇਹ ਬਹੁਤ ਹੀ ਸੁਹਣਾ ਨਿਕਲਿਆ ਪਰ ਵੱਢਦਾ ਬਹੁਤ ਸੀ। ਗਰਮੀਆਂ ਨੂੰ ਤਾਂ ਇਹ ਹੋਰ ਵੀ ਖਤਰਨਾਕ ਹੋ ਜਾਂਦਾ। ਠੰਡ ਦੇ ਇਲਾਕੇ ਵਿਚੋਂ ਆਇਆ ਹੋਣ ਕਰਕੇ ਗਰਮੀ ਇਸ ਤੋਂ ਸਹੀ ਨਾ ਜਾਂਦੀ। ਅਸੀਂ ਰੇਤੇ ਵਿਚ ਪਾਣੀ ਪਾ ਕੇ ਉਹਦੇ ਲਈ ਠੰਡ ਜਿਹੀ ਰੱਖਣ ਦੀ ਕੋਸ਼ਿਸ਼ ਕਰਦੇ। ਜ਼ਰਾ ਕੁ ਵੀ ਇਸ ਨੂੰ ਖੁੱਲ੍ਹਾ ਛੱਡਦੇ ਤਾਂ ਕਿਸੇ ਨਾ ਕਿਸੇ ਨੂੰ ਵੱਢ ਧਰਦਾ। ਅਟਾਲ ਤੇ ਆਉਂਦੇ ਗਾਹਕ ਤਾਂ ਇਸ ਦੇ ਭੌਂਕਣ ਤੋਂ ਈ ਡਰੀ ਜਾਂਦੇ। ਇਕ ਸਾਲ ਗਰਮੀ ਬਹੁਤ ਪਈ ਤਾਂ ਗੱਦੀ ਗਰਮੀ ਨਾ ਸਹਾਰ ਸਕਿਆ ਤੇ ਮਰ ਗਿਆ। ਸਾਨੂੰ ਸਭ ਨੂੰ ਬਹੁਤ ਦੁਖ ਹੋਇਆ, ਖਾਸ ਤੌਰ ਤੇ ਵੀਰੇ ਨੂੰ। ਉਸ ਨੂੰ ਕੁੱਤੇ ਰੱਖਣ ਦਾ ਸ਼ੌਂਕ ਸੀ। ਇਕ ਵਾਰ ਛੁੱਟੀ ਆਇਆ ਕਿਧਰੋਂ ਇਕ ਸ਼ਿਕਾਰੀ ਕੁੱਤਾ ਲੈ ਆਇਆ। ਕੁੱਤਾ ਬਹੁਤ ਖੂਬਸੂਰਤ ਨਿਕਲਿਆ, ਅਸੀਂ ਉਸ ਨੂੰ ਸ਼ਿਕਾਰ ਖੇਡਣਾ ਸਿਖਾਉਣ ਲਈ ਕਿਸੇ ਦੀ ਸ਼ਿਕਾਰੀ ਕੁੱਤੀ ਉਧਾਰੀ ਮੰਗੀ। ਮੈਨੂੰ ਪਤਾ ਨਹੀਂ ਸੀ ਕਿ ਸ਼ਿਕਾਰੀ ਕੁੱਤੇ ਬਾਰੇ ਕਿਸ ਕਿਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਉਹ ਸਿਕਾਰ ਤੋਂ ਮੁੜਦਾ ਇਕ ਦਮ ਪਾਣੀ ਵਿਚ ਬੈਠ ਗਿਆ ਤੇ ਬਿਮਾਰ ਹੋ ਗਿਆ। ਫਿਰ ਇਸੇ ਕਾਰਨ ਜਾਂ ਕਿਸੇ ਹੋਰ ਕਾਰਨ ਉਸ ਨੂੰ ਜਲੋਧਰਵਾ ਹੋ ਗਿਆ। ਉਸ ਦੇ ਪੇਟ ਵਿਚ ਪਾਣੀ ਵਧਦਾ ਗਿਆ। ਮੈਂ ਕਈ ਵਾਰ ਸੋਚਿਆ ਕਿ ਇਸ ਦੇ ਟੀਕਾ ਲਗਵਾ ਕੇ ਮਰਵਾ ਦਿੱਤਾ ਜਾਵੇ। ਇਕ ਦਿਨ ਪਿੰਡ ਵਿਚ ਗਧੀਲੇ ਆਏ ਤੇ ਕਹਿਣ ਲਗੇ ਕਿ ਇਹ ਕੁੱਤਾ ਉਹਨਾਂ ਨੂੰ ਦੇ ਦੇਈਏ। ਉਹ ਉਸ ਦਾ ਇਲਾਜ ਕਰਵਾ ਲੈਣਗੇ। ਅਸੀਂ ਦੇ ਦਿੱਤਾ ਪਤਾ ਨਹੀਂ ਉਸ ਨਾਲ ਕੀ ਬੀਤੀ ਪਰ ਮਨ ਕਈ ਦਿਨ ਖਰਾਬ ਰਿਹਾ। ਰਿਟਾਇਰ ਹੋ ਕੇ ਵੀਰਾ ਹਰ ਸਮੇਂ ਕਿਸੇ ਵਧੀਆ ਨਸਲ ਦਾ ਕੁੱਤਾ ਰੱਖਦਾ। ਉਸ ਦੇ ਰੱਖੇ ਕੁੱਤੇ ਇੰਨੀ ਵਧੀਆ ਨਸਲ ਦੇ ਹੁੰਦੇ ਕਿ ਕਈ ਵਾਰ ਲੋਕ ਚੋਰੀ ਵੀ ਕਰ ਕੇ ਲੈ ਜਾਂਦੇ।

ਫਿਰ ਵੀਰਾ ਨੀਮਚ ਸ਼ਹਿਰ ਵਾਲੇ ਸੀ.ਆਰ.ਪੀ. ਦੇ ਟਰੇਨਿੰਗ ਸੈਂਟਰ ਵਿਚ ਜਾ ਲਗਾ। ਇਥੇ ਹੀ ਇਸ ਮਹਿਕਮੇ ਦਾ ਭਰਤੀ ਦਫਤਰ ਵੀ ਸੀ। ਵੀਰਾ ਛੁੱਟੀ ਆਉਂਦਾ ਤਾਂ ਮੇਰੇ ਦੋਸਤਾਂ ਨਾਲ ਬੈਠ ਕੇ ਸ਼ਰਾਬ ਪੀਂਦਾ ਤੇ ਹਾਸਾ ਮਜ਼ਾਕ ਕਰਨ ਲਗਦਾ। ਮੇਰੇ ਕਹਿਣ 'ਤੇ ਵੀਰੇ ਨੇ ਪਿੰਡ ਦੇ ਕਈ ਮੁੰਡੇ ਭਰਤੀ ਕਰਾਏ ਤੇ ਕਈ ਰਿਸ਼ਤੇਦਾਰ ਵੀ। ਸਭ ਤੋਂ ਪਹਿਲਾਂ ਤਾਂ ਸਵਰਨਾ ਭਰਤੀ ਕਰਾਇਆ। ਉਹ ਸਾਡੇ ਪਿੰਡ ਦੇ ਗੁਰਦਵਾਰੇ ਦਾ ਭਾਈ ਹੁੰਦਾ ਸੀ। ਜੰਮੂ ਦਾ ਸੀ। ਸਾਡੀ ਉਮਰ ਦਾ ਹੀ ਸੀ, ਸਾਡੇ ਨਾਲ ਬੈਠਣ ਉਠਣ ਲਗ ਪਿਆ। ਅਸੀਂ ਸ਼ੁਗਲ ਸ਼ੁਗਲ ਵਿਚ ਸ਼ਰਾਬ ਪੀਣ ਗਿਝਾ ਲਿਆ। ਉਸ



ਨੇ ਦੱਸਿਆ ਕਿ ਗੁਰਦਵਾਰੇ ਵਿਚ ਉਸ ਦਾ ਗੁਜ਼ਾਰਾ ਨਹੀਂ ਹੁੰਦਾ। ਹਾਲੇ ਉਸ ਨੇ ਵਿਆਹ ਵੀ ਕਰਾਉਣਾ ਸੀ। ਮੈਂ ਵੀਰੇ ਨੂੰ ਕਿਹਾ ਕਿ ਇਹਨੂੰ ਭਰਤੀ ਕਰਾ ਦੇਹ। ਵੀਰਾ ਨਾਲ ਲੈ ਗਿਆ ਤੇ ਭਰਤੀ ਕਰਾ ਦਿੱਤਾ। ਅਸੀਂ ਸਾਰੇ ਹੈਰਾਨ ਸਾਂ ਕਿ ਸਵਰਨਾ ਕਿਵੇਂ ਭਰਤੀ ਹੋ ਗਿਆ। ਉਸ ਦਾ ਢਿਲੜ ਜਿਹਾ ਸਰੀਰ ਭਰਤੀ ਹੋਣ ਵਾਲਾ ਨਹੀਂ ਸੀ ਪਰ ਉਹ ਢੋਲਕੀ ਛੈਣੇ ਵਜਾ ਲੈਂਦਾ ਸੀ। ਪਾਠ ਵੀ ਬਹੁਤ ਵਧੀਆ ਕਰਦਾ ਸੀ। ਵੀਰੇ ਨੇ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਭਰਤੀ ਕਰਾ ਦਿੱਤਾ। ਇਵੇਂ ਹੀ ਸਾਡਾ ਚਾਚੇ ਦਾ ਪੁੱਤ-ਭਰਾ ਮਿੰਦਰ ਸੀ ਜਿਸ ਦਾ ਥੋੜ੍ਹਾ ਜਿਹਾ ਦਿਮਾਗ ਵੀ ਹਿਲਿਆ ਹੋਇਆ ਸੀ, ਵੀਰੇ ਨੇ ਉਹਨੂੰ ਵੀ ਭਰਤੀ ਕਰਾ ਦਿੱਤਾ। ਉਹਨੇ ਕਈ ਸਾਲ ਨੌਕਰੀ ਕੀਤੀ ਪਰ ਮਿੰਦਰ ਦੀ ਇਕ ਗੱਲ ਸੀ ਕਿ ਉਹ ਦਸਵੀਂ ਤਕ ਪੜ੍ਹਿਆ ਹੋਇਆ ਸੀ ਤੇ ਪੜ੍ਹਨ ਵਿਚ ਹੁਸ਼ਿਆਰ ਵੀ ਬਹੁਤ ਰਿਹਾ ਸੀ ਪਰ ਸਿਹਤ ਵੱਲੋਂ ਕਮਜ਼ੋਰ ਹੀ ਸੀ। ਪਿੰਡ ਦਾ ਇਕ ਹੋਰ ਮੁੰਡਾ ਸੀ ਬੰਦੂਕੀਆ। ਉਹ ਲਗੌੜ ਜਿਹਾ ਹੀ ਹੁੰਦਾ ਸੀ। ਉਹਦੀ ਮਾਂ ਵੀਰੇ ਨੂੰ ਕਹਿਣ ਲਗੀ ਕਿ ਇਹਨੂੰ ਵੀ ਨੌਕਰ ਕਰਵਾ ਦੇ। ਮੇਰੇ ਨਾਲ ਵੀ ਉਸ ਦੀ ਬੈਠਣੀ ਉਠਣੀ ਸੀ। ਵੀਰਾ ਉਸ ਨੂੰ ਨਾਲ ਲੈ ਗਿਆ ਤੇ ਭਰਤੀ ਕਰਾ ਦਿੱਤਾ। ਸਭ ਤੋਂ ਸ਼ਗਲ ਗੱਲ ਜੀਤ ਸ਼ੋਰੀ ਦੀ ਹੋਈ। ਮੈਂ ਤਾਂ ਵੀਰੇ ਨੂੰ ਮਜ਼ਾਕ ਵਿਚ ਕਿਹਾ ਕਿ ਤੈਨੂੰ ਤਾਂ ਮੰਨਾਂ ਜੇ ਸ਼ੋਰੀ ਨੂੰ ਵੀ ਭਰਤੀ ਕਰਾ ਦੇਵੇਂ ਕਿਉਂਕਿ ਇਕ ਤਾਂ ਸ਼ੋਰੀ ਪੜ੍ਹਿਆ ਨਹੀਂ ਸੀ ਤੇ ਦੂਜੇ ਉਹ ਸਰੀਰ ਦਾ ਬਹੁਤ ਕਮਜ਼ੋਰ ਸੀ। ਉਸ ਤੋਂ ਟਰੇਨਿੰਗ ਨਹੀਂ ਸੀ ਹੋਣੀ। ਵੀਰਾ ਸ਼ੋਰੀ ਨੂੰ ਵੀ ਨਾਲ ਲੈ ਗਿਆ। ਵੀਰੇ ਲਈ ਸ਼ੋਰੀ ਨੂੰ ਭਰਤੀ ਕਰਾਉਣਾ ਔਖਾ ਹੋ ਗਿਆ। ਵੀਰੇ ਨੇ ਉਸ ਨੂੰ ਭਰਤੀ ਕਰਾਉਣ ਵੇਲੇ ਕਿਹਾ ਕਿ ਇਹ ਪੰਜ ਜਮਾਤਾਂ ਪੜ੍ਹਿਆ ਹੋਇਆ ਹੈ ਪਰ ਜਦ ਉਸਦਾ ਟੈਸਟ ਲਿਆ ਗਿਆ ਤਾਂ ਸ਼ੋਰੀ ਨੂੰ ਤਾਂ ਇਵੇਂ ਸੀ ਕਿ ਕਾਲਾ ਅੱਖਰ ਮੱਝ ਬਰਾਬਰ। ਫਿਰ ਉਹਨਾਂ ਨੇ ਸ਼ੋਰੀ ਤੋਂ ਕੋਈ ਖਾਲ਼ ਟਪਾ ਕੇ ਦੇਖੀ ਤਾਂ ਉਸ ਤੋਂ ਖਾਲ ਨਾ ਟੱਪ ਹੋਵੇ। ਵੀਰੇ ਦੀ ਚਿੱਠੀ ਆਈ ਕਿ ਇਸ ਦਾ ਪੰਜਵੀਂ ਪਾਸ ਦਾ ਕੋਈ ਸਰਟੀਫਿਕੇਟ ਭੇਜੋ। ਮੇਰੇ ਕਈ ਮਾਸਟਰ ਵਾਕਫ ਸਨ। ਸਾਡੇ ਪਿੰਡ ਦਾ ਸੰਤੋਖ ਹੀ ਨੇੜੇ ਦੇ ਕਿਸੇ ਸਕੂਲ ਵਿਚ ਪੜ੍ਹਾਉਂਦਾ ਸੀ। ਮੈਂ ਉਸ ਨੂੰ ਕਹਿ ਕੇ ਕਿਸੇ ਹੋਰ ਪਿੰਡ ਦੇ ਸਕੂਲ ਦਾ ਪੰਜਵੀਂ ਪਾਸ ਦਾ ਨਕਲੀ ਜਿਹਾ ਸਰਟੀਫਿਕੇਟ ਬਣਵਾ ਲਿਆ। ਵੀਰੇ ਨੇ ਅਗੇ ਸਟਰੀਫਿਕੇਟ ਦਿਖਾਇਆ ਪਰ ਅਫਸਰ ਨੂੰ ਯਕੀਨ ਨਾ ਹੋਇਆ ਕਿਉਂਕਿ ਸ਼ੋਰੀ ਨੂੰ ਤਾਂ ਕੁਝ ਆਉਂਦਾ ਹੀ ਨਹੀਂ ਸੀ, ਨਾ ਪੜ੍ਹਨਾ ਤੇ ਨਾ ਲਿਖਣਾ। ਅਫਸਰ ਨੇ ਉਸ ਸਕੂਲ ਦੇ ਹੈਡਮਾਸਟਰ ਨੂੰ ਚਿੱਠੀ ਲਿਖ ਦਿੱਤੀ ਜਿਥੋਂ ਅਸੀਂ ਸਰਟੀਫਿਕੇਟ ਬਣਵਾਇਆ ਸੀ। ਵੀਰੇ ਦੀ ਸਾਨੂੰ ਚਿੱਠੀ ਆਈ ਕਿ ਸਰਟੀਫਿਕੇਟ ਬਾਰੇ ਇਨਕੁਆਰੀ ਹੋ ਰਹੀ ਹੈ। ਸਰਟੀਫਿਕੇਟ ਬਣਾਉਣ ਵੇਲੇ ਹੈਡਮਾਟਰ ਨੂੰ ਅਸੀਂ ਭਰੋਸੇ ਵਿਚ ਲਿਆ ਨਹੀਂ ਸੀ ਬਲਕਿ ਉਸ ਤੋਂ ਚੋਰੀ ਹੀ ਬਣਾਇਆ ਸੀ। ਉਸ ਦੀ ਮੋਹਰ ਵਰਤ ਲਈ ਸੀ। ਹੈਡਮਾਸਟਰ ਨੂੰ ਅਸੀਂ ਸਾਰੀ ਗੱਲ ਦੱਸੀ ਤਾਂ ਉਹ ਬਹੁਤ ਗੁੱਸੇ

ਵਿਚ ਆ ਗਿਆ। ਅਸੀਂ ਉਸ ਦੇ ਮਿੰਨਤ-ਤਰਲੇ ਕਰਨ ਲਗੇ ਕਿ ਉਸ ਦੀ ਨਿੱਕੀ ਜਿਹੀ 'ਹਾਂ' ਨਾਲ ਇਕ ਬੰਦੇ ਦੀ ਜ਼ਿੰਦਗੀ ਸੁਧਰ ਸਕਦੀ ਹੈ। ਫਿਰ ਸਾਨੂੰ ਹੈਡਮਾਸਟਰ ਨੂੰ ਵੱਡੀ ਪਾਰਟੀ ਕਰਨੀ ਪਈ ਤਾਂ ਜਾ ਕੇ ਉਹ ਮੰਨਿਆਂ। ਵੱਡੀ ਪਾਰਟੀ ਵਿਚ ਦੋ ਦੇਸੀ ਦੀਆਂ ਬੋਤਲਾਂ ਤੇ ਇਕ ਕੁਕੜ ਸ਼ਾਮਲ ਸੀ। ਉਸ ਨੇ ਮੈਨੂੰ ਕੱਬਡੀ ਖੇਡਦੇ ਨੂੰ ਦੇਖਿਆ ਹੋਇਆ ਸੀ ਇਸ ਲਈ ਵੀ ਥੋੜ੍ਹੀ ਰਿਆਇਤ ਕਰ ਗਿਆ। ਸੋ ਇਸ ਤਰ੍ਹਾਂ ਜੀਤ ਭਰਤੀ ਹੋ ਗਿਆ। ਖਾਲ ਟੱਪਣ ਦੀ ਵੀਰਾ ਉਸ ਨੂੰ ਕਈ ਦਿਨ ਪਰੈਕਟਿਸ ਕਰਾਉਂਦਾ ਰਿਹਾ ਤੇ ਉਹ ਖਾਲ ਵੀ ਟੱਪ ਗਿਆ। ਸ਼ੇਰੀ ਨੇ ਆਪਣੀ ਪੂਰੀ ਨੌਕਰੀ ਕੀਤੀ ਤੇ ਪੈਨਸ਼ਨ ਲੈ ਕੇ ਘਰ ਪਰਤਿਆ। ਜੰਮੂ ਵਾਲਾ ਸਵਰਨਾ ਵੀ ਪੈਨਸ਼ਨ ਲੈ ਕੇ ਆਇਆ ਸੀ।

ਬੰਦੂਕੀਆ ਵਿਚ-ਵਿਚਕਾਰ ਹੀ ਨੌਕਰੀ ਛੱਡ ਆਇਆ ਸੀ। ਉਹ ਵੀਰੇ ਦੀਆਂ ਟਰੇਨਿੰਗ ਸੈਂਟਰ ਦੀਆਂ ਗੱਲਾਂ ਸੁਣਾਇਆ ਕਰਦਾ ਕਿ ਉਸ ਦਾ ਕਿਵੇਂ ਰੋਅਬ ਹੈ। ਉਸ ਦੀ ਇਕ ਬਿਸਲ 'ਤੇ ਲੋਕ ਕਿਵੇਂ ਲਾਈਨਾਂ ਵਿਚ ਖੜ੍ਹ ਜਾਇਆ ਕਰਦੇ ਸਨ। ਉਸ ਦੇ ਟਰੇਂਡ ਕੀਤੇ ਰਿਕਰੂਟ ਅਗੇ ਜਾ ਕੇ ਵੱਡੇ ਵੱਡੇ ਅਫਸਰ ਵੀ ਬਣਦੇ ਹਨ। ਫਿਰ ਇਹ ਅਫਸਰ ਵੀਰੇ ਦੀ ਬਹੁਤ ਇੱਜ਼ਤ ਕਰਿਆ ਕਰਦੇ ਸਨ। ਇਸ ਦਾ ਪਰਤੱਖ ਮੈਂ ਆਪਣੀ ਅੱਖੀਂ ਦੇਖਿਆ। ਜਿਹਨਾਂ ਦਿਨਾਂ ਵਿਚ ਪੰਜਾਬ ਵਿਚ ਖਲਿਸਤਾਨੀਆਂ ਦਾ ਰੌਲਾ ਚਲਦਾ ਸੀ ਤਾਂ ਸਰਕਾਰ ਨੂੰ ਪੰਜਾਬ ਦੀ ਪੁਲੀਸ ਤੇ ਭਰੋਸਾ ਨਹੀਂ ਸੀ ਰਿਹਾ ਤੇ ਸੀ.ਆਰ.ਪੀ. ਬੁਲਾ ਲਈ ਗਈ ਸੀ। ਸਾਰਾ ਪੰਜਾਬ ਹੀ ਸੀ.ਆਰ.ਪੀ. ਨਾਲ ਭਰ ਗਿਆ।



ਚਚੇਰਾ ਭਰਾ ਰਸ਼ਪਾਲ

ਇਕ ਦਿਨ ਸੀ.ਆਰ.ਪੀ. ਦਾ ਕੋਈ ਵੱਡਾ ਅਫਸਰ ਇਲਾਕੇ ਵਿਚ ਆਇਆ ਤੇ ਉਹ ਕਿਸੇ ਵੇਲੇ ਵੀਰੇ ਦਾ ਟਰੇਂਡ ਕੀਤਾ ਹੋਇਆ ਸੀ। ਉਸ ਨੂੰ ਪਤਾ ਚਲਿਆ ਕਿ ਦਰਸ਼ਨ ਸਿੰਘ ਦਾ ਪਿੰਡ ਨੇੜੇ ਹੀ ਹੈ ਤਾਂ ਉਸ ਨੇ ਵੀਰੇ ਨੂੰ ਮਿਲਣ ਦੀ ਖਾਹਿਸ਼ ਜ਼ਾਹਰ ਕੀਤੀ। ਉਹ ਵੱਡਾ ਅਫਸਰ ਸੀ ਇਸ ਕਰਕੇ ਉਸ ਦੀ ਸੁਰੱਖਿਆ ਦਾ ਇੰਤਜ਼ਾਮ ਵੀ ਵੱਡਾ ਹੀ ਹੋਣਾ ਸੀ। ਸੋ ਸਾਡੇ ਘਰ ਨੂੰ ਬਹੁਤ ਸਾਰੀ ਪੁਲੀਸ ਨੇ ਘੇਰ ਲਿਆ। ਲੋਕ ਹੈਰਾਨ ਰਹਿ



ਗਏ ਕਿ ਇਹ ਕੀ ਹੋ ਰਿਹਾ ਹੈ। ਫਿਰ ਉਹ ਅਫਸਰ ਜੀਪ ਵਿਚ ਆਇਆ ਤੇ ਵੀਰੇ ਦੇ ਪੈਰੀਂ ਹੱਥ ਲਾਉਣ ਲਗਿਆ। ਸਾਡੇ ਸਾਰੇ ਟੱਬਰ ਨੂੰ ਪੂਰੇ ਪਿਆਰ ਨਾਲ ਮਿਲਿਆ। ਵੀਰੇ ਨਾਲ ਉਸ ਨੇ ਜਿੰਦਰ ਦੀ ਲਿਆਂਦੀ ਸ਼ਰਾਬ ਦੇ ਦੋ ਹਾੜੇ ਲਾਏ ਤੇ ਸਲੂਟ ਮਾਰ ਕੇ ਚਲੇ ਗਿਆ।

ਉਹਨਾਂ ਦਿਨਾਂ ਵਿਚ ਸਾਡੇ ਪਿੰਡ ਦੇ ਹਸਪਤਾਲ ਵਿਚ ਸੀ.ਆਰ.ਪੀ. ਦੀ ਇਕ ਟੁਕੜੀ ਤਾਇਨਾਤ ਕਰ ਦਿੱਤੀ ਗਈ। ਪਿੰਡ ਦੇ ਲੋਕਾਂ ਨੇ ਕੋਈ ਕੰਮ ਕਰਾਉਣਾ ਹੋਵੇ ਤਾਂ ਵੀਰੇ ਨੂੰ ਨਾਲ ਲੈ ਕੇ ਜਾਂਦੇ। ਵੀਰੇ ਦਾ ਕੋਈ ਨਾ ਕੋਈ ਵਾਕਫ ਨਿਕਲ ਆਉਂਦਾ ਤੇ ਅਗਲਾ ਭੱਜ ਕੇ ਉਹਦੇ ਪੈਰੀਂ ਹੱਥ ਲਾਉਣ ਲਗਦਾ ਪਰ ਵੀਰਾ ਕਿਸੇ ਦੇ ਕੰਮ ਵਿਚ ਦਖਲ ਨਹੀਂ ਸੀ ਦਿੰਦਾ।

ਵੀਰੇ ਦਾ ਸੁਭਾਅ ਸੀ ਕਿ ਉਹ ਪਿੰਡ ਵਿਚ ਕਿਸੇ ਨਾਲ ਬਹੁਤਾ ਨਹੀਂ ਸੀ ਘੁਲਦਾ-ਮਿਲਦਾ। ਜਿੰਨਾ ਚਿਰ ਛੁੱਟੀ ਹੁੰਦੀ ਘਰੋਂ ਜੰਗਲ ਪਾਣੀ ਲਈ ਹੀ ਬਾਹਰ ਨਿਕਲਦਾ, ਜਾਂ ਫਿਰ ਅਟਾਲ 'ਤੇ ਆ ਜਾਂਦਾ ਭਾਈਏ ਨਾਲ ਸ਼ਰਾਬ ਪੀਣ ਲਈ ਜਾਂ ਫਿਰ ਆਪਣੇ ਹੀ ਟੱਬਰ ਦੇ ਕਿਸੇ ਜੀਅ ਨਾਲ ਬੈਠ ਲੈਂਦਾ। ਪਰਿਵਾਰ ਤੋਂ ਬਾਹਰ ਉਸ ਦੀ ਦੋਸਤੀ ਸਿਰਫ ਸ਼ਿਵਰਾਜ ਸਿੰਘ ਨਾਲ ਸੀ। ਉਹ ਪੰਜਾਬ ਪੁਲੀਸ ਵਿਚ ਹੁੰਦਾ ਸੀ। ਜੇਕਰ ਉਹ ਵੀ ਛੁੱਟੀ ਆਇਆ ਹੁੰਦਾ ਤਾਂ ਸ਼ਾਮ ਨੂੰ ਇਕੱਠੇ ਹੋ ਜਾਂਦੇ। ਜਦੋਂ ਵੀਰਾ ਸੀ.ਆਰ.ਪੀ. ਵਿਚੋਂ ਰਿਟਾਇਰ ਹੋ ਕੇ ਆਇਆ ਫਿਰ ਉਸ ਨੇ ਪਿੰਡ ਦੇ ਲੋਕਾਂ ਵਿਚ ਆਮ ਵਿਚਰਨਾ ਸ਼ੁਰੂ ਕਰ ਦਿੱਤਾ ਪਰ ਕਿਸੇ ਬਾਹਰ ਦੇ ਬੰਦੇ ਨਾਲ ਬੈਠ ਕੇ ਉਸ ਨੇ ਕਦੇ ਸ਼ਰਾਬ ਨਹੀਂ ਪੀਤੀ। ਉਹਦੇ ਨਾਲ ਹੀ ਸ਼ਿਵਰਾਜ ਸਿੰਘ ਵੀ ਰਿਟਾਇਰ ਹੋ ਗਿਆ। ਉਹਨਾਂ ਦੋਨਾਂ ਦਾ ਵਧੀਆ ਜੁੱਟ ਸੀ। ਆਮ ਤੌਰ ਤੇ ਉਹ ਦੋਵੇਂ ਸ਼ਾਮ ਨੂੰ ਆਪਣੀ ਅਲੱਗ ਜਿਹੀ ਮਹਿਫਲ ਸਜਾ ਲੈਂਦੇ। ਵੀਰਾ ਨਾ ਤਾਂ ਕਿਸੇ ਦੀ ਗੱਲ ਵਿਚ ਆਉਂਦਾ ਤੇ ਨਾ ਹੀ ਕਿਸੇ ਦੀ ਨਿੰਦਿਆ ਚੁਗਲੀ ਕਰਦਾ। ਉਹ ਹਰ ਵੇਲੇ ਹਾਸਾ ਮਜ਼ਾਕ ਕਰਦਾ ਰਹਿੰਦਾ।

ਜੇ ਕਿਸੇ ਵਧੀਆ ਭਰਾ ਦੀ ਜਾਂ ਵਧੀਆ ਇਨਸਾਨ ਦੀ ਮਿਸਾਲ ਦੇਣੀ ਹੋਵੇ ਤਾਂ ਵੀਰੇ ਤੋਂ ਵਧੀਆ ਮਿਸਾਲ ਸ਼ਾਇਦ ਹੀ ਕਿਧਰੇ ਮਿਲੇ।

# ਮੇਰਾ ਪਤੀ

ਜਦੋਂ ਮੇਰੇ ਬਾਪੂ ਜੀ ਰਿਸ਼ਤਾ ਕਰਕੇ ਆਏ ਤਾਂ ਸਭ ਨੂੰ ਕਹਿੰਦੇ ਫਿਰਨ ਕਿ ਜਿਹੋ ਜਿਹਾ ਜਵਾਈ ਸਾਡੇ ਘਰ ਜੰਝ ਲੈ ਕੇ ਢੁਕੇਗਾ ਇਹੋ ਜਿਹਾ ਜਵਾਈ ਕਦੇ ਵੀ ਇਸ ਪਿੰਡ ਵਿਚ ਨਹੀਂ ਆਇਆ ਹੋਣਾਂ। ਮੈਂ ਸੁਫਨਿਆਂ ਵਿਚ ਉਡਣ ਲਗੀ। ਜਦ ਬਾਪੂ ਜੀ ਇਹ ਗੱਲ ਵਾਰ ਵਾਰ ਕਹਿਣ ਤਾਂ ਮੇਰੀ ਮਾਂ ਮੁਹਰਿਓਂ ਕਹੇ ਕਿ ਅਸੀਂ ਵੀ ਤਾਂ ਆਪਣੀ ਸਭ ਤੋਂ ਸੁਹਣੀ ਧੀ ਦੇਣ ਲਗੇ ਹਾਂ। ਚਾਰਾਂ ਭੈਣਾਂ ਵਿਚੋਂ ਮੈਨੂੰ ਸੁਹਣੀ ਮੰਨਿਆਂ ਜਾਂਦਾ ਸੀ। ਮੇਰਾ ਵਿਆਹ ਹੋ ਗਿਆ। ਮੈਂ ਬਹੁਤ ਖੁਸ਼ ਸਾਂ। ਜੇ ਮੁਸ਼ਕਲ ਸੀ ਤਾਂ ਇਕ ਸੀ ਕਿ ਜਿਸ ਘਰ ਮੈਂ ਵਿਆਹ ਕੇ ਆਈ ਸਾਂ, ਬਹੁਤ ਛੋਟਾ ਸੀ। ਮੈਂ ਵੱਡੇ ਤੇ ਖੁੱਲ੍ਹੇ ਘਰ ਵਿਚੋਂ ਆਈ ਸਾਂ ਤੇ ਇਹ ਦੋ ਕੁ ਮਰਲੇ ਦਾ ਘਰ ਮੈਨੂੰ ਖੁੱਡਾ ਜਿਹਾ ਜਾਪ ਰਿਹਾ ਸੀ। ਲਗਦਾ ਸੀ ਜਿਵੇਂ ਖੁੱਲ੍ਹੇ ਅਸਮਾਨ ਦਾ ਪੰਛੀ ਕਿਸੇ ਵੱਡੇ ਪਿੰਜਰੇ ਵਿਚ ਆ ਗਿਆ ਹੋਵੇ। ਖੈਰ, ਦਿਨ ਲੰਘਣ ਲਗੇ। ਮੈਂ ਪਹਿਲੇ ਦਿਨਾਂ ਵਿਚ ਹੀ ਇਹਨਾਂ ਨੂੰ ਤਾੜ ਲਿਆ ਸੀ ਕਿ ਇਹ ਬਹੁਤ ਭੋਲੇ ਹਨ ਤੇ ਦਿਲ ਦੇ ਬਹੁਤ ਸਾਫ। ਅਗਲੇ ਤੇ ਸਹਿਜੇ ਹੀ ਯਕੀਨ ਕਰ ਲੈਂਦੇ ਹਨ। ਦਿਲ ਵਿਚ ਚਲਾਕੀ ਤਾਂ ਕੀ ਹੋਣੀ ਹੈ ਗੱਲਾਂ ਵਿਚ ਵੀ ਕੋਈ ਵਲ਼-ਫੇਰ ਨਹੀਂ ਸੀ। ਘਰ ਵਿਚ ਵੀ ਮੈਨੂੰ ਸਾਰੇ ਪਿਆਰ ਕਰਦੇ ਸਨ ਇਸ ਲਈ ਛੋਟਾ ਘਰ ਤਕਲੀਫ ਦੇਣੋਂ ਹਟ ਗਿਆ।



ਪਤੀ ਪਤਨੀ



ਇਹਨਾਂ ਦਾ ਮਿਲਟਰੀ ਵਿਚ ਹੋਣਾ ਵੀ ਮੈਨੂੰ ਪਸੰਦ ਤਾਂ ਨਹੀਂ ਸੀ ਪਰ ਬਹੁਤਾ ਤੰਗ ਨਾ ਕਰਦਾ ਕਿਉਂਕਿ ਮੇਰੇ ਦੋਵੇਂ ਵੀਰ ਮਿਲਟਰੀ ਵਿਚ ਹੀ ਸਨ। ਮੈਂ ਆਪਣੀਆਂ ਭਰਜਾਈਆਂ ਵੱਲ ਦੇਖਦੀ ਰਹਿੰਦੀ ਸਾਂ ਕਿ ਪਤੀ ਤੋਂ ਬਿਨਾਂ ਦਿਨ ਕੱਢਦੀਆਂ ਹਨ ਸੋ ਮੈਨੂੰ ਬਹੁਤੀ ਮੁਸ਼ਕਲ ਨਾ ਹੋਈ। ਅਗਲੇ ਸਾਲ ਜਿੰਦਰ ਆ ਗਿਆ। ਉਸ ਦੇ ਆਉਣ ਦੀ ਸਾਨੂੰ ਸਭ ਨੂੰ ਅਥਾਹ ਖੁਸ਼ੀ ਸੀ। ਪਰ ਉਸ ਤੋਂ ਅਗਲਾ ਸਾਲ ਦੁੱਖ ਲੈ ਕੇ ਆਇਆ ਕਿ ਜਿੰਦਰ ਤੋਂ ਬਾਅਦ ਮੇਰੇ ਕਾਕਾ ਹੋ ਕੇ ਮਰ ਗਿਆ। ਇਕ ਦਮ ਮਰ ਜਾਂਦਾ ਤਾਂ ਸ਼ਾਇਦ ਇੰਨਾ ਗਮ ਨਾ ਹੁੰਦਾ ਪਰ ਉਹ ਕੁਝ ਦਿਨਾਂ ਦਾ ਹੋ ਕੇ ਪੂਰਾ ਹੋਇਆ ਸੀ। ਮੈਂ ਬਹੁਤ ਉਦਾਸ ਰਹਿਣ ਲਗੀ। ਇਹ ਮੈਨੂੰ ਆਪਣੇ ਨਾਲ ਮੇਰਠ ਲੈ ਗਏ। ਇਕ ਵਾਰ ਅਸੀਂ ਫਰਾਲੇ ਛੁੱਟੀ ਆਏ ਤਾਂ ਮੇਰੀ ਸੱਸ ਕਹਿਣ ਲਗੀ ਕਿ ਜਿੰਦਰ ਨੂੰ ਅਸੀਂ ਰੱਖ ਲੈਂਦੇ ਹਾਂ। ਤੁਸੀਂ ਇਕੱਲੇ ਹੀ ਮੇਰਠ ਚਲੇ ਜਾਓ। ਪਹਿਲਾਂ ਤਾਂ ਮੇਰਾ ਦਿਲ ਨਾ ਮੰਨੇ ਪਰ ਫਿਰ ਇਹਨਾਂ ਦੇ ਕਹਿਣ ਤੇ ਅਸੀਂ ਜਿੰਦਰ ਨੂੰ ਛੱਡ ਗਏ।

ਮੇਰਠ ਇਹਨਾਂ ਦੇ ਕਈ ਦੋਸਤ ਸਨ। ਭਾਵੇਂ ਆਪ ਹੌਲਦਾਰ ਸਨ ਪਰ ਇਹਨਾਂ ਦੀ ਦੋਸਤੀ ਦੇ ਦਾਇਰੇ ਵਿਚ ਅਫਸਰ ਵੀ ਸਨ। ਇਕ ਦਿਨ ਇਹ ਇਕ ਵੱਡੀ ਸਾਰੀ ਕਿਤਾਬ ਕਿਧਰੋਂ ਲੈ ਆਏ। ਕਹਿੰਦੇ ਕਿ ਗੱਡੀ ਵਿਚ ਕੋਈ ਭੁੱਲ ਗਿਆ ਸੀ। ਕਿਤਾਬ ਅੰਗਰੇਜ਼ੀ ਵਿਚ ਸੀ ਇਸ ਲਈ ਮੈਨੂੰ ਨਹੀਂ ਪਤਾ ਇਹਦੇ ਵਿਚ ਕੀ ਲਿਖਿਆ ਸੀ। ਇਹਨਾਂ ਨੂੰ ਗੁਜ਼ਾਰੇ ਜੋਗੀ ਅੰਗਰੇਜ਼ੀ ਆਉਂਦੀ ਸੀ, ਅਖ਼ਬਾਰ ਦੀਆਂ ਸੁਰਖੀਆਂ ਪੜ੍ਹ ਲੈਂਦੇ ਸਨ ਪਰ ਪਤਾ ਇਹਨਾਂ ਨੂੰ ਵੀ ਨਹੀਂ ਲਗਿਆ ਕਿ ਇਹਦੇ ਵਿਚ ਲਿਖਿਆ ਕੀ ਹੈ। ਮੈਨੂੰ ਕਿਤਾਬਾਂ ਦਾ ਬਹੁਤ ਸ਼ੌਕ ਹੁੰਦਾ ਸੀ। ਜਿੰਦਰ ਨੂੰ ਵੀ ਪੜ੍ਹਨ ਦਾ ਸ਼ੌਕ ਮੇਰੇ ਤੋਂ ਹੀ ਲਗਿਆ। ਮੈਂ ਕਿਸੇ ਦੇ ਘਰ ਜਾਣਾ ਤਾਂ ਕਿਤਾਬਾਂ ਦੇਖ ਕੇ ਮੇਰਾ ਮਨ ਖਿੜ ਉਠਣਾ। ਮੈਂ ਕਈ ਵਾਰ ਕੋਈ ਨਾਵਲ ਬਗੈਰਾ ਖਰੀਦ ਵੀ ਲੈਂਦੀ ਸੀ। ਮੈਂ ਪੰਜਾਬੀ ਤੇ ਹਿੰਦੀ ਪੜ੍ਹ ਲੈਂਦੀ ਸਾਂ ਪਰ ਅੰਗਰੇਜ਼ੀ ਨਹੀਂ ਸੀ ਆਉਂਦੀ। ਅੰਗਰੇਜ਼ੀ ਛੇਵੀਂ ਵਿਚ ਲਗਦੀ ਹੁੰਦੀ ਸੀ। ਮੈਂ ਪੰਜਵੀ ਤਕ ਪੜ੍ਹੀ ਸਾਂ। ਉਹਨਾਂ ਦਿਨਾਂ ਵਿਚ ਪੰਜ ਵੀ ਬਹੁਤ ਗਿਣੀਆਂ ਜਾਂਦੀਆਂ ਸਨ। ਪੰਜਵੀਂ ਪਾਸ ਕੁੜੀ ਨੂੰ ਮਾਸਟਰਨੀ ਰੱਖ ਲੈਂਦੇ ਸੀ। ਮੈਨੂੰ ਵੀ ਸਾਡੇ ਪਿੰਡ ਦੇ ਸਕੂਲ ਦਾ ਹੈਡਮਾਸਟਰ ਕਹਿ ਰਿਹਾ ਸੀ ਪਰ ਮੇਰਾ ਵੱਡਾ ਵੀਰ ਨਹੀਂ ਸੀ ਮੰਨਿਆਂ। ਮੈਂ ਜਿੰਦਰ ਦੇ ਭਾਪਾ ਜੀ ਦੀ ਲਿਆਂਦੀ ਕਿਤਾਬ ਨੂੰ ਸਜਾ ਕੇ ਅੰਗੀਠੀ 'ਤੇ ਰੱਖ ਦਿੱਤਾ। ਇਹਨਾਂ ਦਾ ਇਕ ਦੋਸਤ ਇਕ ਦਿਨ ਘਰ ਆਇਆ। ਕਿਤਾਬ ਵੱਲ ਦੇਖਦਾ ਕਹਿਣ ਲਗਿਆ,

"ਦਰਸ਼ਨ ਸਿੰਘ, ਤੈਨੂੰ ਪਤਾ ਕਿ ਇਹ ਕਿਤਾਬ ਕਿਹੋ ਜਿਹੀ ਐ?"

"ਨਹੀਂ ਸਾਬ, ਮੈਨੂੰ ਨਹੀਂ ਪਤਾ, ਮੈਨੂੰ ਤਾਂ ਇਹ ਲੱਭੀ ਸੀ ਤੇ ਅਸੀਂ ਇਹਨੂੰ ਅੰਗੀਠੀ ਤੇ ਸਜਾ ਲਿਆ।"

"ਇਹ ਕੌਮਨਿਜ਼ਮ ਬਾਰੇ ਕਿਤਾਬ ਐ ਤੇ ਗੌਰਮਿੰਟ ਨੇ ਇਹਨੂੰ ਬੈਨ ਕੀਤਾ

ਹੋਇਆ, ਜੇ ਸਰਕਾਰ ਨੂੰ ਪਤਾ ਚਲ ਗਿਆ ਕਿ ਤੇਰੇ ਕੋਲ ਇਹ ਕਿਤਾਬ ਐ ਤਾਂ ਤੇਰਾ ਕੋਰਟ ਮਾਰਸ਼ਲ ਹੋ ਜਾਣਾਂ।"


ਸਾਨੂੰ ਫਿਕਰ ਪੈ ਗਿਆ। ਮੈਂ ਕਿਤਾਬ ਨੂੰ ਉਸ ਵੇਲੇ ਚੁੱਲੇ ਵਿਚ ਦੇ ਦਿੱਤਾ ਪਰ ਮਨ ਖਰਾਬ ਵੀ ਬਹੁਤ ਹੋਇਆ ਕਿ ਇੰਨੀ ਸੁਹਣੀ ਕਿਤਾਬ ਸੀ ਤੇ ਇਸ ਵਿਚ ਲਿਖੀਆਂ ਗੱਲਾਂ ਵੀ ਤਾਂ ਸੁਹਣੀਆਂ ਹੀ ਹੋਣਗੀਆਂ। ਫਿਰ ਜਦੋਂ ਜਿੰਦਰ ਪੜ੍ਹਨ ਲਗਿਆ ਤਾਂ ਮੈਂ ਉਸ ਦੀਆਂ ਕਿਤਾਬਾਂ ਨੂੰ ਸਾਂਭ ਸਾਂਭ ਕੇ ਰੱਖਦੀ। ਜਦੋਂ ਜਿੰਦਰ ਦੀਆਂ ਆਪਣੀਆਂ ਲਿਖੀਆਂ ਕਿਤਾਬਾਂ ਛਪਣ ਲਗੀਆਂ ਤਾਂ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਉਸ ਦੀ ਛਪੀ ਹਰ ਕਿਤਾਬ ਦੀ ਕਾਪੀ ਸੰਭਾਲ ਕੇ ਰੱਖੀ ਹੋਈ ਹੈ। ਉਸ ਦੀਆਂ ਲਿਖਤਾਂ ਤਾਂ ਉਸ ਤੋਂ ਚੋਰੀ ਛਪਣ ਤੋਂ ਪਹਿਲਾਂ ਹੀ ਪੜ੍ਹ ਲੈਂਦੀ।


ਵੱਡੀ ਬੇਟੀ ਗੁਰਜੀਤ

ਦੋ ਕੁ ਸਾਲਾਂ ਵਿਚ ਹੀ ਇਹ ਰਿਟਾਇਰ ਹੋ ਗਏ। ਸਾਨੂੰ ਫਿਕਰ ਪੈ ਗਿਆ ਕਿ ਹੁਣ ਕੀ ਬਣੇਗਾ। ਥੋੜ੍ਹੀ ਜਿਹੀ ਪੈਨਸ਼ਨ ਨਾਲ ਤਾਂ ਘਰ ਦਾ ਕੁਝ ਵੀ ਨਹੀਂ ਬਣਨਾ। ਕੁਝ ਪੈਸੇ ਅਸੀਂ ਚੁਬਾਰਾ ਛੱਤਣ 'ਤੇ ਖਰਚ ਦਿੱਤੇ। ਇਹ ਸੋਚਣ ਲਗੇ ਕਿ ਹੁਣ ਕੀ ਕੀਤਾ ਜਾਵੇ। ਪਿੰਡ ਦਾ ਕੋਈ ਬੰਦਾ ਕਿਧਰੇ ਬਿਹਾਰ ਵਿਚ ਰਹਿੰਦਾ ਸੀ। ਉਥੇ ਉਸ ਦਾ ਕੋਈ ਬਿਜਨਸ ਸੀ। ਉਸ ਨੇ ਇਹਨਾਂ ਨੂੰ ਮਗਰ ਲਾ ਲਿਆ ਕਿ ਉਹਦੇ ਨਾਲ ਡੇਰੀ ਔਨਸੂਨ ਚਲੇ ਤੇ ਉਸ ਨਾਲ ਸਾਂਝਾ ਟਰੱਕ ਪਾ ਲਵੇ। ਇਹ ਤਿਆਰ ਹੋ ਗਏ। ਸਾਰੇ ਸਮਝਾਉਣ ਕਿ ਐਡੀ ਦੂਰ ਨਾ ਜਾ। ਪਹਿਲਾਂ ਤਾਂ ਇਹ ਇਕੱਲੇ ਹੀ ਜਾ ਰਹੇ ਸਨ ਪਰ ਮੇਰੀ ਸੱਸ ਨੇ ਮੈਨੂੰ ਵੀ ਨਾਲ ਤਿਆਰ ਕਰ ਦਿੱਤਾ। ਮੈਂ ਵੱਡੀ ਕੁੜੀ ਗੁਰਜੀਤ ਨੂੰ ਆਪਣੀ ਭੈਣ ਖੁਸ਼ਾਂ ਕੋਲ ਛੱਡਿਆ ਤੇ ਜਿੰਦਰ ਤੇ ਪੰਮੀ ਨੂੰ ਲੈ ਕੇ ਇਹਨਾਂ ਦੇ ਨਾਲ ਹੀ ਚਲ ਪਈ। ਦੋ ਦਿਨ ਬਾਅਦ ਸਾਡੀ ਗੱਡੀ ਮੰਜ਼ਿਲ 'ਤੇ ਪੁੱਜੀ। ਡੇਰੀ ਔਨਸੂਨ ਸਾਨੂੰ ਇਕ ਚੁਬਾਰਾ ਕਿਰਾਏ ਤੇ ਮਿਲ ਗਿਆ। ਇਥੇ ਸਾਰੇ ਹਿੰਦੁਸਤਾਨੀ ਜਿਹੇ ਲੋਕ ਸਨ। ਹਿੰਦੀ ਵੀ ਹੋਰ ਤਰ੍ਹਾਂ 'ਹਮਕੋ ਤੁਮਕੋ' ਕਰਦੇ ਬੋਲਦੇ। ਮੈਂ ਸੋਚਦੀ ਕਿ ਜਿੰਦਰ ਇਹਨਾਂ ਵਿਚ ਰਹਿ ਕੇ ਕਿਤੇ ਇਹਨਾਂ ਵਰਗਾ ਹੀ ਨਾ ਬਣ ਜਾਵੇ। ਟਰੱਕ ਲੈ ਲਿਆ। ਡਰਾਈਵਰ ਰੱਖ ਲਿਆ। ਇਹ ਅਚਾਨਕ ਬਿਮਾਰ ਹੋ ਗਏ। ਸ਼ਾਇਦ ਉਸ ਸ਼ਹਿਰ ਦਾ ਪਾਣੀ ਠੀਕ ਨਹੀਂ ਬੈਠਾ। ਇਹਨਾਂ ਨੂੰ ਇਥੇ ਆ ਕੇ ਸ਼ਰਾਬ ਦੀ ਆਦਤ



ਵੀ ਬਹੁਤ ਪੈ ਗਈ ਸੀ। ਮੇਰੇ ਨਾਲ ਵੀ ਬਹੁਤ ਲੜਨ ਲਗਦੇ। ਫਿਰ ਅਚਾਨਕ ਇਹ ਬਿਮਾਰ ਪੈ ਗਏ। ਬਿਮਾਰ ਪੈ ਗਏ ਤਾਂ ਟਰੱਕ ਦਾ ਕੋਈ ਹਿਸਾਬ ਕਿਤਾਬ ਰਿਹਾ ਹੀ ਨਹੀਂ। ਹਿੱਸੇਦਾਰ ਕਹੇ ਕਿ ਟਰੱਕ ਖਰਾਬ ਖੜ੍ਹਾ ਹੈ। ਲਗਭਗ ਦੋ-ਤਿੰਨ ਮਹੀਨੇ ਤਾਂ ਇਹ ਬਿਮਾਰ ਹੀ ਰਹੇ। ਫਿਰ ਟਰੱਕ ਦਾ ਕੀ ਬਚਣਾ ਸੀ। ਟਰੱਕ ਵੀ ਕਿਸ਼ਤਾਂ ਤੇ ਲਿਆ ਹੋਇਆ ਸੀ। ਅਖੀਰ ਮੈਂ ਹੀ ਇਕ ਦਿਨ ਕਿਹਾ ਕਿ ਵਾਪਸ ਚੱਲੀਏ, ਜਿਹੜਾ ਘਾਟਾ ਪੈਣਾ ਸੀ ਪੈ ਗਿਆ। ਹੁਣ ਜਾ ਕੇ ਕੁਝ ਹੋਰ ਦੇਖੀਏ। ਅਸੀਂ ਖਾਲੀ ਹੱਥ ਡੇਰੀ ਤੋਂ ਮੁੜ ਆਏ। ਇਹ ਮਾੜੇ ਦਿਨ ਅਸੀਂ ਬੁਰੇ ਸੁਫਨੇ ਵਾਂਗ ਭੁਲਾ ਕੇ ਅਗੇ ਤੁਰਨ ਲਗੇ।


ਗੁਰਜੀਤ ਦਾ ਪਤੀ ਸਤਪਾਲ

ਕਿਸਮਤ ਚੰਗੀ ਕਿ ਪੰਜਾਬ ਆਉਂਦਿਆਂ ਹੀ ਨੌਕਰੀ ਮਿਲਣ ਦੇ ਅਸਾਰ ਨਜ਼ਰ ਆਉਣ ਲਗ ਪਏ। ਪੰਜਾਬ ਪੁਲੀਸ ਵਿਚ ਵੀ ਫੌਜੀਆਂ ਨੂੰ ਦੁਬਾਰਾ ਨੌਕਰੀਆਂ ਦਿੱਤੀਆਂ ਜਾ ਰਹੀਆਂ ਸਨ ਤੇ ਸੀ.ਆਰ.ਪੀ. ਨਵੀਂ ਬਣੀ ਸੀ। ਇਹਦੇ ਵਿਚ ਇਹਨਾਂ ਹੌਲਦਾਰ ਹੀ ਰੱਖ ਲਿਆ ਗਿਆ। ਸਾਡਾ ਘਰ ਦਾ ਤੋਰਾ ਫਿਰ ਤੁਰ ਪਿਆ। ਮੈਂ ਬੱਚੇ ਪਾਲਣ ਲੱਗੀ। ਇਹ ਹਰ ਮਹੀਨੇ ਮਨੀਆਰਡਰ ਭੇਜ ਦਿੰਦੇ। ਮੈਂ ਸਰਫੇ ਨਾਲ ਘਰ ਚਲਾਉਂਦੀ। ਜਿੰਦਰ ਪੜ੍ਹਨ ਲਗ ਪਿਆ। ਫਿਰ ਹੌਲੀ ਹੌਲੀ ਸਾਰੇ ਸਕੂਲ ਜਾਣ ਲਗੇ। ਘਰ ਵਿਚ ਮੇਰਾ ਆਪਣੀ ਸੱਸ ਨਾਲ ਝਗੜਾ ਰਹਿਣ ਲਗਿਆ। ਉਹ ਮੈਨੂੰ ਪੈਰ ਪੈਰ ਤੇ ਮੈਨੂੰ ਬੁਰਾ ਭਲਾ ਕਹਿਣ ਲਗਦੀ। ਮੇਰੀ ਨਿੱਕੀ ਤੋਂ ਨਿੱਕੀ ਗੱਲ ਟੋਕਣ ਦਿੰਦੀ। ਮੇਰੇ ਤੋਂ ਸਹਿਆ ਨਾ ਜਾਂਦਾ। ਸਾਡੀ ਲੜਾਈ ਹੋ ਜਾਂਦੀ। ਭਾਈਏ ਨੇ ਸਾਨੂੰ ਚੁਬਾਰੇ ਵਿਚ ਜੁਦੇ ਕਰ ਦਿੱਤਾ। ਸੱਸ ਨਾਲ ਮੇਰਾ ਸਦਾ ਹੀ ਇੱਟ ਖੜੱਕਾ ਰਿਹਾ ਹੈ ਪਰ ਭਾਈਆ ਬਹੁਤ ਚੰਗਾ ਸੀ, ਉਸ ਲਈ ਮੇਰੇ ਮਨ ਵਿਚ ਬਹੁਤ ਕਦਰ ਰਹੀ ਹੈ। ਬਾਕੀ ਘਰ ਦੇ ਸਾਰੇ ਜੀਅ ਹੀ ਚੰਗੇ ਸਨ। ਦੇਵ ਵੀ ਤੇ ਦੇਬੋ ਵੀ।

ਵਕਤ ਨਿਕਲਦਾ ਰਿਹਾ। ਬੱਚੇ ਵੱਡੇ ਹੁੰਦੇ ਗਏ। ਜਿੰਦਰ ਪੜ੍ਹਨ ਵਿਚ ਚੰਗਾ ਸੀ। ਗੁਰਜੀਤ ਕੁਝ ਢਿੱਲੀ ਸੀ ਪਰ ਪਰਮਜੀਤ ਠੀਕ ਸੀ ਤੇ ਰਜਿੰਦਰ ਵੀ ਤੇ ਕੁਕੂ ਵੀ। ਘਰ ਵਿਚ ਪੈਸਿਆਂ ਵੱਲੋਂ ਹਰ ਵੇਲੇ ਤੰਗੀ ਹੀ ਰਹਿੰਦੀ। ਇਹਨਾਂ ਦੇ ਭੇਜੇ ਪੈਸਿਆਂ

ਨਾਲ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਹੋ ਰਿਹਾ ਸੀ। ਹਰ ਚੀਜ਼ ਮੁੱਲ ਦੀ ਸੀ। ਸਾਡੇ ਹਿੱਸੇ ਦੇ ਤਾਂ ਦਾਣੇ ਵੀ ਬਹੁਤ ਥੋੜ੍ਹੇ ਜਿਹੇ ਹੁੰਦੇ। ਬਹੁਤੇ ਮੁੱਲ ਹੀ ਲੈਣੇ ਪੈਂਦੇ। ਜਿਵੇਂ ਜਿਵੇਂ ਬੱਚੇ ਵੱਡੇ ਹੁੰਦੇ ਜਾ ਰਹੇ ਸਨ ’ਖਰਚ ਵਧ ਰਹੇ ਸਨ। ਮੇਰਾ ਭਾਣਜਾ ਸੋਖੀ ਇੰਗਲੈਂਡ ਤੋਂ ਆਇਆ ਤੇ ਗੁਰਜੀਤ ਦਾ ਰਿਸ਼ਤਾ ਬੜੇ ਪਿੰਡ ਕਰ ਗਿਆ। ਉਹ ਡਰਾਈਵਰਾਂ ਦਾ ਟੱਬਰ ਸੀ। ਜਿੰਦਰ ਦੇ ਭਾਪਾ ਜੀ ਨੂੰ ਡਰਾਈਵਰ ਲੋਕ ਪਸੰਦ ਨਹੀਂ ਸਨ। ਕਹਿੰਦੇ ਕਿ ਥਾਂ ਥਾਂ ਘੁੰਮ ਕੇ ਆਦਤਾਂ ਵਿਗੜ ਜਾਂਦੀਆਂ ਹਨ ਪਰ ਸੋਖੀ ਨੇ ਰਿਸ਼ਤਾ ਕੀਤਾ ਸੀ ’ਮੰਨਣਾ ਹੀ ਪੈਣਾ ਸੀ। ਮੇਰੀ ਵੱਡੀ ਭੈਣ ਦਿਆਲੋ ਮੈਨੂੰ ਮਾਵਾਂ ਵਰਗੀ ਸੀ। ਉਹ ਮੇਰੀ ਘਰ ਚਲਾਉਣ ਵਿਚ ਸਦਾ ਹੀ ਮਦਦ ਕਰਦੀ। ਅਸੀਂ ਬਹੁਤ ਔਖੇ ਹੋ ਕੇ ਗੁਰਜੀਤ ਦਾ ਵਿਆਹ ਕੀਤਾ। ਪੈਸੇ ਆਉਣ ਵਾਲੇ ਸਾਰੇ ਸੋਮੇ ਸੁਕਾ ਦਿੱਤੇ। ਜਿੰਦਰ ਦੀ ਪੜ੍ਹਾਈ ਦਾ ਵੀ ਬਹੁਤ ਖਰਚ ਸੀ ਪਰ ਮੈਂ ਚਾਹੁੰਦੀ ਸਾਂ ਕਿ ਉਹ ਆਪਣੀ ਪੜ੍ਹਾਈ ਪੂਰੀ ਕਰੇ, ਫਿਰ ਉਸ ਨੇ ਆਪੇ ਹੀ ਸਾਰਾ ਭਾਰ ਚੁੱਕ ਲੈਣਾ ਸੀ।

ਗੁਰਜੀਤ ਤੋਂ ਬਾਅਦ ਦੂਜੀਆਂ ਦੋਵਾਂ ਕੁੜੀਆਂ ਨੂੰ ਵੀ ਰਿਸ਼ਤੇ ਆਉਣ ਲਗੇ। ਹੁਣ ਜਿੰਦਰ ਵਕੀਲ ਬਣ ਗਿਆ ਸੀ। ਉਸ ਦੀ ਵਾਕਫੀ ਦਾ ਦਾਇਰਾ ਵੱਡਾ ਹੋ ਗਿਆ ਸੀ। ਲੇਖਕ ਹੋਣ ਕਰਕੇ ਵੀ ਉਸ ਦੇ ਬਹੁਤ ਦੋਸਤ ਸਨ। ਰਿਸ਼ਤੇ ਤਾਂ ਆਉਂਦੇ ਪਰ ਸਾਡੇ ਕੋਲ ਕੁਝ ਨਹੀਂ ਸੀ। ਜਿੰਦਰ ਦਾ ਕੰਮ ਵੀ ਹਾਲੇ ਨਹੀਂ ਸੀ ਚੱਲਿਆ। ਵਕਾਲਤ ਦਾ ਕੰਮ ਅਜਿਹਾ ਹੀ ਹੁੰਦਾ ਹੈ। ਪਤਾ ਨਹੀਂ ਜਿੰਦਰ ਨੇ ਕਿਵੇਂ ਕੀਤਾ ਪਰ ਆਪਣੇ ਬਾਬੇ ਨਾਲ ਰਲ਼ ਕੇ ਦੋਵੇਂ ਕੁੜੀਆਂ ਆਪੋ ਆਪਣੇ ਘਰੀਂ ਤੋਰ ਦਿੱਤੀਆਂ। ਜਿੰਦਰ ਦੇ ਭਾਪਾ ਜੀ ਦੀ ਇਹ ਵਡੱਤਣ ਸੀ ਕਿ ਉਹ ਮੇਰੇ ਤੇ ਜਿੰਦਰ ’ਤੇ ਪੂਰਾ ਭਰੋਸਾ ਕਰਦੇ ਸਨ। ਅਸੀਂ ਜਿਹੋ ਜਿਹੇ ਵੀ ਮੁੰਡੇ ਲੱਭੇ ਉਹਨਾਂ ਕੋਈ ਇਤਰਾਜ਼ ਨਹੀਂ ਕੀਤਾ। ਸਾਡੇ ਫੈਸਲਿਆਂ ’ਤੇ ਸਦਾ ਹੀ ਫੁੱਲ ਚੜ੍ਹਾਏ। ਗੁਰਜੀਤ ਦਾ ਵਿਆਹ ਤਾਂ ਉਹਨੀਂ ਹੱਥੀਂ ਕੀਤਾ ਸੀ ਪਰ ਪਰਮਜੀਤ ਦੇ ਵਿਆਹ ਵਿਚ ਉਹ



ਪਰਮਜੀਤ ਤੇ ਉਸਦਾ ਪਤੀ ਜਸਵੀਰ



ਸ਼ਾਮਲ ਨਹੀਂ ਹੋ ਸਕੇ। ਰਜਿੰਦਰ ਵਿਆਹ ਲਈ ਇੰਗਲੈਂਡ ਗਈ ਸੀ ਤੇ ਵਿਆਹ ਉਥੇ ਹੀ ਹੋਇਆ ਸੀ। ਪਰਮਜੀਤ ਦੇ ਵਿਆਹ ਦੀ ਜਿਹੜੀ ਤਰੀਕ ਅਸੀਂ ਪਹਿਲਾਂ ਰੱਖੀ ਸੀ ਇਹ ਉਹਦੇ ਹਿਸਾਬ ਨਾਲ ਛੁੱਟੀ ਲੈ ਕੇ ਆਏ ਸਨ ਪਰ ਮੁੰਡੇ ਵਾਲਿਆਂ ਨੂੰ ਉਸ ਤਰੀਕ ਵਿਚ ਕੋਈ ਅੜਿੱਕਾ ਪੈਣ ਲਗਿਆ ਤਾਂ ਤਰੀਕ ਬਦਲਣੀ ਪਈ ਪਰ ਇਹਨਾਂ ਦੀ ਮਜਬੂਰੀ ਇਹ ਸੀ ਕਿ ਇਹਨਾਂ ਨੇ ਜਾ ਕੇ ਤਨਖਾਹ ਵੰਡਣੀ ਸੀ। ਕਹਿਣ ਲਗੇ ਕਿ ਤੁਸੀਂ ਸਾਰੇ ਘਰ ਹੀ ਹੋ। ਮੇਰੇ ਤੋਂ ਬਿਨਾਂ ਵੀ ਵਿਆਹ ਹੋ ਜਾਵੇਗਾ ਪਰ ਮੇਰੀ ਨੌਕਰੀ ’ਤੇ ਜਾਣਾ ਬਹੁਤ ਜ਼ਰੂਰੀ ਹੈ। ਪੂਰੀ ਯੂਨਿਟ ਮੇਰਾ ਇੰਤਜ਼ਾਰ ਕਰ ਰਹੀ ਹੈ। ਇਹ ਉਹਨਾਂ ਦੀ ਆਪਣੀ ਨੌਕਰੀ ਪ੍ਰਤੀ ਵਫਾਦਾਰੀ ਬੋਲ ਰਹੀ ਸੀ।

ਸੰਨ 1976-77-78 ਸਾਡੇ ਪਰਿਵਾਰ ਲਈ ਜਜ਼ਬਾਤੀ ਤੌਰ ’ਤੇ ਬਹੁਤ ਉਥਲ ਪੁਥਲ ਦੇ ਸਾਲ ਸਨ। ਖਾਸ ਤੌਰ ਤੇ ਮੇਰੇ ਲਈ। ਮਾਰਚ 76 ਵਿਚ ਰਜਿੰਦਰ ਇੰਗਲੈਂਡ ਚਲੇ ਗਈ, ਉਸੇ ਸਾਲ ਦੀਆਂ ਗਰਮੀਆਂ ਨੂੰ ਪਰਮਜੀਤ ਦਾ ਵਿਆਹ ਇੰਗਲੈਂਡ ਤੋਂ ਆਏ ਮੁੰਡੇ ਜਸਬੀਰ ਨਾਲ ਹੋ ਗਿਆ। ਉਹ ਵੀ ਇੰਗਲੈਂਡ ਜਾਣ ਦੀ ਤਿਆਰੀ ਕਰਨ ਲਗੀ। ਕੁੜੀਆਂ ਬਿਨਾਂ ਮੈਂ ਇਕੱਲੀ ਰਹਿ ਗਈ। ਮਾਂ-ਧੀ ਦੀ ਜੋ ਸਾਂਝ ਹੁੰਦੀ ਹੈ ਉਹ ਪੁੱਤਾਂ ਨਾਲ ਨਹੀਂ ਹੋ ਸਕਦੀ। ਸਾਲ ਬਾਅਦ ਜਿੰਦਰ ਵੀ ਇੰਗਲੈਂਡ ਲਈ ਚੜ੍ਹ ਗਿਆ। ਇਸੇ ਸਾਲ ਇਹ ਰਿਟਾਇਰ ਹੋ ਕੇ ਘਰ ਆ ਗਏ। ਇਹਨਾਂ ਨੂੰ ਤਾਂ ਸ਼ਾਇਦ ਬਹੁਤਾ ਫਰਕ ਨਾ ਪਿਆ ਹੋਵੇ ਕਿਉਂਕਿ ਇਹ ਬਹੁਤਾ ਸਮਾਂ ਬਾਹਰ ਹੀ ਰਹਿੰਦੇ ਸਨ ਪਰ ਮੈਂ ਬਹੁਤ ਇਕੱਲੀ ਰਹਿ ਗਈ ਸਾਂ। ਫਿਰ ਸਾਲ ਦੇ ਅੰਦਰ ਅੰਦਰ ਕੁਕੂ ਵੀ ਇੰਗਲੈਂਡ ਚਲੇ ਗਿਆ ਤੇ ਰਹਿ ਗਏ ਅਸੀਂ ਮੀਆਂ ਬੀਵੀ। ਬਿਲਕੁਲ ਇਕੱਲੇ। ਕਿਥੇ ਪੰਜ ਧੀਆਂ-ਪੁੱਤ ਘਰ ਵਿਚ ਹਰਲ ਹਰਲ ਕਰਦੇ ਤੁਰੇ ਫਿਰਦੇ ਸਨ ਤੇ



ਰਜਿੰਦਰ ਆਪਣੇ ਪਤੀ ਹਰਕਿਸ਼ਨ ਨਾਲ

ਕਿਥੇ ਅਸੀਂ ਸਿਰਫ ਦੋ ਜੀਅ। ਬਹੁਤ ਮੁਸ਼ਕਲ ਨਾਲ ਇਕੱਲੇ ਰਹਿਣ ਦੀ ਆਦਤ ਪਾਈ। ਟਾਈਮ ਪਾਸ ਕਰਨ ਲਈ ਅਸੀਂ ਗਾਂ ਰੱਖ ਲਈ। ਗਾਂ ਲੋਹੜੇ ਦਾ ਦੁੱਧ ਦਿਆ ਕਰੇ ਪਰ ਦੁੱਧ ਪੀਣ ਵਾਲੇ ਚਲੇ ਗਏ ਵਲਾਇਤਾਂ ਨੂੰ। ਮੈਂ ਦੁੱਧ ਵੱਲ ਦੇਖ ਦੇਖ ਰੋਇਆ ਕਰਾਂ। ਜਿੰਦਰ ਤਾਂ ਨਹੀਂ ਪਰ ਕੁਕੂ ਦੁੱਧ ਦਾ ਬਹੁਤ ਸ਼ੌਕੀਨ ਸੀ।

ਹੁਣ ਪੈਸੇ ਵੱਲੋਂ ਵੀ ਅਸੀਂ ਸੌਖੇ ਸਾਂ। ਦੋ ਪੈਨਸ਼ਨਾਂ ਇਹਨਾਂ ਦੀਆਂ। ਜਿੰਦਰ ਵੀ ਪੈਸੇ ਭੇਜ ਦਿਆ ਕਰੇ ਤੇ ਖਰਚਣ ਵਾਲੇ ਸਿਰਫ ਅਸੀਂ ਦੋ ਜੀਅ। ਇਕੱਲੇ ਜ਼ਰੂਰ ਸਾਂ ਪਰ ਇਹ ਸਾਡੇ ਬਹੁਤ ਖੁਸ਼ੀਆਂ ਭਰੇ ਦਿਨ ਸਨ। ਬੱਚੇ ਆਪੋ ਆਪਣੇ ਘਰੀਂ ਸੈੱਟ ਸਨ। ਕਈ ਵਾਰ ਇਹ ਸਵੇਰੇ ਘਰੋਂ ਬੈੱਗ ਲੈ ਕੇ ਫਗਵਾੜੇ ਨੂੰ ਚਲੇ ਜਾਂਦੇ। ਬਜ਼ਾਰ ਦਾ ਇਕ ਗੇੜਾ ਕੱਢਦੇ। ਵਧੀਆ ਕਪੜਾ ਪਾਉਣ ਦਾ ਤਾਂ ਪਹਿਲਾਂ ਹੀ ਸ਼ੌਂਕ ਸੀ ਹੁਣ ਮੁੰਡਿਆਂ ਦੀ ਭੇਜੀ ਕਮੀਜ਼, ਪੈਂਟ ਜਾਂ ਜੈਕਟ ਪਾਈ ਹੁੰਦੀ ਤਾਂ ਦੁਕਾਨਦਾਰ ਦੂਰੋਂ ਸਲਾਮਾਂ ਕਰਦੇ। ਇਹਨਾਂ ਨੂੰ ਇਹੋ ਨਸ਼ਾ ਹੀ ਬਹੁਤ ਹੁੰਦਾ। ਫਿਰ ਸਬਜ਼ੀ, ਮੀਟ ਆਦਿ ਕੁਝ ਨਾ ਕੁਝ ਲੈ ਆਉਂਦੇ। ਵਿਸਕੀ ਦੀ ਬੋਤਲ ਲਿਆਉਣੀ ਕਦੇ ਨਾ ਭੁੱਲਦੇ। ਫਿਰ ਭਾਈਏ ਨੂੰ ਦੋ ਪੈੱਗ ਜ਼ਰੂਰ ਪਿਲਾਉਣੇ।

ਇਹ ਫਗਵਾੜੇ ਦੀਆਂ ਕਪੜੇ ਦੀਆਂ ਦੁਕਾਨਾਂ ਦੇ ਦੁਕਾਨਦਾਰਾਂ ਦੇ ਚਹੇਤੇ 'ਸਰਦਾਰ ਜੀ' ਬਣ ਗਏ। ਦੁਕਾਨਦਾਰਾਂ ਨੂੰ ਪਤਾ ਸੀ ਕਿ ਇਹਨਾਂ ਦੇ ਇੰਨੇ ਬੱਚੇ ਬਾਹਰ ਹਨ, ਕੋਈ ਨਾ ਕੋਈ ਤਾਂ ਸ਼ੌਪਿੰਗ ਕਰਨ ਆਵੇਗਾ ਹੀ। ਜਿੰਦਰ ਆਏ 'ਤੇ ਕਾਫੀ ਸਾਰੀ ਸ਼ੌਪਿੰਗ ਕੀਤੀ ਵੀ। ਇਕ ਵਾਰ ਸਾਡੇ ਕੋਈ ਖਾਸ ਰਿਸ਼ਤੇਦਾਰ ਇੰਗਲੈਂਡ ਤੋਂ ਸਾਨੂੰ ਮਿਲਣ ਆਏ। ਉਹਨਾਂ ਕਪੜੇ ਖਰੀਦਣੇ ਸਨ, ਇਹ ਉਹਨਾਂ ਨਾਲ ਫਗਵਾੜੇ ਗਏ। ਅਗਲੇ ਦਿਨ ਉਹਨਾਂ ਵਾਪਸ ਜਾਣਾ ਸੀ। ਉਹ ਜਾਂਦੇ ਹੋਏ ਫਿਰ ਉਸੇ ਦੁਕਾਨ ਵਿਚ ਕਪੜਾ ਖਰੀਦਣ ਚਲੇ ਗਏ। ਉਹਨਾਂ ਨੇ ਖਰੀਦੋ-ਫਰੋਕਤ ਆਪਣੀ ਜੇਬ ਤੋਂ ਜ਼ਿਆਦਾ ਕਰ ਲਈ ਤੇ ਦਸ ਹਜ਼ਾਰ ਰੁਪਏ ਉਹਨਾਂ ਕੋਲ ਥੁੜ ਗਏ। ਦੁਕਾਨਦਾਰ ਨੇ ਇਹਨਾਂ ਦੇ ਮੂੰਹ ਨੂੰ ਉਹਨਾਂ ਨਾਲ ਦਸ ਹਜ਼ਾਰ ਦਾ ਉਧਾਰ ਕਰ ਲਿਆ। ਉਹਨਾਂ ਦਿਨਾਂ ਵਿਚ ਦਸ ਹਜ਼ਾਰ ਬਹੁਤ ਹੁੰਦਾ ਸੀ। ਰਿਸ਼ਤੇਦਾਰਾਂ ਨੇ ਇੰਗਲੈਂਡ ਪੁਜਦਿਆਂ ਹੀ ਦਸ ਹਜ਼ਾਰ ਭੇਜ ਦਿੱਤਾ। ਜਦ ਇਹ ਅਗਲੀ ਵਾਰ ਸ਼ਹਿਰ ਗਏ ਤਾਂ ਦੁਕਾਨਦਾਰ ਨੇ ਸਾਰੀ ਕਹਾਣੀ ਸੁਣਾਈ। ਇਹ ਘਰ ਆ ਕੇ ਹੈਰਾਨ ਹੋਈ ਜਾਣ। ਇਕ ਤਾਂ ਦੁਕਾਨਦਾਰ 'ਤੇ ਹੈਰਾਨ ਕਿ ਇੰਨਾ ਉਧਾਰ ਕਿਉਂ ਕੀਤਾ ਤੇ ਨਾਲ ਹੀ ਰਿਸ਼ਤੇਦਾਰ 'ਤੇ ਕਿ ਇੰਨਾ ਉਧਾਰ ਕਿਉਂ ਲੈ ਲਿਆ। ਫਿਰ ਉਹਨਾਂ ਦੇ ਇਕ ਦਮ ਪੈਸੇ ਭੇਜ ਦੇਣ 'ਤੇ ਵੀ ਪਰ ਸਾਨੂੰ ਇਹ ਸਭ ਚੰਗਾ ਚੰਗਾ ਲਗਿਆ। ਇਸ ਗੱਲ ਨਾਲ ਦੁਕਾਨਦਾਰ ਇਹਨਾਂ ਦੀ ਹੋਰ ਵੀ ਕਦਰ ਕਰਨ ਲਗ ਪਏ।

ਦੁੱਖ ਦੇ ਦਿਨ ਸਾਡੇ ਲਈ ਉਦੋਂ ਸ਼ੁਰੂ ਹੋਏ ਜਦੋਂ ਦੋਨਾਂ ਮੁੰਡਿਆਂ ਦੇ ਇਕੱਠੇ ਹੀ ਤਲਾਕ ਹੋ ਗਏ। ਇਹਨਾਂ ਨੂੰ ਸਾਹ ਦੀ ਬਿਮਾਰੀ ਵੀ ਉਦੋਂ ਕੁ ਲਗੀ। ਅਸੀਂ ਹੌਲੀ



ਹੌਲੀ ਇਸ ਦੁੱਖ ਵਿਚੋਂ ਉਭਰਨ ਲਗੇ ਤੇ ਮੁੰਡਿਆਂ ਨੂੰ ਦੁਬਾਰਾ ਵਿਆਹੁਣ ਬਾਰੇ ਸੋਚਣ ਲਗੇ ਬਲਕਿ ਤਿਆਰ ਹੋ ਗਏ। ਕਈ ਰਿਸ਼ਤੇ ਆ ਰਹੇ ਸਨ। ਕੁੜੀਆਂ ਅਸੀਂ ਲੱਭ ਲਈਆਂ। ਮੁੰਡਿਆਂ ਦੇ ਦੁਬਾਰਾ ਵਿਆਹ ਕਰ ਦਿੱਤੇ। ਦੋਨੋਂ ਹੀ ਮੁੰਡੇ ਹਾਲੇ ਵਿਆਹ ਨਹੀਂ ਸੀ ਕਰਾਉਣਾ ਚਾਹੁੰਦੇ ਪਰ ਅਸੀਂ ਜਬਰਦਸਤੀ ਕਰ ਕੇ ਉਹਨਾਂ ਦੇ ਆਪਣੀ ਮਰਜ਼ੀ ਦੇ ਵਿਆਹ ਕਰ ਦਿੱਤੇ। ਭਾਵੇਂ ਬਾਅਦ ਵਿਚ ਪਛਤਾਉਣਾ ਵੀ ਪਿਆ। ਕਈ ਵਾਰੀ ਇਹ ਕਹਿਣ ਲਗਦੇ ਕਿ ਦੁਨੀਆਂਦਾਰੀ ਵਿਚ ਮੈਂ ਫਾਡੀ ਹਾਂ। ਮੈਂ ਅਗਲੇ ਬੰਦੇ ਤੇ ਬਹੁਤ ਭਰੋਸਾ ਕਰ ਜਾਣਾ। ਵਕਤ ਨਿਕਲ ਗਿਆ। ਮੁੰਡਿਆਂ ਦੇ ਘਰ ਬੱਚੇ ਹੋਣ ਲਗੇ। ਕੁਕੂ ਦੇ ਤਿੰਨ ਮੁੰਡੇ। ਮੁੰਡੇ ਹੋਣ ਨਾਲ ਬਹੁਤ ਸਾਰੀਆਂ ਕਸਰਾਂ ਪੂਰੀਆਂ ਹੋ ਜਾਇਆ ਕਰਦੀਆਂ ਹਨ। ਜਿੰਦਰ ਦੇ ਵੀ ਘਰ ਬਿਲਾਵਲ ਨੇ ਜਨਮ ਲੈ ਲਿਆ। ਅਸੀਂ ਫਿਰ ਖੁਸ਼ੀਆਂ ਵਿਚ ਝੂਮਣ ਲਗੇ।

ਭਾਈਆ ਬਿਮਾਰ ਹੋ ਗਿਆ ਤੇ ਬਹੁਤ ਔਖਾ ਹੋ ਕੇ ਪੂਰਾ ਹੋਇਆ। ਇਹ ਕਹਿੰਦੇ ਇਹ ਤਾਂ ਸਾਡੇ ਟੱਬਰ ਨੂੰ ਸਰਾਪ ਹੈ ਕਿ ਜਾਨ ਬਹੁਤ ਮੁਸ਼ਕਲ ਨਾਲ ਨਿਕਲਦੀ ਹੈ। ਭਾਈਏ ਤੋਂ ਬਾਅਦ ਦੇਵ ਵੀ ਸ਼ਰਾਬ ਪੀ ਕੇ ਚਲ ਵਸਿਆ। ਬਚੀ ਬੁੜੀ ਨੰਦੀ। ਜਿੰਨਾ ਚਿਰ ਭਾਈਆ ਜਿਉਂਦਾ ਰਿਹਾ ਇਹ ਹਰ ਰੋਜ਼ ਉਹਦੇ ਕੋਲ ਜਾ ਕੇ ਬੈਠਦੇ। ਉਹਨੂੰ ਸਾਫ ਵੀ ਕਰਦੇ। ਭਾਈਏ ਤੋਂ ਬਾਅਦ ਇਹਨਾਂ ਨੇ ਮਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਹਨਾਂ ਨੇ ਇਕ ਕਿਸਮ ਦਾ ਧਰਮ ਜਿਹਾ ਹੀ ਬਣਾ ਲਿਆ ਕਿ ਪਹਿਲਾਂ ਇਹਨਾਂ ਨੇ ਆਪਣੀ ਮਾਂ ਨੂੰ ਰੋਟੀ ਖਵਾਉਣੀ ਤੇ ਫਿਰ ਆਪ ਖਾਣੀ। ਇਹਨਾਂ ਨੂੰ ਸਾਡੀ ਨੌਂਹ ਸੱਸ ਦੀ ਆਪਸੀ ਦੁਸ਼ਮਣੀ ਦਾ ਪਤਾ ਸੀ ਇਸ ਲਈ ਮੇਰੇ ਤੇ ਵੀ ਯਕੀਨ ਨਾ ਕਰਨਾ। ਸਾਡੇ ਇਕ ਨੌਕਰ ਸੀ ਚਮਨ। ਅਸੀਂ ਅੰਦਰਲੇ ਘਰ ਰਹਿੰਦੇ ਸਾਂ ਤੇ ਬੁੜੀ ਬਾਹਰਲੇ ਘਰ ਸੀ। ਕਈ ਵਾਰ ਬਾਹਰਲੇ ਘਰ ਹੀ ਚਮਨ ਤੋਂ ਤਾਜ਼ੀ ਰੋਟੀ ਬਣਵਾ ਕੇ ਖਵਾਉਣੀ। ਭਾਈਏ ਤੋਂ ਬਾਅਦ ਬੁੜੀ ਅੱਠ ਸਾਲ ਜਿਉਂਦੀ ਰਹੀ ਤੇ ਇਹਨਾਂ ਨੇ ਅੱਠ ਸਾਲ ਇਹ ਡਿਊਟੀ ਦਿੱਤੀ। ਉਸ ਦੇ ਕਪੜਿਆਂ ਦਾ, ਉਸ ਦੇ ਨਹਾਉਣ ਧੋਣ ਦਾ, ਉਸ ਦੇ ਖਾਣ ਪੀਣ ਦਾ, ਦਵਾਈ ਦਾ ਪੂਰਾ ਧਿਆਨ ਰੱਖਣਾ। ਸਾਰੇ ਕਹਿਣ ਕਿ ਪੁੱਤ ਹੋਵੇ ਤਾਂ ਇਹੋ ਜਿਹਾ ਹੋਵੇ।

ਮੈਂ ਇਹਨਾਂ ਦੇ ਸੁਭਾਅ ਦਾ ਕੌਅ ਪਾਇਆ ਹੋਇਆ ਹੈ ਇਸ ਲਈ ਸਾਡੀ ਸਾਰੀ ਉਮਰ ਬਹੁਤ ਵਧੀਆ ਲੰਘੀ ਹੈ। ਇਹਨਾਂ ਦਾ ਗੁੱਸਾ ਡੇਢ ਜਾਂ ਦੋ ਦਿਨ ਦਾ ਹੁੰਦਾ ਹੈ। ਗੁੱਸੇ ਨੂੰ ਕਿਵੇਂ ਖੋਰਨਾ ਹੈ ਇਸ ਦਾ ਵੀ ਮੈਨੂੰ ਪਤਾ ਹੈ। ਇਕ ਦਿਨ ਦੀ ਚੁੱਪ ਤੋਂ ਬਾਅਦ ਇਹਨਾਂ ਨੂੰ ਬਲਾਵੋ ਤਾਂ ਮੁੜ ਪੈਂਦੇ ਹਨ। ਕਦੇ ਮੇਰੇ ਨਾਲ ਝਗੜਾ ਵੀ ਕਰਨ ਤਾਂ ਬਾਅਦ ਵਿਚ ਪਛਤਾਵਾ ਵੀ ਬਹੁਤ ਕਰਦੇ ਹਨ। ਸ਼ਰਾਬ ਪੀ ਕੇ ਲੋਕ ਕਮਲੇ ਹੁੰਦੇ ਹਨ ਇਹ ਸ਼ਰਾਬ ਪੀਕੇ ਬਹੁਤ ਨਰਮ ਬਣ ਜਾਂਦੇ ਹਨ। ਇਕੋ ਗੱਲ ਮਾੜੀ ਹੈ ਕਿ ਕਦੇ ਕਦੇ ਕਿਸੇ ਦੇ ਮਗਰ ਲਗ ਜਾਇਆ ਕਰਦੇ ਹਨ। ਕਾਫੀ ਪੁਰਾਣੀ ਗੱਲ ਹੈ ਕਿ ਇਹ

ਛੁੱਟੀ ਆਏ। ਮੈਂ ਤੇ ਮਾਈ ਲੜ ਰਹੀਆਂ ਸਾਂ। ਸਾਡੀ ਮਾਈ ਹਰ ਵੇਲੇ ਲੜਨ ਦਾ ਬਹਾਨਾ ਲਭਦੀ ਰਹਿੰਦੀ ਸੀ। ਇਹਨਾਂ ਦੇ ਆਉਣ 'ਤੇ ਅਸੀਂ ਚੁੱਪ ਕਰ ਗਈਆਂ। ਪਤਾ ਨਹੀਂ ਭਾਈਏ ਨਾਲ ਇਹਨਾਂ ਦੀ ਕੀ ਗੱਲ ਹੋਈ ਕਿ ਘਰ ਆ ਕੇ ਸਾਰੀ ਰਾਤ ਮੇਰੇ ਨਾਲ ਲੜਦੇ ਰਹੇ। ਸਵੇਰ ਜਦੋਂ ਨਸ਼ਾ ਉਤਰਿਆ ਤਾਂ ਮੈਂ ਪੁੱਛਿਆ ਕਿ ਕੀ ਗੱਲ ਸੀ। ਤਾਂ ਕਹਿਣ ਲਗੇ,

"ਭਾਈਆ ਕਹਿੰਦਾ, ਅੱਜ ਮੈਂ ਆਪਣੀ ਨੂੰ ਦਬਕਦਾਂ ਤੇ ਤੂੰ ਆਪਣੀ ਨੂੰ ਦਬਕ।"

ਪਰ ਭਾਈਆ ਇਹਨਾਂ ਨੂੰ ਚੁੱਕਤ ਦੇ ਕੇ ਘਰ ਆਕੇ ਅਰਾਮ ਨਾਲ ਸੌਂ ਗਿਆ। ਭਾਈਆ ਮਾਈ ਮੁਹਰੇ ਝਿਪ ਜਾਂਦਾ ਸੀ। ਫਿਰ ਨਾਲੇ ਇਹ ਗਲਤੀ ਮੰਨੀ ਜਾਣ ਤੇ ਨਾਲੇ ਹੱਸੀ ਜਾਣ।

ਅਸੀਂ ਕਈ ਨੌਕਰ ਰੱਖੇ ਪਰ ਇਹਨਾਂ ਨੇ ਕਦੇ ਨੌਕਰ ਨੂੰ ਨੌਕਰ ਨਹੀਂ ਸਮਝਿਆ। ਚਮਨ ਸਾਡੇ ਕੋਲ ਕਈ ਸਾਲ ਕੰਮ ਕਰਦਾ ਰਿਹਾ। ਉਹ ਰੋਟੀ ਵੀ ਬਣਾ ਲੈਂਦਾ ਸੀ ਤੇ ਪਸ਼ੂ ਵੀ ਸੰਭਾਲਦਾ ਸੀ। ਉਸ ਨੂੰ ਤਾਂ ਇਹਨਾਂ ਨੇ ਬਹੁਤ ਚਮਲਾ ਲਿਆ ਸੀ। ਜਦ ਮੈਂ ਬਿਮਾਰ ਹੋ ਜਾਣਾਂ ਤਾਂ ਰੋਟੀ ਚਮਨ ਹੀ ਬਣਾਉਂਦਾ। ਇਕ ਵਾਰੀ ਚਮਨ ਨੇ ਇਹਨਾਂ ਮੁਹਰੇ ਖਾਣਾ ਪਰੋਸਿਆ। ਇਹ ਬੋਲੇ,

"ਚਮਨ, ਇੰਨਾ ਘਿਓ ਕਿਉਂ ਪਾ ਦਿੱਤਾ ਮੈਨੂੰ ? ਨਾਲੇ ਆਹ ਸ਼ੱਕਰ ਤਾਂ ਮੈਂ ਖਾਂਦਾ ਨਹੀਂ।"

ਚਮਨ ਇਹਨਾਂ ਮੁਹਰਿਓਂ ਥਾਲੀ ਚੁੱਕਦਾ ਬੋਲਿਆ,

"ਭਾਪਾ ਜੀ, ਗਲਤੀ ਨਾਲ ਰੱਖ ਹੋ ਗਈ, ਇਹ ਤਾਂ ਮੇਰੀ ਥਾਲੀ ਆ।"

ਇਕ ਵਾਰੀ ਮੈਂ ਕੋਈ ਸਬਜ਼ੀ ਬਣਾਈ। ਸਬਜ਼ੀ ਸਾਵੀਂ ਹੀ ਸੀ। ਇਹ ਰੋਟੀ ਖਾਂਦੇ ਕਹਿਣ ਲਗੇ,

"ਸਬਜ਼ੀ ਸਵਾਦ ਐ ਬਈ ਚਮਨ।"

"ਭਾਪਾ ਜੀ, ਮੈਂ ਹਾਲੇ ਸਵਾਦ ਨਹੀਂ ਦੇਖਿਆ।"

"ਖਾ ਕੇ ਦੇਖ ਜ਼ਰਾ।"

ਕੁਝ ਦੇਰ ਬਾਅਦ ਮੈਂ ਰੋਟੀ ਖਾਣੀ ਸੀ। ਮੈਂ ਪਤੀਲਾ ਦੇਖਿਆ ਤਾਂ ਇਹ ਖਾਲੀ ਸੀ। ਮੈਂ ਚਮਨ ਨੂੰ ਪੁੱਛਿਆ ਕਿ ਸਬਜ਼ੀ ਕਿਥੇ ਗਈ। ਕਹਿਣ ਲਗਾ ਕਿ ਬੀਬੀ ਜੀ ਉਹਦਾ ਤਾਂ ਮੈਂ ਸਵਾਦ ਦੇਖ ਲਿਆ।

ਬੱਚਿਆਂ ਦੇ ਇੰਗਲੈਂਡ ਜਾਣ ਤੋਂ ਬਾਅਦ ਵੀ ਅਸੀਂ ਕੁਝ ਕੁ ਸਾਲ ਇਕੱਲਤਾ ਕੱਟੀ ਪਰ ਫਿਰ ਘਰ ਵਿਚ ਰੌਣਕਾਂ ਲਗਣ ਲਗੀਆਂ। ਹਰੇਕ ਸਾਲ ਕੋਈ ਨਾ ਕੋਈ ਆ ਜਾਂਦਾ। ਕਦੇ ਜਿੰਦਰ, ਕਦੇ ਕੁਕੂ ਤੇ ਕਦੇ ਕੁੜੀਆਂ ਵਿਚੋਂ ਕੋਈ। ਮਹੀਨਾ ਭਰ ਘਰ ਵਿਚ ਵਿਆਹ ਵਰਗੀ ਖੁਸ਼ੀ ਛਾਈ ਰਹਿੰਦੀ। ਮੁੰਡੇ ਆ ਕੇ ਸਾਰੇ ਪੌਂਡ ਇਹਨਾਂ ਨੂੰ



ਫੜਾ ਦਿੰਦੇ, ਇਹ ਖੁਸ਼ ਹੋ ਜਾਂਦੇ ਤੇ ਫਿਰ ਕੱਢ ਕੱਢ ਕੇ ਉਹਨਾਂ ਨੂੰ ਦੇਈ ਜਾਂਦੇ। ਮੁੰਡੇ ਆਉਂਦੇ ਤਾਂ ਇਹਨਾਂ ਨੂੰ ਬਹੁਤ ਚਾਅ ਚੜ੍ਹਦਾ। ਏਅਰਪੋਰਟ ਤੇ ਉਹਨਾਂ ਨੂੰ ਲੈਣ ਜਾਣ ਦੀ ਵਿਸ਼ੇਸ਼ ਤਿਆਰੀ ਕਰਦੇ। ਉਹ ਸਾਨੂੰ ਇੰਗਲੈਂਡ ਸੱਦਦੇ ਰਹਿੰਦੇ, ਮੈਂ ਤਾਂ ਇਕ ਗੇੜਾ ਮਾਰ ਆਈ ਸੀ ਪਰ ਇਹ ਜਾਣ ਲਈ ਨਾ ਮੰਨੇ।

ਜਿੰਦਰ ਨੇ ਗੁਰਜੀਤ ਦੀ ਬੜੀ ਕੁੜੀ ਰਮੀ ਦਾ ਰਿਸ਼ਤਾ ਇੰਗਲੈਂਡ ਵਿਚ ਕਰ ਦਿੱਤਾ। ਜਿੰਦਰ ਮੁੰਡੇ ਤੇ ਉਹਦੇ ਪਿਓ ਨਾਲ ਇੰਡੀਆ ਆਇਆ। ਮੈਨੂੰ ਗੁੱਸਾ ਆਈ ਜਾਵੇ ਕਿ ਮੁੰਡੇ ਦਾ ਖਰਚ ਹੋ ਰਿਹਾ ਪਰ ਇਹਨਾਂ ਨੂੰ ਚਾਅ ਚੜ੍ਹਿਆ ਪਿਆ ਸੀ। ਸ਼ਰਾਬ ਦੀ ਬੋਤਲ ਤੇ ਬੋਤਲ ਖੋਹਲੀ ਜਾਣ। ਬੋਤਲ ਖੋਹਲਣ ਤੇ ਉਸ ਦਾ ਢੱਕਣ ਗਵਾ ਦੇਣ ਕਿ ਹੁਣ ਤਾਂ ਇਹ ਬੋਤਲ ਪੀਣੀ ਹੀ ਪਵੇਗੀ। ਇਹਨਾਂ ਦੀ ਸ਼ਾਹੀ ਪਰਾਹੁਣਚਾਰੀ ਕਾਰਨ ਸਾਡੇ ਕੋਈ ਨਾ ਕੋਈ ਤੁਰਿਆ ਹੀ ਰਹਿੰਦਾ ਹੈ। ਮੈਂ ਕੁਝ ਕਹਾਂ ਤਾਂ ਕਹਿਣ ਲਗਦੇ ਹਨ ਮਹਿਮਾਨ ਤਾਂ ਰੱਬ ਦੀ ਦੇਣ ਹੁੰਦੇ ਹਨ।

ਕੁਝ ਸਾਲਾਂ ਤੋਂ ਮੈਨੂੰ ਸ਼ੂਗਰ ਹੈ। ਇਸ ਬਿਮਾਰੀ ਨੇ ਮੇਰੀ ਸਿਹਤ ਬਹੁਤ ਖਰਾਬ ਕੀਤੀ ਹੋਈ ਹੈ। ਕਈ ਵਾਰ ਬਹੁਤ ਤਕਲੀਫ ਹੋ ਜਾਂਦੀ ਹੈ। ਸ਼ੂਗਰ ਵਿਚ ਹੀ ਅੱਖਾਂ ਦਾ ਉਪਰੇਸ਼ਨ ਵੀ ਕਰਾਇਆ। ਮੈਂ ਬਹੁਤ ਔਖੀ ਰਹੀ। ਜਿੰਦਰ ਫੋਨ ਕਰਕੇ ਸਿਹਤ ਬਾਰੇ ਪੁੱਛਦਾ ਹੈ ਤਾਂ ਮੈਂ ਹੱਸਦੀ ਹੋਈ ਕਹਿ ਦਿੰਦੀ ਹਾਂ ਕਿ ਤੇਰੇ ਭਾਪਾ ਜੀ ਮੇਰੀ ਬਹੁਤ ਸੇਵਾ ਕਰ ਰਹੇ ਹਨ ਪਰ ਕਰਦੇ ਹਨ ਅਧੀਆ ਪੀ ਕੇ।

# ਮੇਰਾ ਸਵਾ ਛੇ ਫੁਟੀਆ ਮਿੱਤਰ

ਇਕ ਦਿਨ ਮੇਰਾ ਭਤੀਜਾ ਜੋਗਾ ਮੈਨੂੰ ਮਿਲਣ ਆਇਆ ਤਾਂ ਉਸ ਨਾਲ ਉਸ ਦਾ ਇਕ ਲੰਡਨ ਤੋਂ ਆਇਆ ਦੋਸਤ ਵੀ ਸੀ। ਜੋਗਾ ਲੰਘਦਾ ਵੜਦਾ ਮੈਨੂੰ ਦੇਖ ਜਾਇਆ ਕਰਦਾ ਹੈ ਨਹੀਂ ਮੈਂ ਆਪਣੇ ਫਲੈਟ ਵਿਚ ਇਕੱਲਾ ਹੀ ਹੁੰਨਾ ਹਾਂ। ਗੱਲਾਂ ਗੱਲਾਂ ਵਿਚ ਪਤਾ ਚਲਿਆ ਕਿ ਇਹ ਮੁੰਡਾ ਫਰਾਲੇ ਦਾ ਸੀ। ਫਰਾਲਾ; ਮੇਰੇ ਯਾਰ ਦਰਸ਼ਨ ਦਾ ਪਿੰਡ। ਦਰਸ਼ਨ ਨੂੰ ਅਸੀਂ ਸਵਾ ਛੇ ਫੁੱਟੀਆ ਆਖਦੇ। ਉਹ ਸਾਡੇ ਸਾਰਿਆਂ ਤੋਂ ਲੰਮਾ ਸੀ। ਭਾਵੇਂ ਉਮਰ ਵਿਚ ਮੈਂ ਉਸ ਤੋਂ ਕੁਝ ਸਾਲ ਵੱਡਾ ਸਾਂ ਪਰ ਅਸੀਂ ਰਿਕਰੂਟੀ ਸਮੇਂ ਇਕੋ ਬੈਜ ਵਿਚ ਸਾਂ। ਫਿਰ ਇਕੱਠੇ ਬਰਮਾ ਦੀ ਲੜਾਈ ਵਿਚ ਗਏ। ਉਹ ਹੌਲਦਾਰ ਹੀ ਰਿਟਾਇਰ ਹੋ ਗਿਆ ਪਰ ਮੈਂ ਜਮਾਂਦਾਰ ਬਣ ਗਿਆ ਸਾਂ ਤੇ ਕੁਝ ਸਾਲ ਹੋਰ ਨੌਕਰੀ ਕਰ ਲਈ ਸੀ। ਉਸ ਤੋਂ ਬਾਅਦ ਸਾਡਾ ਕਈ ਸਾਲ ਰਾਬਤਾ ਨਹੀਂ ਸੀ ਹੋਇਆ। ਇਕ ਵਾਰ ਅਸੀਂ ਪੈਨਸ਼ਨ ਲੈਣ ਜਲੰਧਰ ਇਕੱਠੇ ਹੋਏ ਸਾਂ ਤੇ ਪਤਾ ਚਲਿਆ ਸੀ ਕਿ ਉਹ ਮੁੜ ਕੇ ਸੀ.ਆਰ.ਪੀ. ਵਿਚ ਭਰਤੀ ਹੋ ਗਿਆ ਹੈ। ਫਿਰ ਜਦ ਵੋਚਰ ਸਿਸਟਮ ਸ਼ੁਰੂ ਹੋਇਆ ਤਾਂ ਮੈਂ ਇੰਗਲੈਂਡ ਆ ਗਿਆ ਤੇ ਮੁੜ ਕੇ ਕਦੇ ਮੁਲਾਕਾਤ ਨਹੀਂ ਹੋਈ ਪਰ ਮਨ ਦੇ ਅੰਦਰ ਦੋਸਤੀ ਦਾ ਨਿੱਘ ਹਾਲੇ ਵੀ ਓਨਾ ਹੀ ਕਾਇਮ ਸੀ। ਅਚਾਨਕ ਉਸ ਦੇ ਪਿੰਡ ਦਾ ਨਾਂ ਸੁਣ ਕੇ ਜਿਵੇਂ ਦਰਸ਼ਨ ਹੂ-ਬ-ਹੂ ਮੇਰੇ ਸਾਹਮਣੇ ਆ ਖੜ੍ਹਿਆ ਹੋਵੇ, ਇਕ ਦਮ ਸਾਖਸ਼ਾਤ। ਮੈਂ ਉਸ ਮੁੰਡੇ ਨੂੰ ਪੁੱਛਿਆ,



ਦਰਸ਼ਨ ਸਿੰਘ

"ਕਾਕਾ, ਤੂੰ ਦਰਸ਼ਨ ਨੂੰ ਜਾਣਦਾਂ, ਸਵਾ ਛੇ ਫੁੱਟ ਲੰਮਾ ਜਵਾਨ, ਪਹਿਲਾਂ ਆਰਮੀ ਵਿਚ ਸੀ ਤੇ ਫਿਰ ਸੀ.ਆਰ.ਪੀ. ਵਿਚ ਚਲੇ ਗਿਆ ਸੀ?"



"ਬਿਲਕੁਲ ਜਾਣਦਾਂ, ਅੱਜਕਲ੍ਹ ਉਹ ਲੰਡਨ ਵਿਚ ਈ ਆਪਣੇ ਮੁੰਡਿਆਂ ਕੋਲ ਰਹਿੰਦੇ ਆ।"

ਇਹ ਸੁਣ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਮੈਂ ਪੁੱਛਿਆ,

"ਉਹਦਾ ਕੋਈ ਅਤਾ ਪਤਾ, ਕੋਈ ਫੋਨ ਨੰਬਰ?"

"ਘਰ ਦਾ ਐਡਰਸ ਤਾਂ ਹੈਗਾ ਪਰ ਫੋਨ ਨੰਬਰ ਹੁਣ ਯਾਦ ਨਹੀਂ।"

"ਤੂੰ ਏਦਾਂ ਕਰ ਬਈ ਮੇਰਾ ਨੰਬਰ ਲੈ ਲਾ ਤੇ ਕਹੀਂ ਕਿ ਜਗੀਰਾ ਲੰਬੜ ਯਾਦ ਕਰਦਾ ਸੀ।"

ਮੈਂ ਆਪਣਾ ਫੋਨ ਨੰਬਰ ਉਸ ਨੂੰ ਦੇ ਦਿੱਤਾ। ਅਸੀਂ ਮਿਲਟਰੀ ਵਿਚ ਇਕ ਦੂਜੇ ਨੂੰ ਇਵੇਂ ਹੀ ਬੁਲਾਉਂਦੇ ਸਾਂ ਜਿਵੇਂ ਕਿ 'ਨਵੇਂ ਪਿੰਡੀਆ ਸੱਜਣ', 'ਸਵਾ ਛੇ ਫੁਟੀਆ ਦਰਸ਼ਨ', 'ਬਿਸ਼ਨਾ ਝਗੜਾਲੂ' ਆਦਿ। ਅਗਲੇ ਦਿਨ ਹੀ ਦਰਸ਼ਨ ਦਾ ਫੋਨ ਆ ਗਿਆ। ਉਮਰ ਦੇ ਨਾਲ ਉਸ ਦੀ ਕੁਝ ਅਵਾਜ਼ ਬਦਲ ਗਈ ਸੀ ਪਰ ਮੇਰੇ ਨਾਲ ਗੱਲਾਂ ਕਰ ਕੇ ਉਹ ਬਹੁਤ ਖੁਸ਼ ਹੋਇਆ ਤੇ ਮੈਂ ਵੀ। ਉਹ ਖੁਸ਼ਕਿਸਮਤ ਸੀ ਕਿ ਭਰੇ ਪਰਿਵਾਰ ਵਿਚ ਰਹਿੰਦਾ ਸੀ। ਮੈਂ ਪਤਨੀ ਤੋਂ ਬਾਅਦ ਇਕੱਲਾ ਸਾਂ। ਦੋਵੇਂ ਕੁੜੀਆਂ ਆਪੋ ਆਪਣੇ ਘਰ ਹਨ। ਦੋ ਵਾਰ ਕੇਅਰਰ ਆਉਂਦੀ, ਮੇਰੇ ਨਿੱਕੇ ਮੋਟੇ ਕੰਮ ਕਰ ਜਾਂਦੀ। ਕਈ ਵਾਰ ਜੋਗਾ ਜਾਂ ਉਸ ਤੋਂ ਛੋਟਾ ਸੋਹਣਾ ਵੀ ਆ ਜਾਂਦਾ, ਨਹੀਂ ਤਾਂ ਮੈਂ ਦਿਨ ਇਕੱਲਾ ਹੀ ਕੱਢਦਾ। ਸਿਹਤ ਐਸੀ ਖਰਾਬ ਹੋਈ ਕਿ ਮੈਂ ਬਹੁਤਾ ਤੁਰਨ ਫਿਰਨ ਦੇ ਕਾਬਲ ਨਹੀਂ ਸਾਂ, ਨਹੀਂ ਤਾਂ ਮੈਂ ਗੁਰਦਵਾਰੇ ਚਲੇ ਜਾਇਆ ਕਰਦਾ ਜਾਂ ਫਿਰ ਡੇ ਸੈਂਟਰ ਜਾ ਵੜਦਾ। ਹੁਣ ਇਹ ਗੱਲ ਹੋਈ ਕਿ ਹਰ ਰੋਜ਼ ਦਰਸ਼ਨ ਨਾਲ ਗੱਲਬਾਤ ਹੋਣ ਲਗੀ। ਅਸੀਂ ਪੁਰਾਣੇ ਦਿਨ ਯਾਦ ਕਰਦੇ ਘੰਟਾ ਘੰਟਾ ਗੱਲਾਂ ਕਰਦੇ ਰਹਿੰਦੇ। ਉਹ ਲੰਡਨ ਸੀ ਤੇ ਮੈਂ ਬਰਮੀਘੰਮ ਪਰ ਫੋਨ ਉਪਰ ਇਵੇਂ ਲਗਦਾ ਜਿਵੇਂ ਕੋਲ ਕੋਲ ਬੈਠੇ ਹੋਈਏ। ਸਿਹਤ ਉਸ ਦੀ ਵੀ ਬਹੁਤੀ ਸੁਹਣੀ ਨਹੀਂ ਸੀ ਕਿ ਮੈਨੂੰ ਮਿਲਣ ਆ ਸਕਦਾ। ਉਮਰ ਦਾ ਤਕਾਜ਼ਾ ਵੀ ਸੀ। ਮੈਂ ਸਾਰੀ ਗੱਲ ਸਮਝਦਾ ਸਾਂ।

ਅਸੀਂ ਬਰਮਾ ਦੀ ਲੜਾਈ ਨੂੰ ਇਕੱਠੇ ਗਏ। ਇਕੋ ਗੱਡੀ ਵਿਚ ਕਿਉਂਕਿ ਅਸੀਂ ਇਕੋ ਪਲਾਟੂਨ ਵਿਚ ਸਾਂ। ਬਰਮਾ ਦੀ ਲੜਾਈ ਕੋਈ ਸੌਖੀ ਲੜਾਈ ਨਹੀਂ ਸੀ। ਜਪਾਨੀ ਬਰਮਾ ਤੇ ਕਬਜ਼ਾ ਕਰਦੇ ਆ ਰਹੇ ਸਨ। ਅੰਗਰੇਜ਼ਾਂ ਦੀਆਂ ਫੌਜਾਂ ਹਾਰਦੀਆਂ ਹੋਈਆਂ ਪਿੱਛੇ ਹਟ ਰਹੀਆਂ ਸਨ। ਅਸੀਂ ਮੂਹਰਲੇ ਫਰੰਟ 'ਤੇ ਲੜ ਰਹੇ ਸਿਪਾਹੀਆਂ ਨਾਲ ਜਾ ਮਿਲੇ। ਜਪਾਨੀਆਂ ਨੂੰ ਅਗੋਂ ਵਧਣ ਤੋਂ ਰੋਕਣ ਲਗੇ। ਬਹੁਤ ਜਬਰਦਸਤ ਲੜਾਈ ਸੀ। ਜਪਾਨੀ ਲੜਨ ਵਿਚ ਸਾਡੇ ਨਾਲੋਂ ਤਿੱਖੇ ਸਨ। ਕਦੇ ਉਹਨਾਂ ਦਾ ਹੱਥ ਉਪਰ ਹੋ ਜਾਂਦਾ ਤੇ ਕਦੇ ਸਾਡਾ। ਕਦੀ ਕੋਈ ਪੋਸਟ ਉਹ ਸਾਡੇ ਤੋਂ ਖੋਹ ਲੈ ਜਾਂਦੇ ਤੇ ਕਦੀ ਅਸੀਂ ਉਹਨਾਂ ਤੋਂ ਵਾਪਸ ਲੈ ਲੈਂਦੇ ਤੇ ਉਹਨਾਂ ਤੋਂ ਹੋਰ ਵੀ ਜਿੱਤ ਲੈਂਦੇ। ਅਸੀਂ

ਜਾ ਕੇ ਜਪਾਨੀਆਂ ਦੀ ਜਿੱਤ ਨੂੰ ਠੱਲ ਪਾਈ। ਸਾਡੇ ਵਾਲੇ ਫਰੰਟ 'ਤੇ ਦੁਸ਼ਮਣ ਦਾ ਨੁਕਸਾਨ ਬਹੁਤਾ ਹੋਇਆ।

ਬਰਮਾ ਦੀ ਲੜਾਈ ਕੋਈ ਆਮ ਲੜਾਈ ਨਹੀਂ ਸੀ। ਬਾਸਾਂ ਦਾ ਜੰਗਲ ਸੀ। ਬਰੀਕ ਬਰੀਕ ਬਾਸਾਂ ਦਾ ਜੰਗਲ। ਉਹਨਾਂ ਦੇ ਮੁੱਢ ਕਈ ਵਾਰ ਹਾਥੀ ਦੇ ਪੈਰਾਂ ਵਰਗੇ ਹੁੰਦੇ। ਕੁਝ ਗਜ਼ਾਂ ਤੇ ਹੀ ਬੰਦਾ ਨਜ਼ਰ ਨਾ ਆਉਂਦਾ। ਅਸੀਂ ਖੋਖਰੀ ਕੋਲ ਰੱਖਦੇ ਤੇ ਜੰਗਲ ਵਢਦੇ ਹੋਏ ਅਗੇ ਵਧਦੇ। ਸਾਡੇ ਮੁਕਾਬਲੇ ਜਪਾਨੀ ਇਸ ਲੜਾਈ ਦੇ ਮਾਹਰ ਸਨ। ਉਹ ਪਿਛਿਓਂ ਅਜਿਹੇ ਜੰਗਲ ਵਿਚ ਜਿੱਤਾਂ ਪ੍ਰਾਪਤ ਕਰਦੇ ਹੀ ਆਏ ਸਨ। ਜਦ ਅਸੀਂ ਬਰਮਾ ਪੁੱਜੇ ਤਾਂ ਬਰਸਾਤ ਸ਼ੁਰੂ ਹੋ ਚੁੱਕੀ ਸੀ। ਲਗਾਤਾਰ ਪੰਜ ਮਹੀਨੇ ਮੀਂਹ ਪੈਂਦਾ ਰਿਹਾ। ਸਾਰੇ ਪਾਸੇ ਚਿੱਕੜ ਹੀ ਚਿੱਕੜ ਸੀ। ਸਾਡੀ ਫੌਜ ਦੀਆਂ ਗੱਡੀਆਂ ਗਾਰੇ ਵਿਚ ਧੁੱਸ ਜਾਂਦੀਆਂ। ਅਸੀਂ ਪੈਦਲ ਇਨਫੈਂਟਰੀ ਵਿਚ ਸਾਂ। ਸਾਰਾ ਗਾਰਾ ਜੋਕਾਂ ਨਾਲ ਭਰਿਆ ਹੋਇਆ ਸੀ। ਪਤਾ ਹੀ ਨਾ ਲਗਦਾ ਕਿ ਕਿਹੜੇ ਵੇਲੇ ਜੋਕ ਚੁੰਬੜ ਗਈ। ਜਦ ਗੇਂਦ ਬਣ ਕੇ ਅੰਬ ਵਾਂਗੂੰ ਟੁੱਟ ਕੇ ਡਿਗਦੀ ਤਾਂ ਬਹੁਤ ਡਰ ਲਗਦਾ। ਖ਼ੂਨ ਤਾਂ ਪਹਿਲਾਂ ਹੀ ਲੜਾਈ ਨੇ ਸੁਕਾਇਆ ਹੋਇਆ ਸੀ। ਜੋਕਾਂ ਤੋਂ ਬਾਅਦ ਸੱਪਾਂ ਦਾ ਵੀ ਬਹੁਤ ਡਰ ਹੁੰਦਾ। ਪਤਾ ਨਹੀਂ ਕਿਹੜੇ ਵੇਲੇ ਪਿੱਠੂ ਵਿਚ ਆ ਵੜਦੇ। ਪਤਾ ਨਹੀਂ ਕਿਹੜੇ ਵੇਲੇ ਤੁਹਾਡੀ ਵਰਦੀ ਵਿਚ ਜਾ ਵੜਨ ਤੇ ਆਪਣਾ ਕੰਮ ਕਰ ਜਾਣ। ਉਪਰੋਂ ਦੀ ਉਂਗਲ ਉਂਗਲ ਜਿੱਡਾ ਮੋਟਾ ਮੱਛਰ। ਰਾਤ ਨੂੰ ਤਾਂ ਲੜਨਾ ਹੀ ਹੁੰਦਾ ਇਹ ਦਿਨੇ ਵੀ ਘੱਟ ਨਾ ਕਰਦਾ। ਮਲੇਰੀਏ ਦਾ ਡਰ ਹਰ ਵੇਲੇ ਬਣਿਆ ਰਹਿੰਦਾ। ਲਗਾਤਾਰ ਕੁਨੈਣ ਖਾਣੀ ਪੈਂਦੀ। ਸਾਡੇ ਨਾਲ ਦੇ ਗੋਰੇ ਤਾਂ ਜਿੰਨ ਪੀ ਲੈਂਦੇ ਸਨ। ਕਹਿੰਦੇ ਕਿ ਜਿੰਨ ਪੀਣ ਨਾਲ ਮੱਛਰ ਨਹੀਂ ਲੜਦਾ ਪਰ ਜਿੰਨ ਬੇਸੁਆਦ ਜਿਹੀ ਸ਼ਰਾਬ ਸੀ। ਸਾਨੂੰ ਕਿਸੇ ਨੂੰ ਚੰਗੀ ਨਾ ਲਗਦੀ। ਅਸੀਂ ਰੰਮ ਪੀਣ ਦੇ ਆਦੀ ਹੋ ਚੁੱਕੇ ਸਾਂ।

ਦਰਸ਼ਨ ਸਾਡੀ ਪਲਾਟੂਨ ਦਾ ਸਭ ਤੋਂ ਛੋਹਲ਼ਾ ਜਵਾਨ ਸੀ। ਉਮਰ ਵਿਚ ਵੀ ਸਾਡੇ ਸਭ ਤੋਂ ਛੋਟਾ ਸੀ। ਉਹ ਦਿਲ ਦਾ ਬਹੁਤ ਚੰਗਾ ਸੀ। ਇਕ ਵਾਰ ਅਸੀਂ ਗਸ਼ਤ ਕਰ ਰਹੇ ਸਾਂ, ਦੇਖਿਆ ਕਿ ਇਕ ਜਪਾਨੀ ਸਿਪਾਹੀ ਦਰਖਤ ਦੇ ਓਹਲੇ ਖੜ੍ਹਾ ਸੀ ਉਸ ਨੇ ਸਾਨੂੰ ਨਹੀਂ ਸੀ ਦੇਖਿਆ। ਇਸ ਵੇਲੇ ਸਾਨੂੰ ਹੁਕਮ ਸੀ ਕਿ ਗੋਲੀ ਸਿਰਫ ਐਮਰਜੈਂਸੀ ਵਿਚ ਚਲਾਉਣੀ ਹੈ। ਅਸੀਂ ਇਸ ਜਗਾਹ 'ਤੇ ਆਪਣੀ ਹਾਜ਼ਰੀ ਦਾ ਪਤਾ ਦੁਸ਼ਮਣ ਨੂੰ ਨਹੀਂ ਸਾਂ ਦੇਣਾ ਚਾਹੁੰਦੇ। ਦਰਸ਼ਨ ਹੌਲੀ ਹੌਲੀ ਅਗੇ ਵਧਿਆ ਤੇ ਉਸ ਜਪਾਨੀ ਸਿਪਾਹੀ ਨੂੰ ਜੱਫਾ ਪਾ ਲਿਆ। ਜਪਾਨੀ ਬਹੁਤ ਤੇਜ਼ ਸੀ ਪਰ ਦਰਸ਼ਨ ਨੇ ਕਾਬੂ ਕਰ ਲਿਆ। ਜਦ ਤਕ ਅਸੀਂ ਹੋਰ ਵੀ ਪੁੱਜ ਗਏ ਤੇ ਉਸ ਨੂੰ ਕੈਦੀ ਬਣਾ ਲਿਆ। ਦਰਸ਼ਨ ਕਹਿਣ ਲਗਿਆ ਕਿ ਇਸ ਦੇ ਬੁੱਲ੍ਹ ਦੇਖੋ, ਇਹ ਕਈ ਦਿਨਾਂ ਦਾ ਭੁੱਖਾ ਲਗਦਾ। ਅਸੀਂ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲ ਨਾ ਪਾਣੀ ਸੀ ਤੇ ਨਾ ਹੀ ਖਾਣ ਲਈ ਕੁਝ। ਸਾਡੇ ਕੋਲ ਵੀ ਰਾਸ਼ਣ ਸਾਵਾਂ ਹੀ ਸੀ। ਦਰਸ਼ਨ ਨੇ ਆਪਣੀ ਕੇਨੀ ਵਿਚੋਂ



ਪਾਣੀ ਉਸ ਨੂੰ ਪਿਲਾਇਆ ਤੇ ਆਪਣੇ ਕੋਲੋਂ ਹੀ ਉਸ ਨੂੰ ਬਿਸਕੁਟ ਖਾਣ ਲਈ ਵੀ ਦਿੱਤੇ। ਸਾਡੇ ਸੂਬੇਦਾਰ ਨੂੰ ਇਸ ਦਾ ਪਤਾ ਚਲਿਆ ਤਾਂ ਉਸ ਨੂੰ ਗੁੱਸੇ ਵੀ ਹੋਇਆ ਤਾ ਸ਼ਾਬਾਸ਼ ਵੀ ਦਿੱਤੀ।

ਅਸੀਂ ਵਾਹਵਾ ਸਾਰੇ ਜਪਾਨੀਆਂ ਨੂੰ ਜੰਗੀ ਕੈਦੀ ਬਣਾਇਆ। ਅਸੀਂ ਉਹਨਾਂ ਨਾਲ ਬਹੁਤ ਵਧੀਆ ਸਲੂਕ ਕਰਦੇ ਸਾਂ ਪਰ ਜਪਾਨੀਆਂ ਨੇ ਸਾਡੇ ਜੰਗੀ ਕੈਦੀਆਂ ਨਾਲ ਬਹੁਤ ਹੀ ਬੁਰਾ ਸਲੂਕ ਕੀਤਾ। ਇਕ ਹੋਰ ਗੱਲ ਸੀ ਕਿ ਜੰਗੀ ਕੈਦੀ ਨਾਲ ਉਸ ਦੇ ਅਹੁਦੇ ਦੇ ਹਿਸਾਬ ਨਾਲ ਵਿਵਹਾਰ ਕੀਤਾ ਜਾਂਦਾ ਸੀ। ਅਫਸਰ ਤੋਂ ਹੋਰ ਤਰ੍ਹਾਂ ਦਾ ਕੰਮ ਕਰਾਇਆ ਜਾਂਦਾ ਸੀ ਤੇ ਸਿਪਾਹੀ ਤੋਂ ਹੋਰ ਤਰ੍ਹਾਂ ਦਾ। ਅਸੀਂ ਕੈਦੀ ਸਿਪਾਹੀਆਂ ਤੋਂ ਟੱਟੀ ਦੀ ਸਫਾਈ ਦਾ ਕੰਮ ਕਰਾਉਂਦੇ। ਕਦੇ ਕਿਸੇ ਸਿਪਾਹੀ ਨੇ ਕੰਮ ਕਰਨ ਸਮੇਂ ਮੱਥੇ ਵੱਟ ਨਹੀਂ ਸੀ ਪਾਇਆ। ਇਹ ਤਾਂ ਸੀ ਹੀ ਕਿ ਉਹ ਸਾਡੇ ਕੈਦੀ ਸਨ ਤੇ ਉਹਨਾਂ ਦੇ ਹੱਥ ਵੱਸ ਕੁਝ ਵੀ ਨਹੀਂ ਸੀ, ਜੋ ਅਸੀਂ ਕਹਿੰਦੇ ਉਹਨਾਂ ਨੂੰ ਕਰਨਾ ਹੀ ਪੈਣਾ ਸੀ ਪਰ ਉਹ ਕਿਸੇ ਤਰ੍ਹਾਂ ਦੇ ਵੀ ਕੰਮ ਤੋਂ ਝਿਜਕਦੇ ਨਾ। ਸ਼ਾਇਦ ਇਹ ਉਹਨਾਂ ਦੀ ਮਿਲਟਰੀ ਦੀ ਟਰੇਨਿੰਗ ਦਾ ਇਕ ਹਿੱਸਾ ਸੀ। ਸਾਡੀ ਪਲਾਟੂਨ ਦਾ ਕਮਾਂਡਰ ਦੱਸਦਾ ਹੁੰਦਾ ਸੀ ਕਿ ਜਪਾਨੀ ਮਿਲਟਰੀ ਦੀ ਟਰੇਨਿੰਗ ਸਾਡੇ ਤੋਂ ਕਾਫੀ ਅਲੱਗ ਹੈ, ਜਿਥੇ ਸਾਨੂੰ ਬ੍ਰਤਾਨੀਆਂ ਦੇ ਰਾਜੇ ਪ੍ਰਤੀ ਵਫਾਦਾਰੀ ਸਿਖਾਈ ਜਾਂਦੀ ਸੀ ਉਥੇ ਜਪਾਨੀਆਂ ਨੂੰ ਆਪਣੇ ਦੇਸ਼ ਜਪਾਨ ਪ੍ਰਤੀ ਵਫਾਦਾਰ ਰਹਿਣ ਲਈ ਸਿਖਾਇਆ ਜਾਂਦਾ। ਰਾਜਾ ਬੁਰਾ ਹੋ ਸਕਦਾ ਹੈ ਪਰ ਦੇਸ਼ ਨਹੀਂ। ਉਹਨਾਂ ਨੂੰ ਸਿਖਾਇਆ ਜਾਂਦਾ ਹੈ ਕਿ ਜੇ ਤੁਹਾਡਾ ਬਾਪ ਵੀ ਆਪਣੇ ਦੇਸ਼ ਨਾਲ ਗਦਾਰੀ ਕਰੇ ਤਾਂ ਉਸ ਦੇ ਵੀ ਗੋਲੀ ਮਾਰ ਦਿਓ।

ਇਕ ਵਾਰ ਸਾਡੀ ਪਲਾਟੂਨ ਅਗੇ ਵਧ ਰਹੀ ਸੀ। ਅਸੀਂ ਇਕ ਛੋਟਾ ਜਿਹਾ ਦਰਿਆ ਪਾਰ ਕਰਨਾ ਸੀ। ਇਹ ਦਰਿਆ ਪਹਾੜੀ ਦੇ ਪੈਰਾਂ ਵਿਚ ਸੀ। ਬਹੁਤਾ ਡੂੰਘਾ ਨਹੀਂ ਸੀ ਪਰ ਪਹਾੜੀ ਉਪਰ ਦੁਸ਼ਮਣ ਛੁਪਿਆ ਬੈਠਾ ਸੀ ਜੋ ਰਹਿ ਰਹਿ ਕੇ ਗੋਲੀ ਚਲਾ ਰਿਹਾ ਸੀ। ਰਾਤ ਦੇ ਹਨੇਰੇ ਵਿਚ ਅਸੀਂ ਦਰਿਆ ਵਿਚ ਠਿਲ ਪਏ। ਹੌਲੀ ਹੌਲੀ ਲਾਈਨ ਬਣਾ ਕੇ ਅਗੇ ਵਧਣ ਲਗੇ। ਅਚਾਨਕ ਇਕ ਗੋਲੀ ਦਰਸ਼ਨ ਦੇ ਮੋਢੇ ਨੂੰ ਛੂੰਹਦੀ ਹੋਈ ਲੰਘ ਗਈ। ਉਸ ਨੂੰ ਪਤਾ ਹੀ ਨਾ ਚਲਿਆ। ਕਈ ਵਾਰ ਇਵੇਂ ਹੋ ਜਾਂਦਾ ਹੈ ਕਿ ਤੱਤੇ-ਘਾਹ ਤੁਹਾਨੂੰ ਜ਼ਖ਼ਮ ਮਹਿਸੂਸ ਨਹੀਂ ਹੁੰਦਾ। ਅਸੀਂ ਅਗੇ ਵਧਦੇ ਗਏ। ਜਦੋਂ ਹਲਕਾ ਹਲਕਾ ਲਹੂ ਵਹਿ ਤੁਰਿਆ ਤਾਂ ਦਰਸ਼ਨ ਨੇ ਸੋਚਿਆ ਕਿ ਸੱਪ ਉਸ ਦੀ ਵਰਦੀ ਵਿਚ ਵੜ ਆਇਆ ਹੈ। ਜੇ ਉਹ ਕੁਝ ਕਰਦਾ ਤਾਂ ਦੁਸ਼ਮਣ ਨੂੰ ਸਾਡੀ ਉਥੇ ਹੋਣ ਦਾ ਪਤਾ ਚਲ ਜਾਣਾ ਸੀ ਤੇ ਉਸ ਨੇ ਸਾਨੂੰ ਭੁੰਨ ਕੇ ਰੱਖ ਦੇਣਾ ਸੀ। ਦਰਸ਼ਨ ਨੇ ਚੁੱਪ ਚਾਪ ਦਰਿਆ ਪਾਰ ਕਰ ਲਿਆ। ਦੂਜੇ ਪਾਸੇ ਪੁੱਜ ਕੇ ਕਾਹਲੀ ਨਾਲ ਵਰਦੀ ਉਤਾਰਨ ਲਗਿਆ। ਪੁੱਛਣ ਤੇ ਉਸ ਨੇ ਕਿਹਾ ਕਿ ਸੱਪ ਚੜ ਗਿਆ

ਹੈ। ਵਰਦੀ ਉਤਾਰੀ ਤੇ ਪਤਾ ਚਲਿਆ ਕਿ ਇਹ ਤਾਂ ਲਹੂ ਹੀ ਸੀ। ਛੋਟਾ ਜਿਹਾ ਜ਼ਖਮ ਸੀ, ਅਸੀਂ ਪੱਟੀ ਕਰ ਦਿੱਤੀ ਪਰ ਸਭ ਨੇ ਉਸ ਦੀ ਬਹੁਤ ਤਾਰੀਫ ਕੀਤੀ ਕਿ ਸੱਪ ਦੇ ਡਰ ਤੋਂ ਵੀ ਉਹ ਦਹਿਲਿਆ ਨਹੀਂ ਤੇ ਖਾਮੋਸ਼ੀ ਨਾਲ ਦਰਿਆ ਪਾਰ ਕਰ ਲਿਆ ਤੇ ਸਭ ਨੂੰ ਬਚਾ ਲਿਆ।

ਬਰਮਾ ਦੀ ਲੜਾਈ ਬਹੁਤ ਔਖੀ ਸੀ ਪਰ ਅਸੀਂ ਆਪਣੇ ਫਰੰਟ ਤੇ ਜਪਾਨੀਆਂ ਨੂੰ ਰੋਕਣ ਵਿਚ ਕਾਮਯਾਬ ਹੋ ਗਏ ਭਾਵੇਂ ਕਈ ਹੋਰ ਪਾਸਿਆਂ ਤੋਂ ਉਹ ਲਗਾਤਾਰ ਅਗੇ ਵਧ ਰਹੇ ਸਨ। ਇਹ ਲੜਾਈ ਹਫਤੇ-ਮਹੀਨੇ ਵਾਲੀ ਤਾਂ ਹੈ ਨਹੀਂ ਸੀ। ਇਹ ਤਾਂ ਸਾਲਾਂ ਦੇ ਸਾਲ ਚਲਣ ਵਾਲੀ ਲੜਾਈ ਸੀ। ਬਰਸਾਤਾਂ ਵਿਚ ਲੜਾਈ ਬਹੁਤ ਹੀ ਔਖੀ ਹੋ ਜਾਂਦੀ। ਜਿਹੜੇ ਜਪਾਨੀਆਂ ਨੂੰ ਅਸੀਂ ਕੈਦੀ ਬਣਾਉਂਦੇ ਉਹਨਾਂ ਨੂੰ ਇਕ ਵਿਸ਼ੇਸ਼ ਕੈਂਪ ਵਿਚ ਭੇਜ ਦਿੱਤਾ ਜਾਂਦਾ। ਇਵੇਂ ਸਾਡੇ ਸਿਪਾਹੀ ਵੀ ਕਈ ਵਾਰ ਜੰਗੀ ਕੈਦੀ ਬਣਾ ਲਏ ਜਾਂਦੇ। ਸਾਡੇ ਵਾਲੇ ਦੇ ਇਲਾਕੇ ਵਿਚੋਂ ਤਾਂ ਜਪਾਨੀ ਹੀ ਜ਼ਿਆਦਾ ਜੰਗੀ ਕੈਦੀ ਬਣੇ ਪਰ ਜਿਹਨਾਂ ਇਲਾਕਿਆਂ ਵਿਚ ਜਪਾਨੀਆਂ ਦਾ ਹੱਥ ਉਪਰ ਸੀ ਉਥੋਂ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਜੰਗੀ ਕੈਦੀ ਬਣਾਦੇ ਗਏ। ਹੌਲੀ ਹੌਲੀ ਇਹ ਗਿਣਤੀ ਡੇੜ ਲੱਖ ਹੋ ਗਈ ਸੀ। ਕੈਂਪਾਂ ਵਿਚ ਭਾਰਤੀ ਜਾਂ ਅੰਗਰੇਜ਼ ਸਿਪਾਹੀਆਂ ਦੀ ਬਹੁਤ ਬੁਰੀ ਹਾਲਤ ਕੀਤੀ ਜਾਂਦੀ। ਇੰਟਰਨੈਸ਼ਨਲ ਕਾਨੂੰਨ ਦੀ ਖਿਲਾਫਤ ਕਰਦੇ ਹੋਏ ਜਪਾਨੀ ਉਹਨਾਂ ਨੂੰ ਬਹੁਤ ਕੁਟਦੇ ਮਾਰਦੇ। ਖਾਣਾ ਵੀ ਪੂਰਾ ਨਾ ਦਿੱਤਾ ਜਾਂਦਾ। ਸਾਡੇ ਜੰਗੀ ਕੈਦੀ ਸਿਪਾਹੀ ਜਪਾਨੀਆਂ ਦੇ ਕੈਂਪਾਂ ਵਿਚ ਪਿੰਜਰ ਬਣ ਕੇ ਰਹਿ ਗਏ ਸਨ ਤੇ ਸੈਂਕੜਿਆਂ ਦੀ ਗਿਣਤੀ ਵਿਚ ਰੋਜ਼ ਮਰ ਰਹੇ ਸਨ। ਮਲੇਰੀਆ ਤੇ ਹੈਜ਼ਾ ਉਹਨਾਂ ਦੇ ਕੈਂਪਾਂ ਵਿਚ ਆਮ ਸੀ। ਬਹੁਤ ਸਾਰੇ ਜੰਗੀ ਕੈਦੀ ਬਰਮਾ ਤੋਂ ਥਾਈਲੈਂਡ ਨੂੰ ਰੇਲਵੇ ਲਾਈਨ ਬਣਾਉਣ ਵਿਚ ਲਗਾਏ ਹੋਏ ਸਨ ਜੋ ਕਿ ਬਹੁਤ ਹੀ ਮਾੜੀ ਹਾਲਤ ਵਿਚ ਕੰਮ ਕਰ ਰਹੇ ਸਨ। ਸੁਣਨ ਵਿਚ ਆਉਂਦਾ ਸੀ ਕਿ ਰੇਲਵੇ ਲਾਈਨ ਬਣਾਉਣ ਲਈ ਤਾਂ ਜਪਾਨੀ ਫੌਜੀ ਆਮ ਸ਼ਹਿਰੀਆਂ ਨੂੰ ਵੀ ਫੜ ਫੜ ਕੇ ਲੈ ਆ ਰਹੇ ਸਨ। ਨਾ ਤਾਂ ਇਹਨਾਂ ਕੈਦੀਆਂ ਨੂੰ ਪੂਰਾ ਰਾਸ਼ਣ ਦਿੱਤਾ ਜਾਂਦਾ ਸੀ ਤੇ ਨਾ ਹੀ ਕੋਈ ਦਵਾ ਦਾਰੂ। ਇਹਨਾਂ ਕੈਦੀਆਂ ਤੋਂ ਹੀ ਵੱਡੀਆਂ ਵੱਡੀਆਂ ਕਬਰਾਂ ਖੁਦਵਾ ਕੇ ਰੱਖੀਆਂ ਹੋਈਆਂ ਸਨ ਜੋ ਮਰਦਾ ਜਾਂਦਾ ਉਸ ਨੂੰ ਕਬਰ ਵਿਚ ਸੁੱਟਦੇ ਜਾਂਦੇ, ਜਦ ਕਬਰ ਭਰ ਜਾਂਦੀ ਤਾਂ ਇਸ ਨੂੰ ਬੰਦ ਕਰ ਦਿੱਤਾ ਜਾਂਦਾ ਤੇ ਅਗਲੀ ਕਬਰ ਦੀ ਵਰਤੋਂ ਸ਼ੁਰੂ ਹੋ ਜਾਂਦੀ। ਅਜਿਹੀਆਂ ਖਬਰਾਂ ਸੁਣ ਸੁਣ ਕੇ ਸਾਡੇ ਤਾਂ ਰੌਂਗਟੇ ਖੜੇ ਹੋ ਜਾਂਦੇ। ਅਸੀਂ ਆਪਸ ਵਿਚ ਸਲਾਹਾਂ ਕਰਦੇ ਕਿ ਜਪਾਨੀਆਂ ਦੇ ਕੈਦੀ ਹੋਣ ਨਾਲੋਂ ਤਾਂ ਗੋਲੀ ਖਾਣੀ ਬਿਹਤਰ ਹੈ। ਇਸ ਮਾਮਲੇ ਵਿਚ ਅਸੀਂ ਹੋਰ ਵੀ ਚੌਕੰਨੇ ਹੋ ਕੇ ਰਹਿੰਦੇ।

ਇਹਨਾਂ ਦਿਨਾਂ ਵਿਚ ਇਕ ਵੱਡੀ ਨਮੋਸ਼ੀ ਦੀ ਖਬਰ ਇਹ ਸੁਣਨ ਨੂੰ ਮਿਲੀ ਕਿ ਭਾਰਤੀ ਫੌਜ ਦਾ ਕੁਝ ਹਿੱਸਾ ਜਪਾਨੀਆਂ ਨਾਲ ਮਿਲ ਗਿਆ ਹੈ। ਅੰਗਰੇਜ਼ਾਂ ਲਈ



ਇਹ ਖਬਰ ਬਹੁਤ ਮਾੜੀ ਸੀ ਪਰ ਸਾਨੂੰ ਪੂਰੀ ਗੱਲ ਉਸ ਵਕਤ ਸਮਝ ਨਹੀਂ ਸੀ ਪੈ ਰਹੀ ਕਿ ਕੀ ਹੋ ਰਿਹਾ ਹੈ। ਸਾਡੇ ਤਕ ਖਬਰ ਵੀ ਬਹੁਤ ਘੁੰਮ ਘੁਮਾ ਕੇ ਪੁੱਜਿਆ ਕਰਦੀ ਸੀ। ਬਾਅਦ ਵਿਚ ਪਤਾ ਚਲਿਆ ਕਿ ਆਪਣੇ ਆਪ ਨੂੰ ਦੇਸ਼ ਭਗਤ ਅਖਵਾਉਣ ਵਾਲੇ ਸਾਡੇ ਕੁਝ ਲੋਕ ਜਪਾਨੀਆਂ ਨਾਲ ਮਿਲ ਕੇ ਹਿੰਦੁਸਤਾਨ ਨੂੰ ਗੋਰਿਆਂ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ। ਸਾਨੂੰ ਇਹ ਗੱਲ ਬਹੁਤ ਬੁਰੀ ਲਗ ਰਹੀ ਸੀ। ਇਕ ਖਬਰ ਸਾਡੇ ਤਕ ਇਹ ਵੀ ਪੁੱਜੀ ਕਿ ਅੰਗਰੇਜ਼ ਅਫਸਰ ਜਪਾਨੀਆਂ ਤੋਂ ਡਰਦੇ ਭੱਜ ਰਹੇ ਸਨ ਜਦ ਕਿ ਭਾਰਤੀ ਸਿਪਾਹੀ ਹਾਲੇ ਮੈਦਾਨ ਵਿਚ ਡੱਟੇ ਰਹਿਣਾ ਚਾਹੁੰਦੇ ਸਨ। ਪਤਾ ਨਹੀਂ ਇਹ ਸੱਚ ਸੀ ਜਾਂ ਝੂਠ ਪਰ ਸਾਨੂੰ ਕਿਸੇ ਨੇ ਇਹ ਖਬਰ ਆ ਕੇ ਸੁਣਾਈ ਸੀ ਕਿ ਜਦ ਭੱਜੇ ਜਾਂਦੇ ਅੰਗਰੇਜ਼ ਅਫਸਰ ਨੂੰ ਭਾਰਤੀ ਸਿਪਾਹੀਆਂ ਨੇ ਲੜਦੇ ਰਹਿਣ ਲਈ ਕਿਹਾ ਤਾਂ ਉਸ ਨੇ ਗੋਲੀ ਚਲਾ ਕੇ ਕੁਝ ਸਿਪਾਹੀਆਂ ਨੂੰ ਮਾਰ ਦਿੱਤਾ ਤੇ ਆਪ ਭੱਜ ਗਿਆ। ਸਾਡਾ ਸੂਬੇਦਾਰ ਕਹਿੰਦਾ ਸੀ ਕਿ ਇਹ ਫੌਜ ਵਿਚ ਅਫੜਾ-ਦਫੜੀ ਫੈਲਾਉਣ ਲਈ ਘੜੀਆਂ ਖਬਰਾਂ ਹਨ, ਅਜਿਹੀਆਂ ਖਬਰਾਂ ਤੋਂ ਸਾਵਧਾਨ ਰਹਿਣ ਦੀ ਜ਼ਰੂਰਤ ਹੈ।

ਮੈਂ ਤੇ ਦਰਸ਼ਨ ਨੇ ਹੋਰਨਾਂ ਨਾਲ ਰਲ਼ ਕੇ ਕਈ ਬਹਾਦਰੀ ਦੇ ਕਾਰਨਾਮੇ ਕੀਤੇ। ਇਕ ਗੱਲ ਇਹ ਵੀ ਚੰਗੀ ਰਹੀ ਕਿ ਸਾਡੀ ਪਲਾਟੂਨ ਦਾ ਨੁਕਸਾਨ ਵੀ ਘੱਟ ਹੋਇਆ। ਅਸੀਂ ਦੁਸ਼ਮਣ ਦੇ ਹਮਲਿਆਂ ਦਾ ਤੇ ਕੁਦਰਤੀ ਕਰੋਪੀਆਂ ਦਾ ਸਾਹਮਣਾ ਡੱਟ ਕੇ ਕਰਦੇ ਰਹੇ। ਇਕ ਵਾਰ ਸਾਡੀ ਕੰਪਨੀ ਨੂੰ ਪਾਣੀ ਵਾਲੇ ਜਹਾਜ਼ ਰਾਹੀਂ ਇਕ ਫਰੰਟ ਤੋਂ ਦੂਜੇ ਫਰੰਟ ਤੇ ਲੈ ਜਾਇਆ ਜਾ ਰਿਹਾ ਸੀ। ਗੋਰੇ ਅਫਸਰ ਵੀ ਸਨ ਤੇ ਭਾਰਤੀ ਅਫਸਰ ਵੀ। ਜਹਾਜ਼ ਕਿਸੇ ਖਰਾਬੀ ਕਾਰਨ ਸਮੁੰਦਰ ਦੇ ਵਿਚਕਾਰ ਰੋਕਣਾ ਪਿਆ। ਇਸ ਨੂੰ ਠੀਕ ਹੋਣ ਨੂੰ ਕਈ ਘੰਟੇ ਲਗਣੇ ਸਨ। ਗਰਮੀਆਂ ਦੀ ਦੁਪਹਿਰ ਸੀ। ਸੂਬੇਦਾਰ ਬਖਤਾਵਰ ਸਿੰਘ ਨੇ ਮਜ਼ਾਕ ਵਿਚ ਹੀ ਕਿਹਾ ਕਿ ਮੁੰਡਿਓ ਕਿਸੇ ਨੇ ਨਹਾਉਣਾ ਹੋਵੇ ਤਾਂ ਨਹਾ ਲਓ। ਅਸੀਂ ਤਾਂ ਸਮੁੰਦਰ ਦੇਖਿਆ ਹੀ ਪਹਿਲੀ ਵਾਰ ਸੀ, ਨਹਾਉਣਾ ਕੀ ਸੀ। ਨਾ ਇਸ ਦੀ ਡੂੰਘਾਈ ਦਾ ਪਤਾ ਸੀ, ਨਾ ਹੀ ਇਸ ਦੀ ਲੰਬਾਈ ਚੌੜਾਈ ਦਾ। ਧਰਤੀ ਤਾਂ ਕਿਤੇ ਦਿਸਦੀ ਹੀ ਨਹੀਂ ਸੀ। ਪਤਾ ਨਹੀਂ ਕਿਹੜੇ ਕਿਹੜੇ ਜਾਨਵਰ ਇਸ ਵਿਚ ਰਹਿੰਦੇ ਹੋਣਗੇ। ਅਸੀਂ ਤਾਂ ਉਵੇਂ ਹੀ ਡਰੇ ਪਏ ਸਾਂ। ਅਚਾਨਕ ਦਰਸ਼ਨ ਨੇ ਕਪੜੇ ਖੋਹਲੇ ਤੇ ਠਾਹ ਕਰਕੇ ਸਮੁੰਦਰ ਵਿਚ ਛਾਲ ਮਾਰ ਦਿੱਤੀ। ਉਸ ਦਾ ਹੌਸਲਾ ਦੇਖ ਕੇ ਅਸੀਂ ਸਾਰੇ ਹੈਰਾਨ ਰਹਿ ਗਏ। ਗੋਰੇ ਅਫਸਰਾਂ ਨੇ ਤਾਂ ਖੁਸ਼ੀ ਵਿਚ ਤਾੜੀ ਵਜਾ ਦਿੱਤੀ ਤੇ ਫਿਰ ਗੋਰੇ ਅਫਸਰ ਵੀ ਸਮੁੰਦਰ ਵਿਚ ਉਤਰ ਕੇ ਤੈਰਨ ਲਗੇ।

ਅਸੀਂ ਨਵੇਂ ਫਰੰਟ ਤੇ ਜਾ ਕੇ ਵੀ ਜਪਾਨੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਹੁਣ ਤਕ ਜਪਾਨੀ ਥਕ ਵੀ ਚੁੱਕੇ ਸਨ। ਉਹਨਾਂ ਨੂੰ ਸਥਾਨਕ ਲੋਕਾਂ ਵੱਲੋਂ ਕਿਸੇ ਕਿਸਮ ਦੀ ਇਮਦਾਦ ਨਹੀਂ ਸੀ ਮਿਲ ਰਹੀ। ਉਹ ਆਮ ਲੋਕਾਂ 'ਤੇ ਵੀ ਜ਼ੁਲਮ

ਢਾਹੁੰਦੇ ਸਨ। ਉਹ ਸਭ ਕੁਝ ਜਬਰਦਸਤੀ ਕਰਵਾਉਂਦੇ ਸਨ। ਫਿਰ ਓਧਰ ਅਮਰੀਕਾ ਵੀ ਬਰਤਾਨੀਆਂ ਦੀ ਮਦਦ 'ਤੇ ਉਤਰ ਆਇਆ ਸੀ। ਇਕ ਦਿਨ ਅਸੀਂ ਜਪਾਨੀਆਂ ਦੀ ਇਕ ਟੁਕੜੀ ਨੂੰ ਘੇਰ ਲਿਆ। ਅਸੀਂ ਗੋਲੀ ਚਲਾਉਂਦੇ ਰਹੇ ਪਰ ਅਗਿਓਂ ਕੋਈ ਜਵਾਬ ਨਾ ਆਇਆ। ਅਸੀਂ ਉਡੀਕ ਰਹੇ ਸਾਂ ਕਿ ਜਵਾਬ ਵਿਚ ਉਹ ਗੋਲੀ ਚਲਾਉਣਗੇ। ਅਸੀਂ ਹੌਲੀ ਹੌਲੀ ਉਹਨਾਂ ਵੱਲ ਵਧੇ। ਅਸੀਂ ਚੌਕੰਨੇ ਸਾਂ ਕਿ ਕਿਸੇ ਵੀ ਪਲ ਉਹ ਸਾਡੇ ਉਪਰ ਫਾਇਰ ਕਰ ਸਕਦੇ ਸਨ। ਅਸੀਂ ਚਾਰੇ ਪਾਸਿਆਂ ਤੋਂ ਘੇਰਾ ਤੰਗ ਕਰਦੇ ਗਏ। ਸਾਡੇ ਲਈ ਇਹ ਬਹੁਤ ਹੀ ਹੈਰਾਨੀ ਦੀ ਗੱਲ ਸੀ ਕਿ ਜਪਾਨੀ ਚੁੱਪ ਸਨ। ਅਸੀਂ ਗੋਲੀ ਚਲਾਉਂਦੇ ਅਗੇ ਵਧਦੇ ਗਏ ਪਰ ਉਹ ਹਾਲੇ ਵੀ ਚੁੱਪ। ਅਸੀਂ ਉਹਨਾਂ ਦੇ ਇੰਨੇ ਨੇੜੇ ਪੁੱਜ ਗਏ ਕਿ ਅਸੀਂ ਉਹਨਾਂ ਨੂੰ ਦੇਖ ਸਕਦੇ ਸਾਂ। ਕੁਝ ਬੈਠੇ ਸਨ ਤੇ ਕੁਝ ਲੰਮੇ ਪਏ ਸਨ। ਸ਼ਾਇਦ ਬਿਮਾਰ ਹੋ ਗਏ ਹੋਣਗੇ। ਅਸੀਂ ਹੈਂਡਜ਼-ਅੱਪ ਕਹਿੰਦੇ ਅਗੇ ਵਧੇ ਪਰ ਉਹ ਨਾ ਹਿੱਲੇ। ਫਿਰ ਅਸੀਂ ਦੇਖਿਆ ਕਿ ਉਥੇ ਚਾਰੇ ਪਾਸੇ ਖ਼ੂਨ ਹੀ ਖ਼ੂਨ ਸੀ। ਉਹ ਬਾਰਾਂ ਬੰਦੇ ਸਨ, ਸਭ ਨੇ ਆਪਣਾ ਪੇਟ ਚਾਕ ਕਰ ਲਿਆ ਸੀ। ਆਪਣਾ ਹੀ ਪੇਟਚਾਕ ਕਰਕੇ ਖ਼ੁਦਗਸ਼ੀ ਕਰਨ ਦੇ ਖਾਸ ਤਰੀਕੇ ਨੂੰ ਜਪਾਨੀ ਵਿਚ ਹਾਰਾਕੀਰੀ ਆਖਦੇ ਹਨ; ਇਸ ਦਾ ਪਤਾ ਸਾਨੂੰ ਬਾਅਦ ਵਿਚ ਲਗਿਆ। ਜਪਾਨੀ ਅਜਿਹੀ ਖੁਦਗਸ਼ੀ ਸ਼ਰਮ ਦੇ ਮਾਰੇ ਕਰਦੇ ਹਨ। ਇਹ ਉਹਨਾਂ ਦੀ ਪਰੰਪਰਾ ਵਿਚ ਹੈ। ਜਲਦੀ ਹੀ ਖਬਰ ਆ ਗਈ ਕਿ ਜਪਾਨੀ ਫੌਜ ਹਾਰ ਗਈ ਹੈ, ਇਹਨਾਂ ਸਿਪਾਹੀਆਂ ਤਕ ਇਹ ਖਬਰ ਪੁੱਜ ਗਈ ਹੋਵੇਗੀ ਇਸ ਲਈ ਹੀ ਇਹਨਾਂ ਨੇ ਆਪਣਾ ਪੇਟਚਾਕ ਕਰ ਲਿਆ ਹੋਵੇਗਾ। ਫਿਰ ਕਈ ਜਪਾਨੀ ਸਿਪਾਹੀਆਂ ਨੂੰ ਅਸੀਂ ਭੱਜੇ ਜਾਂਦਿਆਂ ਨੂੰ ਵੀ ਫੜਿਆ। ਫਿਰ ਕੀ ਸੀ, ਸਾਡੀ ਫੌਜ ਜਿੱਤ ਦਾ ਜਸ਼ਨ ਮਨਾਉਣ ਲਗੀ। ਢੋਲ ਵੱਜਣ ਲਗੇ ਤੇ ਭੰਗੜੇ ਪੈਣ ਲਗੇ।

ਹੁਣ ਜਪਾਨੀ ਦੇ ਹਿਰਾਸਤ ਵਾਲੇ ਜੰਗੀ ਕੈਦੀ ਤਾਂ ਆਪਣੇ ਆਪ ਹੀ ਅਜ਼ਾਦ ਹੋ ਗਏ ਸਨ ਪਰ ਉਹਨਾਂ ਦੀਆਂ ਸਿਹਤਾਂ ਬਹੁਤ ਕਮਜ਼ੋਰ ਸਨ। ਅਸੀਂ ਉਹਨਾਂ ਨੂੰ ਸੰਭਾਲਣ ਦੀ ਡਿਊਟੀ ਤੇ ਵੀ ਲਗੇ ਰਹੇ। ਅਸੀਂ ਉਹਨਾਂ ਸਭ ਨੂੰ ਹਸਪਤਾਲ ਪੁਜਦੇ ਕੀਤਾ। ਉਹਨਾਂ ਕੋਲ ਦੱਸਣ ਲਈ ਬਹੁਤ ਹੀ ਦਰਦਨਾਕ ਕਹਾਣੀਆਂ ਸਨ। ਲੜਾਈ ਦਾ ਕੰਮ ਹੀ ਦਰਦਨਾਕ ਕਹਾਣੀਆਂ ਲਿਖਣਾ ਹੁੰਦਾ ਹੈ। ਸਾਨੂੰ ਸਭ ਨੂੰ ਵਾਰੀ ਵਾਰੀ ਛੁੱਟੀ ਮਿਲੀ। ਛੁੱਟੀ ਕੱਟ ਕੇ ਅਸੀਂ ਮੁੜ ਬਰਮਾ ਵਿਚ ਜਾ ਹਾਜ਼ਰੀ ਦਿੱਤੀ। ਕੁਝ ਦੇਰ ਲਈ ਅਸੀਂ ਬੈਂਕੌਕ ਚਲੇ ਗਏ। ਉਥੇ ਤਾਂ ਪੂਰੀ ਅਯਾਸ਼ੀ ਸੀ। ਸਾਨੂੰ ਸਾਰੀ ਲੜਾਈ ਭੁੱਲ ਗਈ। ਫਿਰ ਜਪਾਨੀ ਫੌਜੀਆਂ 'ਤੇ ਮੁਕੱਦਮੇ ਚੱਲਣੇ ਸ਼ੁਰੂ ਹੋ ਗਏ। ਸਾਨੂੰ ਇਹਨਾਂ ਮੁਕੱਦਮਿਆਂ ਦੇ ਗਾਰਡ ਦੇ ਤੌਰ 'ਤੇ ਤਾਇਨਾਤ ਹੋਣ ਲਈ ਭੇਜ ਦਿੱਤਾ ਗਿਆ। ਟੋਜੋ ਦੇ ਮੁਕੱਦਮੇ ਸਮੇਂ ਵੀ ਅਸੀਂ ਉਥੇ ਹੀ ਸਾਂ। ਅਸੀਂ ਦੇਖਦੇ ਕਿ ਜਪਾਨੀ ਅਫਸਰਾਂ ਦੇ ਚਿਹਰਿਆਂ ਉਪਰ ਕਿਸੇ ਕਿਸਮ ਦਾ ਭੈਅ ਨਹੀਂ ਸੀ। ਟੋਜੋ ਨੂੰ ਅਸੀਂ ਦੇਖਦੇ, ਉਸ ਦਾ ਇੰਨਾ ਰੋਅਬ ਹੁੰਦਾ ਕਿ ਕਿਸੇ ਅੰਗਰੇਜ਼ ਅਫਸਰ ਦਾ ਵੀ ਨਹੀਂ ਹੋਵੇਗਾ। ਲਗਭਗ



ਉਹਨਾਂ ਸਭ ਨੂੰ ਫਾਂਸੀ ਦੀ ਸਜ਼ਾ ਹੋਈ ਪਰ ਕਿਸੇ ਦੇ ਚਿਹਰੇ 'ਤੇ ਕਦੇ ਕੋਈ ਸ਼ਿਕਨ ਨਹੀਂ ਦੇਖੀ।

ਫਿਰ ਮੇਰੀ ਬਦਲੀ ਹੋਰ ਪਲਾਟੂਨ ਵਿਚ ਹੋ ਗਈ। ਬਦਲੀਆਂ ਤਾਂ ਸਾਡੀਆਂ ਸਭ ਦੀਆਂ ਇਧਰ ਓਧਰ ਹੁੰਦੀਆਂ ਹੀ ਰਹਿੰਦੀਆਂ ਸਨ ਪਰ ਮੈਂ ਤੇ ਦਰਸ਼ਨ ਨੇੜੇ ਨੇੜੇ ਹੀ ਹੁੰਦੇ ਪਰ ਹੁਣ ਮੈਂ ਉਸ ਤੋਂ ਕੁਝ ਦੂਰ ਹੋ ਗਿਆ ਸਾਂ। ਕਸ਼ਮੀਰ ਦੀ ਲੜਾਈ ਵਿਚ ਅਸੀਂ ਫਿਰ ਇਕੱਠੇ ਹੋ ਗਏ। ਹੁਣ ਮੈਂ ਜਮਾਂਦਾਰ ਬਣ ਗਿਆ ਸਾਂ। ਹੁਣ ਉਹ ਮੇਰੇ ਮਤਿਹਤ ਸੀ। ਦਰਸ਼ਨ ਦਾ ਸਕੂਲ ਨਾ ਜਾਣਾ ਉਸ ਦੀ ਤਰੱਕੀ ਵਿਚ ਬਹੁਤ ਵੱਡਾ ਅੜਿਕਾ ਬਣਦਾ ਰਿਹਾ। ਕਸ਼ਮੀਰ ਦੀ ਲੜਾਈ ਵਿਚ ਵੀ ਅਸੀਂ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਕ ਵਾਰ ਕੀ ਹੋਇਆ ਕਿ ਅਸੀਂ ਦੇਖਿਆ ਕਿ ਇਕ ਬੰਕਰ ਵਿਚ ਕੁਝ ਪਾਕਿਸਤਾਨੀ ਲੁਕੇ ਹੋਏ ਸਨ। ਉਹ ਦੁਬਕ ਕੇ ਬੈਠੇ ਸਨ। ਇਸ ਦਾ ਮਤਲਬ ਸੀ ਕਿ ਉਹਨਾਂ ਕੋਲ ਗੋਲਾ-ਬਰੂਦ ਖਤਮ ਹੋ ਚੁੱਕਾ ਸੀ। ਦਰਸ਼ਨ ਉਹਨਾਂ ਦੇ ਬੰਕਰ ਵਿਚ ਹੱਥਗੋਲਾ ਸੁੱਟਣ ਲਈ ਅਗੇ ਵਧਿਆ। ਉਸ ਨੇ ਗੋਲੇ ਦਾ ਪਿੰਨ ਕੱਢ ਲਿਆ ਜਦ ਸੁੱਟਣ ਲਗਿਆ ਤਾਂ ਬੰਕਰ ਵਿਚੋਂ ਅਵਾਜ਼ ਆਈ ਕਿ 'ਨਾ ਸਰਦਾਰ ਜੀ ਨਾ, ਸਾਡੇ ਛੋਟੇ ਛੋਟੇ ਬੱਚੇ ਸਾਨੂੰ ਉਡੀਕ ਰਹੇ ਨੇ।' ਦਰਸ਼ਨ ਨੇ ਗੋਲਾ ਹੋਰ ਪਾਸੇ ਸੁੱਟ ਦਿੱਤਾ। ਮੈਂ ਉਸ ਦਾ ਮੌਕੇ ਦਾ ਅਫਸਰ ਸਾਂ। ਮੈਂ ਉਸ ਨੂੰ ਕਿੰਨੇ ਸਾਲਾਂ ਤੋਂ ਜਾਣਦਾ ਸਾਂ। ਉਹ ਅਜਿਹਾ ਹੀ ਸੀ। ਸਾਡੇ ਅਫਸਰ ਨੂੰ ਇਸ ਘਟਨਾ ਦਾ ਪਤਾ ਚਲਿਆ ਤਾਂ ਉਸ ਨੇ ਦਰਸ਼ਨ ਨੂੰ ਜੱਫੀ ਵਿਚ ਲੈ ਲਿਆ। ਅਜਿਹੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਹਨ ਦਰਸ਼ਨ ਨਾਲ। ਮੇਰਠ ਅਸੀਂ ਮੁੜ ਕੇ ਕੁਝ ਦੇਰ ਇਕੱਠੇ ਰਹੇ। ਅਸੀਂ ਇਕੱਠੇ ਘੁੰਮਦੇ ਫਿਰਦੇ।


ਫਿਰ ਇਕ ਦਿਨ ਮੇਰੀ ਤਮੰਨਾ ਪੂਰੀ ਹੋ ਗਈ। ਉਸ ਦਾ ਪੁੱਤਰ ਜਿੰਦਰ ਉਸ ਨੂੰ ਲੈ ਕੇ ਮੈਨੂੰ ਮਿਲਣ ਆ ਗਿਆ। ਬੈਠੇ ਤਾਂ ਉਹ ਥੋੜ੍ਹੀ ਦੇਰ ਹੀ ਪਰ ਜਿਹੜੀ ਰੂਹ ਮੇਰੀ ਰਾਜ਼ੀ ਹੋਈ ਉਹ ਮੈਂ ਹੀ ਜਾਣਦਾ ਹਾਂ। ਮੈਨੂੰ ਪਤਾ ਚਲਿਆ ਕਿ ਜਿੰਦਰ ਵੀ ਕੁਝ ਸਾਲ ਮੇਰਠ ਪੜ੍ਹਦਾ ਰਿਹਾ ਹੈ। ਮੈਂ ਜਿੰਦਰ ਨੂੰ ਦੱਸਣ ਲਗਿਆ,

"ਤੈਨੂੰ ਮੇਰਠ ਦੇ ਕਬਾੜੀ ਬਜ਼ਾਰ ਦਾ ਪਤਾ ਨਾ, ਉਥੇ ਮਿਲਟਰੀ ਪੁਲਸ ਫਿਰਦੀ ਵੀ ਦੇਖੀ ਹੋਣੀ ਆਂ, ਇਹ ਮਿਲਟਰੀ ਪੁਲਸ ਉਹਨਾਂ ਫੌਜੀਆਂ ਨੂੰ ਫੜਦੀ ਸੀ ਜਿਹੜੀ ਅਵਾਰਾਗਰਦੀ ਕਰਨ ਕਬਾੜੀ ਬਜ਼ਾਰ ਜਾਂਦੇ ਸੀ, ਤਕਰੀਬਨ ਸਾਰੇ ਈ ਫ਼ੌਜੀ ਇਕ ਅੱਧ ਵਾਰ ਫੜੇ ਜਾਂਦੇ ਸੀ ਪਰ ਤੇਰਾ ਡੈਡੀ ਕਦੇ ਨਹੀਂ ਫੜਿਆ ਗਿਆ, ...ਪਤਾ ਕਿਉਂ ? ...ਕਿਉਂਕਿ ਇਹ ਉਥੇ ਕਦੇ ਗਿਆ ਈ ਨਹੀਂ।"

ਜਦ ਜਿੰਦਰ ਨੇ ਫੋਨ ਕਰਕੇ ਮਨਹੂਸ ਖਬਰ ਬਾਰੇ ਦੱਸਿਆ ਤਾਂ ਮੈਂ ਬਹੁਤ ਉਦਾਸ ਹੋ ਗਿਆ। ਹੁਣ ਜਦ ਵੀ ਵਿਹਲ ਲਗਦਾ ਹੈ ਤਾਂ ਪੁਰਾਣੇ ਦਿਨਾਂ ਵਿਚ ਗੁਆਚ ਜਾਂਦਾ ਹਾਂ ਜਿਹੜੇ ਮੈਂ ਆਪਣੇ ਸਵਾ ਛੇ ਫੁਟੀਏ ਮਿੱਤਰ ਨਾਲ ਬਿਤਾਏ ਸਨ। ਯਾਦਾਂ ਦੀ ਫਿਲਮ ਮੇਰੇ ਸਾਹਮਣੇ ਚਲਣ ਲਗਦੀ ਹੈ।

# ਮੇਰਾ ਸਾਬ

ਸਾਬ ਨੂੰ ਮੈਂ ਨੀਮਚ ਤੋਂ ਹੀ ਜਾਣਦਾ ਹਾਂ। ਮੈਂ ਇਹਨਾਂ ਕੋਲ ਟਰੇਨਿੰਗ ਕੀਤੀ ਸੀ। ਬਹੁਤ ਸਖਤ ਇਨਸਟਰੱਕਟਰ ਸੀ। ਇਹਨਾਂ ਦੀ ਬਿਸਲ ਤੋਂ ਸਾਰੇ ਰਿਕਰੂਟ ਡਰਦੇ ਸਨ। ਮੈਂ ਵੀ। ਇਹਨਾਂ ਦਾ ਰੋਅਬ ਹੀ ਇੰਨਾ ਸੀ। ਬਹੁਤ ਸਖਤ ਇਨਸਟਰੱਕਟਰ ਸਨ ਪਰ ਜਦ ਗਰਾਊਂਡ ਤੋਂ ਬਾਹਰ ਸ਼ਾਮ ਨੂੰ ਮਿਲਦੇ ਤਾਂ ਇਹ ਇਵੇਂ ਹੁੰਦੇ ਜਿਵੇਂ ਕੋਈ ਹੋਰ ਆਦਮੀ ਹੋਵੇ। ਸਾਡੇ ਸਭ ਨਾਲ ਹੱਸ ਹੱਸ ਕੇ ਗੱਲਾਂ ਕਰਦੇ। ਜਦ ਵੀ ਵਕਤ ਮਿਲਣਾ ਇਹਨਾਂ ਨੇ ਹਿੰਦੀ ਦੀ ਅਖ਼ਬਾਰ ਪੜ੍ਹਦੇ ਹੋਣਾ। ਇਕ ਵਾਰ ਕਿਸੇ ਕੰਮ ਕਾਰਨ ਮੈਨੂੰ ਇਹਨਾਂ ਦੇ ਕਮਰੇ ਵਿਚ ਜਾਣ ਦਾ ਮੌਕਾ ਮਿਲਿਆ, ਇਹ ਪੰਜਾਬੀ ਦੀ ਕੋਈ ਕਿਤਾਬ ਪੜ੍ਹ ਰਹੇ ਸਨ। ਮੇਰਾ ਉਹਨਾਂ ਬਾਰੇ ਇਹ ਪ੍ਰਭਾਵ ਬਣ ਗਿਆ ਕਿ ਸਾਬ ਕਾਫੀ ਪੜ੍ਹੇ ਲਿਖੇ ਬੰਦੇ ਹਨ। ਇਕ ਦਿਨ ਇਹ ਸਾਨੂੰ ਸੀ.ਆਰ.ਪੀ. ਦੇ ਰੈਂਕਾਂ ਦੀਆਂ ਤਰੱਕੀਆਂ ਬਾਰੇ ਦੱਸ ਰਹੇ ਸਨ ਤਾਂ ਮੈਂ ਸੋਚਣ ਲਗਿਆ ਕਿ ਇਹ ਆਪ ਹਾਲੇ ਤਕ ਹੌਲਦਾਰ ਹੀ ਕਿਉਂ ਹਨ। ਇੰਨਾ ਕੁ ਮੈਨੂੰ ਪਤਾ ਸੀ ਕਿ ਇਹ ਆਰਮੀ ਵਿਚੋਂ ਆਏ ਹਨ ਤੇ ਸਿੱਧੇ ਇਸੇ ਰੈਂਕ ਤੇ ਹੀ ਭਰਤੀ ਹੋਏ ਸਨ। ਫਿਰ ਬਹੁਤ ਦੇਰ ਬਾਅਦ ਜਦ ਮੈਨੂੰ ਪਤਾ ਚਲਿਆ ਕਿ ਇਹਨਾਂ ਦੀ ਸਕੂਲੀ ਪੜ੍ਹਾਈ ਬਿਲਕੁਲ ਨਹੀਂ ਹੋਈ, ਜੋ ਕੁਝ ਇਹਨਾਂ ਨੇ ਸਿਖਿਆ ਹੈ, ਆਰਮੀ ਵਿਚ ਆ ਕੇ ਹੀ ਸਿਖਿਆ ਹੈ ਤਾਂ ਮੈਂ ਹੈਰਾਨ ਰਹਿ ਗਿਆ।



ਦਰਸ਼ਨ ਸਿੰਘ

ਉਹਨਾਂ ਦਿਨਾਂ ਵਿਚ ਸੀ.ਆਰ.ਪੀ. ਦੀ ਭਰਤੀ ਆਮ ਨਹੀਂ ਸੀ। ਮੈਂ ਵੀ ਕਿਸੇ ਖਾਸ ਸਿਫਾਰਸ਼ ਨਾਲ ਭਰਤੀ ਹੋਇਆ ਸਾਂ। ਕੁਝ ਸਾਲ ਬਾਅਦ ਤਾਂ ਇਸ ਦੀਆਂ ਕਈ ਹੋਰ ਕੰਪਨੀਆਂ ਖੜੀਆਂ ਕਰਨੀਆਂ ਪਈਆਂ ਸਨ ਪਰ ਉਸ ਵੇਲੇ ਇਕ ਕਿਸਮ ਨਾਲ ਭਰਤੀ ਰੁਕੀ ਹੋਈ ਸੀ। ਇਕ ਦਿਨ ਮੈਂ ਸਾਬ ਨੂੰ ਡਰਦਿਆਂ ਡਰਦਿਆਂ ਕਿਹਾ,



"ਸਾਬ, ਮੇਰੇ ਚਾਚੇ ਦੇ ਪੁੱਤ ਨੂੰ ਭਰਤੀ ਕਰਾ ਦਿਓ।"

"ਲੈ ਆ।"

ਇਹਨਾਂ ਨੇ ਬਿਨਾਂ ਕਿਸੇ ਹੀਲ-ਹੁੱਜਤ ਦੇ ਜਵਾਬ ਦਿੱਤਾ। ਮੈਨੂੰ ਪਤਾ ਸੀ ਕਿ ਸਾਬ ਦੇ ਹੱਥ ਵਿਚ ਕਾਫੀ ਕੁਝ ਹੈ। ਅਫਸਰ ਵੀ ਇਹਨਾਂ ਦਾ ਕਹਿਣਾ ਨਹੀਂ ਮੋੜਦੇ। ਮੈਂ ਅਗਲੇ ਦਿਨ ਹੀ ਚਿੱਠੀ ਲਿਖ ਕੇ ਆਪਣੇ ਚਾਚੇ ਦੇ ਮੁੰਡੇ ਭੀਮ ਸਿੰਘ ਨੂੰ ਸੱਦ ਲਿਆ। ਫਿਰ ਇਵੇਂ ਹੀ ਇਹਨਾਂ ਰਾਹੀਂ ਮੈਂ ਆਪਣੇ ਪਿੰਡ ਦੇ ਪੰਜ ਮੁੰਡੇ ਭਰਤੀ ਕਰਾਏ। ਜਿਸ ਦਾ ਅਸਰ ਇਹ ਹੋਇਆ ਕਿ ਮੇਰੇ ਪਿਓ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣਾ ਦਿੱਤਾ ਗਿਆ। ਮੈਂ ਆਪਣੇ ਪਿਓ ਨੂੰ ਹੱਸਦਾ ਹੋਇਆ ਕਹਿੰਦਾ,

"ਬਾਪੂ, ਥੋਰੀ ਸਰਪੰਚੀ ਮ੍ਹਾਰੇ ਸਾਬ ਕੀ ਦੀ ਹੂਈ ਹੋਬੇ।"

"ਅਭੈ ਸਿੰਘ, ਤੂ ਸਾਚੇ ਕਹੇ।"

ਬਾਪੂ ਮੇਰੀ ਗੱਲ ਨਾਲ ਸਹਿਮਤ ਹੁੰਦਾ ਖੁਸ਼ ਹੋ ਜਾਂਦਾ। ਮੈਂ ਆਪਣੀ ਰਿਕਰੂਟੀ ਪਾਸ ਕਰਕੇ ਦਿੱਲੀ ਸਿਪਾਹੀ ਜਾ ਲਗਿਆ ਤੇ ਮੁੜ ਕੇ ਸਾਬ ਨਾਲ ਕੋਈ ਗੱਲਬਾਤ ਨਾ ਹੋ ਸਕੀ। ਦਿੱਲੀ ਮੈਨੂੰ ਠੀਕ ਬੈਠਦੀ ਸੀ। ਮੇਰਾ ਪਿੰਡ ਦਿੱਲੀ ਤੋਂ ਨਜ਼ਦੀਕ ਹੀ ਹੈ। ਜਦ ਵੀ ਛੁੱਟੀ ਦਾ ਦਿਨ ਹੁੰਦਾ ਤਾਂ ਮੈਂ ਪਿੰਡ ਦਾ ਗੇੜਾ ਮਾਰ ਆਉਂਦਾ।

ਕਈ ਸਾਲ ਬੀਤ ਗਏ। ਮੈਂ ਹੌਲਦਾਰ ਬਣ ਗਿਆ ਤੇ ਮੇਰੀ ਬਦਲੀ ਨਾਗਾਲੈਂਡ-ਮਨੀਪੁਰ ਦੇ ਇਲਾਕੇ ਦੀ ਹੋ ਗਈ। ਮੈਂ ਖੂਬਸੂਰਤ ਸ਼ਹਿਰ ਕੋਹੀਮੇ ਪਹੁੰਚ ਗਿਆ। ਜਿਸ ਪੋਸਟ ਤੇ ਮੈਂ ਜਾਣਾ ਸੀ ਉਹ ਇੰਫਾਲ ਲੰਘ ਕੇ ਪੈਂਦੀ ਸੀ। ਮੈਂ ਆਪਣੀ ਡਿਊਟੀ 'ਤੇ ਪੁੱਜਾ। ਆਪਣੇ ਪਹੁੰਚਣ ਦੀ ਰਿਪੋਟਿੰਗ ਦੇਣ ਗਿਆ ਤਾਂ ਕੀ ਦੇਖਦਾ ਹਾਂ ਕਿ ਮੇਰੇ ਅਫਸਰ ਆਪਣੇ ਸਾਬ ਹਨ। ਉਹਨਾਂ ਨੂੰ ਮਿਲ ਕੇ ਮਨ ਖੁਸ਼ ਹੋ ਗਿਆ ਤੇ ਬਹੁਤ ਜਲਦੀ ਸਾਡੀ ਦੋਸਤੀ ਪੈ ਗਈ। ਉਹ ਇਸ ਪੋਸਟ ਦੇ ਇੰਚਾਰਜ ਸਨ। ਸਾਡੀ ਇਹ ਪੋਸਟ ਇਕ ਪਹਾੜੀ ਉਪਰ ਸੀ। ਸਾਡੇ ਅਧੀਨ ਕੁਝ ਪਿੰਡ ਪੈਂਦੇ ਸਨ। ਸਾਡਾ ਕੰਮ ਬਾਗੀ ਨਾਗਿਆਂ ਨੂੰ ਫੜਨਾ ਸੀ। ਨਾਗੇ ਆਪਣਾ ਜੁਦਾ ਸੂਬਾ ਮੰਗ ਰਹੇ ਸਨ। ਦਾਰਜੀਲਿੰਗ ਵੱਲ ਸੁਭਾਸ਼ ਘੀਸਿੰਗ ਗੋਰਖਾ ਲੈਂਡ ਦੀ ਮੰਗ ਕਰ ਰਿਹਾ ਸੀ ਤੇ ਇਸ ਲਹਿਰ ਦਾ ਅਸਰ ਨਾਗਾਲੈਂਡ ਵਿਚ ਵੀ ਸੀ। ਬਾਗੀ ਨਾਗਿਆਂ ਨੇ ਸਰਕਾਰ ਦੇ ਨੱਕ ਵਿਚ ਦਮ ਕਰ ਰੱਖਿਆ ਸੀ ਤੇ ਅਸੀਂ ਇਹਨਾਂ ਨਾਗਿਆਂ ਨੂੰ ਹੀ ਕੈਦ ਕਰ ਕੇ ਬਾਗੀ ਲਹਿਰ ਨੂੰ ਠੱਲ੍ਹ ਪਾਉਣੀ ਸੀ। ਇਥੇ ਹੀ ਪਹਿਲੀ ਵਾਰ ਮੈਨੂੰ ਪਤਾ ਚਲਿਆ ਕਿ ਸਾਬ ਕਦੇ ਸਕੂਲ ਨਹੀਂ ਗਏ। ਹਿੰਦੀ ਉਹਨਾਂ ਨੂੰ ਪੜ੍ਹਨੀ ਆਉਂਦੀ ਸੀ ਪਰ ਲਿਖਣੀ ਨਹੀਂ। ਅੰਗਰੇਜ਼ੀ ਦਾ ਕੰਮ ਤਾਂ ਚਲਾ ਲੈਂਦੇ ਸਨ ਪਰ ਪੂਰੀ ਤਰ੍ਹਾਂ ਮੁਹਾਰਤ ਨਹੀਂ ਸੀ। ਉਹਨਾਂ ਨੇ ਸਬ ਇਨਪੈਕਟਰੀ ਦਾ ਇਮਤਿਹਾਨ ਰੋਮਨ ਵਿਚ ਦਿੱਤਾ ਸੀ। ਉਹ ਪੜ੍ਹਾਈ ਵੱਲੋਂ ਮਾਰ ਖਾਈ ਜਾ ਰਹੇ ਸਨ। ਜੇ ਉਹਨਾਂ ਕੋਲ ਸਕੂਲ ਦਾ ਕੋਈ ਸਰਟੀਫਿਕੇਟ ਹੁੰਦਾ ਤਾਂ

ਅੱਜ ਨੂੰ ਐਸ. ਪੀ. ਹੁੰਦੇ। ਜਿੰਨੀ ਮਿਹਨਤ ਨਾਲ ਉਹ ਆਪਣਾ ਕੰਮ ਕਰਦੇ ਸਨ ਸ਼ਾਇਦ ਐਸ. ਪੀ. ਤੋਂ ਵੀ ਅਗਾਂਹ ਹੁੰਦੇ।

ਸਾਡਾ ਹਾਸਾ ਮਜ਼ਾਕ ਤਾਂ ਹਰ ਵੇਲੇ ਚਲਦਾ ਹੀ ਰਹਿੰਦਾ ਸੀ। ਉਹ ਸਾਡੇ ਅਫਸਰ ਤਾਂ ਸਨ ਹੀ ਨਹੀਂ, ਦੋਸਤ ਸਨ ਜਾਂ ਵੱਡੇ ਭਰਾ। ਆਪਣੇ ਸਾਰੇ ਹੀ ਮਤਿਹਤਾਂ ਨਾਲ ਉਹ ਬਹੁਤ ਵਧੀਆ ਤਰੀਕੇ ਨਾਲ ਪੇਸ਼ ਆਉਂਦੇ। ਆਪਣੇ ਲਈ ਭਾਵੇਂ ਉਹਨਾਂ ਨੇ ਅਫਸਰਾਂ ਤਕ ਕਿਸੇ ਕਿਸਮ ਦੀ ਪਹੁੰਚ ਨਹੀਂ ਸੀ ਕੀਤੀ ਪਰ ਬਾਕੀ ਸਭ ਲਈ ਸਮੇਂ ਸਮੇਂ ਸ਼ਿਫਾਰਸ਼ ਕਰਦੇ ਰਹਿੰਦੇ। ਕਈ ਵਾਰ ਤਾਂ ਆਪਣੇ ਸਟਾਫ ਲਈ ਅਫਸਰਾਂ ਕੋਲ ਅੜ ਵੀ ਜਾਂਦੇ। ਅਸੀਂ ਬਹੁਤ ਸਾਰੇ ਬਾਗੀ ਨਾਗਿਆਂ ਨੂੰ ਫੜਿਆ ਪਰ ਰੱਬ ਦੀ ਕਰਨੀ ਕਦੇ ਕੋਈ ਬੰਦਾ ਨਹੀਂ ਮਰਿਆ ਸਿਵਾਏ ਇਕ ਵਾਰ ਤੋਂ। ਉਹ ਗੱਲ ਮੈਂ ਬਾਅਦ ਵਿਚ ਸੁਣਾਵਾਂਗਾ। ਓਪਰੇਸ਼ਨ ਵੇਲੇ ਗੋਲੀਬਾਰੀ ਹੋ ਜਾਂਦੀ ਸੀ ਪਰ ਸਿੱਧੀ ਨਹੀਂ। ਕਦੇ ਕੋਈ ਜ਼ਖ਼ਮੀ ਤਕ ਨਹੀਂ ਹੋਇਆ। ਉਹਨਾਂ ਦਾ ਮੁਰਜਮ ਨੂੰ ਇੰਟੈਰੋਗੇਟ ਕਰਨ ਦਾ ਢੰਗ ਮਾਨਸਿਕ ਵਧੇਰੇ ਹੁੰਦਾ ਤੇ ਸਰੀਰਕ ਬਹੁਤ ਘੱਟ। ਅਸੀਂ ਕਿਸੇ ਓਪਰੇਸ਼ਨ 'ਤੇ ਨਿਕਲਦੇ ਤਾਂ ਉਹਨਾਂ ਵਿਚ ਬਹੁਤ ਉਤਸ਼ਾਹ ਹੁੰਦਾ। ਪਹਾੜੀ ਇਲਾਕਾ ਸੀ ਤੇ ਆਪ ਸਭ ਤੋਂ ਮੁਹਰੇ ਦੁੜੰਗੇ ਮਾਰਦੇ ਪਹਾੜੀ ਚੜਦੇ। ਉਹਨਾਂ ਵੱਲ ਦੇਖਦੇ ਅਸੀਂ, ਉਹਨਾਂ ਦੇ ਮਤਿਹਤ, ਹੈਰਾਨ ਰਹਿ ਜਾਂਦੇ ਕਿ ਉਹ ਇੰਨੀ ਊਰਜਾ ਦੇ ਭਰੇ ਹੋਏ ਹਨ। ਬਹੁਤੀ ਵਾਰੀ ਤਾਂ ਅਸੀਂ ਮੁਰਜਮ ਨੂੰ ਸੁੱਤੇ ਪਏ ਹੀ ਦੱਬ ਲੈਂਦੇ। ਜੇ ਕੋਈ ਬਾਗੀ ਫੜਿਆ ਜਾਂਦਾ ਤਾਂ ਸਾਬ ਖੁਸ਼ ਹੋ ਜਾਂਦੇ। ਜੇ ਨਾ ਫੜ ਹੁੰਦਾ ਤਾਂ ਸਾਬ ਬਹੁਤ ਬੁਝੇ ਬੁਝੇ ਹੁੰਦੇ। ਬਹੁਤੇ ਬਾਗੀਆਂ ਦੇ ਇਨਾਮ ਵੀ ਰੱਖੇ ਹੋਏ ਸਨ ਪਰ ਇਹਨਾਂ ਇਨਾਮਾਂ ਦੀ ਅਫਸਰ ਬੇਈਮਾਨੀ ਕਰ ਜਾਂਦੇ। ਆਪ ਬਹੁਤਾ ਖਾ ਜਾਂਦੇ ਤੇ ਸਾਨੂੰ ਬਹੁਤ ਛੋਟਾ ਹਿੱਸਾ ਮਿਲਦਾ। ਮੈਂ ਸਾਬ ਨੂੰ ਕਈ ਵਾਰ ਕਹਿੰਦਾ ਕਿ ਕੁਝ ਕਰੋ ਪਰ ਸਾਬ ਹਊ ਪਰੇ ਕਰ ਜਾਂਦੇ। ਉਹਨਾਂ ਲਈ ਵੱਡੇ ਅਫਸਰ ਦੀ ਸ਼ਾਬਾਸ਼ ਹੀ ਬਹੁਤ ਹੁੰਦੀ। ਇਕ ਵਾਰ ਅਸੀਂ ਇਕ ਜਗਾਹ ਰੇਡ ਕੀਤੀ। ਉਹ ਕਿਸੇ ਬਾਗੀ ਦਾ ਦਫਤਰ ਸੀ। ਦਫਤਰ ਵਿਚੋਂ ਹੱਥ ਲਗਿਆ ਬਹੁਤਾ ਮਾਲ ਅਫਸਰ ਸਾਂਭ ਗਏ ਤੇ ਸਾਬ ਨੂੰ ਇਕ ਟਾਈਪ ਰਾਈਟਰ ਦੇ ਦਿੱਤੀ। ਟਾਈਪ ਰਾਈਟਰ ਨੂੰ ਦੇਖ ਕੇ ਅਸੀਂ ਬਹੁਤ ਹੱਸੇ। ਟਾਈਪ ਰਾਈਟਰ ਸਾਬ ਨੇ ਕਾਲਜ ਪੜ੍ਹਦੇ ਕਿਸੇ ਨਾਗੇ ਮੁੰਡੇ ਨੂੰ ਦੇ ਦਿੱਤੀ ਤੇ ਇਹ ਮੁੜ ਕੇ ਫਿਰ ਬਾਗੀਆਂ ਕੋਲ ਪੁੱਜ ਗਈ।

ਮੇਰੇ ਮਨੀਪੁਰ ਦੇ ਇਲਾਕੇ ਵਿਚ ਪੁੱਜਣ ਤੋਂ ਪਹਿਲਾਂ ਸਾਬ ਦੇ ਇਕ ਮਤਿਹਤ ਨੇ ਕਿਸੇ ਨਾਗਾ ਔਰਤ ਦਾ ਬਲਾਤਕਾਰ ਕਰ ਦਿੱਤਾ ਸੀ ਜਿਸ ਦਾ ਸਾਬ ਦੀ ਨੌਕਰੀ ਉਪਰ ਬਹੁਤ ਅਸਰ ਪਿਆ। ਸਾਬ ਕਈ ਇਨਾਮਾਂ ਦੇ ਹੱਕਦਾਰ ਬਣਦੇ ਸਨ ਪਰ ਉਸ ਘਟਨਾ ਕਰਕੇ ਨਹੀਂ ਮਿਲੇ। ਸੀ.ਆਰ.ਪੀ. ਦਾ ਇਕ ਇਨਾਮ ਹੁੰਦਾ ਹੈ ਗੈਲੰਟਰੀ ਅਵਾਰਡ ਜਾਣੀ ਕਿ ਬਹਾਦਰੀ ਦਾ ਇਨਾਮ ਜਿਸ ਦੇ ਸਾਬ ਹੱਕਦਾਰ ਸਨ ਪਰ



ਉਪਰੋਕਤ ਘਟਨਾ ਕਾਰਨ ਇਹ ਇਨਾਮ ਇਹਨਾਂ ਨੂੰ ਨਹੀਂ ਮਿਲ ਸਕਿਆ। ਵੈਸੇ ਤਾਂ ਇਹਨਾਂ ਨੂੰ ਵਧੀਆ ਸੇਵਾਵਾਂ ਦੇ ਇਨਾਮ ਨਾਲ ਨਿਵਾਜਿਆ ਗਿਆ ਸੀ ਪਰ ਇਹ ਬਹਾਦਰੀ ਵਾਲੇ ਇਨਾਮ ਦੇ ਹੱਕਦਾਰ ਵੀ ਸਨ। ਕੋਈ ਮਤਿਹਤ ਗਲਤ ਕੰਮ ਕਰ ਗਿਆ ਹੋਵੇ ਵਖਰੀ ਗੱਲ ਹੈ ਪਰ ਸਾਬ ਦਾ ਇਲਾਕੇ ਵਿਚ ਅਕਸ ਬਹੁਤ ਸੁਹਣਾ ਸੀ। ਨਾਗਾ ਲੋਕ ਵੀ ਉਹਨਾਂ ਦੀ ਬਹੁਤ ਇੱਜ਼ਤ ਕਰਦੇ ਸਨ। ਕਈ ਲੋਕ ਤਾਂ ਪੰਚਾਇਤ ਵਿਚ ਜਾਣ ਦੀ ਥਾਂ ਆਪਣਾ ਫੈਸਲਾ ਕਰਾਉਣ ਸਾਡੀ ਪੋਸਟ 'ਤੇ ਆ ਜਾਂਦੇ।

ਕੋਹੀਮਾ ਤੇ ਇੰਫਾਲ ਸ਼ਹਿਰ ਤਾਂ ਬਹੁਤ ਖੂਬਸੂਰਤ ਸਨ ਪਰ ਮਨੀਪੁਰ ਦੇ ਇਲਾਕੇ ਦੇ ਪਿੰਡਾਂ ਵਿਚ ਬਹੁਤ ਗਰੀਬੀ ਸੀ ਤੇ ਸਾਡਾ ਵਾਹ ਇਹਨਾਂ ਪਿੰਡਾਂ ਨਾਲ ਹੀ ਸੀ। ਕਈ ਗਰੀਬ ਲੋਕ ਸਾਬ ਕੋਲ ਆਰਥਿਕ ਮੱਦਦ ਮੰਗਣ ਆ ਜਾਂਦੇ। ਇਕ ਵਾਰ ਇਕ ਔਰਤ ਨੂੰ ਦਸ ਰੁਪਏ ਚਾਹੀਦੇ ਸਨ। ਉਹ ਸਾਬ ਤੋਂ ਉਧਾਰ ਮੰਗਣ ਆ ਗਈ ਤੇ ਆਪਣੇ ਨਾਲ ਦੋ ਕੁਕੜੀਆਂ ਲੈ ਆਈ ਕਿ ਜਿੰਨਾ ਚਿਰ ਉਹ ਪੈਸੇ ਨਹੀਂ ਮੋੜਦੀ ਓਨਾ ਚਿਰ ਕੁਕੜੀਆਂ ਰੱਖ ਲਵੋ। ਇਕ ਵਾਰ ਕੋਈ ਸਾਬ ਨੂੰ ਇਕ ਬਕਰੀ ਦੇ ਗਿਆ ਤੇ ਕੁਝ ਪੈਸੇ ਲੈ ਗਿਆ। ਇਕ ਵਾਰ ਇਕ ਗਾਂ ਵੀ। ਗਾਂ ਦਾ ਤਾਂ ਸਾਨੂੰ ਬਹੁਤ ਫਾਇਆ ਹੋਇਆ। ਦੁੱਧ ਦਿੰਦੀ ਸੀ। ਅਸੀਂ ਚੋਅ ਕੇ ਚਰਨੀ ਛੱਡ ਦੇਣੀ ਤੇ ਚੋਣ ਵੇਲੇ ਫਿਰ ਫੜ ਲੈਣੀ। ਇਕ ਵਾਰੀ ਸਾਬ ਨੂੰ ਕੋਈ ਇਕ ਕੁੱਤਾ ਦੇ ਗਿਆ। ਕੁੱਤਾ ਵਧੀਆ ਨਸਲ ਦਾ ਸੀ। ਸਾਡਾ ਇਕ ਸਿਪਾਹੀ ਸੀ; ਸਿਰੀ ਰਾਮ, ਉਹਨੇ ਕੁੱਤੇ ਨੂੰ ਸਰਕਸ ਵਾਲਿਆਂ ਵਾਂਗ ਟਰੇਂਡ ਕਰ ਲਿਆ। ਲੋਕਾਂ ਦੇ ਇਸ ਨੇੜ ਦਾ ਫਾਇਦਾ ਇਹ ਹੁੰਦਾ ਕਿ ਇਹ ਭੋਲੇ ਭਾਲੇ ਲੋਕ ਸਹਿਜ ਸੁਭਾਅ ਹੀ ਸਾਨੂੰ ਕੋਈ ਨਾ ਕੋਈ ਟਿੱਪ ਦੇ ਜਾਂਦੇ ਭਾਵ ਕਿ ਮੁਖਬਰੀ ਕਰ ਜਾਂਦੇ ਜੋ ਬਾਗੀਆਂ ਨੂੰ ਫੜਨ ਵਿਚ ਸਹਾਈ ਹੋ ਜਾਂਦੀ। ਬਾਗੀ ਵੀ ਕਈ ਵਾਰ ਹੈਰਾਨ ਹੋ ਜਾਂਦੇ ਕਿ ਇੰਨੀ ਸਹੀ ਮੁਖਬਰੀ ਕੌਣ ਕਰ ਰਿਹਾ ਹੈ।

ਨੇੜੇ ਦੇ ਪਿੰਡਾਂ ਦੇ ਕੁਝ ਪੜ੍ਹੇ-ਲਿਖੇ ਲੋਕ ਸਾਡੇ ਨਾਲ ਬਹਿਸ ਕਰਨ ਵੀ ਆ ਜਾਂਦੇ ਕਿ ਅਸੀਂ ਕਿਉਂ ਇਹ ਫੜ ਫੜਾਈ ਕਰ ਰਹੇ ਹਾਂ। ਹੈਰਾਨੀ ਦੀ ਗੱਲ ਹੁੰਦੀ ਕਿ ਸਾਬ ਉਹਨਾਂ ਨਾਲ ਪੂਰੀ ਬਹਿਸ ਕਰਦੇ। ਸਾਬ ਕਹਿੰਦੇ ਕਿ ਨਾਗਲੈਂਡ ਨਾਮੀਂ ਸੂਬਾ ਮੰਗਣ ਨਾਲੋਂ ਤੁਸੀਂ ਆਪਣੇ ਲੋਕਾਂ ਲਈ ਆਰਥਿਕ ਮੱਦਦ ਦੀ ਮੰਗ ਕਰੋ, ਹੋਰ ਸਕੂਲ ਖੋਹਲਣ ਲਈ ਸਰਕਾਰ 'ਤੇ ਦਬਾਅ ਪਾਓ। ਅਖ਼ਬਾਰਾਂ ਵਿਚੋਂ ਸਾਬ ਨੇ ਨਾਗਾਲੈਂਡ ਦੇ ਬਾਗੀਆਂ ਦੀ ਲਹਿਰ ਬਾਰੇ ਚੰਗੀ ਤਰ੍ਹਾਂ ਪੜ੍ਹ ਲਿਆ ਹੋਇਆ ਸੀ।

ਸਾਡੇ ਤੋਂ ਪਹਿਲਾਂ ਵੀ ਤੇ ਸਾਡੇ ਤੋਂ ਬਾਅਦ ਵੀ ਸਾਡੇ ਵਾਲੀ ਪੋਸਟ 'ਤੇ ਬਾਗੀਆਂ ਵੱਲੋਂ ਕਈ ਵਾਰ ਹਮਲਾ ਹੋਇਆ ਸੀ ਪਰ ਕਿਸੇ ਬਾਗੀ ਨੇ ਸਾਡੀ ਪੋਸਟ ਨੂੰ ਜਾਂ ਸਾਨੂੰ ਕੋਈ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਹਾਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਇਕ ਵਾਰ ਸਾਡੀ ਪੋਸਟ 'ਤੇ ਹਮਲਾ ਹੋਇਆ ਪਰ ਸਾਬ ਪੋਸਟ 'ਤੇ ਹਾਜ਼ਰ ਨਹੀਂ ਸਨ, ਹਮਲਾ ਵੀ ਛੋਟਾ ਹੀ ਸੀ ਅਸੀਂ ਸਹਿਜੇ ਹੀ

ਪੱਛਾੜ ਦਿਤਾ। ਅਸੀਂ ਸਾਰੇ ਸੋਚਦੇ ਸਾਂ ਕਿ ਬਾਗੀਆਂ ਨੂੰ ਪਤਾ ਸੀ ਕਿ ਸਾਬ ਕੋਹੀਮੇ ਗਏ ਹੋਏ ਹਨ, ਸ਼ਾਇਦ ਇਹ ਹਮਲਾ ਆਪਣੀ ਕਾਰਵਾਈ ਪਾਉਣ ਲਈ ਹੀ ਕੀਤਾ ਹੋਵੇ। ਮੈਂ ਅੱਜ ਵੀ ਸੋਚਦਾ ਹਾਂ ਕਿ ਸ਼ਾਇਦ ਇਹ ਸਾਬ ਪ੍ਰਤੀ ਬਾਗੀਆਂ ਦੀ ਕਿਸੇ ਕਿਸਮ ਦੀ ਸਦਭਾਵਨਾ ਹੀ ਹੋਵੇਗੀ, ਬਾਗੀਆਂ ਦੇ ਮਨਾਂ ਦਾ ਕੋਈ ਕੋਨਾ ਸਾਬ ਨਾਲ ਲਗਾਵ ਰੱਖਦਾ ਹੋਵੇਗਾ ਕਿਉਂਕਿ ਸਾਬ ਲੋਕਾਂ ਨਾਲ ਬਹੁਤ ਵਧੀਆ ਤਰੀਕੇ ਨਾਲ ਵਰਤਿਆ ਕਰਦੇ। ਜਿਥੇ ਕਿਸੇ ਘਰ ਵਿਚ ਕੋਈ ਬਾਗੀ ਲੁਕਿਆ ਹੁੰਦਾ ਉਸ ਘਰ ਲੋਕਾਂ ਨੂੰ ਅਸੀਂ ਕੁਝ ਨਾ ਕਹਿੰਦੇ। ਸਾਨੂੰ ਪਤਾ ਸੀ ਕਿ ਉਹ ਲੋਕ ਬਹੁਤੀ ਵਾਰੀ ਮਜਬੂਰ ਹੀ ਹੁੰਦੇ ਹਨ ਤੇ ਅਜਿਹੇ ਲੋਕਾਂ ਨੂੰ ਅਸੀਂ ਤੰਗ ਕਰਾਂਗੇ ਤਾਂ ਉਹਨਾਂ ਲੋਕਾਂ ਦੀ ਬਾਗੀਆਂ ਨਾਲ ਹਮਦਰਦੀ ਹੋਰ ਵਧ ਜਾਵੇਗੀ। ਅਸੀਂ ਕਿਸੇ ਬਾਗੀ ਦੇ ਪਰਿਵਾਰ ਨੂੰ ਵੀ ਕਦੇ ਤੰਗ ਨਹੀਂ ਸੀ ਕਰਦੇ ਇਸ ਕਰਕੇ ਵੀ ਬਾਗੀ ਨਾਗਿਆਂ ਦੀ ਸਾਬ ਨਾਲ ਦੁਸ਼ਮਣੀ ਘੱਟ ਕੁੜੱਤਣ ਵਾਲੀ ਸੀ।

ਇਕ ਵਾਰ ਦੀ ਇਕ ਘਟਨਾ ਨੇ ਸਾਬ ਉਪਰ ਬਹੁਤ ਅਸਰ ਕੀਤਾ। ਇਕ ਸਕੂਲ ਮਾਸਟਰ ਸੀ ਜੋ ਸਾਬ ਨੂੰ ਕਈ ਵਾਰ ਮਿਲਣ ਆਉਂਦਾ ਤਾਂ ਉਸ ਦੇ ਸਿਪਾਹੀਆਂ ਦੀਆਂ ਸ਼ਿਕਾਇਤਾਂ ਕਰਦਾ ਰਹਿੰਦਾ। ਉਹ ਸਾਬ ਦੇ ਖਿਲਾਫ ਵੀ ਕੋਈ ਨਾ ਕੋਈ ਸ਼ਿਕਾਇਤ ਲਿਖ ਕੇ ਉਪਰ ਨੂੰ ਭੇਜ ਛੱਡਦਾ। ਇਕ ਦਿਨ ਕੋਈ ਸਾਧਾਰਨ ਜਿਹਾ ਬੰਦਾ ਸਾਬ ਨੂੰ ਆ ਕੇ ਪੁੱਛਣ ਲਗਿਆ ਕਿ ਤੈਨੂੰ ਬਾਗੀਆਂ ਬਾਰੇ ਇੰਨੀ ਜਾਣਕਾਰੀ ਕਿਥੋਂ ਮਿਲ ਜਾਂਦੀ ਹੈ ਕਿਉਂਕਿ ਬਾਗੀ ਬਹੁਤ ਹੀ ਹੈਰਾਨ ਸਨ ਕਿ ਉਹਨਾਂ ਦੇ ਟਿਕਾਣਿਆਂ ਦਾ ਸਾਨੂੰ ਕਿਵੇਂ ਪਤਾ ਲਗ ਜਾਂਦਾ ਹੈ। ਉਸ ਬੰਦੇ ਨੇ ਪੁੱਛਿਆ ਤਾਂ ਸਾਬ ਨੇ ਮਜ਼ਾਕ ਵਿਚ ਮਾਸਟਰ ਦਾ ਨਾਂ ਲੈ ਦਿੱਤਾ। ਅਗਲੇ ਦਿਨ ਬਾਗੀਆਂ ਨੇ ਮਾਸਟਰ ਨੂੰ ਮਾਰ ਦਿੱਤਾ। ਸਾਬ ਨੂੰ ਬਹੁਤ ਦੁੱਖ ਲਗਿਆ। ਇਕ ਤਾਂ ਮਾਸਟਰ ਨਿਹੱਕਾ ਸੀ ਤੇ ਦੂਜੇ ਉਸ ਦਾ ਪਿੱਛੇ ਛੋਟਾ ਪਰਿਵਾਰ ਸੀ। ਇਸ ਤੋਂ ਵੱਡੀ ਗੱਲ ਇਹ ਸੀ ਕਿ ਇਸ ਪਿੰਡ ਨੂੰ ਹੁਣ ਦੇਰ ਤਕ ਮਾਸਟਰ ਨਹੀਂ ਸੀ ਜੁੜਨਾ। ਬੱਚੇ ਅਨਪੜ੍ਹ ਰਹਿ ਜਾਣੇ ਸਨ। ਇਸ ਗੱਲ ਦਾ ਅਫਸੋਸ ਸਾਬ ਨੂੰ ਨਾਗਾਲੈਂਡ ਵਿਚੋਂ ਵਾਪਸ ਆ ਜਾਣ ਤਕ ਰਿਹਾ।

ਸਾਬ ਹਰ ਵੇਲੇ ਕੁਝ ਹਜ਼ਾਰ ਰੁਪਏ ਆਪਣੇ ਕੋਲ ਰੱਖਦੇ ਸਨ। ਇਹਨਾਂ ਵਿਚੋਂ ਕੁਝ ਤਾਂ ਸਰਕਾਰ ਵੱਲੋਂ ਮੁਖਬਰਾਂ ਉਪਰ ਖਰਚਣ ਲਈ ਹੁੰਦੇ ਸਨ ਤੇ ਕੁਝ ਸਾਬ ਦੇ ਆਪਣੇ। ਮੈਂ ਕਈ ਵਾਰੀ ਇਹਨਾਂ ਤੋਂ ਲੈ ਕੇ ਆਪਣੇ ਘਰ ਨੂੰ ਪੈਸੇ ਭੇਜ ਦਿੰਦਾ ਫਿਰ ਤਨਖਾਹ ਵਿਚੋਂ ਕਟਵਾ ਦਿੰਦਾ। ਇਸ ਗੱਲ ਦਾ ਮੈਨੂੰ ਬਹੁਤ ਸਹਾਰਾ ਹੋ ਜਾਂਦਾ। ਮੇਰੇ ਵੱਲ ਦੇਖ ਕੇ ਕਈ ਹੋਰ ਵੀ ਕਰਨ ਲਗੇ। ਥੋੜ੍ਹੇ ਕੀਤੇ ਸਾਬ ਕਿਸੇ ਦੀ ਮੱਦਦ ਕਰਨ ਤੋਂ ਪਿੱਛੇ ਨਹੀਂ ਸਨ ਹਟਿਆ ਕਰਦੇ।

ਹੁਣ ਤਕ ਤਾਂ ਅਸੀਂ ਸਾਰੇ ਹੀ ਨਾਗਿਆਂ ਦੀ ਬੋਲੀ ਸਿਖ ਗਏ ਸਾਂ ਪਰ ਸਾਬ ਨੇ



ਬਹੁਤ ਜਲਦੀ ਸਿਖ ਲਈ ਸੀ। ਦੱਸਦੇ ਹੁੰਦੇ ਸਨ ਕਿ ਕਿਸੇ ਵੇਲੇ ਉਹ ਮਿਲਟਰੀ ਵਿਚ ਹੁੰਦਿਆਂ ਉਹ ਅਫਗਾਨਿਸਤਾਨ ਦੇ ਬਾਰਡਰ 'ਤੇ ਰਹੇ ਸਨ। ਉਥੇ ਜਿਹੜਾ ਆਰਮੀਮੈਨ ਸਥਾਨਕ ਬੋਲੀ ਪਸ਼ਤੋਂ ਸਿਖ ਲਵੇ ਉਸ ਨੂੰ ਇਕ ਰੁਪੱਈਆ ਬੋਨਸ ਵਜੋਂ ਮਿਲਿਆ ਕਰਦਾ ਸੀ ਤੇ ਉਹ ਇਹ ਬੋਨਸ ਲੈਂਦੇ ਰਹੇ ਹਨ।

ਜਿਹੜੀ ਮੁਕਾਬਲੇ ਵਿਚ ਬੰਦਾ ਮਰਨ ਵਾਲੀ ਗੱਲ ਮੈਂ ਪਹਿਲਾਂ ਕਹੀ ਸੀ ਉਹ ਇਵੇਂ ਹੋਈ ਕਿ ਇਕ ਵਾਰ ਸਾਡਾ ਬਾਗੀਆਂ ਨਾਲ ਸਾਹਮਣਾ ਹੋ ਗਿਆ। ਉਹ ਵੀ ਭੱਜਣਾ ਚਾਹੁੰਦੇ ਸਨ ਤੇ ਅਸੀਂ ਵੀ ਉਹਨਾਂ ਨੂੰ ਮਾਰਨ ਦੇ ਹੱਕ ਵਿਚ ਨਹੀਂ ਸਾਂ। ਇਹ ਅਜਿਹਾ ਮੌਕਾ ਤਾਂ ਹੈ ਨਹੀਂ ਸੀ ਕਿ ਅਸੀਂ ਉਹਨਾਂ ਨੂੰ ਫੜ ਸਕਦੇ ਪਰ ਸਾਨੂੰ ਇਹ ਵੀ ਡਰ ਸੀ ਕਿ ਜੇ ਇਤਆਤ ਨਾ ਵਰਤੀ ਤਾਂ ਉਹ ਸਾਡੇ ਕਿਸੇ ਬੰਦੇ ਦਾ ਨੁਕਸਾਨ ਵੀ ਕਰ ਸਕਦੇ ਹਨ। ਸਾਡੇ ਵਿਚਕਾਰ ਗੋਲੀ ਬਾਰੀ ਸ਼ੁਰੂ ਹੋ ਗਈ ਜੋ ਕਾਫੀ ਦੇਰ ਤਕ ਚਲਦੀ ਰਹੀ। ਉਹਨਾਂ ਦਾ ਇਕ ਬੰਦਾ ਮਾਰਿਆ ਗਿਆ ਤੇ ਬਾਕੀ ਭੱਜ ਗਏ। ਜਿਹੜਾ ਬੰਦਾ ਮਾਰਿਆ ਗਿਆ ਉਹ ਬਾਗੀ ਨਾਗਿਆਂ ਦੇ ਪੁਲਿਟੀਕਰਲ ਵਿੰਗ ਦਾ ਲੀਡਰ ਸੀ। ਇਲਾਕੇ ਵਿਚ ਉਸ ਦਾ ਕਾਫੀ ਨਾਂ ਸੀ। ਸਾਬ ਨੇ ਕਿਹਾ ਕਿ ਇਹ ਤਾਂ ਮੁਸੀਬਤ ਖੜੀ ਹੋ ਜਾਵੇਗੀ। ਉਹਨਾਂ ਨੇ ਇਸ ਓਪਰੇਸ਼ਨ ਨੂੰ ਬਹੁਤ ਵੱਡਾ ਮੁਕਾਬਲਾ ਦਿਖਾਇਆ। ਉਪਰਲੇ ਅਫਸਰ ਵੀ ਇਕੱਠੇ ਹੋ ਗਏ। ਉਹ ਸਾਬ ਨਾਲ ਸਹਿਮਤ ਸਨ। ਇਸ ਮੁਕਾਬਲੇ ਦਾ ਮੈਨੂੰ ਹੀਰੋ ਦਿਖਾਇਆ ਗਿਆ ਜਿਸ ਦੇ ਬਦਲੇ ਵਿਚ ਮੈਨੂੰ ਗੈਲੰਟਰੀ ਅਵਾਰਡ ਭਾਵ ਕਿ ਬਹਾਦਰੀ ਦਾ ਇਨਾਮ ਮਿਲਿਆ ਤੇ ਮੈਂ ਛੇਤੀ ਹੀ ਸਬ ਇੰਸਪੈਕਟਰ ਵੀ ਬਣ ਗਿਆ। ਇਹ ਸਭ ਸਾਬ ਕਰਕੇ ਸੀ। ਫਿਰ ਸਾਡੀ ਉਥੋਂ ਬਦਲੀ ਹੋ ਗਈ। ਅਸੀਂ ਦਿੱਲੀ ਆ ਗਏ। ਸਾਡਾ ਕੈਂਪ ਦਿੱਲੀ ਦੀ ਰੰਗਸ਼ਾਲਾ ਵਿਚ ਲਗ ਗਿਆ। ਦਿੱਲੀ ਆ ਕੇ ਅਸੀਂ ਛੱਬੀ ਜਨਵਰੀ ਦੀ ਪਰੇਡ ਵਿਚ ਹਿੱਸਾ ਲੈਣਾ ਸੀ। ਉਸ ਦੀ ਤਿਆਰੀ ਕਰਨ ਲਗੇ। ਛੱਬੀ ਜਨਵਰੀ ਨਾਲ ਉਹਨਾਂ ਨੂੰ ਅਜੀਬ ਜਿਹਾ ਮੋਹ ਸੀ। ਕਈ ਵਾਰ ਇਸ ਦਿਨ ਦੀ ਪਰੇਡ ਵਿਚ ਉਹ ਹਿੱਸਾ ਵੀ ਲੈ ਚੁੱਕੇ ਸਨ ਤੇ ਕਈ ਵਾਰ ਇਸ ਦਿਨ ਦੀ ਪਰੇਡ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਨਿਭਾ ਚੁੱਕੇ ਸਨ। ਜਦੋਂ ਦਿੱਲੀ ਤੋਂ ਬਾਹਰ ਹੁੰਦੇ ਤਾਂ ਉਹ ਇਸ ਦਿਨ ਰੇਡੀਓ ਤੋਂ ਪਰੇਡ ਦਾ ਅੱਖੀਂ ਡਿੱਠਾ ਹਾਲ ਸੁਣਦੇ ਰਹਿੰਦੇ। ਦਿੱਲੀ ਰਹਿੰਦਿਆਂ ਉਹ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਕਿਊਰਟੀ-ਗਾਰਡਜ਼ ਵਿਚ ਵੀ ਰਹੇ। ਉਹ ਇੰਦਰਾ ਗਾਂਧੀ ਤੇ ਉਸ ਦੇ ਮੁੰਡੇ ਸੰਜੇ ਗਾਂਧੀ ਦੀਆਂ ਅਜੀਬ ਅਜੀਬ ਕਹਾਣੀਆਂ ਸੁਣਾਉਂਦੇ। ਉਹ ਦੱਸਦੇ ਕਿ ਜਿਸ ਦਿਨ ਇੰਦਰਾ ਗਾਂਧੀ ਪਾਰਲੀਮਿੰਟ ਵਿਚ ਜਿੱਤ ਜਾਂਦੀ ਤਾਂ ਬਹੁਤ ਸ਼ਰਾਬ ਪੀਂਦੀ ਸੀ। ਸੰਜੇ ਗਾਂਧੀ ਨੂੰ ਮਨਿਸਟਰਾਂ ਦੀਆਂ ਕੁੜੀਆਂ ਸ਼ਰੇਆਮ ਮਿਲਣ ਆਉਂਦੀਆਂ ਸਨ।

ਉਹਨਾਂ ਦੀ ਇਕ ਹੋਰ ਆਦਤ ਸੀ ਕਿ ਉਹ ਹਰ ਵੇਲੇ ਲਤੀਫੇ ਸੁਣਾਉਂਦੇ ਰਹਿੰਦੇ। ਲਤੀਫਿਆਂ ਦਾ ਉਹਨਾਂ ਪਾਸ ਅਮੁੱਕ ਭੰਡਾਰਾ ਸੀ। ਜਿਹੜਾ ਵੀ ਉਹਨਾਂ

ਨਾਲ ਇਕ ਵਾਰ ਗੱਲ ਕਰ ਲੈਂਦਾ ਉਹ ਉਹਨਾਂ ਦਾ ਹੀ ਹੋ ਕੇ ਰਹਿ ਜਾਂਦਾ। ਉਹ ਨਾਗਾਲੈਂਡ ਦੀਆਂ ਕਈ ਪੋਸਟਾਂ ਤੇ ਰਹੇ ਸਨ। ਕੁਝ ਅਜਿਹਾ ਹੁੰਦਾ ਸੀ ਕਿ ਨਾਗਾਲੈਂਡ ਵਿਚ ਰਹਿੰਦਿਆਂ ਸਾਡਾ ਵਾਹ ਹਸਪਤਾਲਾਂ ਨਾਲ ਬਹੁਤ ਰਹਿੰਦਾ ਸੀ। ਕੋਈ ਜ਼ਖਮੀ ਹੋ ਗਿਆ ਜਾਂ ਕੁਝ ਹੋਰ। ਕਈ ਵਾਰ ਕੈਦੀਆਂ ਦਾ ਮੁਆਇਨਾ ਵੀ ਕਰਾਉਣਾ ਪੈਂਦਾ ਸੀ। ਇੰਫਾਲ ਦੇ ਹਸਪਤਾਲ ਵਿਚ ਰਹਿ ਕੇ ਉਹਨਾਂ ਨੇ ਆਪਣੀ ਅੱਖ ਦਾ ਛੋਟਾ ਜਿਹਾ ਓਪਰੇਸ਼ਨ ਵੀ ਕਰਾਇਆ ਸੀ। ਇਕ ਗੱਲ ਦੇਖਣ ਵਿਚ ਆਉਂਦੀ ਸੀ ਕਿ ਹਸਪਤਾਲ ਦੀਆਂ ਨਰਸਾਂ ਉਹਨਾਂ ਨਾਲ ਇਕ ਦਮ ਘੁਲ਼ ਮਿਲ਼ ਜਾਂਦੀਆਂ। ਮੈਂ ਸੋਚਦਾ ਕਿ ਐਡਾ ਸੁਨੱਖਾ ਆਦਮੀ ਤਾਂ ਔਰਤਾਂ ਦੇ ਸੁਪਨੇ ਵਿਚ ਵੀ ਨਹੀਂ ਆਉਂਦਾ ਹੋਣਾ ਤੇ ਇਹ ਤਾਂ ਸ਼ਾਖਸ਼ਾਤ ਉਹਨਾਂ ਦੇ ਸਾਹਮਣੇ ਹਾਜ਼ਰ ਸੀ, ਸੁਪਨਾ ਪੂਰਾ ਹੋਣ ਵਾਲੀ ਗੱਲ ਵਾਂਗ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਇਕ ਵਾਰ ਕਿਸੇ ਫਿਲਮ ਦੀ ਸ਼ੂਟਿੰਗ ਚਲ ਰਹੀ ਸੀ, ਸਾਬ ਦੀ ਉਥੇ ਡਿਊਟੀ ਲਗੀ ਹੋਈ ਸੀ ਤੇ ਸਾਬ ਨੂੰ ਫਿਲਮ ਵਿਚ ਕਿਸੇ ਰੋਲ ਦੀ ਔਫਰ ਵੀ ਹੋਈ ਸੀ। ਮੈਂ ਇਸ ਖਬਰ ਦੀ ਪੁਸ਼ਟੀ ਕਰਨ ਲਈ ਸਾਬ ਤੋਂ ਪੁੱਛਿਆ ਤਾਂ ਕਹਿਣ ਲਗੇ ਕਿ ਇਹ ਕੰਜਰਾਂ ਵਾਲਾ ਕੰਮ ਭਲਾ ਮੈਂ ਕਿਵੇਂ ਕਰ ਸਕਦਾ ਸੀ।

ਮੇਰਾ ਪਿੰਡ ਦਿੱਲੀ ਤੋਂ ਬਹੁਤੀ ਦੂਰ ਨਹੀਂ ਹੈ। ਹਰਿਆਣੇ ਤੇ ਪੰਜਾਬ ਦੇ ਬਾਰਡਰ ਤੇ ਹੀ ਜੀ. ਟੀ. ਰੋਡ ਤੋਂ ਪੰਜ ਕੁ ਕਿਲੋਮੀਟਰ ਹਟਵਾਂ ਹੈ ਤਾਰਾ ਗੜ੍ਹ। ਅਸੀਂ ਦਿੱਲੀ ਸਾਂ ਤਾਂ ਮੇਰਾ ਭਰਾ ਆਮ ਤੌਰ ਤੇ ਆ ਕੇ ਘਿਓ ਜਾਂ ਦੁੱਧ ਦੇ ਜਾਂਦਾ। ਇਕ ਵਾਰੀ ਮੈਂ ਤੇ ਸਾਬ ਮੇਰੇ ਪਿੰਡ ਚਲੇ ਗਏ। ਮੇਰੇ ਘਰਦੇ ਸਾਬ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਖਾਸ ਤੌਰ ਤੇ ਮੇਰੇ ਪਿਤਾ। ਕਿਸੇ ਵੇਲੇ ਮੇਰੇ ਪਿਤਾ ਨੂੰ ਸਾਬ ਕਰਕੇ ਤਾਂ ਸਰਪੰਚੀ ਮਿਲੀ ਸੀ। ਮੇਰੇ ਪਿਤਾ ਨਾ ਮੀਟ ਖਾਂਦੇ ਸਨ ਤੇ ਨਾ ਹੀ ਸ਼ਰਾਬ ਪੀਂਦੇ ਸਨ। ਮੈਂ ਸਾਬ ਨੂੰ ਇਹ ਗੱਲ ਦੱਸੀ ਤਾਂ ਉਹ ਹੱਸਦੇ ਹੋਏ ਕਹਿਣ ਲਗੇ,

"ਅਭੈ ਸਿੰਘ, ਮੀਟ ਤੋਂ ਬਿਨਾਂ ਤਾਂ ਕੰਮ ਚਲ ਜਾਏਗਾ ਪਰ ਦਾਰੂ ਬਿਨਾਂ ਨਹੀਂ ਚਲਣਾ, ਚਲ ਆਪਾਂ ਨੇੜੇ ਦੇ ਕਿਸੇ ਕਿਸੇ ਠੇਕੇ ਤੇ ਚਲੇ ਚਲਦੇ ਆਂ।"

ਮੇਰੇ ਪਿਤਾ ਨੇ ਆਪਣੇ ਸਾਰੇ ਅਸੂਲ ਭੁੱਲ ਕੇ ਸਾਬ ਲਈ ਘਰ ਮੀਟ ਵੀ ਬਣਾਇਆ ਤੇ ਦੇਸੀ ਸ਼ਰਾਬ ਦਾ ਇੰਤਜ਼ਾਮ ਵੀ ਕਰ ਦਿੱਤਾ।

ਫਿਰ ਪੁਲੀਸ ਮੈਡਲ ਵੀ ਸਾਨੂੰ ਇਕੱਠਿਆਂ ਨੂੰ ਮਿਲੇ। ਮੈਨੂੰ ਬਹਾਦਰੀ ਦਾ ਪੁਲੀਸ ਮੈਡਲ ਤੇ ਸਾਬ ਨੂੰ ਚੰਗੀਆਂ ਸੇਵਾਵਾਂ ਦਾ ਪੁਲੀਸ ਮੈਡਲ। ਇਹ ਇਨਾਮ ਸੀ.ਆਰ.ਪੀ. ਵੱਲੋਂ ਇਕ ਬਹੁਤ ਵੱਡਾ ਸਮਾਗਮ ਰਚਾ ਕੇ ਦਿੱਤੇ ਗਏ। ਇਸ ਵਿਚ ਸਾਡੇ ਪਰਿਵਾਰ ਵੀ ਸ਼ਾਮਲ ਹੋਏ। ਸਾਬ ਦਾ ਵੱਡਾ ਮੁੰਡਾ ਜਿੰਦਰ ਵੀ ਆਇਆ। ਉਹ ਉਦੋਂ ਮੇਰਠ ਦੀ ਯੂਨੀਵਰਸਟੀ ਵਿਚ ਕਾਨੂੰਨ ਦੀ ਪੜ੍ਹਾਈ ਕਰਦਾ ਸੀ। ਉਦੋਂ ਹੀ ਮੇਰੀ ਜਿੰਦਰ ਨਾਲ ਵਾਕਫੀ ਪਈ, ਜੋ ਦੋਸਤੀ ਵਿਚ ਬਦਲ ਗਈ ਤੇ ਅੱਜ ਤਕ ਚਲ ਰਹੀ ਹੈ। ਦਿੱਲੀ ਤੋਂ ਮੇਰੀ ਬਦਲੀ ਗੁਹਾਟੀ ਦੀ ਹੋ ਗਈ ਤੇ ਸਾਬ ਕਸ਼ਮੀਰ ਚਲੇ ਗਏ। ਮੁੜ



ਕੇ ਸਾਡੀ ਸੰਖੇਪ ਜਿਹੀ ਮੁਲਾਕਾਤ ਉਦੋਂ ਹੋਈ ਜਦ ਸਾਬ ਦੇ ਰਿਟਾਇਰ ਹੋਣ ਵਿਚ ਕੁਝ ਦਿਨ ਰਹਿੰਦੇ ਸਨ। ਉਹਨਾਂ ਦੱਸਿਆ ਕਿ ਜਿੰਦਰ ਜਲਦੀ ਇੰਗਲੈਂਡ ਜਾ ਰਿਹਾ ਹੈ। ਸਬੱਬੀਂ ਸਾਬ ਦੀ ਰਿਟਾਇਰਮਿੰਟ ਪਾਰਟੀ ਵਿਚ ਮੈਨੂੰ ਵੀ ਜਾਣ ਦਾ ਮੌਕਾ ਮਿਲ ਗਿਆ। ਅਫਸਰਾਂ ਨੇ ਸਾਬ ਦੀਆਂ ਖੂਬ ਤਰੀਫਾਂ ਕੀਤੀਆਂ, ਉਹ ਹੱਕਦਾਰ ਸਨ ਹੀ। ਇਕ ਅਫਸਰ ਨੇ ਇਥੋਂ ਤਕ ਕਹਿ ਦਿੱਤਾ ਕਿ ਅੱਜ ਸਾਡੇ ਵਿਚੋਂ ਇਕ ਸਾਧ ਅਫਸਰ ਜਾ ਰਿਹਾ ਹੈ ਜਿਸ ਦਾ ਘਾਟਾ ਸ਼ਾਇਦ ਹੀ ਪੂਰਾ ਹੋਵੇ। ਬਾਅਦ ਵਿਚ ਮੈਂ ਸਾਬ ਨੂੰ ਪੁੱਛਿਆ,

"ਸਾਬ, ਤੁਹਾਨੂੰ ਕਦੇ ਗੁੱਸਾ ਨਹੀਂ ਆਉਂਦਾ?"

"ਕਿਉਂ ਨਹੀਂ ਆਉਂਦਾ ਅਭੈ ਸਿੰਘ, ਮੈਂ ਵੀ ਤਾਂ ਇਕ ਸਧਾਰਨ ਇਨਸਾਨ ਆਂ ਪਰ ਮੈਂ ਗੁੱਸੇ ਵਾਲੇ ਥੋੜ੍ਹੇ ਜਿਹੇ ਪਲ ਸਾਂਭ ਲੈਂਨਾ ਤੇ ਗੁੱਸੇ ਵਾਲੀ ਜਗਾਹ ਤੋਂ ਇਧਰ ਓਧਰ ਹੋ ਜਾਨਾਂ ਤੇ ਇਸ ਤਰ੍ਹਾਂ ਔਖੇ ਵੇਲੇ ਤੋਂ ਬਚ ਜਾਨਾਂ।"

ਮੈਨੂੰ ਲਗਿਆ ਕਿ ਸਾਬ ਨੇ ਬਹੁਤ ਵੱਡੀ ਗੱਲ ਕਰ ਦਿੱਤੀ ਹੈ। ਉਹਨਾਂ ਦੀ ਇਸ ਗੱਲ ਦੀ ਮੈਂ ਜ਼ਿੰਦਗੀ ਭਰ ਲੋਕਾਂ ਨੂੰ ਉਦਾਹਰਣ ਦਿੰਦਾ ਰਿਹਾ ਹਾਂ।

ਇਕ ਵਾਰ ਸਾਬ ਤੇ ਜਿੰਦਰ ਦਿੱਲੀ ਨੂੰ ਜਾਂਦੇ ਜਾਂਦੇ ਸਾਡੇ ਘਰ ਆਏ। ਸਾਬ ਜਿੰਦਰ ਨੂੰ ਇੰਗਲੈਂਡ ਲਈ ਚੜ੍ਹਾਉਣ ਜਾ ਰਹੇ ਸਨ। ਪਰ ਮੈਂ ਉਸ ਵਕਤ ਘਰ ਨਹੀਂ ਸਾਂ। ਸੰਨ 1993 ਵਿਚ ਮੈਂ ਵੀ ਡੀ. ਐਸ. ਪੀ. ਬਣ ਕੇ ਰਿਟਾਇਰ ਹੋ ਗਿਆ। ਮੈਂ ਸਾਬ ਨੂੰ ਚਿੱਠੀ ਲਿਖ ਕੇ ਦੱਸਿਆ ਕਿ ਹੁਣ ਮੈਂ ਘਰ ਹੀ ਹੋਵਾਂਗਾ ਜਦੋਂ ਮਰਜ਼ੀ ਆਓ। ਸਾਬ ਦੀ ਚਿੱਠੀ ਆਈ ਕਿ ਭਰਜਾਈ ਜੀ ਬਹੁਤ ਬਿਮਾਰ ਹਨ ਇਸ ਕਰਕੇ ਉਹ ਕਿਸੇ ਪਾਸੇ ਨਹੀਂ ਜਾ ਸਕਦੇ। ਅਕਤੂਬਰ 1994 ਵਿਚ ਇਕ ਸਵੇਰ ਸਾਬ ਅਚਾਨਕ ਆ ਗਏ। ਇੰਨੀ ਸਵੇਰ ਉਹਨਾਂ ਨੂੰ ਦੇਖ ਕੇ ਮੈਂ ਹੈਰਾਨ ਰਹਿ ਗਿਆ। ਉਹਨਾਂ ਦੱਸਿਆ ਕਿ ਭਰਜਾਈ ਜੀ ਪੂਰੇ ਹੋ ਗਏ ਹਨ ਤੇ ਉਹ ਹੁਣ ਜਿੰਦਰ ਕੋਲ ਇੰਗਲੈਂਡ ਚਲੇ ਗਏ ਹਨ। ਇੰਗਲੈਂਡ ਵਿਚ ਦਿਲ ਨਹੀਂ ਲਗਿਆ ਇਸ ਲਈ ਜਲਦੀ ਮੁੜ ਆਏ ਪਰ ਹੁਣ ਉਹ ਇੰਗਲੈਂਡ ਵਿਚ ਪੱਕੇ ਹੋ ਚੁੱਕੇ ਸਨ ਤੇ ਜਦੋਂ ਮਰਜ਼ੀ ਆ ਜਾ ਸਕਦੇ ਸਨ। ਭਰਜਾਈ ਕਾਰਨ ਉਹ ਬਹੁਤ ਉਦਾਸ ਸਨ। ਕੁਝ ਘੰਟੇ ਠਹਿਰੇ ਤੇ ਚਲੇ ਗਏ। ਉਸ ਤੋਂ ਬਾਅਦ ਇਕ ਵਾਰ ਫਿਰ ਆਏ। ਹੁਣ ਉਹ ਬਹੁਤ ਕਮਜ਼ੋਰ ਹੋ ਚੁੱਕੇ ਸਨ। ਮੈਂ ਉਹਨਾਂ ਨੂੰ ਕਿਹਾ ਕਿ ਪਿੰਡ ਵੀ ਤਾਂ ਉਹ ਇਕੱਲੇ ਹੀ ਹੋਣਗੇ, ਕਿਉਂ ਨਾ ਇਥੇ ਮੇਰੇ ਕੋਲ ਹੀ ਰਹਿਣ ਲਗ ਪੈਣ। ਪਰ ਉਹ ਨਾ ਮੰਨੇ। ਹੁਣ ਜਿੰਦਰ ਦੀ ਚਿੱਠੀ ਤੋਂ ਪਤਾ ਚਲਿਆ ਕਿ ਸਾਬ ਵੀ ਪੂਰੇ ਹੋ ਗਏ ਹਨ। ਮੈਨੂੰ ਬਹੁਤ ਦੁੱਖ ਹੋਇਆ। ਮੇਰਾ ਵੱਡਾ ਭਰਾ, ਮੇਰਾ ਦੋਸਤ, ਮੇਰਾ ਰਹਿਬਰ। ਮੈਂ ਜਿੰਦਰ ਨੂੰ ਕਿਹਾ ਕਿ ਤੂੰ ਇਕੱਲਾ ਨਹੀਂ ਯਤੀਮ ਹੋਇਆ ਇਹ ਅਭੈ ਸਿੰਘ ਵੀ ਬਹੁਤ ਇਕੱਲਾ ਰਹਿ ਗਿਆ ਹੈ। ਹੁਣ ਪਤਾ ਨਹੀਂ ਇਸ ਜਹਾਨ ਤੋਂ ਬਾਅਦ ਕੁਝ ਹੋਰ ਹੈ ਵੀ ਕਿ ਨਹੀਂ। ਜੇ ਹੈ ਤਾਂ ਮੈਂ ਕਹਿੰਦਾ ਹਾਂ ਕਿ ਸਾਬ ਇਹ ਅਭੈ ਸਿੰਘ ਤੁਹਾਨੂੰ ਜ਼ਰੂਰ ਮਿਲੇਗਾ।

## ਬਾਗੀ ਨਾਗਿਆਂ ਲਈ ਅਤੰਕ: ਸਾਡਾ ਨਾਇਕ

**(ਲੇਖਕ: ਐਚ. ਐਸ. ਸੇਠੀ)**

**(31 ਦਸੰਬਰ, 1974)**

ਮੁਹਰਲੀਆਂ ਸੱਥਾਂ ਵਿਚ ਲੜਨ ਵਾਲੀ ਇਕ ਬਟਾਲੀਅਨ ਦੀ ਐਫ ਕੰਪਨੀ ਦਾ ਸਬ ਇਨਸਪੈਕਟਰ ਦਰਸ਼ਨ ਸਿੰਘ ਬਾਗੀ ਨਾਗਿਆਂ ਲਈ ਅਤੰਕ ਬਣਿਆ ਖੜਾ ਹੈ।



ਦਰਸ਼ਨ ਸਿੰਘ

ਉਸ ਦਾ ਸਰੀਰਕ ਵਜੂਦ ਹੀ ਡਰ ਪੈਦਾ ਕਰਦਾ ਹੈ। ਉੱਚੇ ਕੱਦ (ਉਹ ਛੇ ਫੁੱਟ ਤੇ ਦੋ ਇੰਚ ਲੰਮਾ ਹੈ) ਤੇ ਜਬਰਦਸਤ ਸਰੀਰ ਦੇ ਮਾਲਕ ਇਸ ਅਫਸਰ ਦੇ ਚਿਹਰੇ ਤੇ ਪੂਰਨ ਆਤਮ ਵਿਸ਼ਵਾਸ਼ ਠਾਠਾਂ ਮਾਰਦਾ ਹੈ।

ਉਮਰ ਨੇ ਉਸ ਉਪਰ ਕੋਈ ਅਸਰ ਨਹੀਂ ਪਾਇਆ। ਬਵੰਜਾ ਸਾਲਾ ਇਹ 'ਨੌਜਵਾਨ' ਦੇਸ਼ ਦਾ ਸਿਪਾਹੀ ਬਿਨਾਂ ਕਿਸੇ ਕਿਸਮ ਦੀ ਥਕਾਵਟ ਜਾਂ ਤਣਾਓ ਦਾ ਦਿਖਾਵਾ ਕੀਤਿਆਂ ਨਾਗਾਲੈਂਡ ਦੇ ਪਹਾੜੀ ਰਸਤਿਆਂ ਉਪਰ ਹਰ-ਰੋਜ਼ ਪੈਦਲ ਤੁਰਿਆ ਫਿਰਦਾ ਹੈ।

ਪਿੰਡ ਫਰਾਲਾ ਜ਼ਿਲ੍ਹਾ ਜਲੰਧਰ ਦਾ ਜੰਮ-ਪਲ ਸਬ ਇਨਸਪੈਕਟਰ ਦਰਸ਼ਨ ਸਿੰਘ ਅਜਿਹੇ ਇਲਾਕੇ ਵਿਚ ਤਾਇਨਾਤ ਹੈ ਜੋ ਕਿ ਸ਼ਾਇਦ ਨਾਗਾਲੈਂਡ ਦਾ ਸਭ ਤੋਂ ਖਤਰਨਾਕ ਇਲਾਕਾ ਹੈ-ਅਜਿਹਾ ਇਲਾਕਾ ਜਿਸ ਦੇ ਸਭ ਤੋਂ ਜ਼ਿਆਦਾ ਲੀਡਰ ਭੂਮੀ-ਗਤ ਹਨ।

ਉਹ ਬਹੁਤ ਹੀ ਨਿਮਰ ਤੇ ਠੰਡੇ ਸੁਭਾਅ ਵਾਲਾ ਹੈ ਤੇ ਆਪਣੀ ਸਾਰੀ ਕਾਮਯਾਬੀ ਦਾ ਸਿਹਰਾ ਆਪਣੀ ਚੰਗੀ ਕਿਸਮਤ ਤੇ ਰੱਬ ਦੇ ਸਿਰ ਬੰਨਦਾ ਆਖਦਾ ਹੈ, "ਰੱਬ ਦੀ ਮਰਜ਼ੀ ਨਾਲ ਮੈਂ ਕਦੇ ਖਾਲੀ ਹੱਥ ਵਾਪਸ ਨਹੀਂ ਆਇਆਂ।" ਪੁੱਛਣ 'ਤੇ ਉਹ ਪੂਰੇ ਮਾਣ ਕਹਿੰਦਾ ਹੈ।



ਸਥਾਨਕ ਵਸਨੀਕਾਂ ਨਾਲ ਉਸ ਦੀ ਦੋਸਤੀ ਉਸ ਦੇ ਬਹੁਤ ਕੰਮ ਆਉਂਦੀ ਹੈ ਜੋ ਕਿ ਉਸ ਨੂੰ ਬਾਗੀ ਨਾਗਿਆਂ ਦੇ ਲੁਕਣ ਦੇ ਥਾਂ ਟਿਕਾਣਿਆਂ ਦਾ ਪਤਾ ਦੇ ਦਿੰਦੇ ਹਨ ਤੇ ਉਸ ਨੂੰ ਕਾਮਯਾਬੀ ਦਵਾ ਦਿੰਦੇ ਹਨ। ਅਜਿਹੀਆਂ ਕਈ ਕਾਮਯਾਬੀਆਂ ਉਸ ਦੇ ਖਾਤੇ ਵਿਚ ਹਨ।

ਬਾਗੀ ਨਾਗਿਆਂ ਦੀ ਅਖਾਉਤੀ ਫੌਜ, 'ਨਾਗਾ ਆਰਮੀ' ਦੇ ਇਕ ਆਪ-ਬਣੇ ਬ੍ਰਿਗੇਡੀਅਰ (ਜੋ ਪਹਿਲਾਂ ਮੇਜਰ ਜਨਰਲ ਸੀ) ਨੂੰ ਦੋ ਸਾਲ ਪਹਿਲਾਂ ਅਪਰੈਲ ਮਹੀਨੇ ਵਿਚ ਫੜਨ ਵਿਚ ਸਬ ਇਨਸਪੈਕਟਰ ਦਰਸ਼ਨ ਸਿੰਘ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ। ਇਸ ਤੋਂ ਬਾਅਦ ਉਸ ਦੀ ਮਦਦ ਨਾਲ ਹੀ 'ਨਾਗਾਲੈਂਡ ਫੈਡਰਲ ਗੌਰਮਿੰਟ' ਦੇ ਦਰਜਨਾਂ ਆਰਮੀ ਤੇ ਸਿਵਲ ਦੇ ਸਵੈ-ਬਣੇ ਅਫਸਰ ਫੜੇ ਗਏ ਸਨ।

ਬਾਗੀਆਂ ਦੇ ਹਾਲੇ ਇਹ ਜ਼ਖਮ ਅੱਲੇ ਹੀ ਸਨ ਕਿ ਸਬ ਇਨਸਪੈਕਟਰ ਦਰਸ਼ਨ ਸਿੰਘ ਨੇ ਇਕ ਵਾਰ ਫਿਰ ਹਿੰਮਤ ਦਿਖਾਈ ਤੇ 'ਨਾਗਾ ਆਰਮੀ ਦੀ ਦਸਵੀਂ ਬਟਾਲੀਅਨ' ਦੇ ਸਵੈ-ਬਣੇ ਲੈਫਟੀਨੈਂਟ ਕਰਨਲ, ਕੰਮਾਂਡਿੰਗ ਅਫਸਰ ਨੂੰ ਫੜ ਲਿਆ। ਉਸ ਨੇ ਇਹ ਸਾਰਾ ਓਪਰੇਸ਼ਨ ਬਹੁਤ ਹੀ ਧਿਆਨ ਨਾਲ ਤਿਆਰ ਕੀਤਾ ਤੇ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜਿਆ। ਸਬ ਇਨਸਪੈਕਟਰ ਨੇ ਆਪਣੀ ਬਟਾਲੀਅਨ ਦੀ ਟੋਪੀ ਵਿਚ ਇਸ ਤੋਂ ਬਾਅਦ ਹੋਰ ਵੀ ਮਾਣ-ਮੱਤੇ ਖੰਭ ਸਜਾਏ ਜਦ ਉਸ ਨੇ ਇਕ ਆਪ-ਬਣੇ 'ਫੌਰਿਸਟ ਇਨਸਪੈਕਟਰ', ਚੈਖਸੈਂਗ ਇਲਾਕੇ ਦੇ 'ਪਰੈਜ਼ੀਡੈਂਟ' ਤੇ 'ਸੁਪਰੀਮ ਕੋਰਟ' ਦੇ ਇਕ ਜੱਜ ਨੂੰ ਆਉਣ ਵਾਲੇ ਮਹੀਨਿਆਂ ਵਿਚ ਕੈਦੀ ਬਣਾ ਲਿਆ। ਬਹੁਤ ਸਾਰੇ ਜ਼ਰੂਰੀ ਡੌਕੂਮੈਂਟ ਤੇ ਹੋਰ ਕਾਗਜ਼ਾਤ ਵੀ ਫੜੇ ਗਏ। ਉਸ ਨੇ ਪੱਚੀ ਐਸ.ਬੀ.ਐਮ.ਐਲ. ਲਸੰਸ ਤੋਂ ਬਿਨਾਂ ਗੰਨਾਂ ਤੇ ਇਕ .303 ਰਾਈਫਲ ਦੋ ਪਿੰਡਾਂ ਦੇ ਵੱਖ ਵੱਖ ਲੋਕਾਂ ਤੋਂ ਫੜ ਲਏ। ਉਸ ਦੀਆਂ ਮਹਿਕਮੇ ਪ੍ਰਤੀ ਵਫਾਦਾਰੀ ਦਿਖਾਉਂਦਿਆਂ ਗਿਆਰਾਂ ਹੋਰ ਬਾਗੀਆਂ ਨੂੰ ਫੜਿਆ ਜਿਹਨਾਂ ਵਿਚੋਂ ਦੋ ਤਾਂ ਹਾਲੇ ਪਿਛਲੇ ਮਹੀਨੇ ਹੀ ਕੈਦ ਕੀਤੇ ਗਏ ਹਨ।

ਸੀ.ਆਰ.ਪੀ.ਐਫ. ਦੀ ਇਸ ਬਟਾਲੀਅਨ ਨੇ ਭੂਮੀ-ਗਤ ਨਾਗਿਆਂ ਦੀ ਵਿਦਰੋਹੀ ਲਹਿਰ ਨੂੰ ਹਿਲਾ ਕੇ ਰੱਖ ਦਿੱਤਾ ਹੈ ਜਿਸ ਵਿਚ ਸਾਡੇ ਇਸ ਨਾਇਕ ਦਰਸ਼ਨ ਸਿੰਘ ਦਾ ਬਹੁਤ ਵੱਡਾ ਹੱਥ ਹੈ।

ਉਹ ਆਪਣੇ ਜਵਾਨਾਂ ਦੀ ਤਰੀਫ ਕਰਦਾ ਵੀ ਨਹੀਂ ਥਕਦਾ। ਜਦ ਉਸ ਨੂੰ ਪੁੱਛਿਆ ਗਿਆ ਕਿ ਘਾਤ ਲਗਾ ਕੇ ਕੀਤੇ ਜਾਣ ਵਾਲੇ ਹਮਲੇ ਤੋਂ ਤਾਂ ਨਹੀਂ ਡਰਦਾ ਤਾਂ ਉਸ ਨੇ ਕਿਹਾ, "ਜਦ ਤਕ ਜਵਾਨ, ਗੰਨ ਤੇ ਰੱਬ ਮੇਰੇ ਨਾਲ ਹੈ ਮੈਨੂੰ ਕਿਸੇ ਤੋਂ ਡਰ ਨਹੀਂ ਲਗਦਾ।"

ਉਹ ਸਦਾ ਹੀ ਭੂਮੀ-ਗਤ ਨਾਗਿਆਂ ਦੀ ਹਿੱਟ ਲਿਸਟ ਤੇ ਰਿਹਾ ਹੈ। ਬਾਗੀਆਂ ਵੱਲੋਂ ਕਈ ਵਾਰ ਉਸ ਨੂੰ ਚੇਤਾਵਨੀਆਂ ਤੇ ਨੋਟਿਸ ਵੀ ਦਿੱਤੇ ਗਏ ਹਨ ਕਿ ਤੇਰੀ

ਪੋਸਟ ਨੂੰ ਤੇ ਤੈਨੂੰ ਉਡਾ ਦਿੱਤਾ ਜਾਵੇਗਾ। ਇਕ ਵਾਰ ਬਾਗੀਆਂ ਨੇ ਬਹੁਤ ਵਿਉਂਤਬੰਦੀ ਨਾਲ ਉਸ ਦੀ ਪੋਸਟ 'ਤੇ ਹਮਲਾ ਕੀਤਾ ਵੀ ਸੀ, ਭਾਵੇਂ ਉਹ ਉਸ ਵੇਲੇ ਆਪਣੀ ਪੋਸਟ 'ਤੇ ਨਹੀਂ ਸੀ, ਪਰ ਉਸ ਦੇ ਜਵਾਨਾਂ ਨੇ ਇਸ ਹਮਲੇ ਦਾ ਮੂੰਹ ਤੋੜ ਜਵਾਬ ਦੇ ਦਿੱਤਾ ਤੇ ਬਾਗੀਆਂ ਨੂੰ ਭਜਾ ਦਿੱਤਾ।

ਕੁਝ ਕਿਸਮਤ ਦਾ ਵੀ ਹੱਥ ਕਿਹਾ ਜਾ ਸਕਦਾ ਹੈ ਕਿ ਇਹ ਨਾਗਾਲੈਂਡ ਦਾ ਬਹੁਤ ਖਤਰਨਾਕ ਇਲਾਕਾ ਹੈ ਜਿਥੇ ਘਾਤ ਲਗਾ ਸਕਣਾ ਅਸਾਨ ਹੈ ਪਰ ਉਸ ਤੇ ਕੋਈ ਐਂਬੁਸ਼ ਜਾਂ ਅਜਿਹਾ ਹਮਲਾ ਨਹੀਂ ਹੋਇਆ। ਇਕ ਵਾਰ ਉਸ ਲਈ ਅਜਿਹੀ ਘਾਤ ਦਾ ਇੰਤਜ਼ਾਮ ਕੀਤਾ ਗਿਆ ਸੀ ਪਰ ਇਸ ਐਂਬੁਸ਼ ਵਿਚ ਕੋਈ ਹੋਰ ਜੋ ਆਪਣਾ ਧਿਆਨ ਨਹੀਂ ਸੀ ਰੱਖਦਾ ਫਸ ਗਿਆ ਤੇ ਸਾਡਾ ਨਾਇਕ ਸੁਰੱਖਿਅਤ ਰਿਹਾ। ਉਸ ਨੂੰ ਪਤਾ ਹੈ ਕਿ ਬਾਗੀ ਉਸ ਦੇ ਪਿੱਛੇ ਪਏ ਹੋਏ ਹਨ ਪਰ ਉਹ ਕਿਸੇ ਹੰਢੇ ਹੋਏ ਲੀਡਰ ਵਾਂਗ ਤਰ੍ਹਾਂ ਤਰ੍ਹਾਂ ਦੇ ਤਰੀਕੇ ਅਪਣਾਉਂਦਾ ਆਪਣੇ ਆਪ ਨੂੰ ਸੁਰੱਖਿਅਤ ਰੱਖਦਾ ਆ ਰਿਹਾ ਹੈ।

ਉਸ ਨੂੰ ਪੁੱਛਿਆ ਗਿਆ ਕਿ ਲੜਾਈ ਦੇ ਇਸ ਮੈਦਾਨ ਵਿਚ ਲੜਦਿਆਂ ਉਸ ਦੀਆਂ ਕੀ ਤਮੰਨਾਵਾਂ ਜਾਂ ਚਾਹਨਾਵਾਂ ਹਨ। ...ਸੰਨ 1969 ਵਿਚ ਜਦ ਸਬ ਇਨਸਪੈਕਟਰ ਦਰਸ਼ਨ ਸਿੰਘ ਨੂੰ ਇਸ ਇਲਾਕੇ ਵਿਚ ਤਾਇਨਾਤ ਨਹੀਂ ਸੀ ਕੀਤਾ ਗਿਆ, ਉਸ ਵਕਤ ਇਕ ਬਾਗੀ 'ਲੈਫੀਟੀਨੈਂਟ ਕਰਨਲ' ਨੇ ਸੀ.ਆਰ.ਪੀ.ਐਫ. ਦੇ ਵਾਹਨ ਉਪਰ ਘਾਤ ਲਗਾ ਕੇ ਹਮਲਾ ਕਰ ਦਿੱਤਾ ਸੀ ਜਿਸ ਦਰਮਿਆਨ ਦੋ ਸਿਪਾਹੀ ਸ਼ਹੀਦ ਹੋ ਗਏ ਸਨ ਤੇ ਪੰਜ ਹੋਰ ਵਿਅਕਤੀ ਮਾਰੇ ਗਏ ਸਨ। ਸਬ ਇਨਸਪੈਕਟਰ ਦਰਸ਼ਨ ਸਿੰਘ ਨੂੰ ਉਸ ਦੀ ਬਟਾਲੀਅਨ ਦੇ ਸਾਥੀਆਂ ਨੇ ਸਾਰੀ ਕਹਾਣੀ ਦੱਸੀ ਸੀ, ਦਰਸ਼ਨ ਸਿੰਘ ਦੀ ਇਹ ਤਮੰਨਾ ਹੈ ਇਸ ਘਟਨਾ ਦਾ ਬਦਲਾ ਲੈ ਕੇ ਹਿਸਾਬ-ਕਿਤਾਬ ਬਰਾਬਰ ਕੀਤਾ ਜਾਵੇ।

ਸਬ ਇਨਸਪੈਕਟਰ ਦਰਸ਼ਨ ਸਿੰਘ ਸੰਨ 1939 ਵਿਚ ਸਿਪਾਹੀ ਦੇ ਤੌਰ ਤੇ ਭਰਤੀ ਹੋਇਆ ਤੇ ਦੂਜੇ ਮਹਾਂਯੁੱਧ ਵਿਚ ਆਪਣੇ ਆਪ ਨੂੰ ਇਕ ਬਹਾਦੁਰ ਸਿਪਾਹੀ ਦੇ ਤੌਰ ਤੇ ਸਥਾਪਤ ਕੀਤਾ ਤੇ ਇਨਾਮ ਵਜੋਂ ਵਿਸ਼ੇਸ਼ ਪੈਨਸ਼ਨ ਹਾਸਲ ਕੀਤੀ।

ਸੰਨ 1947-48 ਵਿਚ ਕਸ਼ਮੀਰ ਓਪਰੇਸ਼ਨ ਸਮੇਂ ਵੀ ਬਹਾਦਰੀਆਂ ਦਿਖਾਈਆਂ ਤੇ 'Mention in Despatehes' ਉਸ ਦਾ ਨਾਂ ਸ਼ਾਮਲ ਕੀਤਾ ਗਿਆ।

ਉਸ ਨੇ ਸੰਨ 1954 ਵਿਚ ਫੌਜ ਵਿਚੋਂ ਰਿਟਾਇਰਮੈਂਟ ਲੈ ਲਈ।

ਇਸ ਤੋਂ ਕੁਝ ਦੇਰ ਬਾਅਦ ਹੀ ਉਹ ਸੀ.ਆਰ.ਪੀ.ਐਫ. ਦੀ ਚੌਥੀ ਬਟਾਲੀਅਨ ਵਿਚ ਕੰਸਟੇਬਲ ਦੇ ਤੌਰ 'ਤੇ ਭਰਤੀ ਹੋ ਗਿਆ ਤੇ ਭਰਤੀ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਅੰਦਰ ਉਸ ਨੂੰ ਹਵਾਲਦਾਰ ਬਣਾ ਦਿੱਤਾ ਗਿਆ।

ਉਸ ਦੇ ਅਫਸਰਾਂ ਦੇ ਉਸ ਵਿਚਲੇ ਟਰੇਨਿੰਗ ਇਨਸਟਰੱਕਟਰ ਵਾਲੇ ਗੁਣ



ਪਛਾਣ ਲਏ ਤੇ ਸੰਨ 1960 ਵਿਚ ਨੀਮਚ ਸ਼ਹਿਰ ਦੇ ਸੀ.ਟੀ.ਸੀ. ਵਿਚ ਇਨਸਟਰੱਕਟਰ ਲਗਾ ਦਿੱਤਾ ਗਿਆ। ਸੀ.ਟੀ.ਸੀ. ਵਿਚ ਆਪਣੀਆਂ ਜ਼ਿੰਮੇਵਾਰੀਆਂ ਉਸ ਨੇ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਈਆਂ ਤੇ ਇਵਜ਼ ਵਿਚ ਕਈ ਨਕਦ ਇਨਾਮ ਅਤੇ ਉਸ ਦੇ ਸਰਵਿਸ ਰਿਕਾਰਡ ਵਿਚ ਉਸ ਦੇ ਤਰੀਫੀ-ਇੰਦਰਾਜ ਸ਼ਾਮਲ ਕੀਤੇ ਗਏ।

ਸੰਨ 1965 ਦੇ ਅਗਸਤ ਮਹੀਨੇ ਵਿਚ ਉਹ ਆਪਣੀ ਹੁਣ ਵਾਲੀ ਬਟਾਲੀਅਨ ਵਿਚ ਆ ਗਿਆ ਤੇ ਉਸ ਨੂੰ ਸਬ ਇਨਸਪੈਕਟਰ ਦੀ ਤਰੱਕੀ ਦੇ ਕੇ ਮਨੀਪੁਰ ਭੇਜ ਦਿੱਤਾ ਗਿਆ ਜਿਥੇ ਉਸ ਦੀ ਬਾਗੀ ਨਾਗਿਆਂ ਦੇ ਖਿਲਾਫ ਲੜਾਈ ਵਿਚ ਨਿਯੁਕਤੀ ਹੋਈ। ਉਸ ਦੀ ਯੂਨਿਟ ਅੱਜ ਵੀ ਬਾਗੀਆਂ ਦੇ ਖਿਲਾਫ ਚੀਤੇ ਦੀ ਚਤੁਰਾਈ ਨਾਲ ਓਪਰੇਸ਼ਨ ਕਰ ਰਹੀ ਹੈ। ਉਸ ਦੀਆਂ ਇਹਨਾਂ ਸੇਵਾਵਾਂ ਕਾਰਨ ਉਸ ਨੂੰ ਮੈਰੀਟੋਰੀਅਸ ਸਰਵਿਸ ਲਈ ਪੁਲੀਸ ਮੈਡਲ ਦਿੱਤਾ ਗਿਆ ਹੈ— (A Police Medal for Meritoriour Service.) (31st December, 1974)

# ਮੇਰੇ ਪਿਤਾ

## ਇਕ

ਮੈਨੂੰ ਭਾਪਾ ਜੀ ਦਾ ਫੋਨ ਆਇਆ। ਬੀਬੀ ਬਹੁਤ ਬਿਮਾਰ ਸੀ। ਉਸ ਨੂੰ ਕਈ ਸਾਲ ਤੋਂ ਸ਼ੂਗਰ ਸੀ। ਇਸ ਸ਼ੂਗਰ ਨੇ ਕਿਡਨੀਆਂ ਲੈ ਲਈਆਂ ਸਨ। ਹੁਣ ਡਾਇਲਸਜ਼ ਲਗਣ ਲਗ ਪਿਆ ਸੀ। ਹਫਤੇ ਵਿਚ ਦੋ ਵਾਰ ਲੁਧਿਆਣੇ ਜਾਣਾ ਪੈਂਦਾ ਸੀ। ਮੈਂ ਸਥਿਤੀ ਦੀ ਗੰਭੀਰਤਾ ਨੂੰ ਸਮਝਦਾ ਨਹੀਂ ਸਾਂ। ਇਕ ਮੈਂ ਆਪਣੇ ਸਟੋਰ ਵਿਚ ਅਜਿਹਾ ਫਸਿਆ ਹੋਇਆ ਸਾਂ ਕਿ ਨਿਕਲ ਨਹੀਂ ਸੀ ਹੋ ਪਾ ਰਿਹਾ। ਭਾਪਾ ਦੀ ਦੇ ਗੱਲ ਕਰਨ ਦੇ ਲਹਿਜੇ ਤੋਂ ਲਗਿਆ ਕਿ ਉਹ ਖਿਝੇ ਹੋਏ ਸਨ। ਬਿਮਾਰ ਨੂੰ ਸੰਭਾਲਣਾ ਕੋਈ ਸੌਖਾ ਕੰਮ ਨਹੀਂ ਹੁੰਦਾ। ਮੈਨੂੰ ਇਹ ਵੀ ਲਗਿਆ ਕਿ ਜਿਵੇਂ ਕਹਿਣਾ ਚਾਹ ਰਹੇ ਹੋਣ ਕਿ 'ਤੁਸੀਂ ਆਪ ਤਾਂ ਅਰਾਮ ਨਾਲ ਬੈਠੇ ਹੋ ਤੇ ਮੈਂ ਤੁਹਾਡੀ ਬਿਮਾਰ ਮਾਂ ਨੂੰ ਹਸਪਤਾਲਾਂ ਵਿਚ ਲਈ ਫਿਰਦਾ ਹਾਂ'। ਮੈਂ ਇੰਡੀਆ ਦੀ ਟਿਕਟ ਬੁੱਕ ਕਰਾ ਲਈ। ਇਹ ਅਪਰੈਲ, 1994 ਦੀ ਗੱਲ ਹੈ। ਉਦੋਂ ਅੰਮ੍ਰਿਤਸਰ ਨੂੰ ਫਲਾਈਟਾਂ ਚਲ ਪਈਆਂ ਸਨ। ਮੈਂ ਅੰਮ੍ਰਿਤਸਰ ਜਾ ਉਤਰਿਆ। ਭਾਪਾ ਜੀ ਤੇ ਮੇਰਾ ਵੱਡਾ ਭਣੋਈਆ ਸਤਪਾਲ ਮੈਨੂੰ ਲੈਣ ਆਏ ਹੋਏ ਸਨ। ਭਾਪਾ ਜੀ ਦੇ ਇੰਡੀਆ ਹੁੰਦਿਆਂ ਮੈਂ ਦਸ ਬਾਰਾਂ ਵਾਰ ਇੰਡੀਆ ਗਿਆ ਹੋਵਾਂਗਾ। ਉਹ ਮੈਨੂੰ ਏਅਰਪੋਰਟ ਤੋਂ ਲੈਣ ਆਉਂਦੇ। ਉਹਨਾਂ ਦਾ ਆਪਣਾ ਇਕ ਖਾਸ ਤਰੀਕਾ ਹੁੰਦਾ ਸੀ। ਸ਼ਰਾਬ ਪੀਣ ਦੇ ਉਹ ਬਹੁਤ ਸ਼ੌਕੀਨ ਸਨ। ਉਹਨਾਂ ਸ਼ਰਾਬ ਦੀਆਂ ਬੋਤਲਾਂ, ਸੋਢਾ, ਪਾਣੀ ਤੇ ਭੁਜੀਆ ਜਾਂ ਪਕੌੜੇ ਕਾਰ ਵਿਚ ਰੱਖੇ ਹੋਏ ਹੁੰਦੇ। ਜੇ ਗਰਮੀਆਂ ਹੁੰਦੀਆਂ ਤਾਂ ਬਰਫ ਦਾ ਇੰਤਜ਼ਾਮ ਵੀ ਹੁੰਦਾ। ਉਹਨਾਂ ਨੇ ਮੇਰਾ ਸਵਾਗਤ ਵੱਡੇ ਸਾਰੇ ਪੈੱਗ ਨਾਲ



ਪਤਨੀ ਬਲਵੀਰ ਕੌਰ



ਹੀ ਕਰਨਾ। ਮੈਂ ਕਹਿਣਾ ਕਿ ਮੈਂ ਵਿਸਕੀ ਦੀਆਂ ਕਈ ਬੋਤਲਾਂ ਲਿਆਇਆ ਹਾਂ ਤਾਂ ਉਹਨਾਂ ਕਹਿਣਾ ਕਿ ਪਹਿਲਾਂ ਇੰਡੀਅਨ ਵਿਸਕੀ ਪੀ ਕੇ ਦੇਖ। ਪਰ ਇਸ ਵਾਰ ਮੈਂ ਗਿਆ ਤਾਂ ਮੈਂ ਸ਼ਰਾਬ ਛੱਡੀ ਹੋਈ ਸੀ। ਸ਼ਰਾਬ ਦੀ ਆਦਤ ਮੈਨੂੰ ਤੰਗ ਕਰਦੀ ਸੀ ਸੋ ਮੈਂ ਇਹ ਛੱਡ ਦਿੱਤੀ ਹੋਈ ਸੀ। ਉਹਨਾਂ ਨੇ ਪੈੱਗ ਪਾ ਕੇ ਮੈਨੂੰ ਫੜਾਇਆ। ਮੈਂ ਦੱਸਿਆ ਕਿ ਮੈਂ ਸ਼ਰਾਬ ਛੱਡੀ ਹੋਈ ਹੈ ਤਾਂ ਉਹਨਾਂ ਦਾ ਮੂੰਹ ਹੋਰਵੇਂ ਹੋ ਗਿਆ। ਮੇਰੇ ਨਾਲ ਰੁੱਸ ਜਿਹੇ ਗਏ। ਫਿਰ ਉਹਨਾਂ ਨੇ ਵੀ ਨਹੀਂ ਪੀਤੀ ਤੇ ਸਤਪਾਲ ਨੇ ਵੀ ਨਹੀਂ।

ਘਰ ਆ ਕੇ ਦੇਖਿਆ ਕਿ ਬੀਬੀ ਦੀ ਹਾਲਤ ਬਹੁਤ ਪਤਲੀ ਸੀ। ਉਸ ਨੇ ਪਾਸਪੋਰਟ ਲਈ ਅਪਲਾਈ ਕੀਤਾ ਹੋਇਆ ਸੀ ਪਤਾ ਨਹੀਂ ਕੀ ਅੜਿੱਕਾ ਸੀ ਕਿ ਪਾਸਪੋਰਟ ਮਿਲ ਨਹੀਂ ਸੀ ਰਿਹਾ। ਮੈਂ ਅਗਲੇ ਦਿਨ ਆਪ ਜਾ ਕੇ ਪਾਸਪੋਰਟ ਦਫਤਰ ਪਤਾ ਕੀਤਾ ਤਾਂ ਇਹੋ ਜਵਾਬ ਮਿਲਿਆ ਕਿ ਇਹ ਪਾਸਪੋਰਟ ਨਹੀਂ ਮਿਲ ਸਕਦਾ। ਇਸ ਬਾਰੇ ਹਾਲੇ ਇਨਕੁਆਰੀ ਚਲ ਰਹੀ ਹੈ। ਅੱਤਵਾਦ ਦੇ ਦੌਰ 'ਚ ਕਈ ਲੋਕਾਂ ਦੇ ਪਾਸਪੋਰਟ ਰੁਕੇ ਹੋਏ ਸਨ, ਸ਼ਾਇਦ ਕੋਈ ਐਸੀ ਗੱਲ ਹੋਵੇ। ਇਸ ਦਾ ਮਤਲਬ ਇਹ ਸੀ ਕਿ ਮੈਂ ਬੀਬੀ ਨੂੰ ਆਪਣੇ ਨਾਲ ਇੰਗਲੈਂਡ ਨਹੀਂ ਸਾਂ ਲਿਆ ਸਕਦਾ। ਭਾਪਾ ਜੀ ਕਹਿਣ ਲਗੇ,

"ਤੂੰ ਫਿਕਰ ਨਾ ਕਰ, ਮੈਂ ਆਪੇ ਸਾਂਭੀ ਜਾਊਂਗਾ, ਤੂੰ ਆ ਗਿਆਂ ਇਹੋ ਬਹੁਤ ਆ।"

ਬਾਕੀ ਸਭ ਠੀਕ ਸੀ ਪਰ ਭਾਪਾ ਜੀ ਚੁੱਪ ਚੁੱਪ ਸਨ। ਉਹ ਕੰਮ ਦੀ ਗੱਲ ਹੀ ਕਰਦੇ। ਜਿੰਨਾ ਕੁ ਮੈਂ ਪੁੱਛ ਲੈਂਦਾ ਓਨਾ ਕੁ ਜਵਾਬ ਦੇ ਦਿੰਦੇ। ਮੈਂ ਬੀਬੀ ਨੂੰ ਪੁੱਛਿਆ ਤਾਂ ਕਹਿਣ ਲਗੀ,

"ਕਹਿੰਦੇ ਜਿੰਦਰ ਨੇ ਸ਼ਰਾਬ ਛੱਡ 'ਤੀ, ਮੈਂ ਕਿਹਾ ਕਿ ਇਹ ਤਾਂ ਚੰਗੀ ਗੱਲ ਆ ਕਿ ਮੁੰਡਾ ਹੁਣ ਨਹੀਂ ਪੀਂਦਾ।"

ਇਹ ਚੁੱਪ ਬਹੁਤ ਬੋਝਲ ਲਗ ਰਹੀ ਸੀ ਪਰ ਮੈਂ ਸ਼ਰਾਬ ਛੱਡੀ ਰੱਖਣੀ ਚਾਹੁੰਦਾ ਸਾਂ। ਮੇਰੀ ਸ਼ਰਾਬ ਪੀਣ ਦੀ ਇਹ ਆਦਤ ਬੜੀ ਮੁਸ਼ਕਲ ਨਾਲ ਛੁੱਟੀ ਸੀ, ਹੁਣ ਮੈਂ ਬਹੁਤ ਖੁਸ਼ ਸਾਂ। ਇਕ ਦਿਨ ਮੈਂ ਆਪਣੇ ਸੁਹਰੀਂ ਜਾਣਾ ਸੀ। ਰਾਤ ਉਥੇ ਰਹਿਣਾ ਸੀ। ਭਾਪਾ ਜੀ ਨੇ ਮੈਨੂੰ ਛੱਡਣ ਜਾਣਾ ਸੀ। ਉਹਨਾਂ ਨੇ ਕੁਝ ਬੋਲੇ ਬਿਨਾਂ ਸਕੂਟਰ ਕੱਢਿਆ ਤੇ ਸਟਰਾਰ ਕਰ ਲਿਆ। ਮੈਂ ਪਿੱਛੇ ਬੈਠ ਗਿਆ। ਉਹਨਾਂ ਸਕੂਟਰ ਚੁੱਪ ਚਾਪ ਤੋਰ ਲਿਆ। ਰਾਹ ਵਿਚ ਸਾਡੀ ਕੋਈ ਗੱਲ ਨਾ ਹੋਈ। ਮੈਂ ਸੋਚਣ ਲਗਿਆ ਕਿ ਇਕ ਸ਼ਰਾਬ ਨੇ ਪਿਓ ਪੁੱਤ ਵਿਚ ਕਿਹੋ ਜਿਹੀ ਦੀਵਾਰ ਖੜੀ ਕਰ ਦਿੱਤੀ ਹੈ। ਮੈਂ ਸਾਰੀ ਉਮਰ ਸ਼ਰਾਬ ਪੀਂਦਾ ਆਇਆ ਹਾਂ ਤੇ ਹੁਣ ਜੇ ਮੇਰੀ ਸ਼ਰਾਬ ਮੇਰੇ ਪਿਓ ਨੂੰ ਖੁਸ਼ ਕਰ ਸਕਦੀ ਹੈ ਤਾਂ ਦੋ ਪੈੱਗ ਪੀਣ ਵਿਚ ਕੀ ਨੁਕਸਾਨ ਹੈ। ਵਾਪਸ ਇੰਗਲੈਂਡ ਜਾ ਕੇ ਫਿਰ ਛੱਡ ਦੇਵਾਂਗਾ। ਅਜਿਹੀਆਂ ਸੋਚਾਂ ਵਿਚ ਹੀ ਅਸੀਂ ਕੋਟ ਪਹੁੰਚੇ। ਮੈਂ ਕਿਹਾ,

"ਭਾਪਾ ਜੀ, ਠੇਕੇ ਕੋਲ ਰੋਕ ਲਿਓ।"
"ਮੇਰੇ ਕੋਲ ਘਰ ਹੈਗੀਆਂ ਚਾਰ ਪੰਜ ਬੋਤਲਾਂ।"
"ਆਪਾਂ ਜ਼ਰਾ ਠੇਕੇ ਦੇ ਪਿੱਛਲੇ ਹਾਤੇ ਵਿਚ ਬੈਠਾਂਗੇ।"
"ਨਹੀਂ, ਮੈਂ ਘਰ ਜਾ ਕੇ ਪੀਊਂ।"
"ਮੈਂ ਤਾਂ ਪੀਊਂਗਾ ਈ।"

ਉਹਨਾਂ ਗਰਦਨ ਘੁਮਾ ਕੇ ਪਿੱਛੇ ਨੂੰ ਮੇਰੇ ਵੱਲ ਦੇਖਿਆ ਤੇ ਸਕੂਟਰ ਤੇਜ਼ ਕਰ ਲਿਆ। ਫਿਰ ਕਿਸੇ ਨੌਜਵਾਨ ਮੁੰਡੇ ਵਾਂਗੂੰ ਠੇਕੇ ਮੁਹਰੇ ਠਾਹ ਕਰਕੇ ਬਰੇਕ ਲਾਈ। ਉਹ ਮੇਰੇ ਮੁਹਰੇ ਬੜੀ ਸ਼ਾਨ ਨਾਲ ਤੁਰਦੇ ਹਾਤੇ ਵਿਚ ਜਾ ਵੜੇ ਤੇ ਬਹਿਰੇ ਨੂੰ ਆਰਡਰ ਦੇਣ ਲਗੇ,

"ਜਾਹ ਓਏ ਮੁੰਡਿਆ, ਫੜ ਅਰੈਸਟੋਕਰੈਟ ਦੀ ਬੋਤਲ, ਨਾਲ ਤਲ਼ ਲਿਆ ਅੱਧਾ ਕਿਲੋ ਮੱਛੀ।"

ਉਹਨਾਂ ਭਾਣੇ ਮੈਂ ਅੱਜ ਇੰਗਲੈਂਡ ਤੋਂ ਆਇਆ। ਪਹਿਲੇ ਹਫਤਾ-ਦਸ ਦਿਨ ਜਿਵੇਂ ਮੈਂ ਘਰ ਵਿਚ ਹਾਜ਼ਰ ਹੀ ਨਹੀਂ ਸਾਂ। ਮੈਨੂੰ ਵੀ ਆਪਣੀ ਜ਼ਿਦ 'ਤੇ ਪਛਤਾਵਾ ਜਿਹਾ ਹੋ ਰਿਹਾ ਸੀ। ਅਸੀਂ ਬੋਤਲ ਮੁਕਾਈ ਤਾਂ ਕਹਿਣ ਲਗੇ,

"ਚਲ ਹੁਣ ਵਾਪਸ ਪਿੰਡ ਚਲਦੇ ਆਂ।"

ਅਸੀਂ ਸੁਹਰੀਂ ਜਾਣ ਥਾਂ ਪਿੰਡ ਨੂੰ ਮੁੜ ਆਏ। ਬੀਬੀ ਹੈਰਾਨ ਸੀ ਪਰ ਜਦ ਭਾਪਾ ਜੀ ਨੇ ਦੋ ਗਲਾਸੀਆਂ ਤੇ ਪਾਣੀ ਮੇਜ਼ ਤੇ ਰੱਖਿਆ ਤਾਂ ਉਹ ਸਮਝ ਗਈ।

ਅਸੀਂ ਬੀਬੀ ਨੂੰ ਡਾਇਲਸਜ਼ ਲਗਵਾਉਣ ਲੁਧਿਆਣੇ ਲੈ ਕੇ ਜਾਂਦੇ। ਬੀਬੀ ਦੱਸਦੀ ਕਿ ਮੇਰੇ ਆਉਣ ਕਰਕੇ ਉਹ ਬਹੁਤ ਹੌਂਸਲੇ ਵਿਚ ਹਨ। ਬੀਬੀ ਨੂੰ ਵੀ ਪਤਾ ਸੀ ਕਿ ਉਸ ਦਾ ਅੰਤ ਨੇੜੇ ਹੈ। ਉਹ ਮੈਨੂੰ ਗੱਲਾਂ ਸਮਝਾਉਣ ਲਗਦੀ ਕਿ ਉਸ ਦੇ ਮਰਨ ਤੋਂ ਬਾਅਦ ਮੈਨੂੰ ਕੀ ਕਰਨਾ ਚਾਹੀਦਾ ਹੈ। ਉਸ ਦਾ ਵਾਰ ਵਾਰ ਇਹ ਕਹਿਣਾ ਹੁੰਦਾ ਕਿ ਆਪਣੇ ਪਿਓ ਨੂੰ ਇਥੇ ਨਾ ਛੱਡੀਂ, ਆਪਣੇ ਨਾਲ ਲੈ ਜਾਵੀਂ। ਇਕ ਦਿਨ ਭਾਪਾ ਜੀ ਕਹਿਣ ਲਗੇ,

"ਤੇਰੀ ਬੀਬੀ ਨੇ ਬਹੁਤੇ ਦਿਨ ਨਹੀਂ ਕੱਢਣੇ, ਆਪਣੀ ਛੁੱਟੀ ਵਧਾ ਲੈ।"

ਅਸਲ ਵਿਚ ਉਹ ਆਪਣੇ ਆਪ ਨੂੰ ਤਿਆਰ ਕਰ ਰਹੇ ਸਨ। ਜਿਸ ਦਿਨ ਬੀਬੀ ਦੇ ਜਾਣ ਦਾ ਵਕਤ ਆਇਆ ਤਾਂ ਮੇਰੇ ਫੁਫੜ ਜੀ ਤੇ ਉਹਨਾਂ ਦੀ ਬੇਟੀ ਵੀ ਸਾਡੇ ਘਰ ਆਏ ਹੋਏ ਸਨ। ਬੀਬੀ ਦੀਆਂ ਟੁੱਟਣ ਲਗੀਆਂ। ਮੈਂ ਦੂਜੇ ਕਮਰੇ ਵਿਚ ਰੋਟੀ ਖਾ ਰਿਹਾ ਸਾਂ। ਬੀਬੀ ਵਾਰ ਵਾਰ ਭਾਪਾ ਜੀ ਨੂੰ ਬੁਲਾ ਰਹੀ ਸੀ। ਮੇਰੀ ਭੂਆ ਦੀ ਧੀ-ਭੈਣ ਉਸ ਕੋਲ ਸੀ। ਬੀਬੀ ਨੇ ਪਰਾਣ ਤਿਆਗ ਦਿੱਤੇ। ਭਾਪਾ ਜੀ ਇਕ ਦਮ ਚੁੱਪ ਕਰ ਗਏ। ਆਂਢ ਗਵਾਂਢ ਇਕੱਠਾ ਹੋ ਗਿਆ। ਸ਼ਰੀਕਾਚਾਰੇ ਦੇ ਲੋਕਾਂ ਵੱਲੋਂ ਅਰਥੀ ਤਿਆਰ ਕੀਤੀ ਜਾਣ ਲਗੀ। ਭਾਪਾ ਜੀ ਇਕ ਪਾਸੇ ਬੈਠੇ ਸਨ ਪਰ ਹਾਲੇ ਵੀ ਚੁੱਪ



ਸਨ। ਸਿਆਣੇ ਕਹਿੰਦੇ ਹਨ ਕਿ ਅਜਿਹੀ ਚੁੱਪ ਠੀਕ ਨਹੀਂ ਹੁੰਦੀ। ਜਦ ਆਪਣੇ ਤੁਰੇ 'ਤੇ ਰੋਣ ਨਾ ਆਵੇ ਤਾਂ ਇਹ ਗੱਲ ਖਤਰਨਾਕ ਹੋ ਸਕਦੀ ਹੈ। ਮੈਂ ਪਰਦੇ ਜਿਹੇ ਨਾਲ ਉਹਨਾਂ ਨੂੰ ਉਠਾਇਆ ਤੇ ਦੂਜੇ ਕਮਰੇ ਵਿਚ ਲੈ ਗਿਆ। ਇਕ ਵੱਡਾ ਸਾਰਾ ਪੈੱਗ ਵਿਸਕੀ ਦਾ ਪਾਇਆ ਤੇ ਫੜਾ ਦਿੱਤਾ। ਫਿਰ ਉਹਨਾਂ ਨੇ ਇਕ ਪੈੱਗ ਮੇਰੇ ਲਈ ਪਾਇਆ, ਅਸੀਂ ਇਕੋ ਸਾਹੇ ਪੀ ਗਏ ਤੇ ਦੋਵੇਂ ਇਕ ਦੂਜੇ ਦੇ ਗਲ ਲਗ ਕੇ ਰੋਣ ਲਗੇ।

ਬੀਬੀ ਨੂੰ ਦਾਗ ਦੇ ਦਿੱਤੇ। ਹੋਰ ਵੀ ਸਾਰੀਆਂ ਰਸਮਾਂ ਹੋ ਗਈਆਂ। ਭੋਗ ਪੈ ਗਿਆ। ਆਏ ਮਹਿਮਾਨ ਚਲੇ ਗਏ। ਅਸੀਂ ਇਕ ਦੂਜੇ ਨੂੰ ਹੌਂਸਲਾ ਦਿੰਦੇ ਬੀਬੀ ਦੀ ਮੌਤ ਨੂੰ ਸਹਿਣ ਦੀ ਕੋਸ਼ਿਸ਼ ਕਰ ਰਹੇ ਸਾਂ। ਇਕ ਦਿਨ ਮੈਂ ਕਿਹਾ,

"ਚਲੋ ਭਾਪਾ ਜੀ, ਦਿੱਲੀ ਨੂੰ ਵੀਜ਼ਾ ਲੈਣ ਚਲੀਏ।"
"ਮੈਂ ਨਹੀਂ ਜਾਣਾ ਕਿਤੇ, ਮੈਂ ਇਥੇ ਈ ਠੀਕ ਆਂ।"
"ਪਰ ਬੀਬੀ ਦੀ ਆਖਰੀ ਇੱਛਾ ਸੀ ਕਿ ਮੈਂ ਤੁਹਾਨੂੰ ਨਾਲ ਲੈ ਜਾਵਾਂ।"

ਬੀਬੀ ਦੀ ਆਖਰੀ ਖਾਹਸ਼ ਨੂੰ ਕਿਵੇਂ ਠੁਕਰਾ ਸਕਦੇ ਸਨ। ਮੇਰੇ ਨਾਲ ਵੀਜ਼ਾ ਲੈਣ ਤੁਰ ਪਏ।

ਭਾਪਾ ਜੀ ਦਾ ਬੀਬੀ ਨਾਲ ਬਹੁਤ ਪਿਆਰ ਸੀ। ਖਾਸ ਤੌਰ ਤੇ ਜਦੋਂ ਅਸੀਂ ਸਾਰੇ ਬਾਹਰ ਆ ਗਏ ਤੇ ਉਹ ਦੋਨੋਂ ਘਰ ਵਿਚ ਇਕੱਲੇ ਰਹਿ ਗਏ ਉਦੋਂ ਉਹ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ ਸਨ। ਉਹ ਮੈਨੂੰ ਦੱਸਣ ਲਗਦੇ,

"ਮੇਰੇ ਸੁਭਾਅ ਵਿਚ ਕਈ ਨੁਕਸ ਸਨ ਪਰ ਤੁਹਾਡੀ ਬੀਬੀ ਪਤਾ ਨਹੀਂ ਕੀ ਕਰਦੀ ਸੀ ਮੇਰੇ ਇਹ ਨੁਕਸ ਗਾਇਬ ਹੋ ਜਾਂਦੇ।"

ਬੀਬੀ ਨੇ ਭਾਪਾ ਜੀ ਲਈ ਦੁਪਹਿਰ ਨੂੰ ਹੋਰ ਸਬਜ਼ੀ ਬਣਾਉਣੀ ਤੇ ਰਾਤ ਨੂੰ ਹੋਰ। ਰਾਤ ਨੂੰ ਸੌਣ ਵੇਲੇ ਹੀ ਸਲਾਹਾਂ ਕਰਨ ਲਗ ਪੈਣਾ ਕਿ ਕਲ੍ਹ ਨੂੰ ਕੀ ਬਣਾਉਣਾ ਹੈ। ਬੀਬੀ ਨੂੰ ਪਤਾ ਸੀ ਕਿ ਉਸ ਵਾਲੀਆਂ ਸਹੂਲਤਾਂ ਉਸ ਤੋਂ ਬਾਅਦ ਨਹੀਂ ਸੀ ਮਿਲ ਸਕਣੀਆਂ ਇਸ ਲਈ ਇਹ ਕਿਤੇ ਇਕੱਲ ਵਿਚ ਨਾ ਘਿਰ ਜਾਣ ਇਸ ਕਰਕੇ ਉਹ ਚਾਹੁੰਦੀ ਸੀ ਕਿ ਮੈਂ ਇਹਨਾਂ ਨੂੰ ਨਾਲ ਹੀ ਲੈ ਜਾਵਾਂ। ਅਸੀਂ ਵੀਜ਼ਾ ਲੈਣ ਗਏ। ਇਹਨਾਂ ਨੂੰ ਛੇ ਮਹੀਨੇ ਸੈਰ ਦਾ ਵੀਜ਼ਾ ਮਿਲ ਗਿਆ। ਪਰ ਮੈਂ ਦੇਖਿਆ ਕਿ ਭਾਪਾ ਜੀ ਇੰਗਲੈਂਡ ਬਿਲਕੁਲ ਨਹੀਂ ਸੀ ਆਉਣਾ ਚਾਹੁੰਦੇ। ਅੰਤ ਸਮੇਂ ਤਕ ਨਾ ਆਉਣ ਦਾ ਕੋਈ ਬਹਾਨਾ ਲਭਦੇ ਰਹੇ। ਜਦੋਂ ਘਰੋਂ ਤੁਰੇ ਤਾਂ ਉਹ ਬਹੁਤ ਉਦਾਸ ਹੋ ਗਏ ਤੇ ਕਹਿਣ ਲਗੇ,

"ਮੇਰਾ ਜਾਣਾ ਕੋਈ ਜ਼ਰੂਰੀ ਆ?"
"ਤੁਸੀਂ ਪੱਕੇ ਹੋ ਕੇ ਮੁੜ ਆਇਓ।"

ਇਹ ਦਲੀਲ ਤਾਂ ਉਹਨਾਂ ਨੂੰ ਚੰਗੀ ਲਗੀ ਪਰ ਫਿਰ ਵੀ ਇਵੇਂ ਤੁਰੇ ਜਿਵੇਂ ਮੈਂ

ਉਹਨਾਂ ਨੂੰ ਜਬਰਦਸਤੀ ਲੈ ਕੇ ਜਾ ਰਿਹਾ ਹੋਵਾਂ। ਸਾਰੇ ਰਾਹ ਮੇਰੇ ਨਾਲ ਰੁੱਸੇ ਰਹੇ। ਪਤਾ ਨਹੀਂ ਉਹਨਾਂ ਦੇ ਮਨ ਵਿਚ ਕੀ ਚਲ ਰਿਹਾ ਸੀ। ਮੈਂ ਪੈੱਗ ਵੀ ਕਈ ਪਿਲਾਏ ਪਰ ਇਹਨਾਂ ਦਾ ਰੋਸਾ ਠੀਕ ਨਾ ਹੋਇਆ। ਜਦ ਸਾਡਾ ਜਹਾਜ਼ ਲੰਡਨ ਉਤਰਨ ਵਾਲਾ ਸੀ ਤਾਂ ਮੈਨੂੰ ਕਹਿਣ ਲਗੇ,

"ਤੂੰ ਨਹੀਂ ਹਟਿਆ।"

ਕਹਿ ਕੇ ਹੱਸ ਪਏ।

## ਦੋ

ਭਾਪਾ ਜੀ ਬਾਰੇ ਮੇਰੇ ਬਚਪਨ ਦੇ ਕਈ ਝਾਉਲੇ ਹਨ। ਕੁਝ ਝਾਉਲੇ ਡੇਰੀ ਔਨਸੂਨ ਦੇ ਹਨ। ਜਿਹੜਾ ਟਰੱਕ ਖਰੀਦਿਆ ਸੀ ਉਸ ਦੇ, ਜਿਸ ਚੁਬਾਰੇ ਵਿਚ ਰਹਿੰਦੇ ਸਾਂ ਉਸ ਦੇ, ਉਥੇ ਦੇ ਚੋਰ ਜਿਹੇ ਮੁੰਡਿਆਂ ਦੇ, ਉਥੋਂ ਦੀ ਸ਼ਮਸ਼ਾਨ ਘਾਟ ਦੇ ਤੇ ਕੁਝ ਉਥੋਂ ਵਾਪਸ ਮੁੜਨ ਦੇ। ਸਭ ਤੋਂ ਵੱਡੀ ਗੱਲ ਜੋ ਯਾਦ ਹੈ ਕਿ ਮੈਂ ਸਕੂਲ ਵਿਚੋਂ ਛੁੱਟੀ ਵੇਲੇ ਨਿਕਲ ਰਿਹਾ ਸਾਂ ਕਿ ਭਾਪਾ ਜੀ ਆਉਂਦੇ ਦਿੱਸ ਪਏ। ਇਕ ਕੁਲੀ ਟਰੰਕ ਚੁੱਕੀ ਉਹਨਾਂ ਦੇ ਮਗਰ ਸੀ ਤੇ ਆਪ ਵੀ ਦੋ ਬੈੱਗ ਦੋਨਾਂ ਮੋਢਿਆਂ ਵਿਚ ਚੁੱਕੇ ਹੋਏ ਸਨ, ਦੋਨਾਂ ਹੱਥਾਂ ਵਿਚ ਫਰੂਟ ਦੀਆਂ ਭਰੀਆਂ ਟੋਕਰੀਆਂ। ਮੈਨੂੰ ਪੁੱਛ ਰਹੇ ਸਨ ਕਿ ਜੇ ਫੱਟੀ ਭਾਰੀ ਲਗਦੀ ਹੈ ਤਾਂ ਫੜਾਂ। ਜਦੋਂ ਉਹ ਆਉਂਦੇ ਤਾਂ ਘਰ ਵਿਚ ਰੌਣਕਾਂ ਲਗ ਜਾਣੀਆਂ। ਖਾਣ ਪੀਣ ਦੀਆਂ ਮੌਜਾਂ ਲਗ ਜਾਣੀਆਂ; ਖੁੱਲ੍ਹਾ ਫਲ-ਫਰੂਟ ਤੇ ਮਠਿਆਈ, ਰੋਜ਼ਾਨਾ ਮੀਟ, ਆਮਲੇਟ, ਮੱਛੀ, ਪਕੌੜੇ, ਸਮੋਸੇ ਆਦਿ। ਉਹਨਾਂ ਦੇ ਆਉਣ ਨਾਲ ਘਰ ਵਿਚ ਅਜੀਬ ਜਿਹੀ ਖੁਸ਼ਬੂ ਖਿਲਰੀ ਰਹਿਣੀ। ਕਦੇ ਕਿਸੇ ਗੱਲੋਂ ਮਨ ਉਦਾਸ ਹੋਣਾ ਤਾਂ ਮੇਰਾ ਦਿਲ ਕਰਨਾ ਕਿ ਭਾਪਾ ਜੀ ਆ ਜਾਣ।



ਜਿੰਦਰ ਤੇ ਸੁਖਜੀਤ

ਬਚਪਨ ਵਿਚ ਸਾਡਾ ਪਿਓ-ਪੁੱਤ ਵਾਲਾ ਰਿਸ਼ਤਾ ਆਮ ਜਿਹਾ ਹੀ ਸੀ। ਬਚਪਨ ਵਿਚ ਮੈਂ ਆਪਣੇ ਬਾਬੇ ਦੇ ਜ਼ਿਆਦਾ ਨੇੜੇ



ਸਾਂ। ਮੈਂ ਬਾਬੇ ਦੇ ਕੋਲ ਹੀ ਸੌਂਇਆਂ ਕਰਦਾ ਸਾਂ। ਉਹ ਮੈਨੂੰ ਤਰ੍ਹਾਂ ਤਰ੍ਹਾਂ ਦੀਆਂ ਬਾਤਾਂ ਸੁਣਾਉਂਦਾ, ਸ਼ੇਅਰ ਸੁਣਾਉਂਦਾ, ਲਤੀਫੇ ਵੀ ਸੁਣਾਉਂਦਾ। ਉਸ ਕੋਲ 'ਵੀਸਵੀਂ ਸਦੀ' ਨਾਂ ਦਾ ਉਰਦੂ ਦਾ ਰਸਾਲਾ ਆਇਆ ਕਰਦਾ ਸੀ, ਬਾਬਾ ਮੈਨੂੰ ਇਹ ਪੜ੍ਹ ਕੇ ਸੁਣਾਇਆ ਕਰਦਾ। ਬਚਪਨ ਤੋਂ ਲੈ ਕੇ ਜਵਾਨੀ ਤਕ ਮੈਂ ਬਾਬੇ ਨਾਲ ਬੈਠਾ ਕਈ ਕਈ ਘੰਟੇ ਗੱਲਾਂ ਕਰਦਾ ਰਹਿੰਦਾ। ਇਵੇਂ ਹੀ ਮੈਂ ਆਪਨੀ ਮਾਂ ਦੇ ਵੀ ਬਹੁਤ ਨਜ਼ਦੀਕ ਸਾਂ ਤੇ ਆਪਨੇ ਚਾਚੇ ਦੇਵ ਦੇ ਵੀ। ਚਾਚਾ ਦੇਵ ਆਪ ਨਹੀਂ ਸੀ ਪੜ੍ਹ ਸਕਿਆ ਪਰ ਉਸ ਨੇ ਮੇਰੀ ਪੜ੍ਹਾਈ ਦਾ ਪੂਰਾ ਧਿਆਨ ਰੱਖਿਆ। ਮੇਰੇ ਮਾਸਟਰਾਂ ਤੋਂ ਮੇਰੇ ਬਾਰੇ ਪੁੱਛ-ਗਿੱਛ ਕਰਦਾ ਰਹਿੰਦਾ। ਮੇਰੇ ਇਕ ਮਾਸਟਰ ਦਾ ਧਿਆਨ ਤਾਂ ਭਾਪਾ ਜੀ ਵੀ ਬਹੁਤ ਕਰਦੇ। ਛੁੱਟੀ ਆ ਕੇ ਇਕ ਦਿਨ ਉਸ ਦੀ ਪਾਰਟੀ ਜ਼ਰੂਰ ਕਰਦੇ। ਮਾਸਟਰ ਕਿਸ਼ਨ ਸਿੰਘ ਨੇ ਮੈਨੂੰ ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਤਕ ਪੜ੍ਹਾਇਆ ਸੀ। ਭਾਪਾ ਜੀ ਸਾਲ ਵਿਚ ਇਕ ਵਾਰ ਉਸ ਨੂੰ ਘਰ ਬੁਲਾ ਕੇ ਮੀਟ ਤੇ ਸ਼ਰਾਬ ਦੀ ਦਾਅਵਤ ਕਰਦੇ ਤੇ ਇਸ ਤਰ੍ਹਾਂ ਮਾਸਟਰ ਮੇਰਾ ਵਿਸ਼ੇਸ਼ ਧਿਆਨ ਰੱਖਦਾ। ਬਚਪਨ ਵਿਚ ਮੈਂ ਭਾਪਾ ਜੀ ਨਾਲ ਓਨੀਆਂ ਗੱਲਾਂ ਨਹੀਂ ਸਾਂ ਕਰਦਾ ਪਰ ਫਿਰ ਵੀ ਜਦ ਉਹ ਆਉਂਦੇ ਤਾਂ ਅਸੀਂ ਇਕੱਠੇ ਬੈਠ ਕੇ ਰੋਟੀ ਖਾਇਆ ਕਰਦੇ ਸਾਂ। ਸ਼ਰਾਬ ਪੀਣ ਦੇ ਉਹ ਸ਼ੌਕੀਨ ਤਾਂ ਸਨ ਹੀ, ਨਿੱਕਾ ਜਿਹਾ ਹਾੜਾ ਮੇਰੇ ਲਈ ਪਾਉਣਾ ਉਹਨਾਂ ਨੇ ਮੇਰੇ ਛੋਟੇ ਹੁੰਦੇ ਤੋਂ ਹੀ ਸ਼ੁਰੂ ਕਰ ਦਿੱਤਾ ਸੀ। ਕਈ ਵਾਰ ਸ਼ਾਮ ਨੂੰ ਮੈਂ ਉਹਨਾਂ ਲਈ ਅਧੀਏ ਦਾ ਇੰਤਜਾਮ ਕਰਨਾ ਹੁੰਦਾ ਸੀ। ਮੈਨੂੰ ਪਤਾ ਸੀ ਕਿ ਪਿੰਡ ਵਿਚ ਕੌਣ ਕੌਣ ਸ਼ਰਾਬ ਕੱਢਦੇ ਹਨ ਤੇ ਮੈਂ ਲੈ ਆਉਂਦਾ। ਸ਼ਰਾਬ ਪੀ ਕੇ ਉਹ ਪੂਰੀ ਤਰ੍ਹਾਂ ਖੁੱਲ੍ਹਦੇ ਸਨ। ਆਮ ਤੌਰ ਤੇ ਉਹ ਸ਼ਾਮ ਵੇਲੇ ਬਾਬੇ ਕੋਲ ਅਟਾਲ 'ਤੇ ਜਾ ਬੈਠਦੇ ਸਨ।

ਉਹ ਕਿਸੇ ਬੰਦੇ ਨੂੰ ਮਿਲਦੇ ਤਾਂ ਕੁਝ ਦੇਰ ਉਸ ਵੱਲ ਦੇਖਦੇ ਰਹਿੰਦੇ ਤੇ ਉਸ ਦੀ ਪੂਰੀ ਤਰ੍ਹਾਂ ਘੋਖ-ਪਰਖ ਕਰ ਲੈਂਦੇ। ਉਹ ਗੁਫਤਾਰ, ਦਸਤਾਰ ਤੇ ਰਫਤਾਰ ਵਾਲਾ ਫਾਰਮੂਲਾ ਪੂਰੀ ਤਰ੍ਹਾਂ ਲਾਗੂ ਕਰ ਕੇ ਅਗਲੇ ਨੂੰ ਪਛਾਣ ਲੈਂਦੇ ਤੇ ਉਸ ਦੀ ਜ਼ਾਤ ਤਕ ਦੱਸ ਦਿੰਦੇ। ਕਈ ਗੱਲਾਂ ਵਿਚ ਉਹਨਾਂ ਦਾ ਤਜਰਬਾ ਬਹੁਤ ਅਮੀਰ ਸੀ। ਕਿਸੇ ਬੰਦੇ ਬਾਰੇ ਉਹਨਾਂ ਦੀ ਦਿੱਤੀ ਰਾਏ ਲਗਭਗ ਸਹੀ ਹੁੰਦੀ। ਉਹ ਦੱਸਣ ਲਗਦੇ ਕਿ ਆਦਮੀ ਆਪਨੀ ਜ਼ਿੰਦਗੀ ਵਿਚ ਇੰਨੀ ਵਾਰ ਘਰ ਬਣਾਉਂਦਾ ਹੈ ਤੇ ਪੰਛੀ



ਗਿਆਨੀ ਦਰਸ਼ਨ ਸਿੰਘ ਤੇ ਡਾ. ਸਵਰਨ ਚੰਦਨ

ਇੰਨੀ ਵਾਰ। ਉਹ ਕਹਿੰਦੇ ਕਿ ਆਦਮੀ ਲਈ ਆਪਣੇ ਬੱਚੇ ਪਾਲਣੇ ਹੋਰਨਾਂ ਜੀਵਾਂ ਤੋਂ ਜ਼ਿਆਦਾ ਕੱਠਨ ਹਨ ਕਿਉਂਕਿ ਇਨਸਾਨ ਦੇ ਬੱਚੇ ਦਾ ਬਚਪਨ ਬਾਕੀ ਜੀਵਾਂ ਦੇ ਮੁਕਾਬਲੇ ਬਹੁਤ ਲੰਮਾ ਹੁੰਦਾ ਹੈ। ਇਕ ਗੱਲ ਹੋਰ ਬੜੀ ਖਾਸ ਦੱਸਿਆ ਕਰਦੇ ਕਿ ਜੇਕਰ ਤੁਹਾਨੂੰ ਆਪਣੀ ਪਤਨੀ ਵਿਚੋਂ ਆਪਣੀ ਮਾਂ ਦੇ ਝਾਉਲੇ ਪੈਣ ਤਾਂ ਇਸ ਦਾ ਮਤਲਬ ਕਿ ਉਹ ਵਧੀਆ ਪਤਨੀ ਹੈ। ਮੇਰੀ ਪਹਿਲੀ ਪਤਨੀ ਅਜਿਹੀ ਸੀ ਕਿ ਮਾਂ ਦੇ ਝਾਉਲੇ ਸਾਫ ਦਿੱਸਦੇ ਸਨ ਪਰ ਕੋਈ ਗੜਬੜ ਹੋ ਗਈ ਤੇ ਸਭ ਉਥਲ ਪੁਥਲ ਹੋ ਗਿਆ। ਖੈਰ...

ਇਕ ਵਾਰ ਮੈਂ ਉਹਨਾਂ ਨੂੰ ਦੱਸਿਆ ਕਿ ਸੁਖਜੀਤ ਹੁਣ ਵਾਪਸ ਆਉਣਾ ਚਾਹੁੰਦੀ ਹੈ। ਉਹ ਕੁਝ ਨਾ ਬੋਲੇ ਤੇ ਗੁਣਗੁਣਾਉਣ ਲਗੇ: 'ਸਭ ਕੁਸ਼ ਲੁਟਾ ਕੇ ਹੋਸ਼ ਮੇਂ ਆਏ ਤੋ ਕਿਆ ਕੀਆ' ਸੁਖਜੀਤ ਉਸ ਵਕਤ ਵਾਪਸ ਆਉਣ ਦੀ ਗੱਲ ਕਰ ਰਹੀ ਸੀ ਜਦ ਮੈਂ ਦੁਬਾਰਾ ਤਿੰਨ ਬੱਚਿਆਂ ਦਾ ਬਾਪ ਬਣ ਚੁੱਕਿਆ ਸਾਂ। ਫਿਰ ਉਹਨਾਂ ਨੇ ਇਸ ਵਿਸ਼ੇ ਤੇ ਮੁੜ ਕੇ ਕੋਈ ਗੱਲ ਹੀ ਨਹੀਂ ਕੀਤੀ। ਉਹਨਾਂ ਦੇ ਗੁਣਗੁਣਾਏ ਬੋਲਾਂ ਵਿਚ ਹੀ ਸਭ ਕੁਝ ਸੀ।

ਉਹ ਸਾਨੂੰ ਕਿਸੇ ਗੱਲੋਂ ਰੋਕਦੇ ਟੋਕਦੇ ਘੱਟ ਸਨ। ਨਾ ਹੀ ਆਪਣੀ ਕੋਈ ਗੱਲ ਸਾਡੇ 'ਤੇ ਥੋਪਦੇ ਸਨ। ਜਦ ਮੈਂ ਵਾਲ ਕਟਾਏ ਤਾਂ ਮਾਂ ਨੂੰ ਬਹੁਤ ਤਕਲੀਫ ਹੋਈ ਪਰ ਭਾਪਾ ਜੀ ਨੇ ਗੱਲ ਹੱਸ ਕੇ ਟਾਲ ਦਿੱਤੀ। ਉਹਨਾਂ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਪੜ੍ਹਨ ਵਿਚ ਹੁਸ਼ਿਆਰ ਸਾਂ। ਹਰ ਸਾਲ ਪਾਸ ਹੁੰਦਾ ਜਾਂਦਾ ਸਾਂ ਇਹੋ ਹੀ ਉਹਨਾਂ ਲਈ ਬਹੁਤ ਸੀ। ਬੀ.ਏ. ਵਿਚੋਂ ਮੇਰੇ ਬਹੁਤੇ ਨੰਬਰ ਨਹੀਂ ਸਨ ਆਏ। ਹੁਣ ਯਾਦ ਨਹੀਂ ਕਿਹੜੀ ਗੱਲੋਂ ਇਕ ਵਾਰ ਮੇਰੇ ਸਰਟੀਫਿਕੇਟ ਉਹ ਆਪਣੇ ਨਾਲ ਲੈ ਗਏ। ਕਿਸੇ ਨੂੰ ਦਿਖਾਏ ਜਦ ਪਤਾ ਲਗਾ ਕਿ ਮੈਂ ਬਹੁਤ ਥੋੜ੍ਹੇ ਨੰਬਰਾਂ ਵਿਚ ਪਾਸ ਹੋਇਆ ਹਾਂ ਤਾਂ ਉਹਨਾਂ ਨੂੰ ਬਹੁਤ ਤਕਲੀਫ ਹੋਈ ਪਰ ਉਹਨਾਂ ਨੇ ਮੈਨੂੰ ਕੁਝ ਨਹੀਂ ਕਿਹਾ। ਇਹ ਗੱਲ ਕਈ ਸਾਲ ਬਾਅਦ ਮਾਂ ਨੇ ਮੈਨੂੰ ਦੱਸੀ। ਫਿਰ ਜਦ ਮੈਂ ਐਲ. ਐਲ. ਬੀ. ਚੰਗੇ ਨੰਬਰਾਂ ਵਿਚ ਪਾਸ ਕੀਤੀ ਤਾਂ ਖੁਸ਼ ਹੋ ਗਏ।

ਸਾਡੀ ਸਭ ਦੀ ਪੜ੍ਹਾਈ ਨੂੰ ਉਹ ਬਹੁਤ ਤਰਜੀਹ ਦਿੰਦੇ ਸਨ। ਇਕ ਵਾਰ ਉਹਨਾਂ ਦਾ ਇਕ ਦੋਸਤ ਪੁੱਛਣ ਲਗਿਆ ਕਿ ਕਿੰਨੀ ਕੁ ਜ਼ਮੀਨ ਬਣਾ ਲਈ ਜਾਂ ਹੋਰ ਜਾਇਦਾਦ ਬਣਾਈ। ਉਹ ਕਹਿਣ ਲਗੇ ਕਿ 'ਮੈਂ ਕੁਝ ਨਹੀਂ ਬਣਾਇਆ ਪਰ ਸਾਰੇ ਬੱਚੇ ਪੜ੍ਹਾ ਦਿੱਤੇ।' ਉਹਨਾਂ ਦੇ ਦੋਸਤ ਨੇ ਕਿਹਾ ਕਿ ਇਸ ਤੋਂ ਵੱਡੀ ਹੋਰ ਜਾਇਦਾਦ ਕਿਹੜੀ ਹੋ ਸਕਦੀ ਹੈ। ਉਹਨਾਂ ਨੂੰ ਆਪ ਨਾ ਪੜ੍ਹ ਸਕਣ ਦਾ ਬਹੁਤ ਝੋਰਾ ਰਿਹਾ ਹੈ ਇਸ ਲਈ ਵੀ ਸਾਡੀ ਪੜ੍ਹਾਈ ਉਹਨਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਏਜੰਡਾ ਸੀ।

ਉਹਨਾਂ ਨੇ ਕਦੇ ਮੈਨੂੰ ਦੋਸਤਾਂ ਵਿਚ ਉਠਣ ਬੈਠਣ ਤੋਂ ਨਹੀਂ ਸੀ ਰੋਕਿਆ। ਜੇ ਕਦੇ ਕੋਈ ਗੱਲ ਕਹਿਣੀ ਵੀ ਹੁੰਦੀ ਤਾਂ ਬੀਬੀ ਰਾਹੀਂ ਕਹਿੰਦੇ। ਇਕ ਵਾਰ ਸਕੂਲ ਵਿਚ ਲੜ੍ਹਨ ਲਈ ਸਾਡੇ ਮੁੰਡਿਆਂ ਦੇ ਦੋ ਗਰੁੱਪ ਬਣ ਗਏ। ਭਾਪਾ ਜੀ ਛੁੱਟੀ ਆਏ



ਹੋਏ ਸਨ। ਉਹਨਾਂ ਨੂੰ ਪਤਾ ਚਲਿਆ ਤਾਂ ਉਹਨਾਂ ਆਪ ਕੁਝ ਨਹੀਂ ਕਿਹਾ ਤੇ ਸਾਰੀ ਗੱਲ ਬੀਬੀ ਨੇ ਹੀ ਕਹੀ। ਮੇਰੇ ਬਚਪਨ ਤੋਂ ਹੀ ਉਹ ਅਜਿਹੇ ਸਨ ਕਿ ਮੇਰਾ ਕੋਈ ਵੀ ਦੋਸਤ ਮਿਲਣ ਆ ਜਾਵੇ ਤਾਂ ਉਹਨਾਂ ਨੂੰ ਚਾਅ ਚੜ ਜਾਂਦਾ। ਇਕ ਵਾਰ ਅਸੀਂ ਪਰਾਲੀ ਚੁੱਕ ਕੇ ਇਕ ਜਗਾਹ ਤੋਂ ਦੂਜੀ ਜਗਾਹ ਰੱਖ ਰਹੇ ਸਾਂ। ਮੇਰਾ ਇਕ ਦੋਸਤ ਆ ਗਿਆ। ਮੈਂ ਖੜ ਕੇ ਉਸ ਨਾਲ ਗੱਲਾਂ ਕਰਨ ਲਗਿਆ। ਭਾਪਾ ਜੀ ਨੇ ਸਾਰੀ ਪਰਾਲੀ ਆਪ ਹੀ ਚੁੱਕੀ ਤੇ ਇਕ ਵਾਰ ਵੀ ਮੈਨੂੰ ਇਹ ਨਹੀਂ ਕਿਹਾ ਕਿ ਗੱਲਾਂ ਕਰਨੀਆਂ ਛੱਡ ਤੇ ਆਪਣਾ ਕੰਮ ਕਰ। ਬਾਅਦ ਵਿਚ ਆ ਕੇ ਤਾਂ ਮੇਰੇ ਦੋਸਤ ਉਹਨਾਂ ਦੇ ਦੋਸਤ ਬਣ ਗਏ।

ਮੇਰੀ ਉਮਰ ਦੇ ਚੌਵੀ ਸਾਲ ਤਕ ਤਾਂ ਸਾਡਾ ਵਾਹ ਸਿਰਫ ਉਹਨਾਂ ਦੀਆਂ ਛੁੱਟੀਆਂ ਵਿਚ ਹੀ ਪੈਂਦਾ ਸੀ। ਸਾਲ ਵਿਚ ਇਕ ਵਾਰ ਅਸੀਂ ਮਹੀਨਾ ਭਰ ਹੀ ਇਕੱਠੇ ਰਹਿੰਦੇ ਸਾਂ ਪਰ ਇਕ ਪਿਓ-ਪੁੱਤਰ ਵਾਲੀ ਦੂਰੀ ਤੇ ਰਹਿੰਦੇ ਸਾਂ ਇਸ ਲਈ ਇਕ ਦੂਜੇ ਨੂੰ ਬਹੁਤਾ ਨਹੀਂ ਜਾਣ ਸਕੇ। ਜਦ ਉਹ ਰਿਟਾਇਰ ਹੋ ਕੇ ਆਏ ਤਾਂ ਉਹਨਾਂ ਦਿਨਾਂ ਵਿਚ ਹੀ ਮੈਂ ਇੰਗਲੈਂਡ ਆ ਗਿਆ। ਫਿਰ ਉਹੋ ਸਿਸਟਮ ਸ਼ੁਰੂ ਹੋ ਗਿਆ ਕਿ ਸਾਲ ਦੋ ਸਾਲ ਬਾਅਦ ਸਾਡਾ ਵਾਹ ਮਹੀਨੇ ਭਰ ਕੁ ਲਈ ਹੀ ਪੈਂਦਾ ਪਰ ਹੁਣ ਇਕ ਬਹੁਤ ਵੱਡਾ ਫਰਕ ਆ ਗਿਆ ਸੀ। ਹੁਣ ਪਿਓ-ਪੁੱਤਰ ਵਾਲੀ ਅੜੀ ਨਿਕਲ ਚੁੱਕੀ ਸੀ ਤੇ ਹੁਣ ਰਿਸ਼ਤਾ ਦੋਸਤਾਂ ਵਾਲਾ ਸੀ। ਮੈਨੂੰ ਹੁਣ ਪਤਾ ਚਲਿਆ ਕਿ ਉਹਨਾਂ ਦਾ ਸੁਭਾਅ ਇੰਨਾ ਸ਼ੁਗਲੀ ਤੇ ਦੋਸਤਾਨਾ ਹੈ। ਮੈਂ ਆਪਣੇ ਬਚਪਨ ਵਿਚ ਆਪਣੇ ਬਾਬੇ ਤੋਂ ਸ਼ੇਅਰ ਸੁਣਿਆ ਕਰਦਾ ਸਾਂ ਪਰ ਹੁਣ ਮੈਂ ਦੇਖਿਆ ਕਿ ਭਾਪਾ ਜੀ ਨੂੰ ਵੀ ਸ਼ੇਅਰ ਦੀ ਬਹੁਤ ਸਮਝ ਸੀ। ਇਕ ਵਾਰ ਮੇਰਾ ਇਕ ਦੋਸਤ ਮਿਲਣ ਆਇਆ। ਮੈਂ ਭਾਪਾ ਜੀ ਨੂੰ ਦੱਸਿਆ ਕਿ ਕਵਿਤਾ ਲਿਖਦਾ ਹੈ। ਭਾਪਾ ਜੀ ਨੇ ਕਿਹਾ ਕਿ ਸੁਣਾ ਕੋਈ ਸ਼ੇਅਰ ਪਰ ਉਹ ਦੋਸਤ ਖੁੱਲ੍ਹੀ ਕਵਿਤਾ ਲਿਖਦਾ ਸੀ। ਇਕ ਵਾਰ ਗ਼ਜ਼ਲ ਲਿਖਣ ਵਾਲਾ ਦੋਸਤ ਆ ਗਿਆ। ਉਹ ਭਾਪਾ ਜੀ ਨੂੰ ਆਪਣੀ ਗ਼ਜ਼ਲ ਸੁਣਾਉਣ ਲਗਿਆ। ਭਾਪਾ ਜੀ ਕਹਿਣ ਲਗੇ ਕਿ ਇਹਦੇ ਵਿਚ ਸਿਰਫ ਇਕ ਸ਼ੇਅਰ ਹੈ ਜਿਹਨੂੰ ਸ਼ੇਅਰ ਕਿਹਾ ਜਾ ਸਕਦਾ ਹੈ। ਇਵੇਂ ਹੀ ਜਦ ਇੰਗਲੈਂਡ ਆਏ ਤਾਂ ਕੋਈ ਨਾ ਕੋਈ ਦੋਸਤ ਘਰ ਆਇਆ ਰਹਿੰਦਾ ਸੀ। ਗਿਆਨੀ ਦਰਸ਼ਨ ਸਿੰਘ ਨਾਲ ਉਹਨਾਂ ਦਾ ਸ਼ੁਗਲ ਚਲਦਾ ਰਹਿੰਦਾ ਸੀ। ਹਮਉਮਰ ਸਨ। ਗਿਆਨੀ ਜੀ ਵੀ ਆਰਮੀ ਵਿਚ ਰਹਿ ਚੁੱਕੇ ਸਨ। ਇਕ ਵਾਰ ਗਿਆਨੀ ਜੀ ਨੇ ਆਪਣੀ ਗ਼ਜ਼ਲ ਸੁਣਾਈ। ਭਾਪਾ ਜੀ ਕਹਿਣ ਲਗੇ,

"ਗਿਆਨੀ ਜੀ, ਸਾਰੇ ਸ਼ੇਅਰ ਹੀ ਕੱਚੇ ਆ।"

"ਅੱਛਾ! ਮੈਂ ਇਹਨਾਂ ਨੂੰ ਦੁਬਾਰਾ ਲਿਖੂੰ।"

"ਹੁਣ ਛੱਡੋ ਪਰੇ, ਕੱਚੇ ਈ ਰਹਿਣ ਦਿਓ, ਹੁਣ ਉਪਰ ਜਾ ਕੇ ਈ ਲਿਖਾਂਗੇ।"

ਭਾਪਾ ਜੀ ਹੱਸਦੇ ਹੋਏ ਕਹਿਣ ਲਗੇ। ਡਾਕਟਰ ਸਵਰਨ ਚੰਦਨ ਨੇ ਆਪਣੇ

ਸ਼ੇਅਰ ਸੁਣਾਉਣੇ ਤਾਂ ਉਹਨਾਂ ਨੇ ਕਹਿਣਾ,

"ਡਾਕਟਰ ਸਾਬ, ਇੰਨੀ ਉਦਾਸੀ ਵੀ ਕੀ ਕਹਿ ਭਲਾ, ਆਉ ਪੈੱਗ ਲਾਈਏ।"

ਮੇਰੀਆਂ ਕਹਾਣੀਆਂ ਮੈਗਜ਼ੀਨਾਂ ਵਿਚ ਛਪਣੀਆਂ ਤੇ ਕਦੇ ਕਵਿਤਾਵਾਂ ਵੀ। ਮੇਰੀ ਮਾਂ ਨੇ ਬਹੁਤ ਮਾਣ ਕਰਨਾ ਪਰ ਭਾਪਾ ਜੀ ਨੇ ਕਹਿਣਾ,

"ਮੁੰਡਾ ਕਾਹਦਾ ਲਿਖਾਰੀ ਹੈ ਇਹਨੂੰ ਸ਼ੇਅਰ ਤਾਂ ਲਿਖਣਾ ਨਹੀਂ ਆਉਂਦਾ।"

ਇਕ ਵਾਰ ਮੈਂ ਇੰਡੀਆ ਜਾਣਾ ਸੀ। ਮੈਂ ਘਰ ਹਾਲੇ ਦੱਸਿਆ ਨਹੀਂ ਸੀ ਪਰ ਕਿਸੇ ਦੋਸਤ ਨੂੰ ਚਿੱਠੀ ਲਿਖ ਦਿੱਤੀ। ਉਹਨੇ ਅਗੇ ਖਬਰ ਅਖ਼ਬਾਰ ਵਿਚ ਲਵਾ ਦਿੱਤੀ ਕਿ ਮੈਂ ਆ ਰਿਹਾ ਹਾਂ। ਭਾਪਾ ਜੀ ਨੇ ਖਬਰ ਪੜ੍ਹੀ ਤਾਂ ਖਿਝ ਗਏ ਤੇ ਬੀਬੀ ਨੂੰ ਕਹਿਣ ਲਗੇ ਕਿ ਹੁਣ ਮੁੰਡੇ ਦੇ ਆਉਣ ਦੀ ਖਬਰ ਵੀ ਸਾਨੂੰ ਅਖ਼ਬਾਰਾਂ ਰਾਹੀਂ ਹੀ ਮਿਲਦੀ ਹੈ ਪਰ ਬੀਬੀ ਨੂੰ ਇਹ ਗੱਲ ਬਹੁਤ ਵੱਡੀ ਲਗ ਰਹੀ ਸੀ।

ਮੇਰਾ ਲੇਖਕ ਹੋਣਾ ਮੇਰੀ ਮਾਂ ਨੂੰ ਬਹੁਤ ਚੰਗਾ ਲਗਦਾ ਸੀ ਪਰ ਭਾਪਾ ਜੀ ਨੂੰ ਕਿਵੇਂ ਲਗਦਾ ਸੀ ਇਹ ਗੱਲ ਉਹਨਾਂ ਅਖੀਰ ਤਕ ਨਹੀਂ ਚਿਤਾਰੀ। ਮੇਰੇ ਸਾਹਮਣੇ ਮੇਰੀ ਕੋਈ ਲਿਖਤ ਨਹੀਂ ਪੜ੍ਹੀ। ਉਹਨਾਂ ਨੂੰ ਅਖ਼ਬਾਰ ਪੜ੍ਹਨ ਦਾ ਬਹੁਤ ਸ਼ੌਂਕ ਸੀ ਪਰ ਕੋਈ ਲੇਖ ਜਾਂ ਕਹਾਣੀ ਘੱਟ ਪੜ੍ਹਦੇ ਹਨ। ਪਿੰਡ ਰਹਿੰਦਿਆਂ ਅਖ਼ਬਾਰ ਲਗਵਾਈ ਹੋਈ ਸੀ। ਇਥੇ 'ਦੇਸ-ਪਰਦੇਸ' ਘਰ ਆਉਂਦਾ ਸੀ। ਸ਼ੁਕਰਵਾਰ ਸਵੇਰੇ ਆਪਣੇ ਕੰਨ ਉਹਨਾਂ ਨੇ ਦਰਵਾਜ਼ੇ ਵੱਲ ਹੀ ਰੱਖਣੇ ਕਿ ਕਦ ਡਾਕੀਆ 'ਦੇਸ-ਪਰਦੇਸ' ਸੁੱਟ ਕੇ ਜਾਵੇ। ਇਸ ਪਰਚੇ ਵਿਚ ਮੇਰਾ ਕੁਝ ਨਾ ਕੁਝ ਛਪਦਾ ਰਹਿੰਦਾ ਸੀ ਪਰ ਉਹਨਾਂ ਨੇ ਕਦੇ ਜ਼ਿਕਰ ਨਹੀਂ ਕੀਤਾ। ਕਦੇ ਕਦੇ ਕਹਿ ਦਿੰਦੇ ਕਿ ਤੁਹਾਡੇ ਪਰੋਗਰਾਮ ਦੀ ਖਬਰ ਛਪੀ ਹੈ ਤੇ ਬੱਸ। ਟੈਲੀਵੀਜ਼ਨ 'ਤੇ ਖਬਰਾਂ ਉਹ ਸਾਰਾ ਦਿਨ ਦੇਖ ਕੇ ਵੀ ਨਹੀਂ ਸਨ ਅਕਦੇ। ਖਬਰਾਂ ਦੇਖ ਕੇ ਫਿਰ ਉਹਨਾਂ ਨੂੰ ਕੋਈ ਗੱਲਾਂ ਵਾਲਾ ਵੀ ਚਾਹੀਦਾ ਹੁੰਦਾ ਜਿਸ ਨਾਲ ਉਹ ਖਬਰਾਂ ਤੇ ਤਬਸਰਾ ਕਰ ਸਕਣ। ਸਾਡੀ ਬੀਬੀ ਨੂੰ ਸਿਆਸਤ ਬਾਰੇ ਬਹੁਤੀ ਸਮਝ ਜਾਂ ਦਿਲਚਸਪੀ ਨਹੀਂ ਸੀ ਹੁੰਦੀ ਪਰ ਭਾਪਾ ਜੀ ਨੇ ਗੱਲਾਂ ਕਰ ਕਰ ਕੇ ਬੀਬੀ ਨੂੰ ਵੀ ਪੂਰੇ ਹਿੰਦੁਸਤਾਨ ਦੀ ਸਿਆਸਤ ਬਾਰੇ ਬਾਖਬਰ ਕੀਤਾ ਹੋਇਆ ਸੀ। ਅਕਾਲੀਆਂ ਜਾਂ ਕਾਂਗਰਸੀਆਂ ਦੇ ਕਿਸੇ ਲੀਡਰ ਨੂੰ ਬੁਰਾ ਭਲਾ ਕਹਿਣ ਵਿਚ ਬੀਬੀ ਹਰ ਵੇਲੇ ਤਿਆਰ ਹੁੰਦੀ। ਉਹਨਾਂ ਨੇ ਖਬਰਾਂ ਦੇਖ ਕੇ ਜਾਂ ਪੜ੍ਹ ਕੇ ਪਿੰਡ ਦੀ ਸੱਥ ਵਿਚ ਜਾ ਬੈਠਣਾ, ਸੱਥ ਵਿਚ ਖਬਰਾਂ ਬਾਰੇ ਤਬਸਰਾ ਚਲਦਾ ਰਹਿਣਾ। ਰਿਟਾਇਰ ਹੋ ਕੇ ਉਹ ਪਿੰਡ ਦੀ ਸੱਥ ਵਿਚ ਆਮ ਹੀ ਬੈਠਣ ਲਗ ਪਏ ਸਨ।


ਉਹਨਾਂ ਦੇ ਸੁਭਾਅ ਦੀ ਇਕ ਖਾਸੀਅਤ ਇਹ ਸੀ ਕਿ ਉਹ ਸਭ ਨੂੰ ਜੀ ਕਹਿ ਬੁਲਾਉਂਦੇ ਸਨ। ਮੈਨੂੰ ਵੀ ਤੁਸੀਂ ਕਹਿ ਕੇ ਮੁਖਾਤਬ ਹੁੰਦੇ। ਮੈਂ ਕਈ ਵਾਰ ਇਤਰਾਜ਼ ਵੀ ਕੀਤਾ ਪਰ ਉਹ ਤੁਸੀਂ ਹੀ ਕਹਿੰਦੇ ਰਹੇ। ਆਪਣੇ ਕਾਮਿਆਂ ਨੂੰ ਵੀ ਕਈ ਵਾਰ ਤੁਸੀਂ ਕਹਿ ਕੇ ਹੀ ਬੁਲਾਉਂਦੇ। ਬੀਬੀ ਕਈ ਵਾਰੀ ਕਹਿੰਦੀ ਕਿ ਇਹ ਔਰਤ ਤਾਂ ਝਾੜੂ ਦੇਣ



ਵਾਲੀ ਹੈ ਤਾਂ ਭਾਪਾ ਜੀ ਕਹਿੰਦੇ ਕਿ ਹੈ ਤਾਂ ਉਮਰ ਵਿਚ ਸਿਆਣੀ। ਖੁਰਸ਼ੈਦ ਨਾਂ ਦੀ ਔਰਤ ਨੇ ਸਾਡੇ ਘਰ ਕਾਫੀ ਦੇਰ ਕੰਮ ਕੀਤਾ ਹੈ, ਉਹਨੂੰ ਭਾਪਾ ਜੀ ਸਦਾ ਤੁਸੀਂ ਕਹਿ ਕੇ ਹੀ ਗੱਲ ਕਰਦੇ।

## ਤਿੰਨ

ਪਰਦੇਸੀਂ ਵਸਦੇ ਲੋਕ ਆਪਣੇ ਵਤਨ ਪਰਤਦੇ ਹਨ। ਜਿਹਨਾਂ ਦੇ ਆਪਣੇ ਪਿੱਛੇ ਵਤਨ ਵਿਚ ਵਸਦੇ ਹੋਣ ਉਹਨਾਂ ਲਈ ਵਾਪਸ ਜਾਣਾ ਹੋਰ ਮਾਇਨੇ ਰੱਖਦਾ ਹੈ ਜਿਹਨਾਂ ਦੇ ਨਹੀਂ ਹਨ ਉਹਨਾਂ ਲਈ ਕੁਝ ਹੋਰ। ਮੈਂ ਪਹਿਲੀ ਵਾਰੀ ਸੰਨ 1981 ਵਿਚ ਇੰਡੀਆ ਗਿਆ ਸਾਂ ਤੇ ਸੰਨ 2005 ਤਕ ਇੰਡੀਆ ਜਾਣ ਦਾ ਮੇਰੇ ਲਈ ਵੱਖਰਾ ਅਨੰਦ ਸੀ ਤੇ ਉਸ ਤੋਂ ਬਾਅਦ ਕੋਈ ਅਨੰਦ ਨਹੀਂ ਹੈ, ਬੱਸ ਜਾਣਾ ਹੈ, ਆਪਣੇ ਕੰਮ ਕਰਨੇ ਹਨ। ਦੋਸਤਾਂ ਨੂੰ ਮਿਲਣਾ ਹੈ। ਮੇਰੇ ਆਪਣੇ ਘਰ ਦੇ ਦਰਵਾਜ਼ੇ ਬੰਦ ਪਏ ਹਨ। ਛੱਤਾਂ ਵੀ ਛੇਤੀ ਡਿਗ ਪੈਣਗੀਆਂ।




ਦਰਸ਼ਨ ਸਿੰਘ ਆਪਣੇ ਪੋਤੇ ਪੋਤੀਆਂ ਨਾਲ

ਇੰਡੀਆ ਜਾਣ ਦਾ ਜਿਹੜਾ ਅਨੰਦ ਮਾਂ-ਪਿਓ ਦੇ ਜੀਉਂਦੇ ਜੀ ਸੀ ਉਹ ਹੁਣ ਮੁੜ ਕੇ ਨਹੀਂ ਮਿਲਣਾ। ਮੈਂ ਬਹੁਤ ਸਾਰੇ ਲੋਕਾਂ ਨੂੰ ਇੰਡੀਆ ਜਾ ਕੇ ਮੁੜਦਿਆਂ ਨੂੰ ਦੇਖਦਾ ਹਾਂ ਤੇ ਫਿਰ ਉਹਨਾਂ ਦੀਆਂ ਗੱਲਾਂ ਸੁਣਦਾ ਹਾਂ ਮੈਨੂੰ ਉਹਨਾਂ ਨਾਲ ਈਰਖਾ ਹੋਣ ਲਗਦੀ ਹੈ ਤੇ ਪੁਰਾਣੇ ਦਿਨ ਯਾਦ ਵੀ ਆਉਣ ਲਗਦੇ ਹਨ। ਪਹਿਲੀ ਵਾਰ ਮੈਂ

ਸੰਨ 1981 ਦੀਆਂ ਸਰਦੀਆਂ ਨੂੰ ਗਿਆ। ਮੇਰੇ ਨਾਲ ਮੇਰਾ ਅੰਗਰੇਜ਼ ਦੋਸਤ ਟੌਮ ਵੀ ਸੀ। ਭਾਪਾ ਜੀ ਨੇ ਟੈਕਸੀ ਪਿੰਡੋਂ ਹੀ ਲਿਆਂਦੀ ਹੋਈ ਸੀ। ਉਸ ਵਿਚ ਸਾਰਾ ਇੰਤਜ਼ਾਮ ਵੀ ਕੀਤਾ ਹੋਇਆ ਸੀ। ਸ਼ਰਾਬ ਦੀਆਂ ਬੋਤਲਾਂ, ਸੋਢਾ, ਕੋਕ, ਪਾਣੀ, ਪਕੌੜੇ, ਟੀਸ਼ੂ। ਉਹਨਾਂ ਨੇ ਇਕ ਇਕ ਪੈੱਗ ਪਾਇਆ ਤੇ ਟੌਮ ਨੂੰ ਕਹਿਣ ਲਗੇ,

"ਵੈਲਕਮ ਟੂ ਇੰਡੀਆ!"

ਉਹ ਅੰਗਰੇਜ਼ੀ ਪੜ੍ਹ ਲਿਖ ਲੈਂਦੇ ਸਨ ਪਰ ਪੂਰੀ ਤਰ੍ਹਾਂ ਬੋਲਣੀ ਨਹੀਂ ਸੀ ਆਉਂਦੀ ਪਰ ਟੌਮ ਨਾਲ ਡੰਗ ਪੂਰਾ ਕਰ ਲੈਂਦੇ ਸਨ। ਟੌਮ ਵੀ ਮੇਰਾ ਕਾਫੀ ਪੁਰਾਣਾ ਦੋਸਤ ਸੀ, ਪੰਜਾਬੀ ਦੇ ਕਈ ਲਫਜ਼ ਸਮਝਦਾ ਸੀ। ਇਸ ਲਈ ਕੋਈ ਲਫਜ਼ ਫੜ ਕੇ ਉਹ ਕੰਮ ਚਲਾ ਰਹੇ ਸਨ। ਜਦੋਂ ਅਸੀਂ ਦਿੱਲੀ ਤੋਂ ਬਾਹਰ ਨਿਕਲੇ ਤਾਂ ਇਹ ਤੜਕਸਾਰ ਸੀ। ਜਦੋਂ ਅਸੀਂ ਪੰਜਾਬ ਵਿਚ ਪਹੁੰਚੇ ਤਾਂ ਲੋਅ ਹੋ ਚੁੱਕੀ ਸੀ। ਲੋਕ ਜੰਗਲ ਪਾਣੀ ਜਾ ਰਹੇ ਸਨ। ਟੌਮ ਨੂੰ ਮੈਂ ਦੱਸਿਆ ਹੋਇਆ ਸੀ ਕਿ ਸਾਡੇ ਘਰ ਫਲੈਸ਼ ਵਾਲੀ ਟੁਆਇਲਟ ਨਹੀਂ ਹੋਵੇਗੀ, ਖੇਤਾਂ ਵਿਚ ਹੀ ਜਾਣਾ ਪਵੇਗਾ। ਟੌਮ ਹਰ ਤਜਰਬਾ ਕਰਨ ਨੂੰ ਤਿਆਰ ਸੀ। ਜਦ ਉਸ ਨੇ ਲੋਕ ਖੇਤਾਂ ਵਿਚ ਜੰਗਲਪਾਣੀ ਬੈਠੇ ਦੇਖੇ ਤਾਂ ਉਸ ਨੂੰ ਬਹੁਤ ਹੈਰਾਨੀ ਹੋਵੇ ਤੇ ਅਜੀਬ ਜਿਹਾ ਚਾਅ ਵੀ ਚੜੇ। ਭਾਪਾ ਜੀ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਕਹਿ ਰਹੇ ਸਨ,

"ਓਪਨ ਏਅਰ ਟੁਆਇਲਟ।"

ਰਾਹ ਵਿਚ ਕੋਈ ਖਾਸ ਜਗਾਹ ਜਾਂ ਚੀਜ਼ ਆਉਂਦੀ ਤਾਂ ਆਪਣੇ ਹਿਸਾਬ ਨਾਲ ਉਸ ਬਾਰੇ ਜਾਣਕਾਰੀ ਦੇਣ ਲਗਦੇ। ਅਸੀਂ ਗੱਲਾਂ ਕਰਦੇ ਤੇ ਇਕ ਇਕ



ਪਿਓ ਪੁੱਤਰ



ਗਲਾਸੀ ਲਾਉਂਦੇ ਪਿੰਡ ਪੁੱਜੇ। ਉਹਨਾਂ ਦੀ ਖਾਸ ਗੱਲ ਇਹ ਹੁੰਦੀ ਸੀ ਕਿ ਬਹੁਤਾ ਵੱਡਾ ਪੈੱਗ ਨਹੀਂ ਸਨ ਪਾਉਂਦੇ। ਉਹ ਕਿਹਾ ਕਰਦੇ ਕਿ ਥੋੜ੍ਹੀ ਪੀਓ ਤੇ ਲੰਮਾ ਸਮਾਂ ਪੀਓ। ਸਾਡੇ ਆਉਣ 'ਤੇ ਬੀਬੀ ਤੇ ਭਾਪਾ ਜੀ ਚਾਅ ਵਿਚ ਉਡੇ ਫਿਰਦੇ ਸਨ। ਬਾਬਾ ਤੇ ਬੇਬੇ ਵੀ ਤਕੜੇ ਸਨ ਤੇ ਚਾਚਾ ਦੇਵ ਵੀ। ਸਾਰੇ ਹੀ ਮੇਰੇ ਜਾਣ ਤੇ ਖੁਸ਼ ਸਨ ਪਰ ਭਾਪਾ ਜੀ ਦੀ ਖੁਸ਼ੀ ਅਜੀਬ ਸੀ। ਟੌਮ ਨੂੰ ਸਾਰਾ ਪਿੰਡ ਦਿਖਾਇਆ। ਕਦੇ ਕਿਸੇ ਵੇਲਣੇ ਤੇ ਲੈ ਜਾਇਆ ਕਰਨ, ਕਦੇ ਕਿਸੇ ਦੀ ਪੱਠੇ ਕੁਤਰਨ ਵਾਲੀ ਗੇੜੀ ਦਿਖਾਉਣ ਲਗਿਆ ਕਰਨ, ਕਦੇ ਕੋਈ ਹਲਟ ਚਲਦਾ। ਉਹਨਾਂ ਦਿਨਾਂ ਵਿਚ ਖੂਹ ਹਾਲੇ ਚਲਦੇ ਸਨ। ਟੌਮ ਪੇਂਡੂ ਬੰਦਾ ਸੀ। ਬਰਤਾਨੀਆਂ ਦੇ ਪਿੰਡਾਂ ਨਾਲ ਉਸ ਦਾ ਵਾਹ ਰਿਹਾ ਸੀ। ਉਸ ਨੇ ਖੇਤੀ ਵੀ ਕੀਤੀ ਹੋਈ ਸੀ ਇਸ ਲਈ ਪੇਂਡੂ ਜ਼ਿੰਦਗੀ ਇੰਨੀ ਮੁਸ਼ਕਲ ਨਹੀਂ ਸੀ ਲਗ ਰਹੀ ਜਿੰਨੀ ਮੈਂ ਸਮਝੀ ਬੈਠਾ ਸਾਂ। ਟੌਮ ਨੂੰ ਜੰਗਲ ਪਾਣੀ ਲਈ ਓਹਲਾ ਚਾਹੀਦਾ ਸੀ। ਕਮਾਦੀ ਦਾ ਓਹਲਾ ਉਸ ਨੂੰ ਰਾਸ ਆ ਰਿਹਾ ਸੀ। ਇਸ ਗੱਲ 'ਤੇ ਬਹੁਤ ਹਾਸਾ ਪੈਣਾ। ਜਦ ਵੀ ਕਿਧਰੇ ਜਾਣਾ ਤਾਂ ਧਿਆਨ ਰੱਖਣਾ ਕਿ ਨੇੜੇ ਤੇੜੇ ਕਮਾਦੀ ਜ਼ਰੂਰ ਹੋਵੇ। ਉਹਨਾਂ ਨੇ ਵਿਸਕੀ ਦੀ ਪੂਰੀ ਪੇਟੀ ਲਿਆ ਕੇ ਰੱਖੀ ਹੋਈ ਸੀ। ਉਹ ਬਹੁਤੀ ਵਾਰ ਪੂਰੀ ਪੇਟੀ ਹੀ ਖਰੀਦਦੇ। ਖਤਮ ਹੁੰਦੀ ਤਾਂ ਹੋਰ ਲੈ ਆਉਂਦੇ। ਵੈਸੇ ਇਸ ਬਾਰੇ ਉਹ ਕਦੇ ਚਿੰਤਾ ਨਾ ਕਰਦੇ ਕਿ ਕਿਹੜੀ ਪੀਣੀ ਹੈ। ਉਹ ਆਖਦੇ ਕਿ ਅਕਲ ਨੂੰ ਜਿੰਦੇ ਹੀ ਲਾਉਣੇ ਹਨ ਕਿਸੇ ਸ਼ਰਾਬ ਨਾਲ ਵੀ ਲਾ ਲਓ। ਹਰ ਰੋਜ਼ ਟੌਮ ਨੂੰ ਤੜਕਸਾਰ ਉਠਾ ਕੇ ਇਕ ਹਾੜਾ ਪਿਲਾ ਦੇਣਾ ਤੇ ਇਕ ਆਪ ਪੀ ਲੈਣਾ। ਉਹਨਾਂ ਆਪ ਤਾਂ ਅਗਲਾ ਪੈੱਗ ਵਕਫੇ ਨਾਲ ਲੈਣਾ ਹੁੰਦਾ ਪਰ ਟੌਮ ਨੇ ਸਵੇਰੇ ਦਸ ਵਜੇ ਤਕ ਸ਼ਰਾਬੀ ਹੋ ਜਾਣਾ।

ਟੌਮ ਦੇ ਕਿਰਦਾਰ ਨੂੰ ਕਿਸੇ ਹੱਦ ਤਕ ਮੈਂ ਆਪਣੇ ਨਾਵਲ 'ਸਵਾਰੀ' ਵਿਚ ਵਰਤਿਆ ਵੀ ਹੈ। ਉਹ ਇੰਡੀਅਨ ਕੁੜੀ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ। ਪਰ ਭਾਪਾ ਜੀ ਨੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ। ਕੁੜੀਆਂ ਤਾਂ ਬਹੁਤ ਤਿਆਰ ਹੋ ਜਾਂਦੀਆਂ ਤੇ ਘਰ ਦੇ ਵੀ ਮੰਨ ਜਾਂਦੇ ਪਰ ਭਾਪਾ ਜੀ ਕਿਸੇ ਕਿਸਮ ਦੀ ਜ਼ਿੰਮੇਵਾਰੀ ਨਹੀਂ ਸੀ ਲੈਣਾ ਚਾਹੁੰਦੇ। ਬੇਗਾਨਾ ਮੁਲਕ, ਬੇਗਾਨੇ ਲੋਕ, ਬੇਗਾਨਾ ਸਭਿਆਚਾਰ, ਬੇਗਾਨੇ ਸੰਸਕਾਰ, ਅਜਿਹੇ ਹਾਲਾਤ ਵਿਚ ਕਿਸੇ ਦਾ ਕੀ ਭਰੋਸਾ ਕੀਤਾ ਜਾ ਸਕਦਾ ਹੈ, ਕਿਸੇ ਦੀ ਕਿੰਨੀ ਕੁ ਜ਼ਿੰਮੇਵਾਰੀ ਲਈ ਜਾ ਸਕਦੀ ਹੈ। ਉਹਨਾਂ ਮੈਨੂੰ ਸਾਫ ਕਹਿ ਦਿੱਤਾ,

"ਤੇਰਾ ਲੱਖ ਦੋਸਤ ਹੋਵੇ ਪਰ ਲੋਕਾਂ ਨੂੰ ਮੂੰਹ ਮੈਂ ਦਿਖਾਉਣਾ, ਮੈਂ ਏਡੀ ਵੱਡੀ ਜ਼ਿੰਮੇਵਾਰੀ ਨਹੀਂ ਚੁੱਕ ਸਕਦਾ।"

ਅਸੀਂ ਡੇਢ ਮਹੀਨਾ ਪਿੰਡ ਰਹੇ। ਖੂਬ ਅਨੰਦ ਮਾਣਿਆਂ। ਦੂਰ ਦੂਰ ਤਕ ਘੁੰਮੇ। ਇੰਨਾ ਇੰਡੀਆ ਮੈਂ ਤਾਂ ਪਹਿਲੀ ਵਾਰ ਦੇਖਿਆ ਸੀ। ਤਾਜ ਮਹੱਲ ਦੇਖਿਆ, ਪੂਰੀ ਦਿੱਲੀ ਘੁੰਮ ਫਿਰ ਕੇ ਦੇਖੀ। ਅੰਮ੍ਰਿਤਸਰ, ਅਨੰਦਪੁਰ ਤੇ ਹੋਰ ਬਹੁਤ ਸਾਰੇ ਗੁਰਦਵਾਰੇ

ਵੀ ਦੇਖੇ। ਟੌਮ ਨੇ ਅਜਿਹੀਆਂ ਛੁੱਟੀਆਂ ਪਹਿਲਾਂ ਕਦੇ ਨਹੀਂ ਸੀ ਮਨਾਈਆਂ। ਉਹ ਹੈਰਾਨ ਸੀ ਕਿ ਉਸ ਦਾ ਇਕ ਵੀ ਪੈਸਾ ਖਰਚ ਨਹੀਂ ਹੋਇਆ। ਉਹ ਅੱਜ ਵੀ ਇਹਨਾਂ ਛੁੱਟੀਆਂ ਨੂੰ ਯਾਦ ਕਰਦਾ ਹੈ।

ਉਸ ਤੋਂ ਅਗਲੀਆਂ ਛੁੱਟੀਆਂ ਵਿਚ ਮੈਂ ਇਕੱਲਾ ਇੰਡੀਆ ਗਿਆ ਸਾਂ। ਮੇਰੀਆਂ ਇਹ ਛੁੱਟੀਆਂ ਉਹਨਾਂ ਲਈ ਜ਼ਿਆਦਾ ਉਤਸ਼ਾਹਜਨਕ ਸਨ। ਅਸੀਂ ਛੋਟੀ ਛੋਟੀ ਗਲਾਸੀ ਸਵੇਰੇ ਲਾ ਲੈਣੀ ਤੇ ਫਿਰ ਸਾਰਾ ਦਿਨ ਹੀ ਸ਼ੁਗਲ ਚਲਦਾ ਰਹਿਣਾ। ਮੈਂ ਕਿਤੇ ਵੀ ਜਾਣਾ ਹੋਵੇ ਤਾਂ ਉਹਨਾਂ ਨੇ ਮੇਰੇ ਨਾਲ ਹੀ ਜਾਣਾ। ਖਾਸ ਤੌਰ ਤੇ ਰਿਸ਼ਤੇਦਾਰਾਂ ਦੇ। ਜੇਕਰ ਮੈਂ ਲੇਖਕਾਂ ਨੂੰ ਮਿਲਣ ਜਾਣਾ ਹੋਵੇ ਤਾਂ ਉਹਨਾਂ ਨੇ ਮੈਨੂੰ ਇਕੱਲੇ ਨੂੰ ਜਾ ਲੈਣ ਦੇਣਾ ਨਹੀਂ ਤਾਂ ਉਹ ਸਦਾ ਮੇਰੇ ਨਾਲ ਹੁੰਦੇ। ਬਹੁਤੇ ਮੇਰੇ ਦੋਸਤ ਮੈਨੂੰ ਮਿਲਣ ਲਈ ਘਰ ਹੀ ਆ ਜਾਇਆ ਕਰਦੇ ਸਨ। ਟੈਕਸੀ ਉਹਨਾਂ ਨੇ ਦਰਾਂ ਮੂਹਰੇ ਖੜ੍ਹੀ ਕਰ ਰੱਖੀ ਹੁੰਦੀ। ਜੇ ਕਿਤੇ ਹੋਰ ਨਾ ਵੀ ਜਾਣਾ ਹੋਵੇ ਤਾਂ ਐਵੇਂ ਸ਼ਹਿਰ ਦਾ ਗੇੜਾ ਹੀ ਮਾਰ ਆਉਣਾ। ਨਹੀਂ ਤਾਂ ਮੀਟ-ਮੱਛੀ ਜਾਂ ਫਿਰ ਸ਼ਰਾਬ ਦੀ ਬੋਤਲ ਲੈਣ ਸ਼ਹਿਰ ਹੀ ਚਲੇ ਜਾਣਾ ਜਦ ਕਿ ਇਹ ਸਭ ਕੁਝ ਪਿੰਡ ਵੀ ਮਿਲਦਾ ਸੀ। ਸ਼ਹਿਰ ਜਾਣਾ ਉਹਨਾਂ ਨੂੰ ਚੰਗਾ ਲਗਦਾ ਸੀ। ਸ਼ਹਿਰ ਵਿਚ ਦੁਕਾਨਦਾਰਾਂ ਨਾਲ ਉਹਨਾਂ ਵਾਹਵਾ ਬਣਾ ਕੇ ਰੱਖੀ ਹੋਈ ਸੀ। ਬੜੇ ਮਾਣ ਨਾਲ ਦੁਕਾਨਦਾਰਾਂ ਨਾਲ ਮੈਨੂੰ ਮਿਲਾਉਂਦੇ। ਦੁਕਾਨਦਾਰ ਮੇਰੇ ਤੋਂ ਆਸ ਰੱਖਦੇ ਕਿ ਪਤਾ ਨਹੀਂ ਮੈਂ ਕਿੰਨੀ ਕੁ ਸ਼ੌਪਿੰਗ ਕਰਾਂਗਾ ਪਰ ਮੈਂ ਬਹੁਤਾ ਕੁਝ ਨਹੀਂ ਸਾਂ ਖਰੀਦਦਾ। ਮੈਨੂੰ ਸ਼ੌਪਿੰਗ ਕਰਨੀ ਕਦੇ ਚੰਗੀ ਨਹੀਂ ਲਗਦੀ। ਮੈਨੂੰ ਕਦੇ ਇੰਡੀਆ ਦਾ ਕਪੜਾ ਚੰਗਾ ਲਗਿਆ ਹੀ ਨਹੀਂ ਜਦ ਕਿ ਮੇਰੀ ਪਤਨੀ ਜਾਂ ਮੇਰੀਆਂ ਭੈਣਾਂ ਇੰਡੀਆ ਦੇ ਕਪੜੇ ਨੂੰ ਹੀ ਚੰਗਾ ਸਮਝਦੀਆਂ ਹਨ।



ਨਰਿੰਦਰ ਕੁਕੂ

ਮੇਰੇ ਪਿੰਡ ਗਿਆਂ ਮੇਰੇ ਕਈ ਬਚਪਨ ਦੇ ਦੋਸਤ ਜਾਂ ਵਾਕਫ ਸਿਰਫ ਸ਼ਰਾਬ ਪੀਣ ਆ ਜਾਇਆ ਕਰਨੇ ਪਰ ਉਹਨਾਂ ਨੇ ਕਦੇ ਮੱਥੇ ਵਲ਼ ਨਹੀਂ ਸੀ ਪਾਇਆ। ਉਹ



ਕਹਿੰਦੇ ਕਿ ਕਿਸੇ ਤੇ ਕੋਈ ਮਾਣ ਕਰੇਗਾ, ਮੇਰ ਕਰੇਗਾ ਤਾਂ ਹੀ ਆਏਗਾ। ਕਈਆਂ ਨੇ ਚੁੱਕਵਾਂ ਨੇਂਦਾ ਮੰਗ ਲੈਣਾ ਕਿ ਅਧੀਆ ਦੇ ਦਿਓ ਤੇ ਉਹ ਘਰ ਜਾ ਕੇ ਪੀਣਗੇ। ਕਈਆਂ ਨੇ ਕਹਿਣਾ ਕਿ ਅੱਜ ਉਹ ਕਿਧਰੋਂ ਹੋਰ ਪੀ ਆਏ ਹਨ ਤੇ ਅਧੀਏ ਦੇ ਪੈਸੇ ਦੇ ਦਿਓ ਤਾਂ ਜੋ ਕੱਲ੍ਹ ਨੂੰ ਉਹ ਪੀ ਸਕਣ। ਖੈਰ! ਇਕ ਵਾਰ ਮੇਰਾ ਜਮਾਤੀ ਰਾਮ ਪਰਕਾਸ਼ ਮੈਨੂੰ ਮਿਲਣ ਆ ਗਿਆ। ਉਸ ਦੇ ਨਾਲ ਸ਼ਾਦੀ ਲਾਲ ਵੀ ਸੀ। ਅਸੀਂ ਪਿੰਡ ਵਿਚ ਅੰਦਰਲੇ ਘਰ ਬੈਠੇ ਸਾਂ। ਮੈਂ ਇਕੱਲਾ ਹੀ ਸਾਂ। ਭਾਪਾ ਜੀ ਕਿਤੇ ਗਏ ਹੋਏ ਸਨ। ਵਿਸਕੀ ਦੀ ਬੋਤਲ ਫਰਿੱਜ 'ਤੇ ਪਈ ਸੀ। ਮੇਰੇ ਦੋਸਤਾਂ ਦਾ ਧਿਆਨ ਮੁੜ ਮੁੜ ਕੇ ਬੋਤਲ ਵੱਲ ਜਾ ਰਿਹਾ ਸੀ ਜਦ ਕਿ ਮੈਂ ਯਾਦਾਂ ਦੀਆਂ ਗਲੀਆਂ ਦੀ ਸੈਰ ਕਰਨੀ ਚਾਹੁੰਦਾ ਸਾਂ ਕਿਉਂਕਿ ਸਾਡਾ ਬਚਪਨ ਇਕੱਠਿਆਂ ਦਾ ਲੰਘਿਆ ਸੀ। ਹਾਰ ਕੇ ਰਾਮ ਪਰਕਾਸ਼ ਸ਼ਾਦੀ ਲਾਲ ਨੂੰ ਕਹਿਣ ਲਗਿਆ,

"ਸ਼ਾਦੀ ਲਾਲ, ਜੇ ਤੂੰ ਪੀਣੀ ਆਂ ਤਾਂ ਪੀ ਲੈ, ਭਾਜੀ ਕੁਸ਼ ਨਹੀਂ ਕਹਿੰਦੇ।"

ਮੈਂ ਕੁਝ ਬੋਲੇ ਬਿਨਾਂ ਬੋਤਲ ਚੁੱਕੀ ਤੇ ਸਟੀਲ ਦੇ ਦੋ ਗਲਾਸ ਵੀ। ਦੋਨਾਂ ਗਲਾਸਾਂ ਵਿਚ ਪਾਈਆ ਪਾਈਆ ਵਿਸਕੀ ਪੈ ਗਈ। ਨਜ਼ਦੀਕ ਹੀ ਨਲ਼ਕਾ ਸੀ ਮੈਂ ਜੱਗ ਲੈ ਕੇ ਨਲ਼ਕੇ ਵੱਲ ਵਧਿਆ। ਜਦ ਪਾਣੀ ਲੈ ਕੇ ਵਾਪਸ ਆਇਆ ਤਾਂ ਉਹਨਾਂ ਦੋਨਾਂ ਨੇ ਆਪੋ ਆਪਣੇ ਪੈੱਗ ਪੀ ਲਏ ਸਨ। ਮੈਂ ਹੈਰਾਨ ਸਾਂ ਕਿ ਪਾਣੀ ਬਿਨਾਂ ਨੀਟ ਕਿਵੇਂ ਪੀ ਗਏ। ਮੈਂ ਬਾਕੀ ਬਚਦੀ ਬੋਤਲ ਵੀ ਉਹਨਾਂ ਦੇ ਗਲਾਸਾਂ ਵਿਚ ਉਲੱਦ ਦਿੱਤੀ। ਉਹ ਉਹ ਵੀ ਇਕੋ ਸਾਹੇ ਪੀ ਗਏ। ਮੈਂ ਇਕ ਬੋਤਲ ਹੋਰ ਖੋਹਲੀ। ਇਕ ਇਕ ਪੈੱਗ ਉਹਨਾਂ ਹੋਰ ਪੀਤਾ ਤੇ ਬਿਨਾਂ ਕੁਝ ਕਹੇ ਤੁਰ ਪਏ। ਉਹਨਾਂ ਦੀਆਂ ਲੱਤਾਂ ਭਾਰ ਨਹੀਂ ਸਨ ਝੱਲ ਰਹੀਆਂ। ਮੈਂ ਪੁੱਛਿਆ,

"ਕਿਉਂ ਬਈ ਘਰ ਪੁੱਜ ਜਾਓਂਗੇ ?"

"ਬਿਲਕੁਲ ਪੁੱਜ ਜਾਵਾਂਗੇ ਜੀ, ਬੱਸ ਸਾਨੂੰ ਬਾਹਰ ਕੱਢ ਕੇ ਕੰਧ ਫੜਾ ਦਿਓ।"

ਭਾਪਾ ਜੀ ਆਏ ਤਾਂ ਮੈਂ ਦੱਸਿਆ। ਉਹ ਗੁੱਸੇ ਵੀ ਹੋਈ ਜਾਣ ਕਿ ਇਵੇਂ ਨਹੀਂ ਸੀ ਕਰਨੀ ਪਰ ਹੱਸੀ ਵੀ ਜਾਣ ਕਿ ਲੋਕ ਕਿਵੇਂ ਸ਼ਰਾਬ ਦਾ ਲਾਲਚ ਕਰ ਜਾਂਦੇ ਹਨ।

ਮੇਰੇ ਬਚਪਨ ਵਿਚ ਉਹ ਛੁੱਟੀ ਆਉਂਦੇ ਤਾਂ ਅਸੀਂ ਦੋਨੋਂ ਇਕੱਠੇ ਬੈਠ ਕੇ ਰੋਟੀ ਖਾਂਦੇ। ਹੁਣ ਵੀ ਸਵੇਰ ਤੇ ਸ਼ਾਮ ਦੀ ਰੋਟੀ ਅਸੀਂ ਇਕੱਠੇ ਖਾਂਦੇ। ਮੈਂ ਇੰਡੀਆ ਗਿਆ ਬਹੁਤ ਘੱਟ ਰਾਤ ਕਿਧਰੇ ਹੋਰ ਰਿਹਾ ਹੋਵਾਂਗਾ, ਕਿੰਨੀ ਵੀ ਦੇਰ ਹੋ ਜਾਵੇ ਮੈਂ ਘਰ ਮੁੜਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਕਈ ਵਾਰ ਲੇਖਕ ਦੋਸਤਾਂ ਨੂੰ ਮਿਲਣ ਨਿਕਲ ਜਾਣਾ। ਸ਼ਾਮ ਨੂੰ ਬੈਠਿਆਂ ਮੇਰੀ ਉਡੀਕ ਹੀ ਕਰੀ ਜਾਣੀ ਕਿ ਇਕੱਠੇ ਰੋਟੀ ਖਾਵਾਂਗੇ। ਮੈਂ ਲੇਟ ਹੋ ਜਾਣਾਂ ਤਾਂ ਆਪਣਾ ਆਪ ਗੁਨਾਹਗਾਰ ਲਗਣ ਲਗ ਪੈਣਾਂ। ਕਈ ਵਾਰੀ ਤਾਂ ਮੈਂ ਇਸ ਕਰਕੇ ਵੀ ਜਲਦੀ ਮੁੜਨ ਦੀ ਕੋਸ਼ਿਸ਼ ਕਰਨੀ ਕਿ ਕਿਧਰੇ ਘਰ ਭਾਪਾ ਜੀ ਭੁੱਖੇ ਹੀ ਨਾ ਬੈਠੇ ਹੋਣ। ਕੰਮ ਕਰਨ ਵਾਲੀਆਂ ਨੂੰ ਪੁੱਛੀ ਜਾਣਾ ਕਿ ਮੁੰਡੇ ਨੇ ਰੱਜ ਕੇ

ਰੋਟੀ ਖਾਧੀ ਵੀ ਹੈ ਕਿ ਨਹੀਂ। ਜਦ ਮੈਂ ਵਾਪਸ ਲੰਡਨ ਆਉਣਾ ਹੁੰਦਾ ਤਾਂ ਮੈਨੂੰ ਅਲਵਿਦਾ ਕਰਨ ਆਉਣ ਦੀ ਵੀ ਪੂਰੀ ਤਿਆਰੀ ਹੁੰਦੀ। ਉਵੇਂ ਹੀ ਸਾਰਾ ਸਾਮਾਨ ਕੋਲ ਲੈ ਲੈਣਾ ਤੇ ਇਕ ਇਕ ਪੈੱਗ ਲਾਉਂਦਿਆਂ ਦਿੱਲੀ ਪੁੱਜਣਾ। ਉਹੋ ਜਜ਼ਬਾਤ ਨਾਲ ਭਰੀ ਅਲਵਿਦਾਇਗੀ। ਹਾਲੇ ਕਈ ਅਜਿਹੇ ਮੌਕੇ ਆਏ ਹੋਣਗੇ ਮੈਂ ਕਈ ਵਾਰ ਸ਼ਰਾਬੀ ਹੋ ਗਿਆ ਹੋਵਾਂ ਪਰ ਉਹ ਠੀਕ ਰਹਿੰਦੇ।

ਇਕ ਵਾਰੀ ਮੈਂ ਰੇਲ ਵਿਚ ਸਫਰ ਕਰਨ ਦੀ ਇੱਛਿਆ ਜ਼ਾਹਰ ਕੀਤੀ ਕਿਉਂਕਿ ਭਾਰਤੀ ਰੇਲ ਵਿਚ ਸਫਰ ਕੀਤਿਆਂ ਕਈ ਸਾਲ ਹੋ ਗਏ ਸਨ। ਬਚਪਨ ਤੋਂ ਹੀ ਰੇਲ ਦਾ ਸਫਰ ਮੈਨੂੰ ਬਹੁਤ ਚੰਗਾ ਲਗਦਾ ਰਿਹਾ ਹੈ। ਦਿੱਲੀ ਤੋਂ ਫਗਵਾੜੇ ਤਕ ਦਾ ਸਫਰ ਅਸੀਂ ਰੇਲ ਰਾਹੀਂ ਕਰਨ ਦਾ ਫੈਸਲਾ ਕਰ ਲਿਆ। ਮੇਰਾ ਭਣੋਈਆ ਸਤਪਾਲ ਵੀ ਨਾਲ ਸੀ। ਇਕ ਜਾਂ ਦੋ ਵਿਅਕਤੀ ਹੋਰ ਵੀ ਸਨ। ਤਰੀਕਾ ਉਹੋ ਸੀ। ਦਾਰੂ ਸਿੱਕਾ ਸਾਡੇ ਕੋਲ ਸੀ, ਪਰੌਂਠੇ ਤੇ ਖਾਣ ਪੀਣ ਦਾ ਹੋਰ ਸਾਮਾਨ ਵੀ ਸੀ। ਇਕ ਅੰਨਾ ਮੰਗਤਾ ਸਾਡੇ ਕੋਲ ਆ ਗਿਆ। ਭਾਪਾ ਜੀ ਕਹਿਣ ਲਗੇ,

"ਸੂਰ ਦਾਸਾ, ਤੂੰ 'ਕੱਲੀ ਕਹਿਰੀ ਜਾਨ ਆਂ ਤੈਨੂੰ ਮੰਗਣ ਦੀ ਕੀ ਲੋੜ ਪੈ ਗਈ?"

"ਸਰਦਾਰ ਜੀ, ਮੇਰੇ ਨੌਂ ਬੱਚੇ ਆ।"

"ਸੂਰ ਦਾਸਾ, ਤੂੰ ਨੌਂ ਬੱਚੇ ਕੀ ਕਰਨੇ ਸੀ, ਸਾਡੇ ਵਰਗਿਆਂ ਤੋਂ ਦੋ ਦੋ ਪਾਲਣੇ ਔਖੇ ਹੋਏ ਪਏ ਆ।"

"ਤਾਂ ਹੀ ਤਾਂ ਮੰਗਦਾਂ ਜੀ।"

"ਪੈਸੇ ਤਾਂ ਸਾਡੇ ਕੋਲ ਦੇ ਨੂੰ ਹੈ ਨਹੀਂ ਤੂੰ ਆਹ ਖਾਲੀ ਬੋਤਲ ਲੈ ਜਾ, ਦੋ ਰੁਪਏ ਦੀ ਵਿਕ ਜਾਣੀ ਆਂ। ਜੇ ਇਕ ਹੋਰ ਚਾਹੀਦੀ ਹੋਈ ਤਾਂ ਦਸਾਂ ਕੁ ਮਿੰਟਾਂ ਵਿਚ ਆ ਜਾਈਂ।"

ਮੰਗਤਾ ਬੋਤਲ ਲੈ ਕੇ ਚਲੇ ਗਿਆ। ਥੋੜ੍ਹੇ ਚਿਰ ਵਿਚ ਵਾਪਸ ਆ ਗਿਆ ਤੇ ਕਹਿਣ ਲਗਿਆ,

"ਆਹ ਫੜੋ ਜੀ ਆਪਣੀ ਬੋਤਲ, ਲੋਕਾਂ ਨੇ ਤਾਂ ਸ਼ਰਾਬ ਦੀ ਬੋਤਲ ਦੇਖ ਕੇ ਮੈਨੂੰ ਭੀਖ ਦੇਣੀ ਬੰਦ ਕਰ ਦਿੱਤੀ।"

ਸਾਡੇ ਘਰ ਸ਼ਰਾਬ ਦੀਆਂ ਖਾਲੀ ਬੋਤਲਾਂ ਤਾਂ ਇੰਨੀਆਂ ਹੁੰਦੀਆਂ ਸਨ ਕਿ ਪਿੰਡਾਂ ਵਿਚ ਜਿਹੜੇ ਲੋਕ ਬੋਤਲਾਂ ਖਰੀਦਦੇ ਹਨ ਉਹਨਾਂ ਨੇ ਸਾਈਕਲ 'ਤੇ ਕਈ ਕਈ ਗੇੜੇ ਲਾਉਣੇ। ਬੋਤਲਾਂ ਬਦਲੇ ਲਏ ਭਾਂਡੇ ਹੀ ਨਾ ਮੁਕਣੇ।

ਇਕ ਵਾਰ ਮੈਂ ਬਰਸਾਤਾਂ ਦੇਖਣ ਇੰਡੀਆ ਗਿਆ। ਮੈਂ ਜਦੋਂ ਦਾ ਇੰਗਲੈਂਡ ਆਇਆ ਸਾਂ ਕਦੇ ਬਰਸਾਤਾਂ ਨੂੰ ਪਿੰਡ ਨਹੀਂ ਸਾਂ ਗਿਆ। ਬਰਸਾਤ ਦਾ ਮੌਸਮ ਮਾਨਣ ਦਾ ਆਪਣਾ ਅਲੱਗ ਹੀ ਮਜ਼ਾ ਹੁੰਦਾ ਹੈ। ਜਦ ਮੈਂ ਗਿਆ ਤਾਂ ਬਹੁਤ ਭਾਰਾ



ਮੀਂਹ ਪਿਆ। ਗੋਡੇ ਗੋਡੇ ਪਾਣੀ ਪਿੰਡ ਦੇ ਆਲੇ ਦੁਆਲੇ ਖੜ ਗਿਆ। ਮੈਂ ਅੱਡੇ ਨੂੰ ਇਸ ਪਾਣੀ ਵਿਚ ਦੀ ਲੰਘ ਕੇ ਗਿਆ। ਕੁਝ ਵਿੱਥ ਤੇ ਹੀ ਸੱਪ ਪਾਣੀ ਉਪਰ ਮੇਲ੍ਹਦਾ ਲੰਘ ਰਿਹਾ ਸੀ, ਡੱਡੂ ਗੜੈਂ ਗੜੈਂ ਕਰ ਰਹੇ ਸਨ, ਬੀਂਡੇ ਆਪਣਾ ਰਾਗ ਅਲਾਪ ਰਹੇ ਸਨ। ਇਹ ਸਭ ਮੈਂ ਬਚਪਨ ਵਿਚ ਦੇਖਿਆ ਹੋਇਆ ਹੀ ਸੀ, ਮੈਨੂੰ ਇਹ ਨਜ਼ਾਰਾ ਬਹੁਤਾ ਓਪਰਾ ਨਾ ਲਗਿਆ ਪਰ ਮਜ਼ੇਦਾਰ ਬਹੁਤ ਸੀ ਪਰ ਮੈਂ ਮੱਛਰ ਨੂੰ ਭੁੱਲ ਗਿਆ ਸਾਂ। ਰਾਤ ਨੂੰ ਮੱਛਰ ਆਪਣਾ ਰਾਗ ਅਲਾਪਣ ਲਗਦਾ। ਪੱਖਾ ਲਾ ਕੇ ਸੌਂ ਜਾਵੋ ਤਾਂ ਥੋੜ੍ਹਾ ਬਹੁਤ ਮੱਛਰ ਤੋਂ ਬਚਾਅ ਹੋ ਜਾਂਦਾ ਸੀ ਪਰ ਭਾਪਾ ਜੀ ਪੱਖਾ ਵੀ ਨਹੀਂ ਸਨ ਲਾਇਆ ਕਰਦੇ ਤੇ ਬਾਹਰ ਹੀ ਸੌਂ ਜਾਂਦੇ। ਮੈਂ ਪੁੱਛਿਆ,

"ਇਹ ਮੱਛਰ ਨਹੀਂ ਲੜਦਾ?"

"ਮੱਛਰ ਤਾਂ ਬਰਮਾ ਵਿਚ ਬਥੇਰਾ ਲੜਿਆ, ਹੁਣ ਵੀ ਲੜਦਾ ਹੋਊ ਪਰ ਪਤਾ ਈ ਨਹੀਂ ਚਲਦਾ। ਤੜਕੇ ਜਿਹੇ ਨਸ਼ਾ ਟੁੱਟਦਾ ਜਦ ਤਕ ਮਛਰ ਲੜੇ ਦਾ ਪਤਾ ਨਹੀਂ ਚਲਦਾ।"

"ਨਸ਼ਾ ਟੁੱਟੇ ਤੇ ਤਾਂ ਪਤਾ ਚਲਦਾ ਈ ਹੋਊ।"

"ਨਹੀਂ, ਜਦ ਤਕ ਮੱਛਰ ਸ਼ਰਾਬੀ ਹੋ ਜਾਂਦਾ।"

ਇਕ ਵਾਰ ਮੈਂ ਇੰਡੀਆ ਗਿਆ ਹੋਇਆ ਸੀ। ਮੈਂ ਸਵੇਰ ਨੂੰ ਕੁਝ ਲੇਟ ਉਠਿਆ। ਕੀ ਦੇਖਦਾ ਹਾਂ ਕਿ ਭਾਪਾ ਜੀ ਮੇਰੇ ਸਰਾਹਣੇ ਬੈਠੇ ਹਨ। ਮੈਨੂੰ ਜ਼ਰਾ ਕੁ ਹੈਰਾਨੀ ਹੋਈ। ਮੈਂ ਬੀਬੀ ਨੂੰ ਦੱਸਿਆ। ਉਹ ਕਹਿਣ ਲਗੀ ਕਿ ਤੂੰ ਹੂੰਗਾ ਮਾਰਿਆ ਸੀ ਤਾਂ ਉਹ ਬੈਠੇ ਸਨ। ਫਿਰ ਉਸ ਨੇ ਕਿਹਾ ਕਿ ਉਹ ਤਾਂ ਅਕਸਰ ਇਵੇਂ ਹੀ ਕਰਦੇ ਹਨ। ਅਸਲ ਵਿਚ ਉਹ ਮੇਰੀ ਸਿਹਤ ਨੂੰ ਚੈੱਕ ਕਰਨ ਵਾਸਤੇ ਇਵੇਂ ਕਰਿਆ ਕਰਦੇ ਸਨ। ਉਹਨਾਂ ਦਾ ਮੰਨਣਾ ਸੀ ਕਿ ਬੰਦੇ ਦੇ ਸੌਣ ਦੇ ਤਰੀਕੇ ਤੋਂ ਉਸ ਦੀ ਸਿਹਤ ਦਾ ਪਤਾ ਚਲ ਜਾਂਦਾ ਹੈ। ਉਹਨਾਂ ਨੂੰ ਲਗਦਾ ਸੀ ਕਿ ਮੈਂ ਸ਼ਰਾਬ ਪੀ ਕੇ ਜਾਂ ਉਸ ਤਰ੍ਹਾਂ ਅਲਗਰਜ਼ੀ ਕਾਰਨ ਆਪਣੀ ਸਿਹਤ ਖਰਾਬ ਕਰ ਰੱਖੀ ਹੈ। ਫਿਰ ਮੈਂ ਕਈ ਵਾਰ ਦੇਖਿਆ ਕਿ ਉਹ ਮੈਨੂੰ ਤੁਰਦੇ ਫਿਰਦੇ ਨੂੰ ਜਾਂ ਪੌੜੀਆਂ ਉਤਰਦੇ ਨੂੰ ਬਹੁਤ ਧਿਆਨ ਨਾਲ ਦੇਖਿਆ ਕਰਦੇ ਸਨ। ਇਵੇਂ ਉਹ ਮੇਰੀ ਸਿਹਤ ਦਾ ਜਾਇਜ਼ਾ ਲੈ ਰਹੇ ਹੁੰਦੇ। ਇਕ ਵਾਰ ਅਸੀਂ ਅਨੰਦਪੁਰ ਗਏ। ਮੈਨੂੰ ਹੁਣ ਪੂਰੀ ਤਰ੍ਹਾਂ ਯਾਦ ਨਹੀਂ ਕਿ ਕੀ ਗੱਲ ਹੋਈ, ਮੈਂ ਪੂਰੀ ਸਪੀਡ ਵਿਚ ਪੌੜੀਆਂ ਚੜ੍ਹਿਆ ਤਾਂ ਉਹ ਬੋਲੇ,

"ਤੂੰ ਹਾਲੇ ਠੀਕ ਆਂ।"

ਇਵੇਂ ਹੀ ਜਦ ਉਹ ਲੰਡਨ ਮੇਰੇ ਕੋਲ ਆਏ ਤਾਂ ਮੇਰੇ ਕੋਲ ਗੈਸ ਦੇ ਸਲੰਡਰਾਂ ਦਾ ਕੋਟਾ ਸੀ। ਮੈਂ ਚੁਰਨਵੇਂ ਕਿਲੋ ਦਾ ਗੈਸ ਦਾ ਸਲੰਡਰ ਸਹਿਜੇ ਹੀ ਲੌਰੀ ਤੇ ਚੜ੍ਹਾ ਦਿੰਦਾ ਜਾਂ ਉਤਾਰ ਦਿੰਦਾ ਤਾਂ ਉਹ ਖੁਸ਼ ਹੋ ਜਾਂਦੇ। ਇਵੇਂ ਹੀ ਤੀਹ ਤੀਹ ਕਿਲੋ ਦੇ ਦੋ ਸਲੰਡਰ ਲੈ ਕੇ ਸਹਿਜੇ ਹੀ ਤੁਰ ਪੈਂਦਾ ਤਾਂ ਉਹਨਾਂ ਨੂੰ ਚੰਗਾ ਲਗਦਾ ਪਰ ਨਾਲ ਹੀ ਕਹਿ ਦਿੰਦੇ,

"ਜ਼ਿਆਦਾ ਭਾਰ ਕਈ ਵਾਰ ਮਗਰੋਂ ਗੋਡਿਆਂ ਨੂੰ ਖਰਾਬ ਕਰ ਦਿੰਦਾ ਇਸ ਲਈ ਧਿਆਨ ਨਾਲ!"

ਤੇ ਉਹਨਾਂ ਦੀ ਗੱਲ ਸੱਚ ਨਿਕਲੀ। ਸਮੇਂ ਤੋਂ ਬਹੁਤ ਪਹਿਲਾਂ ਮੇਰੇ ਗੋਡੇ ਤਕਲੀਫ ਦੇਣ ਲਗ ਪਏ। ਉਹ ਚੇਤੇ ਕਰਾਉਣ ਲਗਦੇ ਕਿ ਇਹ ਜ਼ਿਆਦਾ ਭਾਰ ਚੁੱਕਣ ਦਾ ਨਤੀਜਾ ਹੈ। ਉਹ ਕਿਹਾ ਕਰਦੇ ਕਿ ਆਪਣੇ ਸਰੀਰ ਦੀ ਪੂਰੀ ਵਰਤੋਂ ਕਰੋ ਪਰ ਸਰੀਰ ਨਾਲ ਅੱਤ ਨਾ ਕਰੋ। ਮੈਂ ਕੁਝ ਪੜ੍ਹਨ ਬੈਠਣਾ ਜਾਂ ਲਿਖਣ ਬੈਠਣਾ ਤਾਂ ਕਈ ਕਈ ਘੰਟੇ ਲਗਾਤਾਰ ਬੈਠੇ ਰਹਿਣਾ। ਉਹਨਾਂ ਚੇਤੇ ਕਰਾਉਣਾ ਕਿ ਐਨਕਾਂ ਲਗ ਜਾਣਗੀਆਂ ਸੋ ਮੇਰੇ ਐਨਕਾਂ ਲਗ ਗਈਆਂ ਜਦ ਕਿ ਉਹ ਆਖਰੀ ਵੇਲੇ ਤਕ ਬਿਨਾਂ ਐਨਕ ਦੇ ਅਖ਼ਬਾਰ ਪੜ੍ਹਦੇ ਰਹੇ।

ਬੀਬੀ ਦੇ ਪੂਰੀ ਹੋਣ ਤੋਂ ਬਾਅਦ ਸਾਡੇ ਸਬੰਧ ਹੋਰ ਵੀ ਗੂੜ੍ਹੇ ਹੋ ਗਏ। ਇਹ ਦੋਸਤੀ ਵਿਚ ਬਦਲ ਗਏ। ਸਾਡਾ ਦੁੱਖ ਸਾਂਝਾ ਸੀ। ਅਸੀਂ ਦੋਨਾਂ ਨੇ ਹੀ ਆਪਣੀ ਜ਼ਿੰਦਗੀ ਦਾ ਸਭ ਤੋਂ ਪਿਆਰਾ ਰਿਸ਼ਤਾ ਗੁਆਇਆ ਸੀ। ਅਸੀਂ ਇਕ ਦੂਜੇ ਦੇ ਸਹਾਰੇ ਇਹ ਗਮ ਝੱਲ ਰਹੇ ਸਾਂ। ਇਹ ਗੱਲ ਸਾਨੂੰ ਹੋਰ ਵੀ ਨੇੜੇ ਲੈ ਆਈ। ਉਹ ਇਕੱਲੇ ਰਹਿ ਗਏ ਸਨ। ਸ਼ਰਾਬ ਪੀਂਦਿਆਂ ਅਸੀਂ ਅਸੀਂ ਪਿਉ ਪੁੱਤ ਦੇ ਰਿਸ਼ਤੇ ਵਿਚ ਕਈ ਖੁੱਲ੍ਹਾਂ ਵੀ ਲੈਣ ਲਗੇ ਤੇ ਦੋਸਤਾਂ ਵਾਂਗ ਵਿਚਰਨ ਲਗੇ। ਇਕ ਵਾਰ ਅਸੀਂ ਟਿਕਟ ਖਰੀਦਣ ਇਕ ਟਰੈਵਲ ਏਜੰਟ ਦੇ ਗਏ। ਉਥੇ ਕੰਮ ਕਰਦੀ ਇਕ ਕੁੜੀ ਮੇਰੇ ਨਾਲ ਬਹੁਤ ਨੇੜੇ ਹੋ ਕੇ ਗੱਲਾਂ ਕਰ ਰਹੀ ਸੀ। ਭਾਪਾ ਜੀ ਕਾਫੀ ਦੇਰ ਤਕ ਸਾਡੇ ਵੱਲ ਦੇਖਦੇ ਰਹੇ ਤੇ ਫਿਰ ਪੁੱਛਣ ਲਗੇ,

"ਕਾਫੀ ਪੁਰਾਣੀ ਵਾਕਫ ਆ?"

ਇਕ ਵਾਰ ਆਖਣ ਲਗੇ,

"ਆਪਣੇ ਪਿੰਡ ਇਕ ਔਰਤ ਰਹਿਣ ਆਈ ਹੋਈ ਆ, ਕਈ ਕੁੜੀਆਂ ਓਹਦੇ, ਇਕ ਕੁੜੀ ਨੇ ਤਾਂ ਤੇਰੀਆਂ ਕਿਤਾਬਾਂ ਵੀ ਪੜ੍ਹੀਆਂ ਹੋਈਆਂ, ਆ ਜਾ ਕਦੇ ਟਾਈਮ ਕੱਢ ਕੇ...।"

ਉਹਨਾਂ ਦੇ ਪਿੰਡ ਹੁੰਦਿਆਂ ਜਾਣ ਦਾ ਆਪਣਾ ਇਕ ਅਲੱਗ ਮਜ਼ਾ ਸੀ। ਉਹ ਆਪਣਾ ਟਿਕਾਣਾ ਪਿੰਡ ਅੰਦਰਲਾ ਭੀੜਾ ਘਰ ਛੱਡ ਕੇ ਬਾਹਰਲੇ ਘਰ ਲੈ ਆਏ ਸਨ। ਰੋਟੀ ਪਕਾਉਣ ਲਈ ਕਿਸੇ ਨੂੰ ਰੱਖ ਲਿਆ ਸੀ। ਸਾਡੇ ਪਿੰਡ ਇਕ ਮੁਸਲਮਾਨ ਧੋਬੀਆਂ ਦਾ ਘਰ ਸੀ। ਉਸ ਦੀ ਮੋਹਰਨ ਖੁਰਸ਼ੈਦ ਰੋਟੀ ਬਣਾਉਣ ਲਗੀ ਸੀ। ਉਹਨਾਂ ਨੇ ਖੁਰਸ਼ੈਦ ਨੂੰ ਅੰਦਰਲਾ ਘਰ ਰਹਿਣ ਵਾਸਤੇ ਦੇ ਦਿੱਤਾ ਹੋਇਆ ਸੀ। ਸੋ ਭਾਪਾ ਜੀ ਨੇ ਨਵੇਂ ਢੰਗ ਨਾਲ ਆਪਣੀ ਜ਼ਿੰਦਗੀ ਸ਼ੁਰੂ ਕਰ ਲਈ ਸੀ। ਖੁਰਸ਼ੈਦ ਜਾਂ ਉਸ ਦੀ ਕੋਈ ਕੁੜੀ ਆ ਕੇ ਰੋਟੀ ਬਣਾ ਜਾਂਦੀ ਤੇ ਘਰ ਦੀ ਸਫਾਈ ਕਰ ਜਾਂਦੀ। ਬੀਬੀ ਸੰਨ 1994 ਵਿਚ ਪੂਰੀ ਹੋਈ ਤੇ ਮੈਂ ਸੰਨ 1996 ਦੀਆਂ ਸਰਦੀਆਂ ਨੂੰ ਇੰਡੀਆ ਗਿਆ।



ਤਿੰਨ ਮਹੀਨੇ ਰਿਹਾ। ਕਹਾਣੀਆਂ ਦੀ ਇਕ ਕਿਤਾਬ 'ਇਕ ਸੱਚ ਮੇਰਾ ਵੀ ਛਪਾਈ ਤੇ ਰਲੀਜ਼ ਕਰਵਾਈ। ਦੋਸਤਾਂ ਨੇ ਉਸ ਉਪਰ ਪਰੋਗਰਾਮ ਰੱਖੇ। ਮੇਰੇ ਨਾਲ ਡਾਕਟਰ ਸਵਰਨ ਚੰਦਨ ਵੀ ਇੰਡੀਆ ਗਿਆ ਸੀ ਜੋ ਕੁਝ ਦਿਨ ਸਾਡੇ ਪਿੰਡ ਰਹੇ। ਭਾਪਾ ਜੀ ਨਾਲ ਉਹਨਾਂ ਦਾ ਕਰੂਰਾ ਰਲਦਾ ਸੀ। ਮੇਰੇ ਹੋਰ ਵੀ ਬਹੁਤ ਸਾਰੇ ਲੇਖਕ ਦੋਸਤ ਮਿਲਣ ਆ ਜਾਇਆ ਕਰਦੇ ਸਨ। ਕਈ ਵਾਰ ਤਾਂ ਦਸ ਪੰਦਰਾਂ ਦੋਸਤ ਵੀ ਹੁੰਦੇ। ਮੇਰੇ ਕੁਝ ਦੋਸਤ ਤਾਂ ਕਈ ਕਈ ਦਿਨ ਮੇਰੇ ਘਰ ਰਹਿ ਜਾਂਦੇ। ਮੇਰੇ ਦੋਸਤਾਂ ਨੂੰ ਦੇਖ ਕੇ ਉਹਨਾਂ ਨੂੰ ਚਾਅ ਚੜ੍ਹ ਜਾਂਦਾ। ਉਸ ਤੋਂ ਬਾਅਦ ਮੈਂ ਤਕਰੀਬਨ ਹਰ ਸਾਲ ਹੀ ਇੰਡੀਆ ਜਾਂਦਾ ਰਿਹਾ ਹਾਂ। ਇਕ ਤਾਂ ਮੇਰਾ ਲੇਖਕ ਦੋਸਤਾਂ ਦਾ ਦਾਇਰਾ ਹੁਣ ਬਹੁਤ ਵੱਡਾ ਹੋ ਗਿਆ ਸੀ ਕਿ ਉਹਨਾਂ ਨੂੰ ਮਿਲਣ ਲਈ ਦਿਲ ਕਰਦਾ ਹੁੰਦਾ ਤੇ ਭਾਪਾ ਜੀ ਨੂੰ ਦੇਖਣ ਜਾਣ ਦਾ ਬਹਾਨਾ ਵੀ ਹੁੰਦਾ। ਭਾਪਾ ਜੀ ਮੈਨੂੰ ਲੈਣ ਪਹਿਲਾਂ ਵਾਲੀ ਟੌਹਰ ਨਾਲ ਹੀ ਆਉਂਦੇ ਪਰ ਘਰ ਪੁਜਦਿਆਂ ਸਭ ਕੁਝ ਹੁੰਦਾ ਪਰ ਬੀਬੀ ਨਾ ਹੁੰਦੀ ਤਾਂ ਮਨ ਬਹੁਤ ਖਰਾਬ ਹੋਣ ਲਗਦਾ। ਉਹਨਾਂ ਨੂੰ ਮੇਰੀ ਉਦਾਸੀ ਦੇ ਕਾਰਨ ਦਾ ਪਤਾ ਹੁੰਦਾ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਮੇਰਾ ਦਿਲ ਲਾਉਣ ਲਗਦੇ। ਮੇਰੇ ਪਿੰਡ ਪੁੱਜਦਿਆਂ ਅਸੀਂ ਸਭ ਤੋਂ ਪਹਿਲੇ ਦਿਨ ਡੱਬਰੀ ਦਾ ਗੇੜਾ ਮਾਰਨਾ। ਡੱਬਰੀ ਮੇਰੇ ਪੁਰਖਿਆਂ ਦੀ ਜ਼ਮੀਨ।

ਜਿਵੇਂ ਜਿਵੇਂ ਉਹਨਾਂ ਦੀ ਉਮਰ ਵਧ ਰਹੀ ਸੀ ਸਿਹਤ ਕਮਜ਼ੋਰ ਹੋ ਰਹੀ ਸੀ। ਇਕ ਵਾਰ ਤਾਂ ਇੰਨੇ ਬਿਮਾਰ ਹੋ ਗਏ ਕਿ ਉਹਨਾਂ ਨੂੰ ਕਈ ਦਿਨ ਹਸਪਤਾਲ ਰਹਿਣਾ ਪਿਆ। ਬਿਮਾਰ ਹੋਣ ਦਾ ਕਾਰਨ ਤਾਂ ਭਾਵੇਂ ਕੋਈ ਹੋਰ ਸੀ। ਮੈਂ ਇਥੋਂ ਗਿਆ। ਸਿਹਤ ਇੰਨੀ ਕਮਜ਼ੋਰ ਸੀ ਕਿ ਸਫਰ ਕਰਨ ਦੇ ਕਾਬਲ ਨਹੀਂ ਸਨ। ਮੈਂ ਉਹਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਲੈ ਜਾਣਾ ਚਾਹੁੰਦਾ ਸਾਂ ਪਰ ਉਹ ਨਾ ਮੰਨੇ। ਮੈਂ ਉਹਨਾਂ ਨੂੰ ਆਪਣੀ ਭੈਣ ਦੇ ਘਰ ਛੱਡ ਆਇਆ। ਪਰ ਉਥੇ ਉਹਨਾਂ ਦਾ ਦਿਲ ਨਾ ਲਗਾ। ਕੁੜੀ ਦੇ ਘਰ ਰਹਿਣ ਨੂੰ ਉਹ ਪੁਰਾਣੇ ਲੋਕਾਂ ਵਾਂਗ ਚੰਗਾ ਨਹੀਂ ਸਨ ਸਮਝਦੇ। ਉਹ ਵਾਪਸ ਪਿੰਡ ਚਲੇ ਗਏ। ਉਹਨਾਂ ਦੇ ਅੰਦਰਲਾ ਫੌਜੀ ਜਾਗਿਆ ਤੇ ਪਿੰਡ ਜਾ ਕੇ ਉਹਨਾਂ ਦੀ ਸਿਹਤ ਨੂੰ ਮੋੜਾ ਪੈ ਗਿਆ। ਹੌਲੀ ਹੌਲੀ ਉਹ ਤੁਰਨ ਲਗ ਪਏ। ਜਦੋਂ ਹੀ ਕੁਝ ਸਿਹਤਵੰਦ ਹੋਏ ਤਾਂ ਮੈਂ ਉਹਨਾਂ ਨੂੰ ਇਥੇ ਲੈ ਆਇਆ। ਫਿਰ ਮੈਂ ਉਹਨਾਂ ਨੂੰ ਵਾਪਸ ਨਾ ਜਾਣ ਦਿੱਤਾ। ਬਾਕੀ ਦਾ ਜੀਵਨ ਉਹ ਲੰਡਨ ਵਿਚ ਹੀ ਰਹੇ।

ਇਥੋਂ ਮੈਂ ਉਹਨਾਂ ਨੂੰ ਹਰੇਕ ਸਾਲ ਇੰਡੀਆ ਲੈ ਜਾਂਦਾ। ਸਾਡਾ ਜਾਣਾ ਦਿਵਾਲੀ 'ਤੇ ਹੀ ਹੁੰਦਾ। ਉਹਨਾਂ ਨੂੰ ਆਪਣੇ ਭਾਈਏ ਵੱਲੋਂ ਲਗਾਈ ਜ਼ਿਮੇਵਾਰੀ ਨਿਭਾਉਣੀ ਹੁੰਦੀ। ਉਹਨਾਂ ਨੇ ਸਿਵਿਆਂ ਵਿਚ ਦੀਵਾ ਜਗਾਉਣਾ ਹੁੰਦਾ। ਇਕ ਦੀਵਾ ਉਹ ਡੱਬਰੀ ਜ਼ਮੀਨ ਵਿਚ ਵੀ ਜਗਾ ਕੇ ਆਉਂਦੇ। ਸਾਡੇ ਪਿੰਡ ਪੁੱਜਣ ਤੋਂ ਪਹਿਲਾਂ ਖੁਰਸ਼ੈਦ ਘਰ ਨੂੰ ਸੰਵਾਰ ਦਿੰਦੀ। ਮੇਰੀ ਭੈਣ ਜਾਂ ਭੂਆ ਵੀ ਆ ਜਾਂਦੀਆਂ। ਅਸੀਂ ਚਾਰ ਕੁ

ਹਫਤੇ ਘਰ ਰਹਿੰਦੇ। ਰੌਣਕਾਂ ਮੁੜ ਆਉਂਦੀਆਂ। ਉਹਨਾਂ ਦੇ ਪਿੰਡ ਦੇ ਦੋਸਤ-ਮਿੱਤਰ ਆਉਂਦੇ। ਮੇਰੇ ਲੇਖਕ ਦੋਸਤ ਵੀ ਆਉਂਦੇ। ਮਹਿਫਲਾਂ ਲਗਦੀਆਂ। ਘਰ ਸਾਹ ਲੈਣ ਲਗਦਾ। ਕੋਈ ਨਾ ਕੋਈ ਹਰ ਵੇਲੇ ਉਹਨਾਂ ਕੋਲ ਬੈਠਾ ਰਹਿੰਦਾ। ਸ਼ਰਾਬ ਦੀ ਬੋਤਲ ਸਾਰਾ ਦਿਨ ਹੀ ਖੁੱਲ੍ਹੀ ਰਹਿੰਦੀ।

ਸੰਨ 2006 ਵਿਚ ਮੈਂ ਸਟੋਰ ਲੈ ਲਿਆ ਤਾਂ ਮੇਰੇ ਤੋਂ ਇੰਡੀਆ ਜਾਇਆ ਨਹੀਂ ਗਿਆ। ਉਹ ਹੌਂਸਲਾ ਕਰਕੇ ਇਕੱਲੇ ਹੀ ਚਲੇ ਗਏ ਪਰ ਬਹੁਤ ਔਖੇ ਹੋਏ। ਮਸਾਂ ਪੁੱਜੇ ਤੇ ਮਸਾਂ ਵਾਪਸ ਮੁੜੇ। ਆ ਕੇ ਕਹਿੰਦੇ ਰਹੇ ਕਿ ਹੁਣ ਨਹੀਂ ਜਾਣਾ ਮੁੜ ਕੇ। ਹੁਣ ਸਫਰ ਨਹੀਂ ਕਰ ਹੁੰਦਾ ਪਰ ਉਹ ਖੁਸ਼ ਸਨ ਕਿ ਦੀਵਾ ਤਾਂ ਜਗਾ ਆਏ। ਅਗਲੇ ਸਾਲ ਉਹਨਾਂ ਨੇ ਪਾਲ ਚਾਚੇ ਨੂੰ ਨਾਲ ਤਿਆਰ ਕਰ ਲਿਆ। ਉਦੋਂ ਵੀ ਬਹੁਤ ਔਖੇ ਹੋ ਕੇ ਮੁੜੇ। ਚਾਚਾ ਡਰੇ ਕਿ ਰਾਹ ਵਿਚ ਹੀ ਨਾ ਕੁਝ ਹੋ ਜਾਵੇ। ਸੰਨ 2008 ਵਿਚ ਉਹ ਜਾ ਨਾ ਸਕੇ।

ਸੰਨ 2009 ਵਿਚ ਜਦ ਮੈਂ ਇਕੱਲਾ ਇੰਡੀਆ ਗਿਆ ਤਾਂ ਮੈਨੂੰ ਲਗਿਆ ਕਿ ਸਾਡਾ ਘਰ ਬਹੁਤ ਇਕੱਲਾ ਰਹਿ ਗਿਆ ਹੈ। ਨਾ ਬੀਬੀ, ਨਾ ਭਾਪਾ ਜੀ। ਬਾਕੀ ਬਚਦੇ ਘਰ ਦੇ ਵਾਰਿਸ ਇਥੇ ਬੈਠੇ ਹਨ। ਭਾਵੇਂ ਮੇਰੀ ਭੈਣ ਅਤੇ ਭੂਆ ਨੇ ਘਰ ਸਫਾਈ ਕਰਕੇ ਰਹਿਣਯੋਗ ਬਣਾ ਲਿਆ ਸੀ ਪਰ ਭਾਪਾ ਜੀ ਬਿਨਾਂ ਘਰ ਕਾਹਦਾ ਘਰ। ਨਾ ਕੋਈ ਰੌਣਕ, ਨਾ ਹਾਸਾ ਮਜ਼ਾਕ। ਮੈਂ ਹਫਤਾ ਕੁ ਹੀ ਘਰ ਰਿਹਾ ਤੇ ਮੇਰਾ ਮਨ ਉਠ ਗਿਆ। ਹੁਣ ਸਾਡਾ ਘਰ ਘਰ ਨਹੀਂ ਹੈ ਸਿਰਫ ਅਣਸਾਂਭਿਆ ਮਕਾਨ ਹੈ ਜੋ ਕੁਝ ਦੇਰ ਨੂੰ ਸਿਰਫ ਜਗਾਹ ਰਹਿ ਜਾਵੇਗਾ। ਮਨ ਵਿਚ ਆਉਂਦਾ ਹੈ ਕਿ ਇਕ ਦਿਨ ਮੈਂ ਵਾਪਸ ਜਾਵਾਂਗਾ ਤੇ ਇਸ ਘਰ ਵਿਚ ਮੁੜ ਕੇ ਰੌਣਕਾਂ ਖੜੀਆਂ ਕਰਾਂਗਾ ਪਰ ਪਤਾ ਨਹੀ ਇਵੇਂ ਹੋ ਸਕੇਗਾ ਕਿ ਨਹੀਂ।

## ਚਾਰ

ਬੀਬੀ ਤੋਂ ਬਾਅਦ ਭਾਪਾ ਜੀ ਸਾਡੇ ਕੋਲ ਲੰਡਨ ਆ ਗਏ। ਚੰਗੀ ਗੱਲ ਇਹ ਹੋਈ ਕਿ ਮੈਂ ਉਹਨਾਂ ਦੇ ਇਥੇ ਪੱਕੀ ਰਹਾਇਸ਼ ਲਈ ਅਰਜ਼ੀ ਭਰੀ ਤੇ ਮਨਜ਼ੂਰ ਹੋ ਗਈ। ਪਰ ਮਨਜ਼ੂਰ ਹੁੰਦੀ ਨੂੰ ਚਾਰ ਮਹੀਨੇ ਲਗ ਗਏ। ਇਹ ਚਾਰ ਮਹੀਨੇ ਉਹਨਾਂ ਲਈ ਕਿੰਨੇ ਮੁਸ਼ਕਲ ਸਨ ਇਹ ਮੈਂ ਹੀ ਜਾਣਦਾ ਹਾਂ।

ਮੈਂ ਨੌਰਥ ਲੰਡਨ ਵਿਚ ਰਹਿੰਦਾ ਸਾਂ। ਹੇਠਾਂ ਸ਼ਰਾਬ ਦੀ ਦੁਕਾਨ ਸੀ ਤੇ ਉਪਰ ਰਹਾਇਸ਼। ਭਾਪਾ ਜੀ ਨੂੰ ਇਕ ਕਮਰਾ ਦੇ ਦਿੱਤਾ। ਕੁਝ ਦਿਨ ਤਾਂ ਮਿਲਣ ਵਾਲੇ ਆਉਂਦੇ ਰਹੇ, ਦਿਲ ਲਗਿਆ ਰਿਹਾ। ਦੁਕਾਨ ਵਿਚ ਵੀ ਲੋਕ ਆਉਂਦੇ-ਜਾਂਦੇ ਸਨ, ਉਹਨਾਂ ਨਾਲ ਗੱਲਬਾਤ ਕਰਦੇ ਰਹਿੰਦੇ ਪਰ ਗੋਰਿਆਂ ਦਾ ਇਲਾਕਾ ਹੋਣ ਕਰਕੇ ਬੋਲੀ




ਦਰਸ਼ਨ ਸਿੰਘ ਤੇ ਰਸ਼ਪਾਲ

ਦੀ ਸਮੱਸਿਆ ਆਉਂਦੀ ਸੀ। ਹਫਤੇ ਦੇ ਅੰਤ 'ਤੇ ਕੋਈ ਨਾ ਕੋਈ ਆ ਜਾਂਦਾ, ਮੇਰੀਆਂ ਭੈਣਾਂ ਵਿਚੋਂ ਕੋਈ ਜਾਂ ਮੇਰਾ ਛੋਟਾ ਭਰਾ ਆਪਣੇ ਟੱਬਰ ਸਮੇਤ। ਅਸੀਂ ਸਾਰੇ ਸ਼ਰਾਬ ਪੀਂਦੇ। ਹਾਸਾ ਮਜ਼ਾਕ ਚਲਦਾ। ਭਾਪਾ ਜੀ ਸਾਡਾ ਹਰ ਗੱਲ ਵਿਚ ਸਾਥ ਦਿੰਦੇ ਪਰ ਜਦ ਇਹ ਸਾਰੇ ਚਲੇ ਜਾਂਦੇ, ਮੈਂ ਆਪਣੇ ਕੰਮ ਵਿਚ ਫਸਿਆ ਹੁੰਦਾ ਤਾਂ ਉਹ ਇਕੱਲੇ ਰਹਿ ਜਾਂਦੇ। ਇਕੱਲੇ ਬੈਠ ਉਹਨਾਂ ਨੂੰ ਬੀਬੀ ਦੀ ਯਾਦ ਆਉਣ ਲਗਦੀ। ਉਹ ਬਹੁਤ ਤੜਫਦੇ। ਦੁਕਾਨ ਵਿਚ ਦੋ ਬੰਦੇ ਕੰਮ ਕਰਦੇ ਸਨ। ਇਕ ਪਾਕਿਸਤਾਨ ਯਾਕੂਬ ਤੇ ਇਕ ਸਪੈਨਿਸ਼ ਗਰੇਲਾ। ਸਪੈਨਿਸ਼ ਸ਼ੁਗਲੀ ਜਿਹਾ ਬੰਦਾ ਸੀ ਪਰ ਬੋਲੀ ਦੀ ਸਮੱਸਿਆ ਸੀ ਨਹੀਂ ਤਾਂ ਉਹ ਭਾਪਾ ਜੀ ਦਾ ਦਿਲ ਲਾਉਣ ਲਈ ਕਾਫੀ ਸੀ। ਇਕ ਦਿਨ ਭਾਪਾ ਜੀ ਯਾਕੂਬ ਨੂੰ ਕਹਿਣ ਲਗੇ,

"ਮੈਨੂੰ ਲਗਦਾ ਕਿ 'ਕੱਲੇ ਮੇਰੇ ਦਾ ਈ ਕੋਈ ਮਰਿਆ, ਇਹਨਾਂ ਨੂੰ ਤਾਂ ਆਪਣੀ ਮਾਂ ਚੇਤੇ ਵੀ ਨਹੀਂ।"

ਯਾਕੂਬ ਨੇ ਗੱਲ ਮੈਨੂੰ ਦੱਸੀ। ਮੇਰਾ ਮਨ ਖਰਾਬ ਵੀ ਹੋਇਆ ਕਿ ਮੈਂ ਕਿਧਰੇ ਉਹਨਾਂ ਨੂੰ ਅਣਗੌਲ ਰਿਹਾ ਸਾਂ ਜਾਂ ਉਹ ਅਣਗੌਲੇ ਮਹਿਸੂਸ ਕਰ ਰਹੇ ਸਨ। ਮੈਂ ਉਹਨਾਂ ਦਾ ਧਿਆਨ ਰੱਖਣ ਲਗਿਆ। ਮੈਨੂੰ ਲਗਦਾ ਸੀ ਕਿ ਜਿਹੜਾ ਵਕਤ ਉਹ ਇਕੱਲੇ ਹੁੰਦੇ ਹਨ ਉਹਨਾਂ ਪਲਾਂ ਵਿਚ ਅਜਿਹੀਆਂ ਸੋਚਾਂ ਭਾਰੂ ਹੋਣ ਲਗਦੀਆਂ ਹੋਣਗੀਆਂ। ਮੈਂ ਜਿਧਰ ਕਿਧਰੇ ਵੀ ਜਾਣਾ ਹੋਵੇ ਉਹਨਾਂ ਨੂੰ ਨਾਲ ਲੈ ਜਾਂਦਾ। ਕੁਕੂ ਦਾ ਕੰਮ ਘੁੰਮਣ ਫਿਰਨ ਦਾ ਸੀ। ਮੈਂ ਉਸ ਨੂੰ ਇਹ ਗੱਲ ਦੱਸੀ ਤਾਂ ਉਹ ਉਹਨਾਂ ਨੂੰ

ਆਪਣੇ ਨਾਲ ਆਪਣੇ ਘਰ ਲੈ ਗਿਆ। ਉਥੇ ਜਾ ਕੇ ਉਹਨਾਂ ਦਾ ਦਿਲ ਲਗ ਗਿਆ। ਕੁਕੂ ਦੇ ਤਿੰਨ ਇਲਤੀ ਜਿਹੇ ਮੁੰਡੇ ਸਨ ਇਸ ਕਰਕੇ ਭਾਪਾ ਜੀ ਦਾ ਮਨ ਉਥੇ ਹੋਰ ਵੀ ਖੁੱਭ ਗਿਆ। ਫਿਰ ਕੁਕੂ ਸਾਊਥਾਲ ਰਹਿੰਦਾ ਸੀ ਤੇ ਉਸ ਦਾ ਕੋਈ ਨਾ ਕੋਈ ਉਸ ਨੂੰ ਮਿਲਣ ਆਇਆ ਹੀ ਰਹਿੰਦਾ। ਉਸ ਦਾ ਇਕ ਪਾਕਿਸਤਾਨੀ ਦੋਸਤ ਸੀ, ਜਵੈਰ, ਜੋ ਉਸ ਨੂੰ ਆਪਣੇ ਨਾਲ ਕਿਤੇ ਨਾ ਕਿਤੇ ਲੈ ਜਾਂਦਾ ਇਸ ਲਈ ਭਾਪਾ ਜੀ ਹੁਣ ਖੁਸ਼ ਸਨ। ਉਥੇ ਇਕ ਵੱਡਾ ਮਸਲਾ ਇਹ ਸੀ ਕਿ ਕਈ ਵਾਰ ਕੁਕੂ ਵੀ ਕੰਮ ਤੇ ਜਾਂ ਬਾਹਰ ਚਲੇ ਜਾਂਦਾ ਉਸਦੀ ਪਤਨੀ ਵੀ। ਭਾਪਾ ਜੀ ਨੂੰ ਬੇਹੀ ਰੋਟੀ ਖਾਣੀ ਪੈਂਦੀ। ਕਈ ਵਾਰ ਤਾਂ ਕੋਈ ਸੈਂਡਵਿਚ ਜਿਹਾ ਹੀ ਹੁੰਦਾ। ਪਕਦੀ ਪਕਦੀ ਰੋਟੀ ਖਾਣ ਵਾਲਾ ਬੰਦਾ ਇਹ ਕਿਵੇਂ ਸਹਾਰ ਸਕਦਾ ਹੈ। ਇਸ ਦਾ ਕੁਕੂ ਨੇ ਹੱਲ ਇਹ ਲੱਭਿਆ ਕਿ ਉਸ ਨੇ ਉਹਨਾਂ ਦੇ ਸਰਾਹਣੇ ਸ਼ਰਾਬ ਦੀ ਪੂਰੀ ਪੇਟੀ ਲਿਆ ਕੇ ਰੱਖ ਦਿੱਤੀ ਕਿ ਜਦ ਭੁੱਖ ਲਗੇ ਸ਼ਰਾਬ ਪੀ ਲਓ। ਉਹਨਾਂ ਦੀ ਖਾਸ ਗੱਲ ਇਹ ਸੀ ਕਿ ਕਿਸੇ ਗੱਲ ਦੀ ਸ਼ਿਕਾਇਤ ਨਹੀਂ ਸੀ ਕਰਦੇ। ਦੇਖਣ ਵਾਲਾ ਦੇਖ ਕੇ ਸਮਝ ਜਾਵੇ ਤਾਂ ਸਮਝ ਜਾਵੇ। ਅਜਿਹੇ ਹੀ ਕੁਝ ਹੋਰ ਹਲਾਤ ਬਣੇ ਕਿ ਉਹਨਾਂ ਨੂੰ ਆਪਣੇ ਘਰ ਦੀ, ਆਪਣੇ ਪਿੰਡ ਦੀ ਯਾਦ ਬਹੁਤ ਸਤਾਉਣ ਲਗੀ।

ਇਕ ਦਿਨ ਕਹਿਣ ਲਗੇ,

"ਹੁਣ ਨਹੀਂ ਬਈ ਦਿਲ ਲਗਦਾ ਇੰਗਲੈਂਡ ਵਿਚ। ਹੁਣ ਤਾਂ ਵਾਪਸ ਜਾਣ ਨੂੰ ਦਿਲ ਕਰਦਾ।"

ਇਹਨਾਂ ਦਿਨਾਂ ਵਿਚ ਹੀ ਉਹਨਾਂ ਦਾ ਪਾਸਪੋਰਟ ਪੱਕੀ ਮੋਹਰ ਲਗ ਕੇ ਆ ਗਿਆ ਤੇ ਉਹ ਵਾਪਸ ਜਾਣ ਲਈ ਤਿਆਰ ਹੋਣ ਲਗੇ। ਅਸੀਂ ਵਿਉਂਤ ਬਣਾਉਣ ਲਗੇ ਕਿ ਪਿੰਡ ਜਾ ਕੇ ਉਹ ਕਿਵੇਂ ਰਹਿਣਗੇ। ਰੋਟੀ ਕੌਣ ਬਣਾਵੇਗਾ। ਪੰਜ ਕੁ ਮਹੀਨੇ ਇੰਗਲੈਂਡ ਰਹਿ ਕੇ ਉਹ ਵਾਪਸ ਚਲੇ ਗਏ। ਹੁਣ ਉਹ ਦੋ ਸਾਲ ਦੇ ਅੰਦਰ ਅੰਦਰ ਜਦੋਂ ਚਾਹੁਣ ਵਾਪਸ ਆ ਸਕਦੇ ਸਨ। ਮੈਂ ਇਸ ਬਾਰੇ ਬਹੁਤ ਸੋਚਿਆ ਤੇ ਫੈਸਲਾ ਇਹੋ ਕੀਤਾ ਕਿ ਹਾਲੇ ਉਹਨਾਂ ਦੀ ਸਿਹਤ ਠੀਕ ਹੈ ਤੇ ਇਹ ਮੁਲਕ ਉਹਨਾਂ ਦੇ ਸੁਭਾਅ ਦੇ ਅਨੁਕੂਲ ਨਹੀਂ ਹੈ। ਜਦੋਂ ਸਿਹਤ ਡਿਗੇਗੀ ਤਾਂ ਇਥੇ ਲੈ ਆਵਾਂਗੇ ਜਦ ਤਕ ਇੰਡੀਆ ਹੀ ਠੀਕ ਹੈ। ਹੁਣ ਸਟੇਅ ਤਾਂ ਉਹਨਾਂ ਨੂੰ ਮਿਲ ਹੀ ਗਈ ਸੀ। ਉਥੇ ਪਿੰਡ ਕੋਈ ਨੌਕਰ ਰੱਖ ਕੇ ਵਧੀਆ ਵਕਤ ਗੁਜ਼ਾਰਾ ਸਕਦੇ ਸਨ। ਉਹ ਇੰਡੀਆ ਚਲੇ ਗਏ।

ਇੰਡੀਆ ਜਾ ਕੇ ਉਹ ਆਪਣੀ ਰਿਹਾਇਸ਼ ਬਾਹਰਲੇ ਘਰ ਲੈ ਗਏ। ਕਹਿੰਦੇ ਕਿ ਘਰ ਤੁਹਾਡੀ ਬੀਬੀ ਦੀ ਯਾਦ ਆਉਂਦੀ ਰਹਿੰਦੀ ਹੈ। ਪਿੰਡ ਵਿਚ ਧੋਬੀਆਂ ਦਾ ਪਰਿਵਾਰ ਉਹਨਾਂ ਦੀ ਰੋਟੀ ਬਣਾਉਣ ਲਗਿਆ। ਉਹਨਾਂ ਦਾ ਦਿਲ ਲਗ ਗਿਆ। ਸੰਨ 1996 ਦੀਆਂ ਗਰਮੀਆਂ ਨੂੰ ਮੈਂ ਟਿਕਟ ਭੇਜ ਦਿੱਤਾ ਤੇ ਉਹ ਆ ਗਏ। ਆ ਕੇ



ਹਫਤੇ ਬਾਅਦ ਹੀ ਵਾਪਸ ਜਾਣ ਨੂੰ ਤਿਆਰ ਹੋ ਗਏ। ਉਹਨਾਂ ਦਾ ਦਿਲ ਇਥੇ ਬਿਲਕੁਲ ਨਹੀਂ ਸੀ ਲਗ ਰਿਹਾ। ਇਕ ਦਿਨ ਅਸੀਂ ਰਸ਼ਪਾਲ ਚਾਚੇ ਨੂੰ ਮਿਲਣ ਸਲੋਹ ਗਏ। ਇਸ ਚਾਚੇ ਨਾਲ ਭਾਪਾ ਜੀ ਦੀ ਪਹਿਲਾਂ ਤੋਂ ਹੀ ਬਹੁਤ ਬਣਦੀ ਸੀ। ਬਹੁਤ ਪਿਆਰ ਸੀ ਆਪਸ ਵਿਚ। ਭਰਾ ਘੱਟ ਤੇ ਦੋਸਤ ਵਧ ਸਨ। ਚਾਚਾ ਕੰਮ ਕਰਦਾ ਹੋਣ ਕਰਕੇ ਉਸ ਕੋਲ ਵੀ ਵੀਕ ਐਂਡ ਤੇ ਹੀ ਮਿਲਣ ਦਾ ਵਕਤ ਹੁੰਦਾ। ਦੋਨੋਂ ਭਰਾ ਹਵਾ ਪਿਆਜ਼ੀ ਹੋਏ ਤਾਂ ਸ਼ੁਗਲ ਦੀਆਂ ਗੱਲਾਂ ਕਰਨ ਲਗੇ। ਚਾਚੇ ਨੇ ਪੁੱਛਿਆ,

"ਹੁਣ ਤਾਂ ਪਿੰਡ ਦੀਆਂ ਬਹੁਤ ਬੁੜੀਆਂ ਮਰਦੀਆਂ ਹੋਣੀਆਂ ਤੁਹਾਡੇ 'ਤੇ ?"

"ਪਤਾ ਨਹੀਂ ਕਿਥੋਂ ਏਨੀਆਂ ਨਿਕਲ ਆਈਆਂ। ਸਵੇਰੇ ਈ ਚਾਹ ਦੇ ਬਹਾਨੇ ਆ ਵੜਦੀਆਂ, ਬਹੁਤ ਸੇਵਾ ਕਰਦੀਆਂ। ਪਿੱਛੇ ਜਿਹੇ ਖਬਰ ਆਈ ਸੀ ਕਿ ਚੰਡੀਗੜ ਇਕ ਘਰ ਵਿਚ ਕਿਸੇ ਨੇ ਇਕ ਮੁੰਡਾ ਨੌਕਰ ਰੱਖ ਲਿਆ। ਕਈ ਕੁੜੀਆਂ ਸੀ ਘਰ ਵਿਚ, ਕੁੜੀਆਂ ਨੇ ਖੇਲ ਖੇਲ ਕੇ ਮੁੰਡਾ ਈ ਮਾਰ 'ਤਾ, ਮੈਂ ਕਹਿੰਨਾ ਹੁੰਨਾ ਕਿ ਤੁਸੀਂ ਇੰਨੀਆਂ 'ਕੱਠੀਆਂ ਹੋ ਜਾਨੀਆਂ ਕਿਤੇ ਮੇਰਾ ਹਾਲ ਓਸ ਮੁੰਡੇ ਵਾਲਾ ਨਾ ਕਰ ਦਿਓ।"

ਆਖਦੇ ਭਾਪਾ ਜੀ ਜ਼ੋਰ ਨਾਲ ਹੱਸਣ ਲਗੇ ਤੇ ਨਾਲ ਹੀ ਚਾਚਾ ਵੀ। ਭਾਪਾ ਜੀ ਫਿਰ ਦੱਸਣ ਲਗੇ,

"ਆਪਣੇ ਪਿੰਡ ਦੇ ਹਸਪਤਾਲ ਵਿਚ ਇਕ ਨਵੀਂ ਨਰਸ ਆਈ ਆ, ਓਹ ਸੋਚਦੀ ਆ ਕਿ ਮੇਰੇ ਆ ਮੇਰਾ ਅਗੇ ਪਿੱਛੇ ਕੋਈ ਹੈ ਨਹੀਂ, ਕਹਿੰਦੀ ਮੇਰੇ ਨਾਲ ਵਿਆਹ ਕਰਾ ਲਾ, ਮੈਂ ਕਿਹਾ ਕਿ ਮੁੰਡਿਆਂ ਨਾਲ ਸਲਾਹ ਕਰਕੇ ਦਸੂੰ, ਮੁੜ ਕੇ ਕਈ ਦਿਨ ਨਹੀਂ ਆਈ।"

"ਲੈ ਫੇ ਵੀਰਾ, ਮੈਂ ਤੈਨੂੰ ਮਿਲਣ ਆਇਆ ਕਿ ਆਇਆ।"

"ਚਲ 'ਕੱਠੇ ਈ ਚਲਦੇ ਆਂ।"

"ਦੇਖ ਲੈਨਾਂ, ਜੇ ਆਪਾਂ ਕੱਠੇ ਗਏ, ਤੇ ਦੋ ਮੁੰਡੇ ਜੀਨਾਂ ਪਾ ਕੇ ਪਿੰਡ ਪਹੁੰਚੇ ਤਾਂ ਬਹਿ ਜਾ, ਬਹਿ ਜਾ ਹੋ ਜਾਊ।"

"ਜੀਨ ਦੀ ਕੀ ਖਾਸੀਅਤ ਆ ?"

"ਜੀਨ ਦਾ ਫੈਸ਼ਨ ਆ, ਮੁੰਡੇ-ਖੁੰਡੇ ਅੱਜ ਕਲ੍ਹ ਜੀਨ ਈ ਪਾਉਂਦੇ ਆ।"

ਜਦ ਮਹੀਨੇ ਕੁ ਬਾਅਦ ਉਹ ਵਾਪਸ ਇੰਡੀਆ ਜਾਣ ਲਗੇ ਤਾਂ ਮੈਂ ਪੁੱਛਿਆ,

"ਭਾਪਾ ਜੀ, ਇੰਡੀਆ ਲੈ ਜਾਣ ਲਈ ਕੋਈ ਚੀਜ਼ ਤਾਂ ਨਹੀਂ ਚਾਹੀਦੀ ?"

"ਹੋਰ ਤਾਂ ਕੁਸ਼ ਨਹੀਂ ਚਾਹੀਦਾ, ਦੋ ਕੁ ਜੀਨਾਂ ਲੈ ਦੇ।"

ਅਗਲੀ ਵਾਰ ਉਹ ਇੰਗਲੈਂਡ ਆਏ ਤਾਂ ਫਿਰ ਹਫਤੇ ਬਾਅਦ ਹੀ ਵਾਪਸ ਜਾਣ ਦੀਆਂ ਗੱਲਾਂ ਕਰਨ ਲਗੇ। ਮੈਂ ਕਿਹਾ,

"ਭਾਪਾ ਜੀ, ਤੁਸੀਂ ਇਥੇ ਟਿਕ ਜਾਓ, ਵਾਰ ਵਾਰ ਚੱਕਰ ਮਾਰਨ ਨਾਲੋਂ। ਥੋੜ੍ਹਾ ਚਿਰ ਈ ਦਿਲ ਨਹੀਂ ਲਗਣਾ, ਫਿਰ ਠੀਕ ਹੋ ਜਾਣਾ।"

"ਦੇਖ ਬਈ, ਸਿੱਧੀ ਗੱਲ ਇਹ ਆ ਕਿ ਮੈਂ ਤੁਹਾਡੇ ਵਿਚ ਘਰ ਦੇ ਖਰਚੇ ਵਿਚ ਹਿੱਸਾ ਪਾਏ ਬਿਨਾਂ ਨਹੀਂ ਰਹਿਣਾ। ਮੈਨੂੰ ਪੈਸੇ ਲੁਆ ਦਿਓ, ਮੈਂ ਰਹਿ ਲੈਨਾਂ।"

ਉਹਨਾਂ ਨੂੰ ਸੋਸ਼ਲ ਸਕਿਉਰਟੀ ਵੱਲੋਂ ਚੰਗੇ ਪੈਸੇ ਲਗ ਸਕਦੇ ਸਨ ਪਰ ਮੈਂ ਇਸ ਦੇ ਹੱਕ ਵਿਚ ਨਹੀਂ ਸਾਂ। ਫਿਰ ਕੁਕੂ ਉਹਨਾਂ ਨੂੰ ਲੈ ਵੀ ਗਿਆ ਪਰ ਸ਼ਾਇਦ ਫਾਰਮ ਠੀਕ ਨਾ ਭਰੇ ਗਏ ਜਾਂ ਕੁਝ ਹੋਰ। ਪੈਸੇ ਲਗ ਨਾ ਸਕੇ। ਉਪਰੋਂ ਉਹਨਾਂ ਦਾ ਪਾਸਪੋਰਟ ਵੀ ਗੁੰਮ ਹੋ ਗਿਆ। ਉਹ ਜਲਦੀ ਵਾਪਸ ਮੁੜਨਾ ਚਾਹੁੰਦੇ ਸਨ। ਅਸੀਂ ਨਵੇਂ ਪਾਸਪੋਰਟ ਲਈ ਅਪਲਾਈ ਕਰ ਦਿੱਤਾ। ਬਹੁਤ ਵਕਤ ਲਗ ਰਿਹਾ ਸੀ। ਇੰਡੀਆ ਤੋਂ ਇਨਕੁਆਰੀ ਹੋ ਕੇ ਫਿਰ ਪਾਸਪੋਰਟ ਮਿਲਣਾ ਸੀ। ਫਿਰ ਉਸ ਉਪਰ ਇਥੇ ਦੀ ਪਰਮਾਨੈਂਟ ਰੈਜੀਡੈਂਟ ਦੀ ਮੋਹਰ ਵੀ ਲਗਵਾਉਣੀ ਪੈਣੀ ਸੀ। ਇਸ ਕੰਮ ਨੂੰ ਕਈ ਮਹੀਨੇ ਲਗ ਜਾਣੇ ਸਨ। ਭਾਪਾ ਜੀ ਇਥੇ ਬਹੁਤ ਔਖੇ ਸਨ। ਘਰ ਵਿਚ ਉਹ ਇਵੇਂ ਤੁਰੇ ਫਿਰਦੇ ਜਿਵੇਂ ਸ਼ੇਰ ਪਿੰਜਰੇ ਵਿਚ ਹੁੰਦਾ ਹੈ। ਮੈਂ ਉਹਨਾਂ ਦੇ ਮਨ ਦੀ ਗੱਲ ਸਮਝਦਾ ਸਾਂ। ਫਿਰ ਅਚਾਨਕ ਉਹਨਾਂ ਦਾ ਗੁੰਮਿਆਂ ਪਾਸਪੋਰਟ ਲੱਭ ਪਿਆ। ਇਹ ਸੋਸ਼ਲ ਸਕਿਉਰਟੀ ਦੇ ਦਫਤਰ ਵਿਚ ਹੀ ਡਿਗਿਆ ਸੀ। ਉਸ ਦਿਨ ਉਹਨਾਂ ਦਾ ਚਿਹਰਾ ਇਵੇਂ ਸੀ ਜਿਵੇਂ ਕੋਈ ਕੈਦੀ ਕੈਦ ਵਿਚੋਂ ਛੁੱਟਿਆ ਹੋਵੇ।

ਸੰਨ 2003 ਵਿਚ ਉਹ ਪੱਕੇ ਇੰਗਲੈਂਡ ਆ ਗਏ। ਇਹ ਉਹ ਸਾਲ ਸੀ ਜਦੋਂ ਉਹ ਜ਼ਿਆਦਾ ਬਿਮਾਰ ਹੋ ਗਏ ਸਨ। ਮੈਂ ਆਪਣੇ ਘਰ ਵਿਚ ਉਹਨਾਂ ਲਈ ਇਕ ਕਮਰਾ ਬਣਾ ਲਿਆ ਸੀ। ਤੇ ਆਉਂਦਿਆਂ ਨੂੰ ਪੈਸੇ ਵੀ ਲਗਵਾ ਦਿੱਤੇ ਸਨ। ਜੇ ਪੈਸੇ ਨਾ ਲਗਦੇ ਤਾਂ ਸ਼ਾਇਦ ਉਹ ਇਥੇ ਨਾ ਰੁਕਦੇ। ਉਹ ਮੁਫਤ ਵਿਚ ਸਾਡੇ ਵਿਚਕਾਰ ਨਹੀਂ ਸਨ ਰਹਿਣਾ ਚਾਹੁੰਦੇ। ਪਤਾ ਨਹੀਂ ਘਰ ਦੇ ਖਰਚ ਵਿਚ ਹਿੱਸਾ ਪਾ ਕੇ ਰਹਿਣ ਦੀ ਉਹਨਾਂ ਦੀ ਇਹ ਸੋਚ ਕਿਵੇਂ ਬਣੀ ਪਰ ਇਸ ਬਾਰੇ ਉਹ ਬਹੁਤ ਸਪੱਸ਼ਟ ਸਨ। ਪੈਸੇ ਲਗ ਗਏ। ਮੈਂ ਡਾਕਖਾਨੇ ਤੋਂ ਕਢਵਾ ਕੇ ਉਹਨਾਂ ਨੂੰ ਦੇ ਦਿੰਦਾ ਪਰ ਉਹ ਮੈਨੂੰ ਵਾਪਸ ਕਰ ਦਿੰਦੇ। ਫਿਰ ਮੈਂ ਦੋ ਕੁ ਹਜ਼ਾਰ ਪੌਂਡ ਉਹਨਾਂ ਦੀ ਅਲਮਾਰੀ ਵਿਚ ਰੱਖ ਦਿੱਤਾ ਕਿ ਜੇ ਕਿਤੇ ਇਹਨਾਂ ਨੇ ਆਪਣੀ ਮਰਜ਼ੀ ਨਾਲ ਕਿਸੇ ਨੂੰ ਦੇਣਾ ਹੋਵੇ ਜਾਂ ਕਿਤੇ ਖਰਚਣਾ ਹੋਵੇ ਤਾਂ ਖਰਚ ਲੈਣ। ਬਿਮਾਰ ਹੋਣ ਤੋਂ ਪਹਿਲਾਂ ਉਹਨਾਂ ਨੇ ਮੈਨੂੰ ਵਾਪਸ ਕਰ ਦਿੱਤਾ। ਪੰਜਾਂ ਪੰਜਾਂ ਪੌਂਡਾਂ ਦੇ ਨੋਟ ਉਹ ਆਪਣੀ ਜੇਬ ਵਿਚ ਰੱਖ ਲਿਆ ਕਰਦੇ ਸਨ। ਕਦੇ ਕਦੇ ਕਿਸੇ ਬੱਚੇ ਨੂੰ ਦੇ ਦਿੰਦੇ। ਇਸ ਸਮੇਂ ਮੇਰੀ ਪਤਨੀ ਬਿਮਾਰ ਹੋ ਜਾਣ ਕਾਰਨ ਰੋਟੀ ਬਣਾਉਣ ਤੋਂ ਆਰੀ ਹੋ ਗਈ ਸੀ, ਤੇ ਸਾਨੂੰ ਰੋਟੀ ਬਣਾਉਣ ਲਈ ਕਿਸੇ ਔਰਤ ਨੂੰ ਰੱਖਣਾ ਪਿਆ। ਕਦੇ ਉਸ ਨੂੰ ਵੀ ਉਹਨਾਂ ਪੰਜ ਪੌਂਡ ਵਾਧੂ ਦੇ ਦੇਣੇ। ਉਹਨਾਂ ਦੀ ਚਾਹ-ਪਾਣੀ ਦਾ ਤੇ ਦਵਾਈ ਦਾ ਧਿਆਨ ਮੇਰੀ ਛੋਟੀ ਬੇਟੀ ਅਸ਼ਮਾ ਰੱਖਦੀ ਸੀ ਇਸ



ਲਈ ਉਹ ਚਾਹੁੰਦੇ ਸਨ ਕਿ ਜ਼ਮੀਨ ਦਾ ਕੁਝ ਹਿੱਸਾ ਵੇਚ ਕੇ ਉਸ ਨੂੰ ਦੇ ਦੇਣ ਪਰ ਮੈਂ ਨਾਂਹ ਕਰ ਦਿੱਤੀ।

ਮੇਰੇ ਜਾਂ ਕੁਕੂ ਦੇ ਦੋਸਤਾਂ ਨਾਲ ਦੋਸਤਾਂ ਵਾਲਾ ਵਰਤਾਵ ਹੀ ਕਰਦੇ। ਡਾਕਟਰ ਸਵਰਨ ਚੰਦਨ ਨਾਲ ਉਹਨਾਂ ਦਾ ਖਾਸ ਮੋਹ ਸੀ। ਉਹਨਾਂ ਦਾ ਆਪਸ ਵਿਚ ਬਹੁਤ ਸ਼ੁਗਲ ਚਲਦਾ ਰਹਿੰਦਾ। ਜਦੋਂ ਮੈਂ ਸਾਊਥਾਲ ਪਾਰਕ ਦੇ ਨੇੜੇ ਰਿਹਾ ਕਰਦਾ ਸਾਂ ਤਾਂ ਗਿਆਨੀ ਦਰਸ਼ਨ ਸਿੰਘ ਸੈਰ ਕਰਨ ਆ ਨਿਕਲਦਾ ਤਾਂ ਭਾਪਾ ਜੀ ਕੋਲ ਆ ਬੈਠਦਾ। ਉਸ ਦੀ ਉਮਰ ਭਾਪਾ ਜੀ ਦੇ ਨੇੜੇ ਤੇੜੇ ਹੀ ਸੀ। ਉਹ ਭਾਪਾ ਜੀ ਨੂੰ ਆਪਣੀਆਂ ਗ਼ਜ਼ਲਾਂ ਸੁਣਾਉਣ ਲਗਦਾ। ਭਾਪਾ ਜੀ ਉਸ ਨੂੰ ਛੇੜਨ ਲਗਦੇ ਤੇ ਪੁੱਛਦੇ,

"ਗਿਆਨੀ ਜੀ, ਹਾਲੇ ਵੀ ਸਹਿਵਾਸ ਕਰ ਲੈਂਦੇ ਓ ਕਿ ਨਹੀਂ?"

"ਮੇਰੇ ਵੱਲੋਂ ਤਾਂ ਕੋਈ ਢਿਲ ਨਹੀਂ ਪਰ ਉਹ ਸੌਂਦੀ ਈ ਆਪਣੇ ਪੋਤੇ ਨਾਲ਼ ਆ ਦੱਸੋ ਮੈਂ ਕੀ ਕਰਾਂ।"

ਖੂਬ ਹਾਸਾ ਪੈਂਦਾ। ਸੁਰਿੰਦਰ ਸੀਹਰਾ, ਦਰਸ਼ਨ ਬੁਲੰਦਵੀ ਤੇ ਹੋਰ ਵੀ ਕਈ ਦੋਸਤ ਘਰ ਆਉਂਦੇ ਤਾਂ ਭਾਪਾ ਜੀ ਸਾਡੇ ਵਿਚ ਆ ਬੈਠਦੇ। ਇੰਡੀਆ ਤੋਂ ਕੋਈ ਲੇਖਕ ਦੋਸਤ ਆ ਜਾਂਦਾ ਤਾਂ ਉਸ ਨਾਲ ਆਪਣਾ ਢਿਡ ਫਰੋਲ ਲੈਂਦੇ। ਜਿੰਦਰ, ਗੁਰਪਾਲ ਸੰਧੂ ਜਾਂ ਮਨਜੀਤ ਕੌਰ ਸੰਧੂ ਕੋਈ ਵੀ ਹੋਵੇ। ਗੁਰਪਾਲ ਸੰਧੂ ਨਕਈ ਮਿਸਲ ਵਿਚ ਹੋਣ ਕਰਕੇ ਉਸ ਦਾ ਉਹ ਬਹੁਤਾ ਆਦਰ ਕਰਦੇ ਹੁੰਦੇ ਸਨ। ਇਕ ਵਾਰ ਡਾਕਟਰ ਸਵਰਨ ਚੰਦਨ ਨੇ ਕਿਸੇ ਲੇਖਕ ਨਾਲ ਗੱਲ ਕਰਨ ਲਈ ਸਾਡੇ ਘਰੋਂ ਉਸ ਨੂੰ ਫੋਨ ਕੀਤਾ। ਪਤਾ ਚਲਿਆ ਕਿ ਉਹ ਸੁੱਤਾ ਪਿਆ ਹੈ। ਦੁਪਹਿਰ ਦਾ ਵਕਤ ਸੀ। ਇਵੇਂ ਹੀ ਉਸ ਨੇ ਤਿੰਨਾਂ ਲੇਖਕਾਂ ਨੂੰ ਉਸ ਨੇ ਫੋਨ ਕੀਤਾ, ਤਿੰਨੋਂ ਹੀ ਸੁੱਤੇ ਪਏ ਮਿਲੇ। ਭਾਪਾ ਜੀ ਬਹੁਤ ਹੱਸੇ ਤੇ ਪੁੱਛਣ ਲਗੇ,



ਕਹਾਣੀਕਾਰ ਜਿੰਦਰ

"ਡਾਕਟਰ ਸਾਬ, ਜੇ ਦੇਸ਼ 'ਤੇ ਕੋਈ ਭੀੜ ਪੈ ਜਾਵੇ ਤਾਂ ਲੇਖਕ ਤਾਂ ਸੁੱਤੇ ਈ ਰਹਿ ਜਾਣੇ ਆਂ ਤੇ ਦੇਸ਼ ਦਾ ਕੀ ਬਣੂੰ?"

"ਅਟਵਾਲ ਸਾਬ, ਦੇਸ਼ 'ਤੇ ਭੀੜ ਪੈਣੀ ਈ ਇਹਨਾਂ ਲੇਖਕਾਂ ਕਰਕੇ ਆ।"

ਡਾਕਟਰ ਸਵਰਨ ਚੰਦਨ ਨੇ ਜਵਾਬ ਦਿੱਤਾ ਤੇ ਦੋਨੋਂ ਹੱਸਣ ਲਗੇ।

ਸਾਡੇ ਭਾਣਜੇ ਅਮਨਦੀਪ ਨੇ ਰਿਸ਼ਤੇਦਾਰੀ ਵਿਚ ਅਜਿਹੀ ਜਗਾਹ ਵਿਆਹ ਕਰਾ ਲਿਆ ਜਿਥੇ ਉਸ ਦਾ ਰਿਸ਼ਤਾ ਹੋ ਨਹੀਂ ਸੀ ਸਕਦਾ। ਸਾਰੇ ਉਸ ਦੇ ਖਿਲਾਫ ਸਨ। ਜਦ ਕੋਈ ਜ਼ਿਆਦਾ ਹੀ ਖਿਲਾਫ ਗੱਲ ਕਰਨ ਲਗਦਾ ਤਾਂ ਭਾਪਾ ਜੀ ਕਹਿੰਦੇ,

"ਏਦਾਂ ਦਾ ਖਾਨਦਾਨੀ ਮੁੰਡਾ ਹੋਰ ਕਿਤੇ ਮਿਲ ਸਕਦਾ! 'ਕੱਲਾ ਮੁੰਡਾ, ਕਰੋੜਾਂ ਦੀ ਜ਼ਮੀਨ, ਵਿਆਹ 'ਤੇ ਕੁੜੀ ਵਾਲ਼ਿਆਂ ਦਾ ਇਕ ਪੈਸਾ ਨਹੀਂ ਖਰਚਾਇਆ। ਹੋਰ ਕੀ ਚਾਹੀਦਾ!"

ਅਮਨਦੀਪ ਦੀ ਪਤਨੀ ਮਨਦੀਪ ਇੰਡੀਆ ਤੋਂ ਆਈ ਤਾਂ ਉਸ ਦੇ ਬੱਚਾ ਹੋਣ ਵਾਲਾ ਸੀ। ਕਿਉਂਕਿ ਉਲਟੀ ਰਿਸ਼ਤੇਦਾਰੀ ਵਿਚ ਵਿਆਹ ਹੋਇਆ ਸੀ ਤੇ ਮੇਰੀ ਪਤਨੀ ਉਸ ਨੂੰ ਘਰ ਰੱਖਣ ਵਿਚ ਝਿਜਕ ਰਹੀ ਸੀ। ਭਾਪਾ ਜੀ ਨੇ ਕੁੜੀ ਦੇ ਹੱਕ ਵਿਚ ਪੂਰਾ ਸਟੈਂਡ ਲਿਆ ਤੇ ਕਹਿਣ ਲਗੇ,


ਡਾ. ਗੁਰਪਾਲ ਸੰਧੂ

"ਇਹ ਕੁੜੀ ਜਿੰਨਾ ਚਿਰ ਚਾਹੇ ਇਸ ਘਰ ਵਿਚ ਰਹਿ ਸਕਦੀ ਹੈ, ਇਸ ਨੇ ਮਾਂ ਬਣਨਾ ਹੈ ਤੇ ਮਾਂ ਬਣਨਾ ਬਹੁਤ ਪਵਿਤਰ ਗੱਲ ਆ।"

ਉਹਨਾਂ ਨੂੰ ਖਬਰਾਂ ਦੇਖਣ ਦਾ ਸ਼ੌਂਕ ਤਾਂ ਹੈ ਹੀ ਸੀ, ਇੰਡੀਆ ਦੀਆਂ ਖਬਰਾਂ ਤੋਂ ਬਾਅਦ ਉਹ ਪਾਕਿਸਤਾਨ ਦੀਆਂ ਖਬਰਾਂ ਵੀ ਪੂਰੇ ਸ਼ੌਂਕ ਨਾਲ ਦੇਖਦੇ ਜਾਂ ਸੁਣਦੇ। ਛੱਬੀ ਜਨਵਰੀ ਦੀ ਦਿੱਲੀ ਦੀ ਪਰੇਡ ਨਾਲ ਉਹਨਾਂ ਨੂੰ ਬਹੁਤ ਮੋਹ ਸੀ। ਇੰਡੀਆ ਹੁੰਦੇ ਤਾਂ ਪਹਿਲਾਂ ਰੇਡੀਓ ਕੋਲ ਤੇ ਫਿਰ ਟੈਲੀਵੀਯਨ ਮੂਹਰੇ ਬੈਠੇ ਪਰੇਡ ਦੇਖਦੇ। ਇਥੇ ਵੀ ਭਾਰਤੀ ਚੈਨਲ ਇਸ ਦੇ ਹਾਈਲਾਈਟਸ ਦਿਖਾਉਂਦੇ ਤੇ ਉਹ ਬੜੇ ਚਾਅ ਨਾਲ ਦੇਖਦੇ। ਇਕ ਹੋਰ ਸ਼ੌਂਕ ਸੀ ਪਾਕਿਸਤਾਨੀ ਪੰਜਾਬੀ ਡਰਾਮਿਆਂ ਦਾ। ਉਹਨਾਂ ਦੇ ਕਮਰੇ ਵਿਚ ਹੀ ਟੈਲੀਵੀਯਨ, ਵੀਡਿਓ ਤੇ ਡੀ. ਵੀ. ਡੀ. ਪਲੇਅਰ ਰੱਖੇ ਹੋਏ ਸਨ। ਕਈ ਦਰਜਨਾਂ ਵੀਡਿਓ ਫਿਲਮ ਤੇ ਫਿਰ ਇੰਨੀ ਹੀ ਡੀ. ਵੀ. ਡੀ. ਸਾਡੇ ਘਰ ਪਈ ਹੋਵੇਗੀ ਪਾਕਿਸਤਾਨੀ ਡਰਾਮਿਆਂ ਦੀ। ਉਹਨਾਂ ਨੂੰ ਪਾਕਿਸਤਾਨੀ ਮਜ਼ਾਹ ਬਹੁਤ ਚੰਗਾ ਲਗਦਾ। ਉਹ ਕਹਿੰਦੇ ਕਿ ਇਹ ਅਸਲੀ ਮਰਾਸੀ ਹਨ, ਇਹਨਾਂ ਦੀ ਟਿੱਚਰ-ਬਾਜ਼ੀ ਕੁਦਰਤੀ ਹੈ। ਪਾਕਿਸਤਾਨੀ ਡਰਾਮਿਆਂ ਦੀ ਐਕਟਰੈੱਸ ਨਰਗਿਸ ਦੇ ਤਾਂ ਉਹ



ਦੀਵਾਨੇ ਸਨ। ਉਸ ਦੇ ਡਾਂਸ ਨੂੰ ਤਾਂ ਉਹ ਮੁਹਰੇ ਨੂੰ ਹੋ ਕੇ ਦੇਖਦੇ। ਮੈਂ ਉਸ ਦੇ ਡਾਂਸ ਵਾਲੀਆਂ ਡੀ. ਵੀ. ਡੀ. ਲਿਆ ਦਿੱਤੀਆਂ ਤਾਂ ਖੁਸ਼ ਹੋ ਗਏ। ਇਕ ਵਾਰ ਇਥੇ ਲੰਡਨ ਵਿਚ ਨਰਗਿਸ ਦਾ ਸ਼ੋਅ ਸੀ। ਉਹਨਾਂ ਨੂੰ ਪਤਾ ਚਲਿਆ ਤਾਂ ਮੇਰੇ ਦੋਸਤ ਬਲਬੀਰ ਤੇ ਹਰਨੇਕ ਨੂੰ ਕਹਿਣ ਲਗੇ,

"ਲੈ ਬਈ, ਜੇ ਕਿਤੇ ਇਹ ਸ਼ੋਅ ਦਿਖਾ ਦੇਵੋਂ ਤਾਂ ਮੇਰੀਆਂ ਸਾਰੀਆਂ ਖਾਹਸ਼ਾਂ ਪੂਰੀਆਂ ਹੋ ਜਾਣ।"

ਮੇਰੇ ਦੋਸਤ ਉਹਨਾਂ ਨੂੰ ਨਰਗਿਸ ਦਾ ਸ਼ੋਅ ਦਿਖਾਉਣ ਲੈ ਗਏ। ਉਸ ਵੇਲੇ ਉਹਨਾਂ ਦੀ ਸਿਹਤ ਬਹੁਤ ਕਮਜ਼ੋਰ ਸੀ। ਮਸਾਂ ਹੀ ਤੁਰ ਹੁੰਦਾ ਸੀ। ਨਰਗਿਸ ਨੇ ਦੇਖਿਆ ਹੋਵੇਗਾ ਕਿ ਇਸ ਉਮਰ ਦੇ ਲੋਕ ਵੀ ਉਸ ਦੇ ਫੈਨ ਹਨ ਉਹ ਵੀ ਇਕ ਸਰਦਾਰ! ਨਰਗਿਸ ਨੇ ਸਟੇਜ ਤੋਂ ਉਹਨਾਂ ਵੱਲ ਹੱਥ ਕਰਕੇ ਕਿਹਾ,

"ਸਰਦਾਰ ਜੀ, ਤੁਹਾਨੂੰ ਇਸ ਨਰਗਿਸ ਦਾ ਸਲਾਮ।"

ਉਹ ਇੰਨੇ ਖੁਸ਼ ਹੋਏ ਕਿ ਰਹੇ ਰੱਬ ਦਾ ਨਾਂ। ਫਿਰ ਉਹ ਕਈ ਦਿਨ ਨਰਗਿਸ ਦੀਆਂ ਗੱਲਾਂ ਕਰਦੇ ਰਹੇ। ਨਰਗਸ ਦੇ ਸਾਰੇ ਡਰਾਮੇ ਇਕ ਪਾਸੇ ਕੱਢ ਕੇ ਰੱਖ ਲਏ ਤੇ ਦੁਬਾਰਾ ਦੇਖਣ ਲਗ ਪਏ। ਮੈਂ ਮਜ਼ਾਕ ਕਰਦਿਆਂ ਕਿਹਾ,

"ਭਾਪਾ ਜੀ, ਕਿਉਂ ਨਾ ਆਪਾਂ ਨਰਗਿਸ ਨੂੰ ਘਰ ਸੱਦ ਕੇ ਮੁਜਰਾ ਕਰਾ ਲਈਏ।"


ਉਹ ਥੋੜ੍ਹੀ ਦੇਰ ਸੋਚਦੇ ਰਹੇ ਤੇ ਫਿਰ ਕਹਿਣ ਲਗੇ,

"ਉਹਨੇ ਪੈਸੇ ਬਹੁਤ ਮੰਗਣੇ ਆਂ।"

ਮੇਰੀ ਪਤਨੀ ਨਰਿੰਦਰ ਦੇ ਭਰਾ ਕੁਲਦੀਪ ਨਾਲ ਉਹਨਾਂ ਦੀ ਬਹੁਤ ਬਣਦੀ ਹੁੰਦੀ ਸੀ। ਕੁਲਦੀਪ ਉਹਨਾਂ ਨੂੰ ਬਾਹਰ ਘੁੰਮਣ ਫਿਰਾਉਣ ਲੈ ਜਾਂਦਾ। ਕਈ ਵਾਰ ਸਟਰਿਪਟੀਜ਼ ਵੀ ਦਿਖਾ ਲਿਆਉਂਦਾ। ਉਹ ਅਕਸਰ ਉਸ ਦੀ ਤਾਰੀਫ ਕਰਨ ਬਹਿ ਜਾਂਦੇ ਕਿ ਇਹ ਮੁੰਡਾ ਮੇਰਾ ਬਹੁਤ ਧਿਆਨ ਰੱਖਦਾ ਹੈ। ਉਹਨਾਂ ਹਰ ਸਾਲ ਦਿਵਾਲੀ ਨੇੜੇ ਵਿਚ ਇੰਡੀਆ ਜਾਣਾ ਹੁੰਦਾ ਸੀ। ਮੈਂ ਉਹਨਾਂ ਨੂੰ ਲੈ ਜਾਂਦਾ। ਇਕ ਤਾਂ ਪੈਨਸ਼ਨ ਲਈ ਬੈਂਕ ਵਿਚ ਹਾਜ਼ਰੀ ਦੇਣੀ ਹੁੰਦੀ ਸੀ ਤੇ ਦੂਜਾ ਉਹ ਆਪਣੀ ਖਾਨਦਾਨੀ ਜ਼ਿੰਮੇਵਾਰੀ ਨਿਭਾਉਂਦੇ ਹੁੰਦੇ ਸਨ ਕਿ ਉਹਨਾਂ ਨੇ ਹਰ ਦਿਵਾਲੀ 'ਤੇ ਸਿਵਿਆਂ ਤੇ ਡੱਬਰੀ ਦੀਵੇ ਜਗਾਉਣੇ ਹੁੰਦੇ ਸਨ। ਸਿਵਿਆਂ ਦੇ ਦੀਵੇ ਇਸ ਜਹਾਨ ਵਿਚੋਂ ਤੁਰ ਗਏ ਆਪਣਿਆਂ ਦੀ ਯਾਦ ਵਿਚ ਤੇ ਡੱਬਰੀ ਦੇ ਦੀਵੇ ਆਪਣੇ ਪੁਰਖਿਆਂ ਦੀ ਯਾਦ ਵਿਚ ਜਿਹਨਾਂ ਨੇ ਸਾਨੂੰ ਇਹ ਜਾਇਦਾਦ ਬਖਸ਼ੀ ਸੀ। ਇਹ ਜ਼ਮੀਨ ਸਦੀਆਂ ਤੋਂ ਸਾਡੇ ਪਰਿਵਾਰ ਦੀ ਚਲੀ ਆਉਂਦੀ ਸੀ। ਭਾਪਾ ਜੀ ਤੋਂ ਪਹਿਲਾਂ ਮੇਰਾ ਬਾਬਾ ਵੀ ਇਵੇਂ ਹੀ ਦੀਵੇ ਜਗਾਇਆ ਕਰਦਾ ਸੀ। ਬਾਬੇ ਤੋਂ ਪਹਿਲਾ ਬਾਬਾ ਰਲ਼ਾ ਵੀ ਤੇ ਬਾਬਾ ਜੈਮਲ ਵੀ। ਹੁਣ ਮੇਰੀ ਵਾਰੀ ਹੈ ਪਰ ਮੈਨੂੰ ਨਹੀਂ ਲਗਦਾ ਕਿ ਮੈਂ ਇਹ ਕਰ ਸਕਾਂਗਾ।

## ਪੰਜ

ਪਿੰਡ ਵਿਚ ਉਹਨਾਂ ਦੀ ਜ਼ਿੰਦਗੀ ਇੰਗਲੈਂਡ ਨਾਲੋਂ ਬਹੁਤ ਵਧੀਆ ਸੀ ਇਸੇ ਲਈ ਉਹ ਇਥੇ ਬਹੁਤੀ ਦੇਰ ਨਾ ਰੁਕਦੇ ਤੇ ਪਾਸਪੋਰਟ ਤੇ ਮੋਹਰ ਲਗਵਾ ਕੇ ਪਿੰਡ ਨੂੰ ਭੱਜਣ ਦੀ ਕਰਦੇ। ਉਹ ਆਖਰੀ ਦਮ ਤਕ ਪਿੰਡ ਨੂੰ ਚੇਤੇ ਕਰਦੇ ਰਹੇ। ਉਹਨਾਂ ਲਈ ਵੱਡੀ ਸਮੱਸਿਆ ਹੁੰਦੀ ਸੀ ਰੋਟੀ ਦੀ। ਉਸ ਲਈ ਖੁਰਸ਼ੈਦ ਜਾਂ ਉਸ ਦੀਆਂ ਕੁੜੀਆਂ ਸਨ ਹੀ। ਉਹਨਾਂ ਨੂੰ ਮਨ ਪਸੰਦ ਦੀ ਰੋਟੀ-ਸਬਜ਼ੀ, ਜਿਵੇਂ ਉਹ ਚਾਹੁੰਦੇ ਸਨ; ਪਕਦੀ ਪਕਦੀ ਖਾਂਦੇ। ਇਸ ਤੋਂ ਵੀ ਵੱਡੀ ਗੱਲ ਕਿ ਪਿੰਡ ਵਿਚ ਉਹਨਾਂ ਨੂੰ ਮਿਲਣ ਵਾਲੇ ਬਹੁਤ ਲੋਕ ਸਨ।


ਦਰਸ਼ਨ ਸਿੰਘ

ਸਾਡਾ ਘਰ ਮੁੱਖ ਗਲੀ ਤੋਂ ਥੋੜ੍ਹਾ ਹਟਵਾਂ ਹੈ। ਇਕ ਦਮ ਗਵਾਂਢ ਵਿਚ ਕੋਈ ਨਹੀਂ ਹੈ। ਖੁਰਸ਼ੈਦ ਸਵੇਰੇ ਚਾਹ ਬਣਾ ਜਾਂਦੀ, ਫਿਰ ਦੁਪਹਿਰ ਦੀ ਰੋਟੀ ਤੇ ਫਿਰ ਤ੍ਰਿਕਾਲਾਂ ਦੀ ਚਾਹ ਤੇ ਫਿਰ ਰਾਤ ਦੀ ਰੋਟੀ। ਉਹ ਆਪਣਾ ਕੰਮ ਮੁਕਾ ਕੇ ਆਪਣੇ ਘਰ ਚਲੇ ਜਾਂਦੀ। ਭਾਪਾ ਜੀ ਸਿਆਲਾਂ ਨੂੰ ਬਾਹਰ ਧੁੱਪੇ ਕੁਰਸੀਆਂ ਰਖਵਾ ਲੈਂਦੇ। ਅਖ਼ਬਾਰ ਆ ਜਾਂਦੀ ਤੇ ਉਹਨਾਂ ਨੂੰ ਮਿਲਣ ਵਾਲੇ ਵੀ ਆਉਣ ਲਗਦੇ। ਕੋਈ ਆ ਰਿਹਾ ਹੁੰਦਾ ਤੇ ਕੋਈ ਜਾ ਰਿਹਾ ਹੁੰਦਾ। ਸਰਦੀਆਂ ਦੇ ਇਹਨਾਂ ਦਿਨਾਂ ਵਿਚ ਵਲਾਇਤੀਏ ਬਹੁਤ ਇੰਡੀਆ ਜਾਂਦੇ ਹਨ। ਸਾਡੇ ਮੁਹੱਲੇ ਦੇ ਸਾਰੇ ਇੰਗਲੈਂਡੀਏ ਭਾਪਾ ਜੀ ਕੋਲ ਆ ਬਹਿੰਦੇ। ਹਾਸਾ ਮਜ਼ਾਕ ਸਾਰਾ ਦਿਨ ਚਲਦਾ ਰਹਿੰਦਾ। ਇੰਗਲੈਂਡੀਆਂ ਲਈ ਬੈਠਣ ਦਾ ਇਹ ਬਹੁਤ ਵਧੀਆ ਟਿਕਾਣਾ ਸੀ। ਜਿੰਨਾ ਮਰਜ਼ੀ ਹੱਸੀ ਜਾਵੋ। ਜਿੰਨਾ ਮਰਜ਼ੀ ਰੌਲਾ ਪੈਂਦਾ ਰਹੇ ਕਿਸੇ ਨੂੰ ਇਤਰਾਜ਼ ਨਹੀਂ ਸੀ ਹੁੰਦਾ, ਇਕੱਲਵਾਂਝੇ ਘਰ ਹੋਣ ਕਰਕੇ। ਇਕ ਤਾਂ ਭਾਪਾ ਜੀ ਦਾ ਆਪਣਾ ਸੁਭਾਅ ਸ਼ੁਗਲ ਦਾ ਸੀ ਤੇ ਦੂਜੇ ਇੰਗਲੈਂਡੀਏ ਉਹਨਾਂ ਨੂੰ ਆਪਣੇ ਵਰਗਾ ਇੰਗਲੈਂਡੀਆ ਹੀ ਸਮਝਦੇ ਸਨ। ਉਹਨਾਂ ਦੀਆਂ ਆਪਸ ਵਿਚ ਤਾਰਾਂ ਵਾਹਵਾ ਜੁੜਦੀਆਂ ਸਨ।



ਸੱਤਪਾਲ ਸਿੰਘ, ਨਿਰਮਲ ਸਿੰਘ, ਗੁਰਦੇਵ ਸਿੰਘ, ਸਰਬਜੀਤ, ਪ੍ਰੋਫੈਸਰ ਪਰਗਣ ਸਿੰਘ ਤੇ ਹੋਰ ਬਹੁਤ ਸਾਰੇ ਪਿੰਡ ਦੇ ਬੰਦੇ ਉਹਨਾਂ ਦੀ ਮਹਿਫਲ ਵਿਚ ਆ ਸ਼ਾਮਲ ਹੁੰਦੇ। ਹੌਲੀ ਹੌਲੀ ਇਹ ਮਹਿਫਲ ਇੰਨੀ ਭਰਨ ਲਗ ਪਈ ਕਿ ਬੈਠਣ ਲਈ ਨਵੀਆਂ ਕੁਰਸੀਆਂ ਮੰਗਵਾਉਣੀਆਂ ਪਈਆਂ। ਮੈਂ ਇਕ ਵਾਰੀ ਪਿੰਡ ਗਿਆ, ਇਹ ਕੁਰਸੀਆਂ ਗਿਣੀਆਂ ਤਾਂ ਤੀਹ ਤੋਂ ਉਪਰ ਸਨ। ਖੁਰਸ਼ੈਦ ਦੱਸਦੀ ਕਿ ਕਈਆਂ ਨੂੰ ਕੁਰਸੀਆਂ ਨਾ ਮਿਲਣੀਆਂ ਤਾਂ ਮੰਜਿਆਂ ਤੇ ਬੈਠਣਾ ਪੈਣਾ। ਫਿਰ ਇੰਗਲੈਂਡੀਆਂ ਨੇ ਸ਼ਾਮ ਨੂੰ ਸ਼ਰਾਬ ਵੀ ਪੀਣੀ ਹੋਈ। ਕਈਆਂ ਨੇ ਤਾਂ ਆਪੋ ਆਪਣੀਆਂ ਪੇਟੀਆਂ ਭਾਪਾ ਜੀ ਕੋਲ ਚੁੱਕ ਲਿਆਂਦੀਆਂ। ਪੇਟੀਆਂ ਦਾ ਭਾਵ ਕਿ ਵਲੈਤੀਏ ਸ਼ਰਾਬ ਦੀ ਇਕ ਬੋਤਲ ਘੱਟ-ਵਧ ਹੀ ਖਰੀਦਦੇ ਹਨ। ਪੇਟੀ ਸਸਤੀ ਪੈਂਦੀ ਹੈ। ਅਜਿਹੀਆਂ ਮਹਿਫਲਾਂ, ਇਹੋ ਜਿਹਾ ਹਾਸਾ ਮਜ਼ਾਕ; ਅਜਿਹੀ ਜਗਾਹ ਤਾਂ ਹਰ ਇਕ ਦਾ ਦਿਲ ਲਗ ਜਾਵੇ। ਉਸ ਦਾ ਇਕ ਨੁਕਸਾਨ ਇਹ ਹੁੰਦਾ ਕਿ ਭਾਪਾ ਜੀ ਨੂੰ ਹਰ ਇਕ ਨਾਲ ਪੀਣੀ ਪੈਂਦੀ। ਉਹਨਾਂ ਦੀ ਸ਼ਰਾਬ ਬਹੁਤ ਵਧ ਗਈ। ਕਈ ਵਾਰ ਰੋਟੀ ਵੀ ਨਾ ਖਾ ਹੋਣੀ।

ਗਰਮੀਆਂ ਨੂੰ ਜਦ ਵਲੈਤੀਏ ਇੰਗਲੈਂਡ ਲਈ ਮੁੜ ਜਾਂਦੇ ਤਾਂ ਭਾਪਾ ਜੀ ਵੀ ਇਧਰ ਆ ਜਾਂਦੇ। ਇਥੇ ਆ ਕੇ ਸਾਨੂੰ ਮਹਿਫਲ ਵਿਚ ਹੋਈਆਂ ਸ਼ੁਗਲ ਦੀਆਂ ਗੱਲਾਂ ਸੁਣਾਉਣ ਲਗਦੇ। ਅਜਿਹੀ ਮਹਿਫਲ ਦਾ ਹਿੱਸਾ ਬਣਨ ਨੂੰ ਮੇਰਾ ਬਹੁਤ ਦਿਲ ਕਰਦਾ ਪਰ ਮੈਂ ਗਲਤ ਸਮੇਂ ਜਾਂਦਾ ਸਾਂ ਤੇ ਥੋੜ੍ਹੇ ਸਮੇਂ ਲਈ ਹੀ। ਮੇਰਾ ਬਹੁਤਾ ਵਕਤ ਲੇਖਕ ਦੋਸਤਾਂ ਨੂੰ ਮਿਲਦਿਆਂ ਹੀ ਨਿਕਲ ਜਾਂਦਾ। ਕਿਸੇ ਨਾ ਕਿਸੇ ਸਾਹਿਤਕ ਸਮਾਗਮ ਵਿਚ ਜਾਣ ਦਾ ਸਬੱਬ ਬਣਿਆ ਰਹਿੰਦਾ। ਮੈਂ ਸਵੇਰ ਦਾ ਘਰੋਂ ਗਿਆ ਦੇਰ ਰਾਤ ਨੂੰ ਮੁੜਦਾ। ਫਿਰ ਇਕ ਗੱਲ ਹੋਰ ਵੀ ਸੀ ਕਿ ਜਿਹੜੀ ਉਹਨਾਂ ਲੋਕਾਂ ਦੀ ਗੱਪ ਭਾਪਾ ਜੀ ਨਾਲ ਸੀ, ਮੇਰੇ ਨਾਲ ਨਹੀਂ ਸੀ।

ਇਸ ਮਹਿਫਲ ਵਿਚ ਭਾਪਾ ਜੀ ਦੇ ਕਈ ਪੈੱਗ ਲਗ ਜਾਂਦੇ ਜਿਸ ਦੇ ਨਤੀਜੇ ਵਜੋਂ ਉਹਨਾਂ ਦਾ ਬਲੱਡ ਪਰੈੱਸ਼ਰ ਬਹੁਤ ਵਧ ਜਾਂਦਾ ਪਰ ਨਸ਼ੇ ਵਿਚ ਪਤਾ ਨਾ ਚਲਦਾ। ਇਕ ਦਿਨ ਗੱਲ ਭਾਣਾ ਵਰਤਣ ਦੇ ਨੇੜੇ ਪੁੱਜ ਗਈ। ਇਕ ਸਵੇਰ ਉਹ ਘਰ ਇਕੱਲੇ ਹੀ ਸਨ ਤੇ ਕੁਰਸੀਆਂ ਕੱਢ ਕੇ ਬਾਹਰ ਰੱਖ ਰਹੇ ਸਨ ਕਿ ਅਚਾਨਕ ਉਹਨਾਂ ਨੂੰ ਅਜਿਹਾ ਅਟੈਕ ਹੋਇਆ ਕਿ ਉਹਨਾਂ ਦੇ ਕੰਨਾਂ ਤੇ ਨੱਕ ਰਾਹੀਂ ਖ਼ੂਨ ਵਗਣ ਲਗ ਪਿਆ ਤੇ ਉਹ ਬੇਹੋਸ਼ ਹੋ ਗਏ। ਅਚਾਨਕ ਚਾਚਾ ਸੱਤਪਾਲ ਆ ਗਿਆ ਤੇ ਉਸ ਨੇ ਰੌਲਾ ਪਾ ਕੇ ਹੋਰ ਲੋਕ ਇਕੱਠੇ ਕਰ ਲਏ ਤੇ ਭਾਪਾ ਜੀ ਨੂੰ ਹਸਪਤਾਲ ਲੈ ਗਏ। ਇਕ ਵਾਰ ਤਾਂ ਹਾਲਤ ਅਜਿਹੀ ਸੀ ਕਿ ਸਾਰੇ ਕਹਿੰਦੇ ਕਿ ਅੰਤ ਆ ਗਿਆ ਹੈ। ਮੈਨੂੰ ਵੀ ਮੇਰੇ ਚਾਚੇ ਦੇ ਮੁੰਡੇ ਬਲਜਿੰਦਰ ਨੇ ਫੋਨ ਕਰ ਦਿੱਤਾ ਕਿ ਬਚਣ ਦੀ ਕੋਈ ਆਸ ਨਹੀਂ। ਮੈਂ ਉਸੇ ਵੇਲੇ ਟਿਕਟ ਲਈ ਤੇ ਚੜ੍ਹ ਆਇਆ। ਵਾਕਿਆ ਹੀ ਹਾਲਤ ਬਹੁਤ ਖਰਾਬ ਸੀ। ਡਾਕਟਰ ਕਹਿਣ ਲਗਿਆ ਕਿ ਮੌਕਾ ਸੰਭਾਲ ਹੋ ਗਿਆ ਹੈ। ਇਹ

ਇਕ ਕਿਸਮ ਦਾ ਸੇਫਟੀ ਬਲਬ ਖੁੱਲ੍ਹ ਕੇ ਖੂਨ ਵਗ ਗਿਆ ਤੇ ਬਰੇਨ ਹੈਮਰੇਜ ਤੋਂ ਬਚਾਅ ਹੋ ਗਿਆ। ਭਾਪਾ ਜੀ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ। ਲੈਟਰੀਨ ਤਕ ਵੀ ਜਾਣਾ ਮੁਸ਼ਕਲ ਹੋ ਗਿਆ। ਸਫਰ ਕਰਨ ਜੋਗੇ ਤਾਂ ਬਿਲਕੁਲ ਨਹੀਂ ਸਨ। ਮੈਂ ਬਹੁਤ ਕਿਹਾ ਕਿ ਮੈਂ ਕਿਸੇ ਨਾ ਕਿਸੇ ਤਰ੍ਹਾਂ ਤੁਹਾਨੂੰ ਲੈ ਚਲਦਾ ਹਾਂ ਪਰ ਉਹ ਤਿਆਰ ਨਾ ਹੋਏ। ਉਨ੍ਹਾਂ ਨੂੰ ਸਾਂਭਣ ਲਈ ਖੁਰਸ਼ੈਦ ਸੀ, ਮੈਨੂੰ ਉਸ ਤੇ ਯਕੀਨ ਵੀ ਸੀ ਪਰ ਫਿਰ ਵੀ ਬੇਗਾਨੇ ਤਾਂ ਬੇਗਾਨੇ ਹੀ ਹੁੰਦੇ ਹਨ। ਸਰੀਰ ਭਾਵੇਂ ਪੁਰਾਣਾ ਹੋ ਗਿਆ ਸੀ ਪਰ ਇਕ ਫੌਜੀ ਦਾ ਸਖਤ ਜਿਸਮ ਸੀ ਤੇ ਇਹ ਝਟਕਾ ਸਹਿ ਗਿਆ। ਉਹ ਮੁੜ ਕੇ ਤੁਰਨ ਫਿਰਨ ਲਗੇ। ਭਾਵੇਂ ਪਹਿਲਾਂ ਵਾਲੀ ਗੱਲ ਨਾ ਬਣੀ ਪਰ ਇੰਗਲੈਂਡ ਪੁੱਜ ਗਏ। ਮੈਂ ਉਹਨਾਂ ਨੂੰ ਮੁੜ ਕੇ ਵਾਪਸ ਨਾ ਜਾਣ ਦਿੱਤਾ। ਆਪਣੇ ਬਿਮਾਰ ਹੋਣ ਵੇਲੇ ਦੀਆਂ ਗੱਲਾਂ ਕਰਦੇ ਉਹ ਦੱਸਦੇ,

"ਪਿੰਡ ਦੇ ਲੋਕ ਤਾਂ ਮੈਨੂੰ ਸੰਭਾਲਣ ਵਿਚ ਲਗੇ ਹੋਏ ਸੀ ਪਰ ਬੁੜੀਆਂ ਘੱਗਰੇ ਚੁੱਕੀ ਫਿਰਨ ਕਿ ਪਤਾ ਨਹੀਂ ਹੁਣ ਪਿੱਟਣਾ ਈ ਪੈਣਾਂ, ਜਦੋਂ ਪਤਾ ਲਗਿਆ ਕਿ ਮੈਂ ਬਚ ਗਿਆਂ ਤਾਂ ਬਹੁਤ ਉਦਾਸ ਹੋਈਆਂ।"

ਕਿਸੇ ਦੀ ਮੱਦਦ ਕਰਨ ਤੋਂ ਉਹ ਪਿੱਛੇ ਨਹੀਂ ਸੀ ਹਟਦੇ। ਆਂਢੀ ਗਵਾਂਢੀ ਲੋੜ ਵੇਲੇ ਉਹਨਾਂ ਕੋਲ ਆ ਖੜਦੇ ਸਨ। ਇਕ ਵਾਰੀ ਮੇਰਾ ਭਤੀਜਾ ਇੰਡੀਆ ਗਿਆ। ਘਰ ਕਈ ਸਾਈਕਲ ਪਏ ਸਨ। ਉਸ ਨੂੰ ਸਾਈਕਲ ਚਲਾਉਣ ਦਾ ਚਾਅ ਆ ਰਿਹਾ ਸੀ ਪਰ ਸਾਰੇ ਸਾਈਕਲ ਪੈਂਚਰ ਹੋਏ ਪਏ ਸਨ। ਘਰ ਦੇ ਨੇੜੇ ਹੀ ਸਾਈਕਲ ਮੁਰੰਮਤ ਕਰਨ ਦੀ ਦੁਕਾਨ ਸੀ। ਭਤੀਜਾ ਸਾਈਕਲ ਨੂੰ ਪੈਂਚਰ ਲਗਵਾਉਣ ਚਲੇ ਗਿਆ। ਦੁਕਾਨਦਾਰ ਨੇ ਪੰਜ ਸੌ ਰੁਪਏ ਇਕ ਪੈਂਚਰ ਲਾਉਣ ਦੇ ਲੈ ਲਏ ਜਦ ਕਿ ਇਹ ਕੰਮ ਪੰਜ-ਦਸ ਰੁਪਏ ਦਾ ਸੀ। ਖੁਰਸ਼ੈਦ ਨੂੰ ਪਤਾ ਚਲਿਆ ਤਾਂ ਉਹ ਸਾਈਕਲਾਂ ਵਾਲੇ ਮੁੰਡੇ ਨੂੰ ਫੜ ਲਿਆਈ। ਮੁੰਡਾ ਆ ਕੇ ਭਾਪਾ ਜੀ ਨੂੰ ਆਪਣੀ ਗਰੀਬੀ ਦੀਆਂ ਗੱਲਾਂ ਦੱਸਣ ਲਗ ਪਿਆ। ਉਹਨਾਂ ਨੂੰ ਇੰਨਾ ਤਰਸ ਆਇਆ ਕਿ ਪੰਜ ਸੌ ਰੁਪਏ ਹੋਰ ਦੇ ਦਿੱਤੇ।

ਇਕ ਵਾਰ ਉਹ ਮੈਨੂੰ ਵਸੀਅਤ ਤੇ ਹੋਰ ਕਾਗਜ਼-ਪੱਤਰ ਸੰਭਾਲ ਰਹੇ ਸਨ ਕਿ ਪੇਪਰਾਂ ਵਿਚੋਂ ਕੁਝ ਪਰਨੋਟ ਨਿਕਲ ਆਏ। ਇਹਨਾਂ ਪਰਨੋਟਾਂ ਦੀਆਂ ਤਰੀਕਾਂ ਨਿਕਲ ਗਈਆਂ ਹੋਈਆਂ ਸਨ। ਮੈਂ ਪੁੱਛਿਆ ਤਾਂ ਕਹਿਣ ਲਗੇ,

"ਗਰੀਬ ਲੋਕ ਆ, ਵਿਚਾਰੇ ਕਈ ਵਾਰ ਨਹੀਂ ਮੋੜ ਸਕਦੇ।"

ਇਵੇਂ ਹੀ ਕਈ ਵਾਰ ਜ਼ਮੀਨ ਦਾ ਹਾਲ੍ਹਾ ਲੈਣ ਵੇਲੇ ਇਹੋ ਗੱਲ ਹੋਣੀ। ਜਿਹਨਾਂ ਮੁੰਡਿਆਂ ਕੋਲ ਜ਼ਮੀਨ ਹਾਲ੍ਹੇ 'ਤੇ ਸੀ ਉਹਨਾਂ ਦੀ ਮਾਂ ਨੇ ਆ ਕੇ ਘਰ ਦੀ ਤੰਗੀ ਦੇ ਰੋਣੇ ਰੋਣ ਲਗ ਪੈਣਾ ਤੇ ਅੱਧ-ਪਚੱਧਾ ਹਾਲਾ ਮੁਆਫ ਹੋ ਜਾਣਾ।

ਪਿੰਡ ਉਹਨਾਂ ਨੂੰ ਆਪਣੀ ਸਲਤਨਤ ਲਗਦਾ ਸੀ। ਉਹ ਕਹਿੰਦੇ ਕਿ ਪਿੰਡ



ਵਿਚ ਉਨ੍ਹਾਂ ਦਾ ਸਭ ਕੁਝ ਹੈ। ਜਦੋਂ ਪਿੰਡ ਦੇ ਲੋਕ ਉਹਨਾਂ ਨੂੰ ਹਸਪਤਾਲ ਲੈ ਗਏ ਤਾਂ ਉਹਨਾਂ ਨੂੰ ਆਪਣੇ ਭਾਈਚਾਰੇ ਤੇ ਹੋਰ ਵੀ ਮਾਣ ਹੋਣ ਲਗਿਆ। ਅਸਲ ਵਿਚ ਹੁਣ ਉਹ ਭਾਈਚਾਰੇ ਵਿਚੋਂ ਸਭ ਤੋਂ ਵੱਡੀ ਉਮਰ ਦੇ ਵੀ ਸਨ, ਇਸ ਲਈ ਵੀ ਲੋਕ ਉਹਨਾਂ ਦੀ ਇੱਜ਼ਤ ਕਰਦੇ ਸਨ। ਉਹਨਾਂ ਦੀ ਉਮਰ ਦੇ ਕਿਸੇ ਬੰਦੇ ਨੇ ਮੈਨੂੰ ਮਿਲਣਾ ਤਾਂ ਕਹਿਣਾ,

"ਮੁੰਡਿਆ, ਸਾਡੇ ਭਰਾ ਦਾ ਖਿਆਲ ਰੱਖੀਂ।"

ਇਕ ਵਾਰ ਫੌਜੀ ਉਜਾਗਰ ਸਿੰਘ ਖਾਸ ਤੌਰ ਤੇ ਮੈਨੂੰ ਮਿਲਣ ਆਇਆ। ਇਹ ਫੌਜੀ ਉਹਨਾਂ ਨਾਲ ਹੀ ਅਨੰਦਪੁਰ ਦੇ ਮੇਲੇ 'ਤੇ ਫੌਜ ਵਿਚ ਭਰਤੀ ਹੋਇਆ ਸੀ। ਉਹ ਕਹਿਣ ਲਗਿਆ,

"ਤੇਰਾ ਭਾਪਾ ਜਦੋਂ ਜਵਾਨੀ ਵਿਚ ਸੀ ਤਾਂ ਲੋਕ ਖੜ ਖੜ ਕੇ ਦੇਖਿਆ ਕਰਦੇ ਸਨ, ਕਈ ਅਫਸਰ ਆਪਣੀਆਂ ਕੁੜੀਆਂ ਦੇ ਰਿਸ਼ਤੇ ਦੇਣ ਨੂੰ ਤਿਆਰ ਹੋ ਜਾਂਦੇ। ਗੋਰੇ ਅਫਸਰ ਏਹਨੂੰ ਜੈਂਟਲ ਜਾਇੰਟ ਕਹਿੰਦੇ। ਇਹਦੀ ਭਲਮਾਣਸੀ ਤੇ ਸ਼ਰਾਫਤ ਦੇ ਕਿੱਸੇ ਸਾਰੀ ਪਲਟਣ ਵਿਚ ਚਲਦੇ ਹੁੰਦੇ ਸੀ ਪਰ ਸਮਾਂ ਇਕੋ ਜਿਹਾ ਨਹੀਂ ਰਹਿੰਦਾ, ਉਮਰ ਦੀ ਘੜੀ ਦੀ ਸੂਈ ਚਲਦੀ ਰਹਿੰਦੀ ਆ, ਹੁਣ ਤੂੰ ਈ ਸਾਡੇ ਮਿੱਤਰ ਨੂੰ ਸੰਭਾਲਣਾਂ।"

ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦੇ। ਉਹਨਾਂ ਨੂੰ ਮਰਨ ਤੋਂ ਤਾਂ ਕਦੇ ਡਰ ਲਗਿਆ ਹੀ ਨਹੀਂ ਸੀ ਪਰ ਉਹਨਾਂ ਨੂੰ ਇਹ ਡਰ ਜ਼ਰੂਰ ਹੁੰਦਾ ਸੀ ਕਿ ਜਿਵੇਂ ਸਾਡੇ ਖਾਨਦਾਨ ਵਿਚ ਮਰਨ ਲਈ ਹੱਡ ਰਗੜਾਉਣੇ ਪੈਂਦੇ ਹਨ ਕਦੇ ਉਹਨਾਂ ਨਾਲ ਵੀ ਇਵੇਂ ਹੀ ਨਾ ਹੋ ਜਾਵੇ। ਇਕ ਵਾਰ ਉਹਨਾਂ ਨੇ ਆਪਣੇ ਖਾਸ ਦੋਸਤ ਸ਼ਿਵਰਾਜ ਸਿੰਘ ਨੂੰ ਕਿਹਾ,

"ਮੈਨੂੰ ਪਤਾ ਕਿ ਮੈਂ ਤੇਰੇ ਤੋਂ ਪਹਿਲਾਂ ਮਰ ਜਾਣਾਂ, ਤੂੰ ਮੇਰੇ ਤੋਂ ਬਾਲਣ ਜੋਗੇ ਪੈਸੇ ਲੈ ਲਾ, ਮਰੇ 'ਤੇ ਮੇਰੇ 'ਤੇ ਪਾ ਦੇਈਂ।"

"ਕੋਈ ਗੱਲ ਨਹੀਂ, ਮੈਂ ਕੋਲੋਂ ਬਾਲਣ ਪਾ ਦੇਊਂ ਤੇ ਉਪਰ ਜਾ ਕੇ ਹਿਸਾਬ ਕਰ ਲਊਂ।"

ਚਾਚੇ ਸ਼ਿਵਰਾਜ ਸਿੰਘ ਨੇ ਹੱਸਦੇ ਹੋਏ ਕਿਹਾ। ਚਾਚੇ ਸ਼ਿਵਰਾਜ ਸਿੰਘ ਨਾਲ ਉਹਨਾਂ ਦੀ ਖਾਸ ਦੋਸਤੀ ਸੀ। ਚਾਚੇ ਨੇ ਆਪਣੇ ਖੂਹ 'ਤੇ ਹਰ ਵੇਲੇ ਸ਼ਰਾਬ ਰੱਖੀ ਹੋਈ ਹੁੰਦੀ, ਸ਼ਾਮ ਨੂੰ ਭਾਪਾ ਜੀ ਅਕਸਰ ਉਸ ਵੱਲ ਗੇੜਾ ਮਾਰ ਆਉਂਦੇ। ਮੈਂ ਗਿਆ ਹੁੰਦਾ ਤਾਂ ਕਈ ਸ਼ਾਮਾਂ ਸਾਡੀਆਂ ਚਾਚੇ ਵੱਲ ਬੀਤਦੀਆਂ। ਪਰ ਰੱਬ ਦੀ ਮਰਜ਼ੀ ਚਾਚਾ ਸ਼ਿਵਰਾਜ ਸਿੰਘ ਭਾਪਾ ਜੀ ਤੋਂ ਕੁਝ ਸਾਲ ਪਹਿਲਾਂ ਪੂਰਾ ਗਿਆ। ਫੌਜੀ ਉਜਾਗਰ ਸਿੰਘ ਵੀ ਭਾਪਾ ਜੀ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ ਸੀ। ਉਸ ਨੂੰ ਬਾਬਾ ਹਦਾਲ ਦੇ ਤਿੰਨਾਂ ਭਰਾਵਾਂ ਦੇ ਨਾਵਾਂ ਦਾ ਪਤਾ ਸੀ। ਉਸ ਨੇ ਮੈਨੂੰ ਦੱਸੇ ਵੀ ਸਨ ਪਰ

ਅਫਸੋਸ ਕਿ ਮੈਂ ਲਿਖ ਨਾ ਸਕਿਆ ਤੇ ਵਿਸਰ ਗਿਆ।

ਇੰਗਲੈਂਡ ਤੋਂ ਇੰਡੀਆ ਜਾਣ ਦਾ ਵੀ ਉਹਨਾਂ ਦਾ ਵੱਖਰਾ ਅੰਦਾਜ਼ ਸੀ। ਹਮੇਸ਼ਾ ਹਲਕੇ ਤੋਂ ਹਲਕੇ ਸਾਮਾਨ ਨਾਲ ਸਫਰ ਕਰਨਾ। ਹੱਥ ਵਾਲਾ ਬੈਂਗ ਉਹਨਾਂ ਨੇ ਕਦੇ ਰੱਖਿਆ ਨਹੀਂ ਸੀ। ਸਭ ਕੁਝ ਅਟੈਚੀ ਵਿਚ ਹੁੰਦਾ। ਇਥੋਂ ਤੁਰਦੇ ਤੁਰਦੇ ਹੀ ਉਹ ਆਪਣੇ ਨਸ਼ੇ ਦਾ ਕੋਟਾ ਪੂਰ ਕਰ ਲੈਂਦੇ, ਜਿੰਨੀ ਕੁ ਦਾਰੂ ਹਵਾਈ ਜਹਾਜ਼ ਵਿਚ ਮਿਲਦੀ ਉਹ ਪੀਂਦੇ ਤੇ ਫਿਰ ਦਿੱਲੀ ਤੋਂ ਡਿਊਟੀ ਫਰੀ ਦੀ ਬੋਤਲ ਖਰੀਦਦੇ। ਬਾਬਾ ਕਿੰਦਾ ਸਾਡੇ ਪਿੰਡ ਦਾ ਹੀ ਮੁੰਡਾ ਹੈ ਜਿਸ ਦੀ ਟੈਕਸੀ ਅਸੀਂ ਪਿਛਲੇ ਵੀਹ ਸਾਲ ਤੋਂ ਵਰਤਦੇ ਆ ਰਹੇ ਹਾਂ। ਬਾਬਾ ਕਿੰਦਾ ਮੂਹਰੇ ਲੈਣ ਆਇਆ ਹੋਇਆ ਹੁੰਦਾ। ਖੁਰਸ਼ੈਦ ਨੇ ਆਉਣ ਤੋਂ ਪਹਿਲਾਂ ਘਰ ਦੀ ਸਫਾਈ ਕਰ ਦਿੱਤੀ ਹੁੰਦੀ। ਉਹ ਫਗਵਾੜੇ ਤੋਂ ਕੋਈ ਸਬਜੀ ਤੇ ਤੁੜਕੇ ਦਾ ਸਾਮਾਨ ਖਰੀਦਦੇ ਤੇ ਨਾਲ ਹੀ ਆਪਣੀ ਵਿਸਕੀ ਵੀ। ਬਾਬਾ ਕਿੰਦਾ ਦੱਸਿਆ ਕਰਦਾ ਹੈ,

"ਇਕ ਵਾਰ ਤਾਇਆ ਆਇਆ ਤਾਂ ਉਹ ਬਹੁਤ ਥਕਿਆ ਹੋਇਆ ਸੀ, ਸ਼ਾਇਦ ਸ਼ਰਾਬ ਕਾਰਨ ਹੋਵੇ। ਉਹ ਪਿਛਲੀ ਸੀਟ ਤੇ ਸੌਂ ਗਿਆ। ਮੇਰੇ ਨਾਲ ਮੇਰਾ ਇਕ ਦੋਸਤ ਵੀ ਸੀ। ਇਕੱਲੇ ਨੇ ਦਿੱਲੀ ਜਾਣਾ ਹੋਵੇ ਤਾਂ ਕਿਸੇ ਨਾ ਕਿਸੇ ਨੂੰ ਆਪਣੇ ਨਾਲ ਲੈ ਜਾਇਆ ਕਰਦਾਂ। ਦੋ ਘੰਟੇ ਦਾ ਸਫਰ ਨਿਕਲ ਗਿਆ ਪਰ ਤਾਇਆ ਅਹਿਲ ਪਿਆ ਰਿਹਾ। ਮੈਂ ਡਰ ਗਿਆ ਕਿਉਂਕਿ ਉਸ ਦਾ ਸੁਭਾਅ ਅਜਿਹਾ ਨਹੀਂ ਹੈ। ਉਹ ਤਾਂ ਸਾਰਾ ਰਾਹ ਹਾਸਾ ਮਜ਼ਾਕ ਕਰਦਾ ਆਉਂਦਾ ਹੁੰਦਾ। ਮੈਂ ਤਾਏ ਨੂੰ ਹਾਕਾਂ ਮਾਰੀਆਂ ਪਰ ਤਾਇਆ ਬੋਲਿਆ ਨਾ। ਅਗੇ ਜਾ ਕੇ ਕਾਰ ਨੂੰ ਹੁਝਕਾ ਵੱਜਾ ਤਾਂ ਤਾਇਆ ਇਕ ਪਾਸੇ ਨੂੰ ਲੁੜਕ ਗਿਆ। ਮੈਨੂੰ ਪਤਾ ਕਿ ਤਾਏ ਦੀ ਨੀਂਦ ਬਹੁਤ ਕੱਚੀ ਆ, ਅਸੀਂ ਡਰ ਗਏ ਕਿ ਤਾਇਆ ਗਿਆ। ਮੇਰਾ ਦੋਸਤ ਕਹਿੰਦਾ ਕਿ ਹੁਣ ਚੁੱਪ ਚਾਪ ਕਾਰ ਦੁੜਾਈ ਚੱਲ ਤੇ ਪਿੰਡ ਜਾ ਕੇ ਈ ਰੋਕਾਂਗੇ, ਰਾਹ ਵਿਚ ਕੋਈ ਪੰਗਾ ਪੈ ਗਿਆ ਤਾਂ ਫਸ ਜਾਵਾਂਗੇ। ਅਸੀਂ ਇੰਨਾ ਘਬਰਾ ਗਏ ਕਿ ਆਪਸ ਵਿਚ ਵੀ ਗੱਲ ਨਾ ਕਰ ਸਕੇ। ਦਿਨ ਚੜ੍ਹ ਆਇਆ ਸੀ। ਹੁਣ ਰੋਕੇ ਜਾਣ ਦਾ ਡਰ ਵਧੇਰੇ ਸੀ। ਮੂਹਰੇ ਲੁਧਿਆਣਾ ਆਉਣ ਵਾਲਾ ਸੀ। ਇਥੇ ਥਾਂ ਥਾਂ ਪੁਲੀਸ ਖੜ੍ਹੀ ਹੁੰਦੀ ਹੈ। ਅਸੀਂ ਕਾਰ ਪਿੰਡਾਂ ਵਿਚ ਨੂੰ ਪਾ ਲਈ ਤੇ ਪਿੰਡੋਂ ਪਿੰਡ ਹੁੰਦਿਆਂ ਕਈ ਮੀਲ ਦਾ ਵਾਧੂ ਸਫਰ ਕੀਤਾ। ਮੁੜ ਕੇ ਜੀ.ਟੀ. ਰੋਡ ਤੇ ਆਏ ਤਾਂ ਪੁਲੀਸ ਦੀ ਗੱਡੀ ਜਾਂ ਕੋਈ ਸਿਪਾਹੀ ਦਿੱਸੇ ਤਾਂ ਸਾਡੇ ਸਾਹ ਸੁਕਣ ਲਗਣ। ਪਿੰਡ ਦੇ ਨੇੜੇ ਆਏ ਤਾਂ ਅਚਾਨਕ ਤਾਇਆ ਬੋਲਿਆ - 'ਕਿਥੇ ਕੁ ਆ ਗਏ ਬਈ?' ਉਸ ਦੀ ਅਵਾਜ਼ ਸੁਣ ਕੇ ਮੈਂ ਇਕ ਦਮ ਤ੍ਰਬਕ ਗਿਆ ਕਿ ਮੇਰੇ ਤੋਂ ਐਮਰਜੈਂਸੀ ਬਰੇਕ ਮਾਰ ਹੋ ਗਈ ਪਰ ਅਸੀਂ ਕਿੰਨੇ ਖੁਸ਼ ਸਾਂ ਇਹ ਅਸੀਂ ਹੀ ਜਾਣਦੇ ਹਾਂ, ਬਾਅਦ ਵਿਚ ਤਾਏ ਨੂੰ ਸਾਰੀ ਗੱਲ ਦੱਸੀ ਤਾਂ ਉਹ ਬਹੁਤ ਹੱਸਿਆ ਤੇ ਕਹਿਣ ਲਗਿਆ ਕਿ ਮੁੰਡੇ ਨਹੀਂ ਹਟੇ, ਪਿਲਾਈ ਗਏ।"



## ਛੇ

ਇੰਗਲੈਂਡ ਆਉਣ ਦਾ ਸਭ ਤੋਂ ਵੱਡਾ ਨੁਕਸਾਨ ਭਾਪਾ ਜੀ ਨੂੰ ਇਹ ਹੋਇਆ ਕਿ ਉਹਨਾਂ ਨੂੰ ਨਾ-ਤੁਰਨ ਦੀ ਆਦਤ ਪੈ ਗਈ। ਉਹ ਸਾਰੀ ਉਮਰ ਬਹੁਤ ਤੁਰੇ। ਢੱਕੀ ਵਾਲੀ ਜ਼ਮੀਨ ਨੂੰ ਜਾਣਾ ਹੋਵੇ ਜਾਂ ਡੱਬਰੀ ਵਾਲੀ ਨੂੰ ਉਹ ਲੰਮੇ ਲੰਮੇ ਕਦਮ ਪੁੱਟਦੇ ਝੱਟ ਜਾ ਪੁੱਜਦੇ। ਇਵੇਂ ਹੀ ਉਹ ਨਾਗਾਲੈਂਡ ਦੀਆਂ ਪਹਾੜੀਆਂ ਵਿਚ ਵੀ ਬਹੁਤ ਤੁਰੇ। ਉਹਨਾਂ ਦਾ ਦੋਸਤ ਅਭੈ ਸਿੰਘ ਦੱਸਦਾ ਹੁੰਦਾ ਸੀ ਕਿ ਤੁਰਨ ਵਿਚ ਸਾਬ ਕਿਸੇ ਨੌਜਵਾਨ ਨੂੰ ਵੀ ਲਾਗੇ ਨਾ ਲਗਣ ਦਿੰਦੇ। ਪਰ ਇੰਗਲੈਂਡ ਆ ਕੇ ਉਹ ਬਿਲਕੁਲ ਨਾ ਤੁਰਦੇ। ਪਹਿਲੀਆਂ ਵਿਚ ਸਾਡੇ ਘਰ ਦੇ ਕੋਲ ਪਾਰਕ ਹੁੰਦਾ ਸੀ। ਉਸ ਵਿਚ ਤੁਰਨ ਜਾਂ ਦੌੜਨ ਲਈ ਟਰੈਕ ਬਣਿਆ ਹੋਇਆ ਸੀ। ਅਸੀਂ ਦੋ ਦੋ ਗਲਾਸੀਆਂ ਲਾ ਕੇ ਟਰੈਕ ਦੇ ਦੋ ਗੇੜੇ ਕੱਢ ਆਉਣੇ ਜਾਂ ਫਿਰ ਕੁਕੂ ਦਾ ਘਰ ਵੀ ਨੇੜੇ ਹੀ ਸੀ ਤੇ ਤੁਰ ਕੇ ਉਧਰ ਚਲੇ ਜਾਣਾ ਪਰ ਸੰਨ 1998 ਵਿਚ ਮੈਂ ਘਰ ਬਦਲ ਲਿਆ। ਇਸ ਦੇ ਨੇੜੇ ਕੋਈ ਪਾਰਕ ਨਹੀਂ ਸੀ। ਉਹਨਾਂ ਦੀ ਤੁਰਨ ਦੀ ਆਦਤ ਘਟਦੀ ਗਈ। ਪਹਿਲਾਂ ਕਈ ਵਾਰ ਗਾਰਡਨ ਵਿਚ ਬੈਠ ਜਾਂਦੇ ਪਰ ਫਿਰ ਉਹ ਸ਼ੌਂਕ ਵੀ ਨਾ ਰਿਹਾ। ਜਿਹੜਾ ਉਹਨਾਂ ਨੂੰ ਹਲਕੇ ਜਿਹੇ ਬਰੇਨ ਹੈਮਰਜ ਦਾ ਝਟਕਾ ਲਗਿਆ ਸੀ ਉਸ ਕਰਕੇ ਸਿਹਤ ਕਮਜ਼ੋਰ ਵੀ ਬਹੁਤ ਹੋ ਗਈ ਸੀ ਤੇ ਲੱਤਾਂ ਦੀ ਕਮਜ਼ੋਰੀ ਤੁਰਨ ਵਿਚ ਅੜਿੱਕਾ ਬਣਦੀ ਸੀ। ਮੈਨੂੰ ਫਿਕਰ ਹੁੰਦਾ ਕਿ ਉਹਨਾਂ ਦਾ ਵਕਤ ਪਾਸ ਕਿਵੇਂ ਹੋਵੇ। ਉਹਨਾਂ ਦੇ ਕਮਰੇ ਵਿਚ ਟੈਲੀਵੀਯਨ ਸੀ, ਰੇਡੀਓ ਸੀ। ਉਹ ਹੇਠਾਂ ਲੌਂਜ ਵਿਚ ਆ ਜਾਂਦੇ। ਸਾਰੇ ਇੰਡੀਅਨ ਚੈਨਲ ਸਨ ਪਰ ਫਿਰ ਵੀ ਮੈਨੂੰ ਪਤਾ ਹੈ ਕਿ ਇਹਨਾਂ ਤੋਂ ਵੀ ਬੰਦਾ ਅੱਕ ਜਾਂਦਾ ਹੈ। ਸਾਡੇ ਘਰ ਦੇ ਨੇੜੇ ਬਜ਼ੁਰਗਾਂ ਲਈ ਡੇ-ਸੈਂਟਰ ਬਣਿਆ ਹੋਇਆ ਹੈ। ਉਥੇ ਸਾਰੇ ਆਪਣੇ ਹੀ ਬੰਦੇ ਹੁੰਦੇ ਹਨ। ਡੇ-ਸੈਂਟਰ ਦਾ ਸੰਚਾਲਕ ਮੇਰਾ ਵਾਕਫ ਹੈ। ਮੈਂ ਇਕ ਦਿਨ ਭਾਪਾ ਜੀ ਨੂੰ ਉਥੇ ਲੈ ਗਿਆ। ਜਦੋਂ ਅਸੀਂ ਗਏ ਤਾਂ ਸਾਰੇ ਹੀ ਸੁੱਤੇ ਜਿਹੇ ਪਏ ਬੈਠੇ ਸਨ। ਭਾਪਾ ਜੀ ਕਹਿਣ ਲਗੇ,

"ਮੈਂ ਜੀਉਂਦਾ ਜਾਗਦਾ ਬੰਦਾ ਯਾਰ, ਤੂੰ ਮੈਨੂੰ ਕਿਥੇ ਲੈ ਆਇਆਂ!"

ਉਹ ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਤੇ ਸੁਸਤ ਬੰਦੇ ਜਾਂ ਢਹਿੰਦੀ ਕਲਾ ਵਾਲੇ ਬੰਦੇ ਉਹਨਾਂ ਨੂੰ ਬੁਰੇ ਲਗਦੇ ਸਨ। ਮੈਂ ਆਪਣੀਆਂ ਲਿਖਤਾਂ ਦੇ ਕਈ ਪਾਤਰ ਉਹਨਾਂ ਦੇ ਇਸ ਸੁਭਾਅ ਵਿਚ ਕੱਢੇ ਹਨ। ਵੈਸੇ ਤਾਂ ਉਹਨਾਂ ਨੂੰ ਮੈਂ ਕਈ ਵਾਰ ਪਾਤਰ ਵੀ ਬਣਾਇਆ ਹੈ। ਇਕ ਕਹਾਣੀ 'ਚੀਤਾ' ਉਹਨਾਂ 'ਤੇ ਹੀ ਲਿਖੀ ਸੀ। ਨਾਵਲ 'ਰੇਤ' ਦਾ ਸੂਬੇਦਾਰ ਵਾਲਾ ਕਿਰਦਾਰ ਵੀ ਉਹਨਾਂ ਨਾਲ ਮੇਲ ਖਾਂਦਾ ਸੀ। ਅਗਲੇ ਇਕ ਨਾਵਲ 'ਗੀਤ' ਵਿਚ ਵੀ ਮੈਂ ਉਹਨਾਂ ਦੇ ਸੁਭਾਅ ਵਿਚੋਂ ਜਾਂ ਜ਼ਿੰਦਗੀ

ਵਿਚੋਂ ਕੁਝ ਗੱਲਾਂ ਲਈਆਂ ਹਨ। ਉਹਨਾਂ ਬਾਰੇ ਨਾਵਲ ਲਿਖਣ ਬਾਰੇ ਵੀ ਸੋਚਦਾ ਰਿਹਾ ਹਾਂ ਪਰ ਅਜਿਹੀਆਂ ਗੱਲਾਂ ਮੈਂ ਕਦੇ ਉਹਨਾਂ ਨਾਲ ਸਾਂਝੀਆਂ ਨਹੀਂ ਕੀਤੀਆਂ। ਉਹਨਾਂ ਨੂੰ ਮੇਰਾ ਲਿਖਣਾ ਬਹੁਤਾ ਚੰਗਾ ਨਹੀਂ ਸੀ ਲਗਦਾ। ਉਹ ਕਹਿੰਦੇ ਕਿ ਜੇ ਪੜ੍ਹਾਈ ਵਿਚ ਇੰਨੀ ਮਿਹਨਤ ਕੀਤੀ ਹੁੰਦੀ ਤਾਂ ਹੁਣ ਕਿਤੇ ਦਾ ਕਿਤੇ ਹੁੰਦਾ। ਮੇਰੇ ਛੋਟੇ ਭਰਾ ਨੂੰ ਗਾਉਣ ਦਾ ਸ਼ੌਂਕ ਸੀ। ਭਾਪਾ ਜੀ ਮਜ਼ਾਕ ਵਿਚ ਕਹਿੰਦੇ ਕਿ 'ਮੇਰੇ ਦੋਨੋਂ ਮੁੰਡੇ ਹੀ ਪੁੱਠੇ ਰਾਹ ਤੁਰ ਪਏ। ਇਕ ਨੂੰ ਵਕੀਲ ਬਣਾਇਆ ਸੀ ਤੇ ਉਹ ਲੇਖਕ ਬਣ ਗਿਆ, ਦੂਜਾ ਕੰਜਰਾਂ ਵਾਂਗੂੰ ਗਾਉਣ ਲਗ ਪਿਆ।' ਜਦੋਂ ਲੋਕ ਆ ਕੇ ਉਹਨਾਂ ਕੋਲ ਮੇਰੀਆਂ ਸਿਫਤਾਂ ਕਰਦੇ ਤਾਂ ਉਹਨਾਂ ਨੂੰ ਚੰਗਾ ਲਗਦਾ। ਇਕ ਵਾਰ ਬਿਲਾਵਲ ਦੇ ਬਰਥਡੇਅ ਤੇ ਅਸੀਂ ਉਸ ਨੂੰ ਕੰਪਿਊਟਰ ਦੀ ਅਜਿਹੀ ਗੇਮ ਲੈ ਦਿੱਤੀ ਜਿਸਦਾ ਕੰਟਰੋਲ ਤਾੜੀ ਮਾਰਨ ਨਾਲ ਬਦਲ ਜਾਂਦਾ ਸੀ। ਬਿਲਾਵਲ ਤੇ ਕੁਕੂ ਦਾ ਇਕ ਮੁੰਡਾ ਤਾੜੀਆਂ ਮਾਰਦੇ ਇਹ ਗੇਮ ਖੇਡ ਰਹੇ ਸਨ। ਭਾਪਾ ਜੀ ਹੱਸਦੇ ਹੋਏ ਕਹਿਣ ਲਗੇ,

"ਬੱਸ ਆਹ ਤਾੜੀ ਵਜਾਉਣ ਦੀ ਈ ਕਸਰ ਸੀ!"

ਮੇਰੀ ਪਤਨੀ ਬਿਮਾਰ ਹੋ ਗਈ ਤਾਂ ਮੈਂ ਆਪਣੀਆਂ ਦੋਨਾਂ ਬੇਟੀਆਂ ਨੂੰ ਰੋਟੀ ਤੇ ਦਾਲ-ਸਬਜ਼ੀ ਬਣਾਉਣੀ ਸਿਖਾ ਲਈ ਸੀ। ਉਹ ਦੇਸੀ ਖਾਣਾ ਬਣਾ ਲੈਂਦੀਆਂ ਹਨ, ਨਹੀਂ ਤਾਂ ਇੰਗਲੈਂਡ ਵਿਚ ਜੰਮੀਆਂ ਬਹੁਤੀਆਂ ਕੁੜੀਆਂ ਨੂੰ ਰੋਟੀ ਬਣਾਉਣੀ ਨਹੀਂ ਆਉਂਦੀ। ਭਾਪਾ ਜੀ ਲਈ ਇਹ ਗੱਲ ਬਹੁਤ ਖੁਸ਼ੀ ਦੀ ਸੀ। ਉਹ ਘਰ ਆਏ ਮਹਿਮਾਨਾਂ ਨੂੰ ਇਹ ਗੱਲ ਹੁੱਬ ਹੁੱਬ ਕੇ ਦੱਸਦੇ ਤੇ ਆਖਦੇ,

"ਮੈਂ ਇਸ ਗੱਲੋਂ ਬਹੁਤ ਖੁਸ਼ ਕਿਸਮਤ ਆਂ ਕਿ ਆਪਣੀਆਂ ਪੋਤੀਆਂ ਦੇ ਹੱਥ ਦੀਆਂ ਪਕਾਈਆਂ ਰੋਟੀਆਂ ਵੀ ਖਾ ਚੱਲਿਆਂ।"

ਉਹਨਾਂ ਨੂੰ ਆਪਣੀ ਕਮਜ਼ੋਰ ਸਿਹਤ ਬਾਰੇ ਪਤਾ ਸੀ। ਪਿਛਲੇ ਸਾਲਾਂ ਵਿਚ ਦੋ ਕੁ ਵਿਆਹਾਂ ਵਿਚ ਉਹ ਔਖੇ ਹੋ ਕੇ ਵੀ ਸ਼ਾਮਲ ਹੋਣ ਚਲੇ ਗਏ ਕਿਉਂਕਿ ਉਹਨਾਂ ਨੂੰ ਸੀ ਕਿ ਵਧ ਤੋਂ ਵਧ ਲੋਕਾਂ ਨੂੰ ਮਿਲ ਹੋ ਜਾਵੇਗਾ। ਉਹਨਾਂ ਦੇ ਤਿੰਨ ਭਰਾ ਇਥੇ ਸਨ, ਚਾਚਾ ਝਲਮਣ ਸਿੰਘ, ਰਸ਼ਪਾਲ ਸਿੰਘ ਤੇ ਮੋਹਣੀ। ਉਹਨਾਂ ਨੂੰ ਉਹ ਮੇਰੇ ਤੋਂ ਵੀ ਜ਼ਿਆਦਾ ਪਿਆਰ ਕਰਦੇ ਹੋਣਗੇ। ਖਾਸ ਤੌਰ ਤੇ ਪਾਲ ਚਾਚੇ ਨੂੰ। ਜਦ ਕਦੇ ਚਾਚੇ ਨੇ ਆਉਣਾ ਹੁੰਦਾ ਤਾਂ ਉਹਨਾਂ ਨੂੰ ਚਾਅ ਚੜ੍ਹ ਜਾਂਦਾ।

ਸੰਨ 2007 ਦੀ ਦਿਵਾਲੀ ਨੂੰ ਦੀਵਾ ਜਗਾ ਕੇ ਮੁੜੇ ਤਾਂ ਉਹ ਬਹੁਤ ਕਮਜ਼ੋਰ ਸਨ। ਪਾਲ ਚਾਚਾ ਦੱਸਦਾ ਸੀ ਕਿ ਕਿਵੇਂ ਉਹ ਔਖੇ ਹੋ ਕੇ ਵਾਪਸ ਪਰਤੇ ਹਨ। ਲੱਤਾਂ ਬਹੁਤ ਕਮਜ਼ੋਰ ਹੋ ਗਈਆਂ ਸਨ। ਮੈਂ ਦੇਖਿਆ ਕਿ ਹੁਣ ਉਹ ਆਪਣੇ ਬੈੱਡਰੂਮ ਵਿਚ ਜਾਣ ਲਈ ਪੌੜੀਆਂ ਵੀ ਨਹੀਂ ਚੜ੍ਹ ਸਕਦੇ ਇਸ ਲਈ ਮੈਂ ਉਹਨਾਂ ਦਾ ਬਿਸਤਰ ਹੇਠਾਂ ਹੀ ਦੂਜੀ ਲੌਂਜ ਵਿਚ ਲੈ ਆਂਦਾ। ਇਥੇ ਹੀ ਟੈਲੀਵੀਯਨ ਤੇ ਸਕਾਈ ਬਗੈਰਾ ਵੀ ਫਿੱਟ ਕਰ ਦਿੱਤਾ। ਹੁਣ ਉਹਨਾਂ ਤੋਂ ਟੁਆਇਲਟ ਤਕ ਹੀ ਤੁਰ ਹੁੰਦਾ ਸੀ। ਨਹਾਉਣਾ



ਉਹਨਾਂ ਨੇ ਹਰ ਰੋਜ਼ ਹੁੰਦਾ ਸੀ। ਬਿਸਤਰ ਦੀ ਚਾਦਰ ਵੀ ਰੋਜ਼ ਬਦਲਣੀ ਹੁੰਦੀ। ਇਕ ਦਿਨ ਕੰਮ ਕਰਨ ਆਉਂਦੀ ਔਰਤ ਨੇ ਉਹਨਾਂ ਦੀ ਰਜਾਈ ਧੋਣੀ ਸੀ, ਉਸ ਨੇ ਉਹਨਾਂ ਨੂੰ ਡਬਲ ਰਜਾਈ ਦੇ ਦਿੱਤੀ। ਇਕ ਸ਼ਾਮ ਡਬਲ ਰਜਾਈ ਸਾਂਭਦੇ ਉਹ ਬੈੱਡ ਤੋਂ ਇਕ ਪਾਸੇ ਡਿਗ ਪਏ। ਉਹਨਾਂ ਦੇ ਕਮਰੇ ਨੂੰ ਦੋ ਦਰਵਾਜ਼ੇ ਸਨ ਤੇ ਆਮ ਤੌਰ ਤੇ ਇਹਨਾਂ ਨੂੰ ਉਹ ਬੰਦ ਹੀ ਰਖਦੇ। ਦਰਵਾਜ਼ੇ ਬੰਦ ਸਨ। ਬਿਲਾਵਲ ਆਪਣੇ ਕਮਰੇ ਵਿਚ ਸੀ ਤੇ ਅਸ਼ਮਾ ਆਪਣੇ ਵਿਚ। ਵੱਡੀ ਕੁੜੀ ਰੀਝ ਤਾਂ ਯੂਨੀਵਰਸਟੀ ਹੀ ਹੁੰਦੀ ਸੀ। ਮੇਰੀ ਪਤਨੀ ਉੱਚੀ ਅਵਾਜ਼ ਵਿਚ ਦੂਜੀ ਲੌਂਜ ਵਿਚ ਟੈਲੀ ਲਾਈ ਬੈਠੀ ਸੀ। ਉਹਨਾਂ ਦੀ ਮੱਦਦ ਲਈ ਮਾਰੀ ਅਵਾਜ਼ ਕੋਈ ਨਾ ਸੁਣ ਸਕਿਆ। ਉਹ ਆਪ ਹੀ ਉਠਣ ਦੀ ਕੋਸ਼ਿਸ਼ ਕਰਨ ਲਗੇ। ਉਹ ਬਹੁਤ ਕਮਜ਼ੋਰ ਸਨ ਪਰ ਸਰੀਰ ਹਾਲੇ ਵੀ ਵੱਡਾ ਸੀ। ਉਠਣ ਦੀ ਕੋਸ਼ਿਸ਼ ਵਿਚ ਉਹਨਾਂ ਦਾ ਇੰਨਾ ਜ਼ੋਰ ਲਗ ਗਿਆ ਕਿ ਸਾਰਾ ਸਰੀਰ ਪਸਤ ਹੋ ਗਿਆ। ਬਿਲਾਵਲ ਹੇਠਾਂ ਆਇਆ ਤਾਂ ਉਸ ਨੇ ਉਹਨਾਂ ਨੂੰ ਚੁੱਕ ਕੇ ਬੈੱਡ 'ਤੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਬਿਲਾਵਲ ਹਲਕਾ ਸੀ। ਅਸ਼ਮਾ ਨੇ ਮੈਨੂੰ ਫੋਨ ਕਰ ਦਿੱਤਾ। ਜਦ ਮੈਂ ਪੁੱਜਾ ਤਾਂ ਉਹਨਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਭਾਪਾ ਜੀ ਨੂੰ ਬੈੱਡ 'ਤੇ ਪਾ ਦਿੱਤਾ ਸੀ। ਮੈਂ ਉਹਨਾਂ ਨੂੰ ਸਹਾਰਾ ਦੇ ਕੇ ਖੜ੍ਹਿਆਂ ਕੀਤਾ ਇਹ ਦੇਖਣ ਲਈ ਕਿ ਕਿਧਰੇ ਕੋਈ ਹੱਡੀ ਨੂੰ ਕਰੈਕ ਤਾਂ ਨਹੀਂ ਆਇਆ। ਉਹ ਖੜ੍ਹੇ ਹੋ ਗਏ। ਬੈੱਡ ਇੰਨਾ ਉੱਚਾ ਨਹੀਂ ਸੀ ਫਿਰ ਵੀ ਮੈਂ ਆਪਣਾ ਸ਼ੱਕ ਦੂਰ ਕਰਨਾ ਚਾਹੁੰਦਾ ਸਾਂ। ਮੈਂ ਹਸਪਤਾਲ ਚਲਣ ਲਈ ਕਿਹਾ ਤਾਂ ਨਾ ਮੰਨੇ। ਕਹਿੰਦੇ ਕਿ ਮੈਂ ਠੀਕ ਹਾਂ। ਮੈਂ ਉਹਨਾਂ ਦੇ ਸਾਰੇ ਅੰਗ ਪੈਰ ਹਿਲਾ ਕੇ ਦੇਖੇ ਸਭ ਠੀਕ ਲਗ ਰਿਹਾ ਸੀ ਪਰ ਜਦੋਂ ਬਾਅਦ ਵਿਚ ਹਸਪਤਾਲ ਵਿਚ ਐਕਸਰੇ ਹੋਏ ਤਾਂ ਪਤਾ ਚਲਿਆ ਕਿ ਲੱਕ ਨੂੰ ਹਲਕਾ ਜਿਹਾ ਕਰੈਕ ਆ ਗਿਆ ਸੀ। ਉਹਨਾਂ ਨੂੰ ਟੁਆਇਲਟ ਜਾਣ ਦੀ ਹਾਜ਼ਤ ਹੋਈ ਪਰ ਤੁਰ ਨਾ ਹੋਵੇ। ਮੈਂ ਪਹੀਆਂ ਵਾਲੀ ਕੁਰਸੀ ਤੇ ਬਿਠਾ ਕੇ ਲੈ ਗਿਆ। ਮੈਨੂੰ ਲਗਿਆ ਕਿ ਇਹਨਾਂ ਨੂੰ ਮੁੜ ਆਪਣੇ ਆਪ ਤੁਰਨ ਨੂੰ ਵਕਤ ਲਗੇਗਾ ਇਸ ਲਈ ਮੈਂ ਟੁਆਇਲਟ ਦੀ ਸੀਟ ਵਾਲੀ ਕੁਰਸੀ ਲੈ ਆਇਆ। ਕੁਰਸੀ ਦੇ ਪਹੀਏ ਲਗੇ ਹੋਏ ਸਨ। ਇਹ ਇਵੇਂ ਦੀ ਇਵੇਂ ਟੁਆਇਲਟ ਤੇ ਲੈਜਾਈ ਜਾ ਸਕਦੀ ਸੀ। ਨਹਾਉਣ ਲਈ ਵੀ ਇਸੇ ਕੁਰਸੀ ਤੇ ਜਾਇਆ ਜਾ ਸਕਦਾ ਸੀ। ਸਾਡੇ ਬਾਥਰੂਮ ਵਿਚ ਇਹ ਸਹੂਲਤ ਪਹਿਲਾਂ ਹੀ ਸੀ। ਇਕ ਦਿਨ ਉਹ ਕਹਿਣ ਲਗੇ,

"ਲੈ ਬਈ ਤਕੜਾ ਹੋ ਜਾ, ਮੈਂ ਤੇਰੇ ਗਲ਼ ਪੈ ਗਿਆਂ, ਮਰਨਾ ਮੈਂ ਹੈ ਨਹੀਂ ਕਿਉਂਕਿ ਮੈਨੂੰ ਕੋਈ ਬਿਮਾਰੀ ਨਹੀਂ ਤੇ ਮੈਨੂੰ ਲਗਦਾ ਕਿ ਮੈਂ ਠੀਕ ਵੀ ਨਹੀਂ ਹੋਣਾਂ।"

ਮੈਂ ਹੌਂਸਲਾ ਦੇਣਾ ਕਿ ਕੋਈ ਫਿਕਰ ਨਾ ਕਰੋ। ਮੈਂ ਹਸਪਤਾਲ ਚਲਣ ਲਈ ਕਹਿਣਾ ਤਾਂ ਉਹਨਾਂ ਸਾਫ ਜਵਾਬ ਦੇ ਦੇਣਾ ਤੇ ਆਖਣਾ,

"ਜੇ ਤਾਂ ਮੈਨੂੰ ਕੋਈ ਬਿਮਾਰੀ ਹੋਵੇ ਤਾਂ ਜਾਵਾਂ, ਇਹ ਤਾਂ ਕਮਜ਼ੋਰੀ ਆ।"

ਮੈਂ ਕੇਅਰਰ ਦਾ ਇੰਤਜ਼ਾਮ ਕਰ ਦਿੱਤਾ ਪਰ ਛੇ ਕੁ ਹਫਤੇ ਮੈਂ ਆਪ ਹੀ ਉਹਨਾਂ ਦੀ ਸੰਭਾਲ ਕੀਤੀ। ਕਈ ਵਾਰ ਮੈਂ ਘਰ ਨਾ ਹੁੰਦਾ ਤਾਂ ਬਿਲਾਵਲ ਵੀ ਉਹਨਾਂ ਨੂੰ ਟੁਆਇਲਟ ਲੈ ਜਾਂਦਾ। ਕੇਅਰਰ ਦੇ ਆਉਣ ਤਕ ਉਹ ਹੋਰ ਤਰ੍ਹਾਂ ਮਹਿਸੂਸ ਕਰਦੇ ਰਹੇ ਪਰ ਜਦ ਕੇਅਰਰ ਉਹਨਾਂ ਨੂੰ ਨਹਿਲਾਉਣ ਲਈ ਆਉਣ ਲਗੀ ਤਾਂ ਉਹ ਕੁਝ ਰਾਹਤ ਜਿਹੀ ਮਹਿਸੂਸ ਕਰਨ ਲਗੇ। ਮਿਲਣ ਵਾਲੇ ਆਉਂਦੇ ਰਹਿੰਦੇ। ਉਹ ਆਖਦੇ,

"ਇਕ ਵਿਸਕੀ ਦੀ ਬੋਤਲ, ਇਕ ਬਕਾਰਡੀ ਦੀ ਤੇ ਪਾਣੀ ਬਗੈਰਾ ਇਥੇ ਮੇਜ਼ ਤੇ ਹਰ ਵੇਲੇ ਪਈ ਰਹਿਣ ਦਿਆ ਕਰ, ਕੀ ਪਤਾ ਕਿਹੜੇ ਵੇਲੇ ਕੋਈ ਮਿਲਣ ਵਾਲਾ ਆ ਜਾਵੇ।"

ਮਿਲਣ ਵਾਲੇ ਆ ਜਾਂਦੇ ਸਨ। ਕਈ ਮੇਰੇ ਦੋਸਤ ਜਾਂ ਫਿਰ ਸਾਡਾ ਹੀ ਕੋਈ ਨਾ ਕੋਈ ਪੇਂਡੂ ਭਾਈਬੰਦ। ਰਿਸ਼ਤੇਦਾਰ ਵੀ ਆ ਜਾਂਦੇ। ਉਹਨਾਂ ਨਾਲ ਗੱਲਾਂ ਕਰਨ ਵਾਲਾ ਕੋਈ ਨਾ ਕੋਈ ਹੁੰਦਾ ਹੀ। ਬੱਚੇ ਉਹਨਾਂ ਦੇ ਕਮਰੇ ਵਿਚ ਬੈਠ ਆਪਣਾ ਹੋਮ ਵਰਕ ਕਰਦੇ। ਮੈਂ ਵੀ ਘਰ ਹੁੰਦਾ ਤਾਂ ਆਪਣਾ ਲੈਪਟੌਪ ਲੈ ਕੇ ਉਹਨਾਂ ਦੇ ਕੋਲ ਹੀ ਬੈਠ ਜਾਂਦਾ। ਇਧਰ ਓਧਰ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਅਸੀਂ ਹਸਪਤਾਲ ਜਾਣ ਲਈ ਕਹਿੰਦੇ ਪਰ ਉਹ ਨਾ ਮੰਨਦੇ। ਇਕ ਦਿਨ ਕਹਿਣ ਲਗੇ,

"ਐਤਕੀਂ ਦਿਵਾਲੀ ਤੇ ਦੀਵਿਆਂ ਦਾ ਕੀ ਬਣੂੰ?"

"ਬਲਜਿੰਦਰ ਨੂੰ ਫੋਨ ਕਰ ਦਿੰਨੇ ਆਂ।"

"ਲਿਆ ਕਰ ਫੇ ਓਹਨੂੰ ਫੋਨ।"

ਬਲਜਿੰਦਰ ਮੇਰੇ ਚਾਚੇ ਦਾ ਇੰਡੀਆ ਰਹਿੰਦਾ ਮੁੰਡਾ ਹੈ। ਉਹਨਾਂ ਨੇ ਆਪ ਬਲਜਿੰਦਰ ਨੂੰ ਦੀਵੇ ਜਗਾਉਣ ਦੀ ਤਕੀਦ ਕੀਤੀ। ਇਕ ਵਾਰ ਫਿਰ ਦਿਵਾਲੀ ਵਾਲੇ ਦਿਨ ਫੋਨ ਕੀਤਾ। ਉਹਨਾਂ ਨੂੰ ਡਰ ਸੀ ਕਿ ਪੀੜ੍ਹੀਆਂ ਦੀ ਚਲੀ ਆਉਂਦੀ ਪਰੰਪਰਾ ਕਿਤੇ ਟੁੱਟ ਹੀ ਨਾ ਜਾਵੇ। ਦਿਵਾਲੀ ਤੋਂ ਇਕ ਦਿਨ ਪਹਿਲਾਂ ਮੈਨੂੰ ਕਹਿਣ ਲਗੇ,

"ਜੇ ਕਿਤੋਂ ਬੱਕਰੇ ਦਾ ਮੀਟ ਮਿਲ ਜਾਵੇ ਤਾਂ ਕੱਲ੍ਹ ਨੂੰ ਬੱਕਰਾ ਬਣਾਈਏ, ਇੰਨਾ ਧਿਆਨ ਰੱਖੀਂ ਕਿ ਬਕਰੀ ਨਾ ਹੋਵੇ।"

ਸਾਊਥਾਲ ਵਿਚ ਇਕ ਦੁਕਾਨ ਹੈ ਜਿਥੋਂ ਬੱਕਰੇ ਦਾ ਮੀਟ ਮਿਲ ਜਾਂਦਾ ਹੈ। ਮੈਂ ਲੈ ਕੇ ਆਇਆ। ਕੰਮ ਕਰਨ ਆਉਂਦੀ ਔਰਤ ਮੀਟ ਬਣਾ ਰਹੀ ਸੀ ਤਾਂ ਉਸ ਨੂੰ ਇਸ ਨੂੰ ਬਣਾਉਣ ਦੀਆਂ ਹਿਦਾਇਤਾਂ ਦੇ ਰਹੇ ਸਨ। ਦਿਵਾਲੀ ਵਾਲਾ ਦਿਨ ਉਹਨਾਂ ਨੇ ਆਪਣੇ ਪੁਰਖਿਆਂ ਨੂੰ ਚੇਤੇ ਕਰਦਿਆਂ ਕੱਢਿਆ। ਜੈਮਲ ਤੋਂ ਸ਼ੁਰੂ ਹੋ ਕੇ ਰਲ਼ੇ ਤੇ ਫਿਰ ਆਪਣੇ ਭਾਈਏ ਦੇ ਨਾਲ ਨਾਲ ਹੋਰ ਜਿੰਨੇ ਵੀ ਉਹਨਾਂ ਦੇ ਸਾਹਮਣੇ ਟੱਬਰ ਦੇ ਜੀਅ ਪੂਰੇ ਹੋਏ ਉਹਨਾਂ ਦੀਆਂ ਗੱਲਾਂ ਕੀਤੀਆਂ। ਬੀਬੀ ਦੀ ਫੋਟੋ ਮੂਹਰੇ ਇਕ ਦੀਵਾ ਜਗਾਇਆ।



ਇਕ ਦਿਨ ਸ਼ਾਮ ਨੂੰ ਮੈਨੂੰ ਦੱਸਣ ਲਗੇ,

"ਲੈ ਬਈ, ਅੰਤ ਆ ਗਿਆ ਨੇੜੇ, ਮੇਰੇ ਤੋਂ ਰੋਟੀ ਨਹੀਂ ਖਾ ਹੁੰਦੀ, ਜਦੋਂ ਰੋਟੀ ਛੁੱਟ ਜਾਵੇ ਇਹਦਾ ਮਤਲਬ ਇਹੋ ਹੁੰਦਾ, ਏਦਾਂ ਈ ਸਾਡੇ ਬਾਬੇ ਨਾਲ ਹੋਈ ਸੀ ਤੇ ਏਦਾਂ ਈ ਭਾਈਏ ਨਾਲ ਤੇ ਏਦਾਂ ਈ ਮੇਰੇ ਨਾਲ ਹੋ ਗਈ ਆ, ਰੋਟੀ ਛੁੱਟ ਗਈ।"

ਵਾਕਿਆ ਹੀ ਉਹਨਾਂ ਤੋਂ ਰੋਟੀ ਨਹੀਂ ਸੀ ਖਾ ਹੁੰਦੀ। ਜੂਸ ਪੀ ਲੈਂਦੇ ਜਾਂ ਫਿਰ ਦੁੱਧ। ਕਰਿਸਮਸ ਤੇ ਮੇਰੀ ਛੋਟੀ ਭੈਣ ਰਜਿੰਦਰ ਤੇ ਉਸ ਦਾ ਪਤੀ ਮਾਹਲ ਆਏ ਤਾਂ ਮੈਂ ਹਸਪਤਾਲ ਚਲਣ ਦੀ ਗੱਲ ਫਿਰ ਤੋਰ ਲਈ। ਅਸੀਂ ਸਭ ਨੇ ਜ਼ੋਰ ਪਾ ਕੇ ਉਹਨਾਂ ਨੂੰ ਹਸਪਤਾਲ ਜਾਣ ਲਈ ਮੰਨਾ ਲਿਆ। ਅਸੀਂ ਐਂਬੂਲੈਂਸ ਬੁਲਾਈ ਤੇ ਐਂਬੂਲੈਂਸ ਉਹਨਾਂ ਨੂੰ ਹਸਪਤਾਲ ਲੈ ਗਈ।

## ਸਤ

ਭਾਪਾ ਜੀ ਦੇ ਅੰਤਲੇ ਹਫਤੇ ਉਹਨਾਂ ਲਈ ਤਕਲੀਫ ਦੇਹ ਸਨ ਤੇ ਅਜਿਹੇ ਵੀ ਸਨ ਕਿ ਉਹਨਾਂ ਦੇ ਹੋਰ ਨੇੜੇ ਹੋਣ ਨੂੰ ਮਿਲਿਆ। ਉਹਨਾਂ ਦੇ ਵਿਚਾਰਾਂ ਨੂੰ ਹੋਰ ਜਾਨਣ ਦਾ ਮੌਕਾ ਵੀ ਮਿਲਿਆ। ਸਾਡੀ ਇਕ ਰਿਸ਼ਤੇਦਾਰ ਔਰਤ ਆ ਕੇ ਕਹਿਣ ਲਗੀ,

"ਭਾਜੀ, ਰੱਬ ਦਾ ਨਾਂ ਜਪਿਆ ਕਰੋ।"

"ਭੈਣ ਜੀ, ਰੱਬ ਹੁਣ ਮੇਰਾ ਨਾਂ ਜਪਣ ਨੂੰ ਫਿਰਦਾ, ਮੈਂ ਓਹਦਾ ਨਾਂ ਕੀ ਜਪਾਂ!"

ਉਹਨਾਂ ਨੇ ਕਿਸੇ ਅਦਿਖ ਤਾਕਤ ਉਪਰ ਵਿਸਵਾਸ਼ ਆਖਰੀ ਵਕਤ ਤਕ ਨਹੀਂ ਦਿਖਾਇਆ। ਉਹਨਾਂ ਕੋਲ ਇਕ ਗੁਟਕਾ ਸੀ ਪਰ ਇਹ ਗੁਟਕਾ ਬੀਬੀ ਦੇ ਵਕਤਾਂ ਦਾ ਸੀ। ਬੀਬੀ ਨੂੰ ਵੀ ਕਿਸੇ ਕਿਸਮ ਦਾ ਵਹਿਮ ਨਹੀਂ ਸੀ। ਉਸ ਨੇ ਵੀ ਅੰਤਲੇ ਦਿਨਾਂ ਵਿਚ ਰੱਬ ਤੋਂ ਕੁਝ ਨਹੀਂ ਮੰਗਿਆ। ਹਸਪਤਾਲ ਵਿਚ ਪਏ ਮੇਰੇ ਨਾਲ ਬਹੁਤ ਸਾਰੀਆਂ ਗੱਲਾਂ ਕਰਦੇ ਪਰ ਕਦੇ ਕਿਸੇ ਵਹਿਮ ਬਾਰੇ ਗੱਲ ਨਹੀਂ ਕੀਤੀ। ਆਪਣੇ ਅਸਤ ਕੀਰਤਪੁਰ ਪਾਉਣ ਲਈ ਵੀ ਉਹਨਾਂ ਨੇ ਮੈਨੂੰ ਨਹੀਂ ਮੇਰੀ ਬੇਟੀ ਰੀਝ ਨੂੰ ਕਿਹਾ। ਉਹਨਾਂ ਦੀ ਇਹ ਗੱਲ ਤਾਂ ਆਪਣੇ ਪੁਰਖਿਆਂ ਦੇ ਨੇੜੇ ਰਹਿਣ ਦੇ ਯਕੀਨ ਵਿਚੋਂ ਨਿਕਲੀ ਹੈ। ਬੀਬੀ ਦੇ, ਬਾਬੇ ਦੇ, ਬੇਬੇ ਦੇ, ਚਾਚੇ ਦੇਵ ਤੇ ਭੂਆ ਦਾਸੋ ਦੇ ਤੇ ਉਸ ਤੋਂ ਪਹਿਲਾਂ ਬਾਬੇ ਰਲ਼ੇ ਦੇ ਅਸਤ ਕੀਰਤਪੁਰ ਹੀ ਪਾਏ ਗਏ ਸਨ।

ਜਿਵੇਂ ਮੈਂ ਕਿਹਾ ਕਿ ਡਾਕਟਰ ਸਵਰਨ ਚੰਦਨ ਨਾਲ ਉਹਨਾਂ ਦਾ ਕਰੂਰਾ ਰਲ਼ਦਾ ਸੀ। ਸਵਰਨ ਚੰਦਨ ਭਾਰਤ ਤੋਂ ਵਾਪਸ ਆਉਂਦੇ ਹੋਏ 24 ਨਵੰਬਰ, 2008 ਨੂੰ ਸਾਡੇ ਘਰ ਠਹਿਰੇ। ਭਾਪਾ ਜੀ ਨੇ ਉਹਨਾਂ ਨਾਲ ਢੇਰ ਸਾਰੀਆਂ ਦਿਲ ਦੀਆਂ ਗੱਲਾਂ ਕੀਤੀਆਂ। ਪਾਣੀ ਨਾ ਪੀਣ ਕਰਕੇ ਉਹਨਾਂ ਦੇ ਸਰੀਰ ਦੀ ਚਮੜੀ ਤੇ ਖੁਜਲੀ

ਹੋਣ ਲਗ ਪਈ ਸੀ ਜਿਸ ਬਾਰੇ ਉਹ ਸ਼ਿਕਾਇਤ ਕਰਨ ਲਗੇ ਸਨ। ਸਵਰਨ ਚੰਦਨ ਦਾ ਕਹਿਣ ਹੈ ਕਿ ਇਹ ਲਗਦਾ ਹੀ ਨਹੀਂ ਸੀ ਕਿ ਉਹ ਉਮਰ ਵਿਚ ਤੁਹਾਡੇ ਤੋਂ ਇੰਨਾ ਵੱਡੇ ਹਨ। ਉਹ ਦੋਵੇਂ ਜਦ ਵੀ ਮਿਲਦੇ ਤਾਂ ਇਕ ਦੂਜੇ ਵੱਲ ਦੇਖਦੇ ਹੀ ਦਿਲਾਂ ਦੀਆਂ ਗੱਲਾਂ ਸਮਝ ਲੈਂਦੇ ਤੇ ਕਿਸੇ ਡੂੰਘੀ ਰਮਜ਼ ਨਾਲ ਹੱਸਣ ਲਗਦੇ। ਭਾਪਾ ਜੀ ਦੇ ਭੋਗ ਸਮੇਂ ਸਵਰਨ ਚੰਦਨ ਨੇ ਆਪਣੇ ਤੇ ਉਹਨਾਂ ਦੇ ਸੰਬੰਧਾਂ ਬਾਰੇ ਲੰਮਾਂ ਭਾਸ਼ਨ ਦਿੱਤਾ। ਡਾਕਟਰ ਨੇ ਭਾਪਾ ਜੀ ਦੀ ਜੀਵਨ ਸ਼ੈਲੀ ਨੂੰ ਦੋ ਲਾਈਨਾਂ ਵਿਚ ਇਕ ਗੀਤ ਦੇ ਮੁਖੜੇ ਦੇ ਰੂਪ ਵਿਚ ਬੰਨ ਦਿੱਤਾ:

ਜੀਓ ਤੇ ਐਸੇ ਜੀਓ ਕਿ ਜੈਸੇ ਸਭ ਕੁਸ਼ ਤੁਮਾਹਰਾ ਹੈ
ਮਰੋ ਤੋ ਐਸੇ ਮਰੋ ਕਿ ਜੈਸੇ ਤੁਮਾਹਰਾ ਕੁਸ਼ ਵੀ ਨਹੀਂ

ਹਾਸੇ ਮਜ਼ਾਕ ਵਾਲਾ ਸੁਭਾਅ ਉਹਨਾਂ ਦਾ ਆਖਰੀ ਦਿਨਾਂ ਤਕ ਰਿਹਾ। ਬਿਲਾਵਲ ਘਰ ਦੀ ਬਣੀ ਰੋਟੀ ਨਹੀਂ ਸੀ ਖਾਇਆ ਕਰਦਾ। ਕਈ ਵਾਰੀ ਭੁੱਖਾ ਬੈਠਾ ਮੈਨੂੰ ਉਡੀਕਦਾ ਰਹਿੰਦਾ ਕਿ ਮੈਂ ਆਵਾਂਗਾ ਤੇ ਬਾਹਰੋਂ ਕੁਝ ਲਿਆ ਦੇਵਾਂਗਾ। ਉਹ ਬਿਲਾਵਲ ਨੂੰ ਦੇਖ ਕੇ ਹੱਸਦੇ ਹੋਏ ਪੁੱਛਣ ਲਗਦੇ,

"ਕਿਉਂ ਕੁਸ਼ ਖਾਧਾ ਕਿ ਨਹੀਂ ਹਾਲੇ?"

ਇਕ ਦਿਨ ਮੈਨੂੰ ਕਹਿਣ ਲਗੇ,

"ਦੇਖ, ਆਹ ਕਮਰੇ ਵਿਚ ਨਰਸਾਂ ਸਾਰਿਆਂ ਨੂੰ ਸੌਣ ਵਾਲੀ ਦੁਆਈ ਦੇ ਗਈਆਂ ਤੇ ਸਾਰੇ ਘੁਰਾੜੇ ਮਾਰ ਰਹੇ ਆ ਪਰ ਮੈਨੂੰ ਇਕ ਗੋਲੀ ਨਾਲ ਕੋਈ ਫਰਕ ਨਹੀਂ ਪੈਂਦਾ, ਇਸ ਗੱਲ ਦੀ ਇਹਨਾਂ ਨੂੰ ਹਾਲੇ ਸਮਝ ਨਹੀਂ।"

ਬੈੱਡ ਤੋਂ ਡਿਗਣ ਨਾਲ ਉਹਨਾਂ ਦੇ ਲੱਕ ਵਿਚ ਹਲਕਾ ਜਿਹਾ ਫਰੈਕਚਰ ਆ ਗਿਆ ਸੀ ਜੋ ਹੁਣ ਤਕ ਆਪੇ ਜੁੜ ਚੁੱਕਾ ਸੀ। ਡਾਕਟਰ ਕਹਿ ਰਹੇ ਸਨ ਕਿ ਓਪਰੇਸ਼ਨ ਕਰਕੇ ਠੀਕ ਕਰ ਦਿੰਦੇ ਹਾਂ ਪਰ ਉਹ ਨਹੀਂ ਮੰਨੇ। ਉਹ ਇਹੋ ਕਹਿ ਰਹੇ ਸਨ ਕਿ ਮੈਨੂੰ ਘਰ ਲੈ ਚਲੋ। ਮੈਂ ਡਾਕਟਰ ਨੂੰ ਕਿਹਾ ਵੀ ਕਿ ਕਰ ਦਿਓ ਓਪਰੇਸ਼ਨ ਪਰ ਡਾਕਟਰ ਪੰਜਾਬੀ ਸੀ ਤੇ ਉਹ ਕਹਿਣ ਲਗਿਆ ਕਿ ਮਰੀਜ਼ ਦੀ ਮਰਜ਼ੀ ਤੋਂ ਬਿਨਾਂ ਅਸੀਂ ਕੁਝ ਨਹੀਂ ਕਰ ਸਕਦੇ। ਉਹਨਾਂ ਨੂੰ ਲਗਦਾ ਸੀ ਕਿ ਉਹਨਾਂ ਦੀਆਂ ਲੱਤਾਂ ਬਹੁਤ ਕਮਜ਼ੋਰ ਹੋ ਚੁੱਕੀਆਂ ਹਨ ਤੇ ਹੁਣ ਉਹ ਤੁਰ ਨਹੀਂ ਸਕਣ ਲਗੇ। ਰੋਟੀ ਜਾਂ ਕੁਝ ਹੋਰ ਹਸਪਤਾਲ ਆ ਕੇ ਵੀ ਨਹੀਂ ਸੀ ਖਾ ਹੋ ਰਿਹਾ। ਨਰਸਾਂ ਨਾ ਖਾਣ ਤੇ ਝਗੜਾ ਕਰਦੀਆਂ। ਉਹ ਕਹਿਣ ਲਗਦੇ ਕਿ ਮੈਨੂੰ ਘਰ ਲੈ ਚਲੋ। ਇਕ ਦਿਨ ਮੈਨੂੰ ਕਹਿਣ ਲਗੇ,

"ਦੇਖ, ਮੈਨੂੰ ਪਤਾ ਕਿ ਮੇਰਾ ਅਖੀਰ ਆ ਗਿਆ, ਮੈਂ ਹਸਪਤਾਲ ਨਹੀਂ ਮਰਨਾ ਚਾਹੁੰਦਾ, ਮੈਨੂੰ ਘਰ ਲੈ ਚਲ।"

"ਭਾਪਾ ਜੀ, ਤੁਸੀਂ ਐਵੇਂ ਈ ਹੌਸਲਾ ਛੱਡੀ ਜਾਨੇ ਆਂ, ਫਿਕਰ ਨਾ ਕਰੋ, ਤੁਸੀਂ



ਠੀਕ ਹੋ ਜਾਓਂਗੇ, ਕੁਝ ਦਿਨ ਹੋਰ ਹਸਪਤਾਲ ਰਹੋ।"

"ਦੇਖ, ਹਰ ਚੀਜ਼ ਦਾ ਇਕ ਸਮਾਂ ਹੁੰਦਾ, ਮੇਰਾ ਸਮਾਂ ਹੁਣ ਆ ਗਿਆ, ਮੈਨੂੰ ਠੰਡੇ ਠੰਡੇ ਜਾਣ ਦੇ, ਹੋਰ ਨਾ ਲਮਕਾ, ਮੈਨੂੰ ਪਤਾ ਤੇਰਾ ਨੁਕਸਾਨ ਬਹੁਤ ਹੋਰ ਰਿਹਾ, ਤੂੰ ਆਪਣਾ ਕਾਰੋਬਾਰ ਸਾਂਭ ਤੇ ਆਪਣਾ ਟੱਬਰ ਸਾਂਭ।"

ਮੈਂ ਹੈਰਾਨ ਰਹਿ ਗਿਆ ਕਿ ਇਸ ਵੇਲੇ ਵੀ ਮੇਰਾ ਹੀ ਫਿਕਰ ਕਰੀ ਜਾ ਰਹੇ ਸਨ ਪਰ ਮੈਂ ਉਹਨਾਂ ਨੂੰ ਘਰ ਲੈਜਾਣ ਲਈ ਤਿਆਰ ਨਹੀਂ ਸਾਂ। ਘਰ ਵਿਚ ਹਸਪਤਾਲ ਵਰਗੀ ਸੇਵਾ ਮੇਰੇ ਤੋਂ ਨਹੀਂ ਕਰ ਹੋਣੀ। ਉਹਨਾਂ ਨੇ ਆਪ ਹੀ ਡਾਕਟਰ ਨਾਲ ਗੱਲ ਕਰਕੇ ਦੁਭਾਸ਼ੀਏ ਨੂੰ ਬੁਲਾ ਲਿਆ। ਦੁਭਾਸ਼ੀਆ ਰਜਿੰਦਰ ਮਾਨ ਜੋ ਸਾਊਥਾਲ ਵਿਚ ਕੌਂਸਲਰ ਵੀ ਸੀ, ਮੇਰਾ ਥੋੜ੍ਹਾ ਜਿਹਾ ਵਾਕਫ ਸੀ। ਉਹ ਮੇਰੀ ਗੱਲ ਸਮਝਦਾ ਸੀ ਕਿ ਘਰ ਵਿਚ ਹਸਪਤਾਲ ਵਰਗੀ ਸੇਵਾ ਨਹੀਂ ਹੋਣੀ ਪਰ ਉਸ ਨੇ ਤਾਂ ਉਹੀ ਕਹਿਣਾ ਸੀ ਜੋ ਮਰੀਜ਼ ਨੇ ਦੱਸਣਾ ਸੀ। ਜਦੋਂ ਦੁਭਾਸ਼ੀਏ ਨੇ ਗੱਲ ਕੀਤੀ ਤਾਂ ਭਾਪਾ ਜੀ ਕਹਿਣ ਲਗੇ,

"ਤੁਹਾਡੀ ਬੋਲੀ ਤੋਂ ਲਗਦਾ ਕਿ ਤੁਸੀਂ ਅੰਮ੍ਰਿਤਸਰ ਦੇ ਰਹਿਣ ਵਾਲੇ ਓਂ।"

"ਹਾਂ ਤੇ ਤੁਸੀਂ?"

"ਮੈਂ ਤਾਂ ਪਤਾ ਨਹੀਂ ਹੁਣ ਦੇਸ਼ ਦਾ ਵਾਸੀ ਬਣਾਂ!"

ਕਹਿ ਕੇ ਭਾਪਾ ਜੀ ਹੱਸਣ ਲਗੇ। ਉਹ ਵੀ ਭਾਪਾ ਜੀ ਦੇ ਵਿਅੰਗ 'ਤੇ ਹੈਰਾਨ ਰਹਿ ਗਿਆ। ਉਹਨਾਂ ਦਾ ਹਲਕਾ ਜਿਹਾ ਵਿਅੰਗ ਕਰਨ ਦਾ ਸੁਭਾਅ ਤਾਂ ਹੈ ਹੀ ਸੀ ਪਰ ਨਾਲ ਦੀ ਨਾਲ ਅਗਲੇ ਬਾਰੇ ਜਾਨਣ ਦੀ ਵੀ ਕਾਹਲ ਰਹਿੰਦੀ। ਮੇਰਾ ਕੋਈ ਦੋਸਤ ਆਉਂਦਾ ਤਾਂ ਉਸ ਦੇ ਅੱਗੇ ਪਿੱਛੇ ਬਾਰੇ ਸਾਰੀ ਜਾਣਕਾਰੀ ਹਾਸਲ ਕਰ ਲੈਂਦੇ।

ਕਈ ਵਾਰ ਕਹਿਣ ਲਗਦੇ,

"ਇੰਡੀਆ ਹੁੰਦਾ ਤਾਂ ਮੈਂ ਹਾਲੇ ਕੁਸ਼ ਦੇਰ ਹੋਰ ਕੱਢ ਜਾਣੀ ਸੀ ਪਰ ਓਥੇ ਮੈਂ ਹੋਣਾਂ 'ਕੱਲੇ ਨੇ ਸੀ।"

ਉਹਨਾਂ ਨੂੰ ਪਤਾ ਸੀ ਕਿ ਮੇਰੇ ਘਰ ਦੇ ਖਰਚੇ ਬਹੁਤ ਹਨ ਤੇ ਉਹਨਾਂ ਨੂੰ ਮਿਲਦੇ ਪੈਸਿਆਂ ਦਾ ਮੈਨੂੰ ਕਾਫੀ ਆਸਰਾ ਸੀ। ਇਕ ਦਿਨ ਕਹਿਣ ਲਗੇ,

"ਹੁਣ ਤੂੰ ਬਿਲਾਵਲ ਨੂੰ ਜਲਦੀ ਕੰਮ ਤੇ ਲਾ ਲਵੀਂ।"

ਕਦੇ ਕਹਿੰਦੇ,

"ਕਿਸੇ ਕਿਸਮ ਦਾ ਖਰਚ ਨਾ ਕਰੀਂ, ਹੋ ਸਕਿਆ ਤਾਂ ਦਿਵਾਲੀ ਨੂੰ ਜਾ ਆਇਆ ਕਰੀਂ ਦੀਵਾ ਜਗਾਉਣ, ਹਾਲੇ ਵਾਲਿਆਂ ਨਾਲ ਗੱਲ ਕਰ ਲਈਂ ਕਿ ਅਕਤੂਬਰ ਵਿਚ ਕਿਰਾਇਆ ਦੇ ਦਿਆ ਕਰਨ। ਏਦਾਂ ਜਾਣਾ ਸੌਖਾ ਰਹੂ।"

ਜਿਸ ਕਮਰੇ ਵਿਚ ਉਹਨਾਂ ਦਾ ਬੈੱਡ ਸੀ ਉਥੇ ਕੁਝ ਹੋਰ ਮਰੀਜ਼ ਵੀ ਸਨ। ਮਰੀਜ਼ ਬਦਲਦੇ ਰਹਿੰਦੇ ਸਨ। ਸਾਹਮਣਲੇ ਬੈੱਡ ਤੇ ਇਕ ਮੁਸਲਮਾਨ ਮਰੀਜ਼ ਆ ਗਿਆ।

ਉਸ ਨੂੰ ਦੇਖਣ ਵਾਲੀਆਂ ਚਾਰ ਪੰਜ ਔਰਤਾਂ ਆਇਆ ਕਰਨ। ਅੱਧੀਆਂ ਕੁ ਤਾਂ ਉਸ ਕੋਲ ਹੀ ਬੈਠੀਆਂ ਰਿਹਾ ਕਰਨ। ਭਾਪਾ ਜੀ ਕਹਿਣ ਲਗੇ,

"ਦੇਖ ਬਈ ਬੰਦਾ ਕਿੰਨਾ ਕਿਸਮਤ ਵਾਲਾ!"

ਮੈਂ ਮਜ਼ਾਕ ਵਿਚ ਕਿਹਾ,

"ਇਹਨਾਂ ਨੂੰ ਕਹਿ ਦਵਾਂ ਕਿ ਦੋ ਕੁ ਇਧਰ ਆ ਕੇ ਬਹਿ ਜਾਇਆ ਕਰੋ।"

"ਕਾਹਨੂੰ ਕਹਿਣਾ, ਮੈਨੂੰ ਦੇਖਣ ਕੁੜੀਆਂ ਆਉਂਦੀਆਂ, ਪਰਾਹੁਣੇ ਆਉਂਦੇ ਆ, ਉਹ ਗੁੱਸਾ ਕਰਨਗੇ।"

ਜਦੋਂ ਡਾਕਟਰਾਂ ਨੂੰ ਉਹ ਬਹੁਤਾ ਕਹਿਣ ਲਗ ਪਏ ਤਾਂ ਉਹਨਾਂ ਨੇ ਘਰ ਭੇਜਣ ਦਾ ਇੰਤਜ਼ਾਮ ਕਰ ਦਿੱਤਾ। ਮੈਂ ਸੋਚੀ ਜਾਵਾਂ ਕਿ ਹੁਣ ਮੈਂ ਕੀ ਕਰਾਂ। ਵੈਸੇ ਤਾਂ ਸਵੇਰੇ ਹੀ ਕੇਅਰਰ ਆ ਗਿਆ ਤੇ ਉਹਨਾਂ ਦੇ ਕਪੜੇ ਬਦਲ ਗਿਆ। ਕੁਝ ਨਾ ਖਾਣ ਕਰਕੇ ਟੁਆਇਲਟ ਜਾਣ ਦੀ ਲੋੜ ਹੀ ਨਹੀਂ ਸੀ ਪੈਂਦੀ। ਪਿਸ਼ਾਬ ਲਈ ਬੋਤਲ ਹੈ ਹੀ ਸੀ। ਸ਼ੁਕਰਵਾਰ ਸਵੇਰ ਨੂੰ ਘਰ ਆਏ ਤੇ ਐਤਵਾਰ ਸਵੇਰ ਨੂੰ ਟੁੱਟਣ ਲਗ ਪਈਆਂ।

ਉਸ ਦਿਨ ਮੀਂਹ ਪੈ ਰਿਹਾ ਸੀ। ਸਾਡੇ ਘਰ ਦੇ ਬਾਹਰ ਖੱਬੇ ਪਾਸੇ ਇਕ ਰੁੱਖ ਹੈ। ਇਸ ਵਿਚ ਫਸਿਆ ਕੋਈ ਪੰਛੀ ਸਵੇਰ ਦਾ ਹੀ ਰੋ ਰਿਹਾ ਸੀ। ਦਰਖਤ ਸੰਘਣਾ ਸੀ ਤੇ ਮੀਂਹ ਕਰਕੇ ਕੁਝ ਦਿੱਸਦਾ ਨਹੀਂ ਸੀ। ਮੇਰੇ ਅੰਦਰ ਅਜੀਬ ਜਿਹੀ ਖੋਹ ਪੈ ਰਹੀ ਸੀ। ਮੇਰਾ ਦਿਲ ਕਰਦਾ ਕਿ ਜੇ ਮੈਂ ਪੰਛੀ ਲਈ ਕੁਝ ਕਰ ਸਕਦਾ ਤਾਂ ਕਰ ਦਿੰਦਾ। ਸ਼ਾਮ ਤਕ ਪੰਛੀ ਦਾ ਰੋਣਾ ਘੱਟ ਗਿਆ ਤੇ ਫਿਰ ਪਤਾ ਨਹੀਂ ਕਿਹੜੇ ਵੇਲੇ ਪੰਛੀ ਚੁੱਪ ਹੋ ਗਿਆ ਹੋਵੇਗਾ।

ਰਾਤ ਪੈਣ ਤਕ ਭਾਪਾ ਜੀ ਦੀ ਹਾਲਤ ਹੋਰ ਗੰਭੀਰ ਗਈ ਪਰ ਪੂਰੀ ਹੋਸ਼ ਵਿਚ ਸਨ ਤੇ ਗੱਲਾਂ ਕਰ ਰਹੇ ਸਨ। ਸਾਰਾ ਪਰਿਵਾਰ ਇਕੱਠਾ ਹੋ ਗਿਆ ਸੀ। ਅਸੀਂ ਹਸਪਤਾਲ ਚਲਣ ਨੂੰ ਕਿਹਾ ਤਾਂ ਗੁੱਸੇ ਵਿਚ ਆ ਗਏ ਕਿ ਨਹੀਂ ਜਾਣਾ। ਕੁਕੂ ਨੇ ਵੀ ਕਿਹਾ ਕਿ ਕੁਦਰਤ ਨੂੰ ਆਪਣਾ ਫਰਜ਼ ਨਿਭਾਉਣ ਦਿਓ। ਗਿਆਰਾਂ ਕੁ ਵਜੇ ਸਾਰੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਮੈਂ ਭਾਪਾ ਜੀ ਦੇ ਕੋਲ ਹੀ ਸੌਂ ਗਿਆ। ਚਾਰ ਕੁ ਵਜੇ ਮੈਂ ਉਠ ਕੇ ਉਹਨਾਂ ਨੂੰ ਬੁਲਾਇਆ ਤਾਂ ਉਹਨਾਂ ਨੇ ਹੁੰਘਾਰਾ ਦੇ ਕੇ ਕਿਹਾ ਕਿ ਉਹ ਠੀਕ ਹਨ। ਹੋਰ ਦੋ ਘੰਟੇ ਬਾਅਦ ਦੇਖਿਆ ਤਾਂ ਪਖੇਰੂ ਉਡ ਚੁੱਕੇ ਸਨ।

ਪਤਾ ਨਹੀਂ ਇਹ ਕਿਹੋ ਜਿਹਾ ਮੌਕਾ-ਮੇਲ ਸੀ ਕਿ ਇਹ ਛੱਬੀ ਜਨਵਰੀ ਦਾ ਦਿਨ ਸੀ।

ਇਹ ਠੀਕ ਹੈ ਕਿ ਹਰ ਇਕ ਨੇ ਆਪਣੀ ਉਮਰ ਭੋਗਣੀ ਹੈ ਤੇ ਚਲੇ ਜਾਣਾ ਹੈ। ਭਾਪਾ ਜੀ ਨੇ ਪ੍ਰਸੰਨ ਤੇ ਲੰਮੀ ਉਮਰ ਭੋਗੀ। ਉਹ ਕਦੇ ਬਹੁਤੇ ਬਿਮਾਰ ਨਹੀਂ ਹੋਏ। ਕਿਸੇ ਨਾਲ ਉਹਨਾਂ ਦਾ ਲੜਾਈ ਝਗੜਾ ਨਹੀਂ ਹੋਇਆ। ਜਿਸ ਨੂੰ ਵੀ ਮਿਲੇ ਅਗਲੇ ਦੇ ਮਨ ਵਿਚ ਆਪਣੀ ਜਗਾਹ ਬਣਾ ਲਈ ਪਰ ਮੈਨੂੰ ਉਹਨਾਂ ਦੀ ਘਾਟ ਬਹੁਤ ਰੜਕੀ ਤੇ ਅੱਜ ਕਈ ਮਹੀਨਿਆਂ ਬਾਅਦ ਵੀ ਰੜਕ ਰਹੀ ਹੈ। ਸਾਰੀ ਉਮਰ ਰੜਕੇਗੀ।




ਮੈਂ ਤੇ ਰੀਝ ਅਸਤ ਲੈ ਕੇ ਇੰਡੀਆ ਗਏ। ਜਿਹਨਾਂ ਦੀ ਕਦੇ ਉਹਨਾਂ ਨੇ ਮੱਦਦ ਕੀਤੀ ਹੋਵੇਗੀ ਸਭ ਮਿਲਣ ਆਏ। ਉਹਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਆਪੋ ਆਪਣਾ ਉਹਨਾਂ ਨਾਲ ਵਾਹ ਦੱਸਿਆ ਤੇ ਉਹਨਾਂ ਵੱਲੋਂ ਕੀਤੀ ਸਹਾਇਤਾ ਬਾਰੇ ਗੱਲਾਂ ਕੀਤੀਆਂ। ਮਦਦ ਕਰਨਾ ਉਹਨਾਂ ਦੇ ਸੁਭਾਅ ਦਾ ਹਿੱਸਾ ਸੀ, ਕਿਸੇ ਦੀ ਪੈਸੇ ਨਾਲ ਮਦਦ ਤੇ ਕਿਸੇ ਦੀ ਸਦਾਚਾਰਕ ਮਦਦ। ਕਿਸੇ ਨੂੰ ਕੁਝ ਵੀ ਚਾਹੀਦਾ ਹੋਵੇ ਤਾਂ ਉਹ ਅਗਲੇ ਨਾਲ ਖੜ ਜਾਂਦੇ। ਖੁਰਸ਼ੈਦ ਜਿਸ ਨੇ ਸਾਡੇ ਘਰ ਕਈ ਸਾਲ ਕੰਮ ਕੀਤਾ ਸੀ, ਜਿਸ ਨੂੰ ਉਹ ਬਣਦੀ ਸਰਦੀ ਤਨਖਾਹ ਦਿੰਦੇ ਸਨ, ਮੈਨੂੰ ਕਹਿਣ ਲਗੀ,

"ਤੁਹਾਡਾ ਕਾਹਦਾ ਪਿਓ ਮਰਿਆ, ਪਿਓ ਤਾਂ ਸਾਡਾ ਮਰਿਆ!"

# ਮੇਰੇ ਬਾਬਾ ਜੀ

ਮੇਰੇ ਬਾਬਾ ਜੀ ਬਹੁਤ ਚੰਗੇ ਸਨ। ਸ਼ਾਇਦ ਸਾਰੇ ਬਾਬਾ ਜੀ ਹੀ ਚੰਗੇ ਹੁੰਦੇ ਹੋਣਗੇ, ਮੈਨੂੰ ਨਹੀਂ ਪਤਾ, ਉਸ ਵੇਲੇ ਮੇਰੇ ਕਿਸੇ ਦੋਸਤ ਕੋਲ ਬਾਬਾ ਜੀ ਹੈ ਹੀ ਨਹੀਂ ਸੀ ਜੋ ਪਤਾ ਲਗ ਸਕੇ। ਮੈਂ ਬਾਬਾ ਜੀ ਸ਼ਬਦ ਅਚਾਨਕ ਹੀ ਇਕ ਦਿਨ ਸੁਣਿਆਂ। ਡੈਡੀ ਮੈਨੂੰ ਸਕੂਲ ਤੋਂ ਲੈ ਕੇ ਆਏ ਤਾਂ ਪੁੱਛਣ ਲਗੇ,



ਬਿਲਾਵਲ

"ਮੇਰੇ ਨਾਲ ਏਅਰ ਪੋਰਟ ਜਾਣਾਂ ?"

"ਉਥੇ ਕੀ ਐ ?"

"ਤੇਰੇ ਬਾਬਾ ਜੀ ਇੰਡੀਆ ਤੋਂ ਆ ਰਹੇ ਆ, ਮੈਂ ਲੈਣ ਜਾਣਾਂ, ਤੂੰ ਚਲਣਾਂ ਮੇਰੇ ਨਾਲ ?"

"ਬਾਬਾ ਜੀ ਕੀ ਹੁੰਦਾ ?"



"ਜਿਹੜਾ ਡੈਡੀ ਦਾ ਡੈਡੀ ਹੋਵੇ ਉਹ ਬਾਬਾ ਜੀ ਹੁੰਦਾ, ਮੇਰਾ ਡੈਡੀ ਤੇਰਾ ਬਾਬਾ ਜੀ।"

ਮੈਂ ਹੈਰਾਨ ਹੋ ਗਿਆ। ਮੈਨੂੰ ਪਤਾ ਹੀ ਨਹੀਂ ਸੀ ਕਿ ਡੈਡੀ ਦਾ ਵੀ ਡੈਡੀ ਹੁੰਦਾ। ਮੈਂ ਸੋਚਦਾ ਹੁੰਦਾ ਸੀ ਕਿ ਹਰ ਬੱਚੇ ਦਾ ਇਕ ਡੈਡੀ ਹੁੰਦਾ ਜੋ ਕਿ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਇਨਸਾਨ ਹੁੰਦਾ। ਫਿਰ ਡੈਡੀ ਦਾ ਡੈਡੀ ਤਾਂ ਉਸ ਤੋਂ ਵੀ ਸਟਰੌਂਗ ਹੋਵੇਗਾ। ਹੁਣ ਮੈਨੂੰ ਨਹੀਂ ਯਾਦ ਕਿ ਮੈਂ ਡੈਡੀ ਨਾਲ ਏਅਰਪੋਰਟ 'ਤੇ ਗਿਆ ਕਿ ਨਹੀਂ ਮੈਨੂੰ ਇੰਨਾ ਯਾਦ ਹੈ ਕਿ ਮੈਂ ਇਕ ਬਹੁਤ ਹੀ ਲੰਮੇ ਚੌੜੇ ਇਨਸਾਨ ਦੀ ਗੋਦ ਵਿਚ ਬੈਠਾ ਸਾਂ ਜੋ ਕਿ ਮੇਰੇ ਡੈਡੀ ਤੋਂ ਸਚ-ਮੁੱਚ ਹੀ ਬਹੁਤ ਮਜਬੂਤ ਲਗਦਾ ਸੀ। ਬਾਬਾ ਜੀ ਮੇਰੇ ਲਈ ਫੁੱਟਬਾਲ ਲਿਆਏ ਸਨ ਤੇ ਨਾਲ ਹੀ ਹਵਾ ਭਰਨ ਵਾਲਾ ਪੰਪ ਵੀ ਸੀ। ਉਹ ਮੈਨੂੰ ਯਾਦ ਕਰਾ ਰਹੇ ਸਨ ਕਿ ਜਦ ਸਾਡੀ ਸ਼ਰਾਬ ਦੀ ਦੁਕਾਨ ਹੋਇਆ ਕਰਦੀ ਸੀ, ਦੁਕਾਨ ਦੇ ਉਪਰ ਹੀ ਸਾਡੀ ਰਹਾਇਸ਼ ਸੀ ਤਾਂ ਮੈਂ ਹੇਠੋਂ ਦੁਕਾਨ ਵਿਚੋਂ ਉਹਨਾਂ ਲਈ ਸ਼ਰਾਬ ਦੇ ਅਧੀਏ ਪਾਈਏ ਚੁੱਕ ਕੇ ਲੈ ਜਾਇਆ ਕਰਦਾ ਸਾਂ। ਅਧੀਏ ਪਾਈਏ ਇਸ ਲਈ ਕਿ ਬੋਤਲ ਮੇਰੇ ਤੋਂ ਚੁੱਕ ਨਹੀਂ ਸੀ ਹੁੰਦੀ।

ਬਾਬਾ ਜੀ ਸਾਡੇ ਕੋਲ ਇੰਗਲੈਂਡ ਆਉਂਦੇ ਤੇ ਥੋੜ੍ਹਾ ਚਿਰ ਰਹਿ ਕੇ ਮੁੜ ਜਾਂਦੇ। ਮੈਂ ਡੈਡੀ ਨੂੰ ਉਹਨਾਂ ਦੇ ਮੁੜ ਜਾਣ ਦਾ ਕਾਰਨ ਪੁੱਛਦਾ ਤਾਂ ਡੈਡੀ ਕਹਿੰਦੇ ਕਿ ਉਹਨਾਂ ਦਾ ਇਥੇ ਦਿਲ ਨਹੀਂ ਲਗ ਰਿਹਾ। ਬੀਜੀ ਦੇ ਪੂਰੇ ਹੋ ਜਾਣ ਤੋਂ ਬਾਅਦ ਬਾਬਾ ਜੀ ਇਕੱਲੇ ਰਹਿ ਗਏ ਸਨ। ਮੈਂ ਬੀਜੀ ਨੂੰ ਤਾਂ ਦੇਖਿਆ ਹੀ ਨਹੀਂ, ਮੇਰੀ ਹੋਸ਼ ਤੋਂ ਪਹਿਲਾਂ ਹੀ ਉਹ ਤੁਰ ਗਏ ਸਨ। ਹੁਣ ਕਦੇ ਸੋਚਦਾਂ ਤਾਂ ਬਹੁਤ ਦਿਲ ਕਰਦਾ ਕਿ ਮੈਂ ਬੀਜੀ ਨੂੰ ਵੀ ਦੇਖ ਸਕਦਾ। ਵੈਸੇ ਬਾਅਦ ਵਿਚ ਉਹਨਾਂ ਦੀ ਵੀਡਿਓ ਦੇਖੀ ਹੈ। ਜਦੋਂ ਬਾਬਾ ਜੀ ਵਾਪਸ ਜਾਣ ਦੀ ਤਿਆਰੀ ਕਰਨ ਲਗਦੇ ਤਾਂ ਮੇਰਾ ਜੀਅ ਕਰਦਾ ਕਿ ਬਾਬਾ ਜੀ ਇਥੇ ਹੀ ਸਾਡੇ ਕੋਲ ਰਹਿਣ। ਉਹਨਾਂ ਦੇ ਹੁੰਦਿਆਂ ਘਰ ਵਿਚ ਬਹੁਤ ਰੌਣਕਾਂ ਲਗਦੀਆਂ। ਕਈ ਲੋਕ ਉਹਨਾਂ ਨੂੰ ਮਿਲਣ ਆਉਂਦੇ। ਸਾਰੇ ਰਲ਼ ਕੇ ਸ਼ਰਾਬ ਪੀਂਦੇ। ਸਾਰੇ ਉੱਚੀ ਉੱਚੀ ਗੱਲਾਂ ਕਰਦੇ ਤੇ ਖੂਬ ਹੱਸਦੇ। ਸ਼ਰਾਬ ਪੀ ਕੇ ਸਾਰੇ ਹੀ ਬਹੁਤ ਚੰਗੇ ਬਣ ਜਾਂਦੇ ਤੇ ਮੈਨੂੰ ਵੀ ਜ਼ਿਆਦਾ ਪਿਆਰ ਕਰਦੇ। ਇਕ ਹੋਰ ਗੱਲ ਇਹ ਸੀ ਕਿ ਬਾਬਾ ਜੀ ਆਉਂਦੇ ਤਾਂ ਅਸੀਂ ਉਹਨਾਂ ਨਾਲ ਖੂਬ ਘੁੰਮਦੇ। ਕਦੇ ਅਸੀਂ ਚੈਜ਼ਿੰਗਟਨ ਦੇ ਥੇਮ ਪਾਰਕ ਜਾਂਦੇ ਤੇ ਕਦੇ ਥੋਪਰ ਪਾਰਕ। ਬਾਬਾ ਜੀ ਸਾਡੇ ਨਾਲ ਔਖੀਆਂ ਔਖੀਆਂ ਰਾਈਡਾਂ 'ਤੇ ਜਾਂਦੇ। ਪਰ ਜਦੋਂ ਉਹਨਾਂ ਲਈ ਤੁਰਨਾ ਔਖਾ ਹੋ ਗਿਆ ਤਾਂ ਉਹਨਾਂ ਇਵੇਂ ਘੁੰਮਣ ਜਾਣਾ ਬੰਦ ਕਰ ਦਿੱਤਾ। ਇਹ ਗੱਲ ਵੀ ਸੱਚ ਹੈ ਕਿ ਉਸ ਤੋਂ ਬਾਅਦ ਅਸੀਂ ਵੀ ਬਹੁਤਾ ਕਿਧਰੇ ਨਹੀਂ ਗਏ।

ਮੈਂ ਡੈਡੀ ਨਾਲ ਇੰਡੀਆ ਗਿਆ ਤਾਂ ਬਾਬਾ ਜੀ ਉਥੇ ਸਨ। ਉਹਨਾਂ ਨੇ ਮੇਰੇ ਲਈ ਨਿੱਕਾ ਜਿਹਾ ਪਪੀ ਮੰਗਵਾ ਲਿਆ। ਉਹਨਾਂ ਨੂੰ ਪਤਾ ਸੀ ਕਿ ਮੈਨੂੰ ਕੁੱਤੇ ਚੰਗੇ

ਲਗਦੇ ਹਨ ਪਰ ਡੈਡੀ ਇਹਨਾਂ ਨੂੰ ਘਰ ਰੱਖਣ ਦੇ ਹੱਕ ਵਿਚ ਨਹੀਂ ਸੀ। ਮੈਂ ਸਾਰਾ ਦਿਨ ਇਸ ਪਪੀ ਨਾਲ ਖੇਡਦਾ ਰਹਿੰਦਾ। ਮੈਂ ਉਸ ਦਾ ਨਾਂ ਸਾਇਰਸ ਰੱਖਿਆ। ਇਕ ਦਿਨ ਬਾਬਾ ਜੀ ਮੈਨੂੰ ਕਹਿਣ ਲਗੇ,



ਰੀਤ, ਅਸ਼ੀਮਾ, ਨਰਿੰਦਰ ਕੌਰ, ਬਿਲਾਵਾਲ ਤੇ ਦਰਸ਼ਨ ਸਿੰਘ

"ਇਹ ਤੁਹਾਡਾ ਸਭ ਦਾ ਸਾਂਝਾ ਘਰ ਐ।"

"ਨਹੀਂ ਬਾਬਾ ਜੀ, ਇਹ ਮੇਰਾ ਘਰ ਨਹੀਂ, ਮੇਰਾ ਘਰ ਤਾਂ ਇੰਗਲੈਂਡ ਵਿਚ ਆ।"

ਮੈਂ ਕਿਹਾ ਤੇ ਉਹ ਹੱਸਣ ਲਗ ਪਏ। ਫਿਰ ਉਹਨਾਂ ਨੇ ਕਿਹਾ,

"ਉਹ ਵੀ ਤੇਰਾ ਘਰ ਆ ਪਰ ਇਹ ਵੀ ਤੇਰਾ ਈ ਆ, ਤੁਹਾਡਾ ਸਭ ਦਾ ਸਾਂਝਾ ਜੱਦੀ ਘਰ। ਇਸ ਘਰ ਵਿਚ ਤੇਰੇ ਡੈਡੀ ਦਾ ਜਨਮ ਹੋਇਆ, ਤੇਰੇ ਡੈਡੀ ਦੇ ਡੈਡੀ ਦਾ ਜਾਣੀ ਕਿ ਮੇਰਾ ਜਨਮ ਹੋਇਆ, ਇਸ ਤਰ੍ਹਾਂ ਅਗੇ ਤੋਂ ਅਗੇ ਸਾਡੇ ਕਈ ਡੈਡੀਆਂ ਦੇ ਡੈਡੀ ਏਸ ਘਰ ਵਿਚ ਜੰਮੇ। ਜੇ ਤੇਰਾ ਡੈਡੀ ਇੰਗਲੈਂਡ ਨਾ ਜਾਂਦਾ ਤਾਂ ਤੂੰ ਵੀ ਇਸ ਘਰ ਵਿਚ ਹੀ ਜਨਮ ਲੈਣਾ ਸੀ।"

ਫਿਰ ਹੌਲੀ ਹੌਲੀ ਮੈਨੂੰ ਸਮਝ ਪੈਣ ਲਗੀ ਕਿ ਇਹ ਜੱਦੀ ਘਰ ਕਿੰਨਾ ਮਹੱਤਵਪੂਰਨ ਹੈ। ਅਸੀਂ ਦਿਵਾਲੀ ਨੂੰ ਉਥੇ ਪਿੰਡ ਫਰਾਲੇ ਹੀ ਸਾਂ। ਮੈਂ ਡੈਡੀ ਨਾਲ ਰਲ਼ ਕੇ ਖ਼ੂਬ ਪਟਾਕੇ ਚਲਾਏ। ਫਿਰ ਮੈਂ ਤੇ ਬਾਬਾ ਜੀ ਨੇ ਦੀਵੇ ਜਗਾਏ। ਪਹਿਲਾਂ ਸਾਰੇ ਘਰ ਵਿਚ ਤੇ ਅੰਦਰਲੇ ਘਰ ਵਿਚ ਵੀ। ਫਿਰ ਕੈਰੋਟੋਰੀਅਮ ਵਿਚ ਜਿਹਨੂੰ ਉਹ ਸਿਵੇ ਕਹਿੰਦੇ ਸਨ ਤੇ ਫਿਰ ਅਸੀਂ ਸਾਰੇ ਕਾਰ ਵਿਚ ਦੂਰ ਖੇਤਾਂ ਵਿਚ ਗਏ ਜਿਹੜੀ ਬਾਬਾ



ਜੀ ਦੀ ਜ਼ਮੀਨ ਸੀ। ਦੀਵੇ ਜਗਾਉਣ ਦਾ ਇਕ ਵੱਖਰੀ ਕਿਸਮ ਦਾ ਮਜ਼ਾ ਸੀ। ਮਿੱਟੀ ਦਾ ਦੀਵਾ ਤੇ ਵਿਚ ਸਰ੍ਹੋਂ ਦਾ ਤੇਲ ਫਿਰ ਰੂੰ ਦੀ ਵੱਟੀ ਵੱਟ ਕੇ ਇਸ ਵਿਚ ਪਾ ਦੇਣੀ, ਇਹ ਬੱਤੀ ਦੀਵੇ ਵਿਚ ਉਹੋ ਕੰਮ ਕਰਦੀ ਹੈ ਜੋ ਮੋਮਬੱਤੀ ਵਿਚ ਧਾਗਾ ਕਰਦਾ ਹੈ। ਇਹਨਾਂ ਸਾਰੀਆਂ ਚੀਜ਼ਾਂ ਦੇ ਨਾਂ ਲੈਣੇ ਮੇਰੇ ਲਈ ਬਹੁਤ ਔਖੇ ਸਨ ਤੇ ਚੇਤੇ ਵੀ ਬਹੁਤ ਮੁਸ਼ਕਲ ਨਾਲ ਹੋਏ ਪਰ ਇਹ ਬਹੁਤ ਵਧੀਆ ਤਜਰਬਾ ਸੀ। ਮੈਂ ਦੀਵੇ ਜਗਾਉਣ ਦਾ ਕਾਰਨ ਪੁੱਛਿਆ ਤਾਂ ਕਹਿਣ ਲਗੇ,

"ਦਿਵਾਲੀ ਸਾਡੇ ਲਈ ਉਵੇਂ ਹੀ ਜਿਵੇਂ ਇੰਗਲੈਂਡ ਵਿਚ ਕ੍ਰਿਸਮਸ ਆ ਤੇ ਦਿਵਾਲੀ ਰੌਸ਼ਨੀਆਂ ਦਾ ਤਿਉਹਾਰ ਆ ਤੇ ਦਿਵਾਲੀ ਵਾਲੇ ਦਿਨ ਦੀਵੇ ਜਗਾ ਕੇ ਅਸੀਂ ਆਪਣੇ ਪੁਰਖਿਆਂ ਨੂੰ ਚੇਤੇ ਕਰਦੇ ਹਾਂ। ਇਹ ਦੀਵੇ ਅਸੀਂ ਕਈ ਪੀਹੜੀਆਂ ਤੋਂ ਜਗਾਉਂਦੇ ਆ ਰਹੇ ਹਾਂ, ਮੇਰੇ ਤੋਂ ਬਾਅਦ ਤੇਰਾ ਡੈਡੀ ਜਗਾਏਗਾ ਤੇ ਉਸ ਤੋਂ ਬਾਅਦ ਤੂੰ ਜਗਾਇਆ ਕਰੀਂ, ਦਿਵਾਲੀ ਨੂੰ ਇੰਡੀਆ ਆਇਆ ਤੇ ਦੀਵੇ ਜਗਾ ਗਿਆ।"

ਮੈਨੂੰ ਇਹ ਗੱਲ ਹਾਸੇ ਵਾਲੀ ਲਗੀ ਕਿ ਮੈਂ ਸਿਰਫ ਦੀਵੇ ਜਗਾਉਣ ਇੰਡੀਆ ਆਇਆ ਕਰਾਂਗਾ। ਦੀਵੇ ਜਗਾਉਣ ਵਾਲੀ ਗੱਲ ਮੈਨੂੰ ਬਹੁਤ ਦੇਰ ਤਕ ਫਜ਼ੂਲ ਲਗਦੀ ਰਹੀ। ਫਿਰ ਜਦੋਂ ਡੈਡੀ ਬਾਬਾ ਜੀ ਦੇ ਅਸਤ ਪਾਉਣ ਇੰਡੀਆ ਗਏ ਤਾਂ ਕੁਝ ਕੁਝ ਸਮਝ ਪੈਣ ਲਗੀ ਕਿ ਸੰਸਕਾਰ ਬੰਦੇ ਦੇ ਨਾਲ ਨਾਲ ਤੁਰਦੇ ਰਹਿੰਦੇ ਹਨ। ਬੰਦਾ ਕਿਸੇ ਵੀ ਰੰਗ ਦਾ ਜਾਂ ਧਰਮ ਦਾ ਹੋਵੇ ਉਸ ਦੇ ਸੰਸਕਾਰ ਉਸ ਲਈ ਬਹੁਤ ਵੱਡੀ ਚੀਜ਼ ਹੁੰਦੇ ਹਨ ਤੇ ਹੋਣੇ ਵੀ ਚਾਹੀਦੇ ਹਨ। ਬਾਬਾ ਜੀ ਨੇ ਰੀਝਾਂ ਨੂੰ ਕਿਹਾ ਸੀ,

"ਤੇਰਾ ਡੈਡੀ ਤਾਂ ਇਹਨਾਂ ਗੱਲਾਂ ਨੂੰ ਮੰਨਦਾ ਨਹੀਂ, ਜੇ ਹੋ ਸਕਿਆ ਤਾਂ ਮੇਰੇ ਅਸਤ ਉਥੇ ਪਾਇਓ ਜਿਥੇ ਸਾਡੇ ਸਾਰੇ ਖਾਨਦਾਨ ਦੇ ਪਾਏ ਜਾਂਦੇ ਆ।"

ਮੈਨੂੰ ਪੁਰਖਿਆਂ ਦੀ ਮਹੱਤਤਾ ਦੀ ਕੁਝ ਕੁਝ ਸਮਝ ਲਗਣ ਲਗੀ। ਆਪਣੇ ਪੁਰਖਿਆਂ ਨੂੰ ਜ਼ਰੂਰ ਚੇਤੇ ਰੱਖਣਾ ਚਾਹੀਦਾ ਹੈ। ਆਪਣੀ ਜ਼ਮੀਨ ਬਾਰੇ ਗੱਲ ਕਰਦਿਆਂ ਬਾਬਾ ਜੀ ਨੇ ਦੱਸਿਆ,

"ਇਹ ਮੇਰੀ ਜ਼ਮੀਨ ਆਂ, ਪਹਿਲਾਂ ਮੇਰੇ ਡੈਡੀ ਦੀ ਸੀ, ਉਸ ਤੋਂ ਪਹਿਲਾਂ ਮੇਰੇ ਬਾਬੇ ਦੀ, ਇਵੇਂ ਇਹ ਜ਼ਮੀਨ ਕਈ ਸੌ ਸਾਲ ਤੋਂ ਸਾਡੇ ਕੋਲ ਹੈ ਤੇ ਮੇਰੇ ਤੋਂ ਬਾਅਦ ਇਸ ਜ਼ਮੀਨ ਦੇ ਮਾਲਕ ਤੇਰੇ ਡੈਡੀ ਤੇ ਚਾਚੇ ਨੇ ਹੋਣਾਂ ਤੇ ਆਪਣੇ ਡੈਡੀ ਤੋਂ ਬਾਅਦ ਆਪਣੇ ਡੈਡੀ ਦੇ ਹਿੱਸੇ ਵਾਲੀ ਜ਼ਮੀਨ ਦਾ ਮਾਲਕ ਤੂੰ ਹੋਵੇਂਗਾ। ਇਥੋਂ ਦੀ ਸਰਕਾਰ ਦੇ ਪੇਪਰਾਂ ਵਿਚ ਤੇਰਾ ਨਾਂ ਲਿਖਿਆ ਜਾਵੇਗਾ: ਬਿਲਾਵਲ ਸਿੰਘ ਬਲਦ ਜੋਗਿੰਦਰ ਸਿੰਘ ਬਲਦ ਦਰਸ਼ਨ ਸਿੰਘ।"

ਮੈਨੂੰ ਬਾਬਾ ਜੀ ਦੀਆਂ ਗੱਲਾਂ ਬਹੁਤ ਚੰਗੀਆਂ ਲਗਦੀਆਂ। ਮੈਂ ਖ਼ੁਸ਼ ਵੀ ਹੁੰਦਾ ਕਿ ਮੇਰੇ ਬਹੁਤੇ ਦੋਸਤਾਂ ਕੋਲ ਇੰਡੀਆ ਵਿਚ ਜ਼ਮੀਨ ਨਹੀਂ ਹੋਣੀ ਪਰ ਮੇਰੇ ਕੋਲ

ਹੋਵੇਗੀ। ਫਿਰ ਡੈਡੀ ਨੇ ਦੱਸਿਆ ਕਿ ਇਹ ਜ਼ਮੀਨ ਬਹੁਤੀ ਨਹੀਂ ਹੈ। ਮੈਂ ਸੋਚ ਰਿਹਾ ਸਾਂ ਬਹੁਤੀ ਨਾ ਸਹੀ ਥੋੜ੍ਹੀ ਹੀ ਸਹੀ ਪਰ ਹੋਵੇਗੀ ਤਾਂ ਮੇਰੀ।

ਇਕ ਵਾਰੀ ਮੈਨੂੰ ਕੋਈ ਕੰਪਿਊਟਰ ਗੇਮ ਚਾਹੀਦੀ ਸੀ। ਗੇਮ ਮਹਿੰਗੀ ਸੀ। ਮੈਂ ਮੰਮੀ ਤੋਂ ਮਨੀ ਮੰਗ ਰਿਹਾ ਸਾਂ। ਬਾਬਾ ਜੀ ਕਹਿਣ ਲਗੇ,

"ਜਦ ਤੇਰਾ ਡੈਡੀ ਆ ਜਾਊ, ਤੂੰ ਉਸ ਦੀ ਗੋਦੀ ਵਿਚ ਬੈਠ ਕੇ ਉਹਦੇ ਨਾਲ ਪਿਆਰ ਕਰੀਂ ਤੇ ਫਿਰ ਉਹਦੇ ਤੋਂ ਗੇਮ ਮੰਗ ਲਈਂ।"


"ਏਦਾਂ ਡੈਡੀ ਮੰਨ ਜਾਊ?"

"ਹਾਂ, ਬਿਲਕੁਲ ਮੰਨ ਜਾਊ।"

"ਕਿਦਾਂ ਪਤਾ?"

"ਉਹ ਵੀ ਏਦਾਂ ਈ ਮੰਗਦਾ ਹੁੰਦਾ ਸੀ।"

ਕਹਿੰਦੇ ਬਾਬਾ ਜੀ ਹੱਸਣ ਲਗੇ। ਉਹ ਸਾਨੂੰ ਡੈਡੀ ਦੇ ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਸੁਣਾਉਂਦੇ ਕਿ ਕਿਵੇਂ ਡੈਡੀ ਬਹਾਨੇ ਬਣਾ ਕੇ ਖਰਚਣ ਲਈ ਪੈਸੇ ਮੰਗਦਾ ਹੁੰਦਾ ਸੀ। ਘਰਦਿਆਂ ਤੋਂ ਚੋਰੀ ਚੋਰੀ ਫਿਲਮਾਂ ਦੇਖਣ ਜਾਂਦਾ ਹੁੰਦਾ ਸੀ ਕਿਉਂਕਿ ਉਹਨਾਂ ਦਿਨਾਂ ਵਿਚ ਫਿਲਮਾਂ ਦੇਖਣ ਦੀ ਮਨਾਹੀ ਹੁੰਦੀ ਸੀ। ਆਪਣੇ ਕੋਰਸ ਦੀਆਂ ਕਿਤਾਬਾਂ ਦੀ ਥਾਵੇਂ ਨਾਵਲ ਪੜ੍ਹਦਾ ਰਹਿੰਦਾ ਸੀ। ਮੁੰਡਿਆਂ ਨਾਲ ਰਲ ਕੇ ਲੜਾਈਆਂ ਵੀ ਕਰਿਆ ਕਰਦਾ ਸੀ। ਸਕੂਲ ਜਾਣ ਲਈ ਢਿੱਡ ਦੁਖਣ ਦਾ ਬਹਾਨਾ ਬਣਾਉਂਦਾ ਸੀ। ਛੁੱਟੀਆਂ ਵਿਚ ਕਦੇ ਵੀ ਹੋਮ ਵਰਕ ਨਹੀਂ ਸੀ ਕਰਦਾ।



ਕਵਿਤਾ, ਬਿਲਾਵਲ, ਜਿੰਦਰ, ਅਸ਼ੀਮਾ ਤੇ ਰੀਝ



ਉਹ ਆਰਮੀ ਵਿਚ ਰਹੇ ਸਨ ਤੇ ਸਾਨੂੰ ਲੜਾਈ ਦੀਆਂ ਗੱਲਾਂ ਵੀ ਸੁਣਾਉਣ ਲਗਦੇ। ਲੜਾਈ ਵਿਚ ਉਹਨਾਂ ਨੂੰ ਬਹਾਦਰੀ ਦੇ ਕਈ ਤਮਗੇ ਮਿਲੇ ਸਨ। ਮੈਂ ਪੁੱਛਦਾ ਕਿ ਲੜਾਈ ਵਿਚ ਕਿੰਨੇ ਬੰਦੇ ਮਾਰੇ ਤਾਂ ਹੱਸਣ ਲਗਦੇ ਤੇ ਕਦੇ ਜਵਾਬ ਨਾ ਦਿੰਦੇ। ਮੈਂ ਸਿਕਸਥ ਫੋਰਮ ਵਿਚ ਹਿਸਟਰੀ ਰੱਖੀ ਤਾਂ ਦੂਜੇ ਮਹਾਂ ਯੁੱਧ ਬਾਰੇ ਕਈ ਦਿਲਚਪਸ ਗੱਲਾਂ ਦਾ ਪਤਾ ਚਲਿਆ ਜਿਹੜੀਆਂ ਬਾਬਾ ਜੀ ਪਹਿਲਾਂ ਹੀ ਕਰਦੇ ਹੁੰਦੇ ਸਨ। ਉਹ ਜਪਾਨੀ ਆਰਮੀ ਨਾਲ ਲੜੇ ਸਨ ਤੇ ਮੈਂ ਵੀ ਸਕੂਲ ਵਿਚ ਇਹੋ ਪੜ੍ਹ ਰਿਹਾ ਸਾਂ। ਮੈਂ ਕਈ ਵਾਰ ਉਹਨਾਂ ਨੂੰ ਆਰਮੀ ਬਾਰੇ ਗੱਲਾਂ ਪੁੱਛਣ ਬਹਿ ਜਾਂਦਾ। ਇਕ ਵਾਰ ਕੋਈ ਇੰਡੀਅਨ ਫਿਲਮ ਆਈ ਹਿੰਦੀ ਦੀ ਤਾਂ ਕਹਿੰਦੇ ਕਿ ਇਹ ਫਿਲਮ ਦੇਖੋ, ਇਸ ਤਰ੍ਹਾਂ ਮੈਂ ਲੜਾਈ ਵਿਚ ਲੜਿਆਂ। ਇਕ ਵਾਰ ਟੈਲੀ 'ਤੇ ਅੰਗਰੇਜ਼ੀ ਦੀ ਦੂਜੇ ਮਹਾਂ-ਯੁੱਧ ਬਾਰੇ ਫਿਲਮ ਆਈ, ਮੈਂ ਬਾਬਾ ਜੀ ਨੂੰ ਸੱਦ ਲਿਆਇਆ ਕੇ ਆਓ ਦੇਖੀਏ। ਉਹਨਾਂ ਨੇ ਮੇਰੇ ਨਾਲ ਬੈਠ ਕੇ ਪੂਰੀ ਫਿਲਮ ਦੇਖੀ ਤੇ ਕਹਿਣ ਲਗੇ ਕਿ ਇਵੇਂ ਹੀ ਹੁੰਦੀ ਸੀ ਅਸਲੀ ਲੜਾਈ ਵੀ।

ਮੈਂ ਜਿੰਨੇ ਵਜੇ ਵੀ ਸਵੇਰੇ ਉਠਣਾ ਹੋਵੇ ਬਾਬਾ ਜੀ ਨੂੰ ਦੱਸ ਦਿੰਦਾ ਤੇ ਉਹ ਉਠਾ ਦਿੰਦੇ। ਡੈਡੀ ਹੱਸਦੇ ਕਿ ਬਾਬਾ ਜੀ ਮੁਫਤ ਵਿਚ ਹੀ ਅਲਾਰਮ ਦਾ ਕੰਮ ਵੀ ਕਰਦੇ ਹਨ। ਕਈ ਵਾਰ ਡੈਡੀ ਕਹਿੰਦੇ ਕਿ ਬਾਬਾ ਜੀ ਟਾਈਮ ਦਾ ਅਲਾਰਮ ਵੀ ਹਨ ਤੇ ਸਕਿਉਰਟੀ ਅਲਾਰਮ ਵੀ। ਅਸੀਂ ਕਿਤੇ ਵੀ ਜਾਣਾ ਹੁੰਦਾ ਤਾਂ ਸਾਨੂੰ ਘਰ ਦਾ ਕੋਈ ਫਿਕਰ ਨਾ ਹੁੰਦਾ। ਜਦੋਂ ਬਾਬਾ ਜੀ ਦਾ ਬੈੱਡ ਹੇਠਾਂ ਆ ਗਿਆ ਤਾਂ ਅਸੀਂ ਸਾਰੇ ਹੀ ਬਾਬਾ ਜੀ ਦੇ ਕਮਰੇ ਵਿਚ ਹੀ ਬੈਠੇ ਰਹਿੰਦੇ। ਉਹ ਬਹੁਤ ਖੁਸ਼ ਹੁੰਦੇ। ਆਇਆ ਗਿਆ ਮਹਿਮਾਨ ਵੀ ਉਹਨਾਂ ਵਾਲੇ ਕਮਰੇ ਵਿਚ ਹੀ ਬੈਠਦਾ। ਜਿਸ ਦਿਨ ਉਹ ਬੈੱਡ ਤੋਂ ਡਿਗੇ ਤਾਂ ਮੈਂ ਤੇ ਅਸੀ ਨੇ ਬਹੁਤ ਮੁਸ਼ਕਲ ਨਾਲ ਉਹਨਾਂ ਨੂੰ ਵਾਪਸ ਬੈੱਡ ਤੇ ਪਾਇਆ। ਉਹ ਵੀ ਬਹੁਤ ਔਖੇ ਹੋਏ। ਹੁਣ ਉਹਨਾਂ ਤੋਂ ਟੁਆਇਲਟ ਆਪ ਨਹੀਂ ਸੀ ਜਾ ਹੁੰਦਾ। ਡੈਡੀ ਲੈ ਕੇ ਜਾਂਦੇ। ਮੈਂ ਵੀ ਲੈ ਜਾਂਦਾ ਪਰ ਉਹਨਾਂ ਨੂੰ ਇਹ ਪਸੰਦ ਨਹੀਂ ਸੀ ਕਿ ਮੈਂ ਲੈ ਕੇ ਜਾਵਾਂ। ਕਈ ਵਾਰ ਮੈਂ ਪੁੱਛਦਾ ਕਿ ਟੁਆਇਲਟ ਜਾਣਾ ਤਾਂ ਕਹਿ ਦਿੰਦੇ ਕਿ ਤੇਰੇ ਡੈਡੀ ਨੂੰ ਆ ਲੈਣ ਦੇ।

ਇਕ ਦਿਨ ਕਹਿਣ ਲਗੇ,

"ਤੇਰੀ ਹਾਈਟ ਕਿੰਨੀ ਹੋ ਗਈ?"

"ਪਤਾ ਨਹੀਂ।"

"ਜਾ ਮਈਅਰ-ਟੇਪ ਲਿਆ ਕੇ ਮਿਣ ਕੇ ਦੇਖ।"

ਮੈਂ ਕੰਧ ਨਾਲ ਖੜ ਕੇ ਨਿਸ਼ਾਨ ਲਾਇਆ ਤੇ ਮਿਣ ਕੇ ਦੇਖਿਆ। ਇਹ ਪੰਜ ਫੁੱਟ ਤੇ ਨੌਂ ਇੰਚ ਬਣੀ। ਉਹ ਖੁਸ਼ ਹੁੰਦੇ ਕਹਿਣ ਲਗੇ,

"ਅੱਜ ਤੇਰੀ ਉਮਰ ਪੰਦਰਾਂ ਸਾਲ ਤੇ ਤਿੰਨ ਮਹੀਨੇ ਹੋ ਗਈ ਤੇ ਤੇਰੀ ਹਾਈਟ

ਵੀ ਇਸ ਉਮਰ ਵਿਚ ਮੇਰੇ ਜਿੰਨੀ ਆ। ਮੈਂ ਪੰਦਰਾਂ ਸਾਲ ਤਿੰਨ ਮਹੀਨੇ ਦੀ ਉਮਰ ਵਿਚ ਆਰਮੀ ਵਿਚ ਭਰਤੀ ਹੋ ਗਿਆ ਸੀ। ਤੂੰ ਹੋ ਸਕਦਾਂ ਆਰਮੀ ਵਿਚ ਭਰਤੀ ਇਸ ਵੇਲੇ?"

ਮੈਂ ਹੈਰਾਨ ਸਾਂ ਕਿ ਇਹ ਕਿਹੋ ਜਿਹਾ ਸਵਾਲ ਸੀ। ਮੇਰੀ ਇਹ ਉਮਰ ਆਰਮੀ ਵਿਚ ਭਰਤੀ ਹੋਣ ਦੀ ਥੋੜ੍ਹੋਂ ਸੀ। ਉਹ ਕਹਿੰਦੇ ਕਿ ਉਹ ਇਸ ਉਮਰ ਵਿਚ ਭਰਤੀ ਹੋ ਗਏ ਸਨ, ਮੈਨੂੰ ਯਕੀਨ ਨਹੀਂ ਸੀ ਹੋ ਰਿਹਾ। ਉਹ ਫਿਰ ਕਹਿਣ ਲਗੇ,

"ਮੈਂ ਵੀ ਤੇਰੇ ਵਾਂਗ ਦੇਖਣ ਨੂੰ ਉਮਰ ਤੋਂ ਵੱਡਾ ਲਗਦਾ ਸੀ ਤੇ ਮੈਨੂੰ ਭਰਤੀ ਕਰ ਲਿਆ ਗਿਆ, ਤੇਰੇ ਤੇ ਮੇਰੇ ਹਲਾਤ ਵਖਰੇ ਆ, ਤੂੰ ਵਧੀਆ ਮੁਲਕ ਵਿਚ ਤੇ ਵਧੀਆ ਹਲਾਤ ਵਿਚ ਜੰਮਿਆਂ ਤੇ ਮੇਰੇ ਵੇਲੇ ਗਰੀਬੀ ਹੁੰਦੀ ਸੀ, ਭਰਤੀ ਹੋਣ ਬਿਨਾਂ ਕੋਈ ਚਾਰਾ ਨਹੀਂ ਸੀ।"

ਬਾਬਾ ਜੀ ਦੀ ਇਕ ਆਦਤ ਸੀ ਕਿ ਉਹ ਮੇਰੇ ਵੱਲ ਕਈ ਵਾਰ ਕਿੰਨਾ ਚਿਰ ਦੇਖਦੇ ਰਹਿੰਦੇ। ਇਕ ਵਾਰ ਮੈਂ ਪੁੱਛਿਆ,

"ਬਾਬਾ ਜੀ, ਕੀ ਦੇਖਦੇ ਆਂ?"

"ਮੈਂ ਦੇਖਦਾਂ ਕਿ ਤੂੰ ਮੇਰੇ ਜਿਡਾ ਲੰਮਾ ਹੋ ਜਾਵੇਂਗਾ ਕਿ ਨਹੀਂ ਪਰ ਤੂੰ ਦੁੱਧ ਨਹੀਂ ਪੀਂਦਾ, ਰੋਟੀ ਵੀ ਨਹੀਂ ਖਾਂਦਾ। ਮੀਟ ਜ਼ਿਆਦਾ ਖਾਇਆ ਕਰ।"

ਉਹਨਾਂ ਦਾ ਆਪਣਾ ਕੱਦ ਛੇ ਫੁੱਟ ਦੋ ਇੰਚ ਤੋਂ ਵੱਧ ਸੀ ਪਰ ਡੈਡੀ ਦਾ ਕੁਝ ਘੱਟ ਸੀ। ਉਹ ਚਾਹੁੰਦੇ ਕਿ ਮੈਂ ਉਹਨਾਂ ਜਿੰਨਾ ਲੰਮਾ ਹੋ ਜਾਵਾਂ। ਉਹ ਦੱਸਦੇ ਕਿ ਇਨਸਾਨ ਇੱਕੀ ਸਾਲ ਦੀ ਉਮਰ ਤਕ ਵਧਦਾ ਰਹਿੰਦਾ ਹੈ। ਮੈਨੂੰ ਲਗਦਾ ਹੈ ਕਿ ਸ਼ਾਇਦ ਮੈਂ ਬਾਬਾ ਜੀ ਜਿਡਾ ਹੋ ਜਾਵਾਂ। ਡੈਡੀ ਨਾਲੋਂ ਤਾਂ ਮੈਂ ਹੁਣੇ ਹੀ ਲੰਮਾ ਹਾਂ।

ਉਹ ਹਸਪਤਾਲ ਚਲੇ ਗਏ। ਅਸੀਂ ਰੋਜ਼ ਮਿਲਣ ਜਾਂਦੇ।

ਕੁਝ ਦਿਨ ਰਹਿ ਕੇ ਵਾਪਸ ਆ ਗਏ। ਇਕ ਦਿਨ ਡੈਡੀ ਨੇ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਕਰਕੇ ਸੱਦ ਲਿਆ ਕਿ ਸ਼ਾਇਦ ਬਾਬਾ ਜੀ ਬਹੁਤੇ ਦਿਨ ਨਾ ਕੱਢ ਸਕਣ। ਐਤਵਾਰ ਨੂੰ ਸਾਰੇ ਰਿਸ਼ਤੇਦਾਰ ਘਰ ਆ ਗਏ। ਕੁਝ ਰੋ ਵੀ ਰਹੇ ਸਨ। ਬਾਬਾ ਜੀ ਹੌਲੀ ਅਵਾਜ਼ ਵਿਚ ਸਭ ਨੂੰ ਸ਼ਾਂਤ ਹੋਣ ਲਈ ਕਹਿ ਰਹੇ ਸਨ। ਉਹਨਾਂ ਨੇ ਹਸਪਤਾਲ ਜਾਣ ਤੋਂ ਇਨਕਾਰ ਕਰ ਦਿੱਤਾ। ਡੈਡੀ ਉਹਨਾਂ ਦੇ ਕੋਲ ਹੀ ਸੈਟੀ ਤੇ ਪੈ ਗਏ। ਸਵੇਰੇ ਮੇਰੀ ਜਾਗ ਖੁੱਲ੍ਹੀ ਤਾਂ ਡੈਡੀ ਐਂਬੂਲੈਂਸ ਸੱਦ ਰਹੇ ਸਨ। ਬਾਬਾ ਜੀ ਪੂਰੇ ਹੋ ਚੁੱਕੇ ਸਨ।

ਮੈਂ ਇਕ ਦਿਨ ਡੈਡੀ ਨੂੰ ਕਿਹਾ,

"ਡੈਡ, ਬਾਬਾ ਜੀ ਦੀ ਉਹ ਦੀਵਾ ਜਗਾਉਣ ਵਾਲੀ ਗੱਲ ਦਾ ਕੀ ਬਣਿਆਂ?"

"ਦਿਵਾਲੀ ਆ ਨਜ਼ਦੀਕ ਆ ਲੈਣ ਦੇ ਫਿਰ ਦੇਖਦੇ ਆਂ।"

ਪਤਾ ਨਹੀਂ ਡੈਡੀ ਜਾਣਗੇ ਕਿ ਨਹੀਂ ਪਰ ਮੈਂ ਉਹਨਾਂ ਨਾਲ ਜਾਣ ਲਈ ਤਿਆਰ ਬੈਠਾਂ ਹਾਂ।



ਅਸੀਂ ਸਾਰੇ ਹੀ ਉਹਨਾਂ ਨੂੰ ਬਹੁਤ ਮਿੱਸ ਕਰਦੇ ਹਨ। ਡੈਡੀ ਨੇ ਤਾਂ ਉਹਨਾਂ ਵਾਲਾ ਕਮਰਾ ਹੀ ਆਪਣੇ ਬੈਠਣ ਵਾਲਾ ਕਮਰਾ ਬਣਾ ਲਿਆ ਹੈ। ਮੈਂ ਵੀ ਆਪਣੀਆਂ ਗੇਮਾਂ ਬਗੈਰਾ ਉਸ ਕਮਰੇ ਵਿਚ ਹੀ ਰੱਖ ਲਈਆਂ ਹਨ। ਕਈ ਵਾਰ ਮੈਨੂੰ ਬਾਬਾ ਜੀ ਦੀ ਯਾਦ ਆਉਣ ਲਗਦੀ ਹੈ ਤਾਂ ਮੇਰੇ ਤੋਂ ਕਹਿ ਹੋਣ ਲਗਦਾ ਹੈ,

"ਬਾਬਾ ਜੀ, ਦੀਵਾ ਜਗੇਗਾ, ਹਰ ਸਾਲ ਜਗੇਗਾ।"

–ਸਮਾਪਤ–